ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 11 | Issue 10 | 26 March 2021 to 1 April 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਅਮਰੀਕਾ ਚੀਨ ਨੇ ਪਹਿਲੀ ਬੈਠਕ ਵਿਚ ਇਕ ਦੂਜੇ ’ਤੇ ਤੋਹਮਤਾਂ ਲਾਈਆਂ

## ਬਾਲ ਜਗਤ
### ਵਿਸ਼ੇਸ਼ ਅੰਕ



**ਅੰਮ੍ਰਿਤਸਰ ਟਾਈਮਜ਼ ਬਿਊਰੋ**

ਬਾਈਡਨ ਪ੍ਰਸ਼ਾਸਨ ਦੀ ਚੀਨੀ ਅਧਿਕਾਰੀਆਂ ਨਾਲ ਹੋਈ ਪਹਿਲੀ ਉੱਚ ਪੱਧਰੀ ਗੱਲਬਾਤ ਨੇ ਗਰਮ ਰੁਖ ਅਖਤਿਆਰ ਕਰ ਲਿਆ, ਜਦੋਂ ਦੋਵੇਂ ਦੇਸ਼ਾਂ ਦੁਆਰਾ ਇੱਕ ਦੂਜੇ ਦੀਆਂ ਨੀਤੀਆਂ ਨੂੰ ਭੰਡਣ ਦਾ ਸਿਲਸਿਲਾ ਚੱਲ ਪਿਆ। ਚੀਨ ਨੇ ਇਲਜ਼ਾਮ ਲਾਇਆ ਕਿ ਅਮਰੀਕਾ ਹੋਰ ਦੇਸ਼ਾਂ ਨੂੰ ਚੀਨ ’ਤੇ ਹਮਲੇ ਕਰਨ ਲਈ ਉਕਸਾ ਰਿਹਾ, ਦੂਜੇ ਪਾਸੇ ਅਮਰੀਕਾ ਦਾ ਕਹਿਣਾ ਸੀ ਕਿ ਚੀਨ ਹਰ ਪਾਸੇ ਆਪਣੇ ਚੌਧਰ ਦਾ ਪ੍ਰਭਾਵ ਪਾਉਣਾ ਚਾਹ ਰਿਹਾ ਹੈ।

ਦੋ-ਦਿਨਾ ਮੀਟਿੰਗ ਦੀ ਸ਼ੁਰੂਆਤ ਵਿੱਚ ਅਮਰੀਕਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਿਯਮਾਂ ’ਤੇ ਅਧਾਰਿਤ ਸੰਸਾਰ ਦੀ ਸਥਿਰ ਵਿਵਸਥਾ ਨੂੰ ਚੀਨ ਵੱਲੋਂ ਖਤਰੇ ਵਿਚ ਪਾਇਆ ਜਾ ਰਿਹਾ ਹੈ। ਅਮਰੀਕਾ ਦੇ ਸਟੇਟ ਸਕੱਤਰ ਐਂਟੋਨੀ ਬਲਿੰਕਨ ਨੇ ਚੀਨੀ ਕਮਿਊਨਿਸਟ ਪਾਰਟੀ ਦੇ ਸਿਰੇ ਦੇ ਕੂਟਨੀਤੀ ਅਫਸਰ ਯਿਆਂਗ ਜਾਈਚੀ ਅਤੇ ਵਿਦੇਸ਼ ਮੰਤਰੀ ਵਾਂਗ ਯੀ ਨੂੰ ਸੰਬੋਧਨ ਕਰਕੇ ਕਿਹਾ, ‘ਅਸੀਂ ਚੀਨ ਦੁਆਰਾ ਸ਼ਿਨਜਿਆਂਗ, ਤਾਈਵਾਨ, ਹੌਂਗਕੌਂਗ ਦੀਆਂ ਗਤੀਵਿਧੀਆਂ, ਅਮਰੀਕਾ ਉੱਪਰ ਸਾਈਬਰ ਹਮਲੇ ਅਤੇ ਸਾਡੇ ਸੰਗੀਆਂ ’ਤੇ ਦਬਾਅ ਪਾਏ ਜਾਣ ਪ੍ਰਤੀ ਡੂੰਘਾ ਫਿਕਰ ਰੱਖਦੇ ਹੋਏ ਚਰਚਾ ਕਰਾਂਗੇ।’

ਅਮਰੀਕਾ ਦੀ ਟਿੱਪਣੀ ’ਤੇ ਤਿੱਖਾ ਪ੍ਰਤੀਕਰਮ ਕਰਦਿਆਂ, ਯਾਂਗ ਨੇ ਵੀ ਚਿਤਾਵਨੀ ਦਿੱਤੀ, ‘ਚੀਨ ਦੇ ਘਰੇਲੂ ਮਸਲਿਆਂ ਵਿੱਚ ਅਮਰੀਕਾ



ਦਾ ਦਖ਼ਲ ਨਾ-ਕਾਬਿਲੇ-ਬਰਦਾਸ਼ਤ ਹੈ। ਅਸੀਂ ਇਸਦਾ ਸਖਤ ਵਿਰੋਧ ਕਰਦੇ ਹਾਂ ਅਤੇ ਅਜਿਹੇ ਯਤਨਾਂ ਦੇ ਵਿਰੋਧ ਵਿੱਚ ਸਖਤ ਕਾਰਵਾਈ ਕੀਤੀ ਜਾਵੇਗੀ।’

ਪ੍ਰਤੀਕਰਮ ਵਜੋਂ ਯਾਂਗ ਜਈਚੀ ਨੇ ਚੀਨੀ ਭਾਸ਼ਾ ਵਿੱਚ ਪੰਦਰਾਂ ਮਿੰਟ ਦਾ ਭਾਸ਼ਣ ਦਿੱਤਾ, ਜਦੋਂ ਤੱਕ ਅਮਰੀਕੀ ਅਨੁਵਾਦ ਉਡੀਕਦੇ ਰਹੇ, ਉਹ ਅਮਰੀਕਾ ਦੇ ਜੂਝ ਰਹੇ ਲੋਕਤੰਤਰ, ਘੱਟ-ਗਿਣਤੀਆਂ ਨਾਲ ਦੁਰ-ਵਿਹਾਰ ਅਤੇ ਅਮਰੀਕਾ ਦੀਆਂ ਵਿਦੇਸ਼ ਅਤੇ ਵਪਾਰ ਨੀਤੀਆਂ ’ਤੇ ਆਲੋਚਨਾਤਮਕ ਟਿੱਪਣੀਆਂ ਕਰ ਚੁੱਕੇ ਸੀ।

ਯਾਂਗ ਨੇ ਅਮਰੀਕਾ ’ਤੇ ਦੋਸ਼ ਲਾਉਂਦਿਆਂ ਕਿਹਾ, ‘ਅਮਰੀਕਾ ਨੇ ਆਪਣਾ ਸੈਨਾ ਅਤੇ ਪੂੰਜੀ ਬਲ ਵਰਤ ਕੇ ਦੂਜੇ ਦੇਸ਼ਾਂ ਨੂੰ ਦਬਾਉਣਾ ਚਾਹਿਆ ਹੈ।.......ਸੁਰੱਖਿਆ ਕਾਰਨਾਂ ਦਾ ਹਵਾਲਾ ਦੇ ਕੇ ਦੁਰਵਰਤੋਂ ਕਰਦੇ ਹੋਏ ਅਮਰੀਕਾ ਨੇ ਦੂਜੇ ਦੇਸ਼ਾਂ ਦੇ ਆਮ ਵਪਾਰ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਚੀਨ ’ਤੇ ਹਮਲਾ ਕਰਨ ਲਈ ਉਕਸਾਇਆ ਹੈ।’

ਜਿਸ ਤੋਂ ਯੂ.ਐਸ ਅਧਿਕਾਰੀਆਂ ਨੇ ਵਿਰੋਧ ਕਰਦਿਆਂ ਕਿਹਾ ਕਿ ਚੀਨੀ ਅਧਿਕਾਰੀ ਦੋ ਮਿੰਟ ਸੰਬੋਧਨ ਕਰਨ ਦੇ ਪ੍ਰੋਟੋਕਾਲ ਨੂੰ ਤੋੜ ਰਹੇ ਹਨ।

ਸੀਨੀਅਰ ਅਮਰੀਕੀ ਅਧਿਕਾਰੀ ਨੇ ਕਿਹਾ, ‘ਚੀਨੀ ਅਧਿਕਾਰੀ... ਸ਼ਾਇਦ ਆਪਣਾ ਦਬਦਬਾ ਪਰਖਣ ਦੇ ਇਰਾਦੇ ਨਾਲ, ਇਨਾਂ ਮੁੱਦਿਆਂ ’ਤੇ ਨਾਟਕੀ ਪਹੁੰਚ ਅਪਣਾ ਰਹੇ ਹਨ।’ ਉਨਾਂ ਕਿਹਾ ਕਿ ਜਿਵੇਂ ਤੈਅ ਹੋਇਆ ਸੀ, ਅਮਰੀਕਾ ਗੱਲਬਾਤ ਜਾਰੀ ਰੱਖੇਗਾ ਅਤੇ ਨਾਲ ਹੀ ਟਿੱਪਣੀ ਕੀਤੀ ਕਿ ‘ਅਜਿਹੀਆਂ ਉਕਸਾਊ ਭਰੀਆਂ ਕੂਟਨੀਤਕ ਪੇਸ਼ਕਾਰੀਆਂ ਅਕਸਰ ਘਰੇਲੂ ਸਰੋਤਿਆਂ ਨੂੰ ਮਿੱਥ ਕੇ ਕੀਤੀਆਂ ਜਾਂਦੀਆਂ ਹਨ।’ ਚੀਨੀ ਮੀਡੀਆ ਨੇ ਅਮਰੀਕਾ ਨੂੰ ‘ਮਾੜਾ ਮਹਿਮਾਨ ਨਿਵਾਜ਼’ ਆਖਦਿਆਂ ਭੰਡਿਆ ਹੈ।

# ਖੇਤੀ ਕਾਨੂੰਨਾਂ ਖਿਲਾਫ਼ ਕਿਸਾਨਾਂ ਵਲੋਂ ਭਾਰਤ ਬੰਦ

## ਰੇਲ ਤੇ ਸੜਕੀ ਆਵਾਜਾਈ ’ਤੇ ਅਸਰ

**ਜਲੰਧਰ/ਏ.ਟੀ.ਨਿਊਜ਼:** ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਕਿਸਾਨਾਂ ਵਲੋਂ ਭਾਰਤ ਬੰਦ ਦਾ ਸੱਦਾ ਦਿੱਤਾ ਗਿਆ ਹੈ। ਸੰਯੁਕਤ ਕਿਸਾਨ ਮੋਰਚੇ ਦੇ ਇਸ ਸੱਦੇ ਦਾ ਵੱਖ-ਵੱਖ ਕਿਸਾਨ ਜਥੇਬੰਦੀਆਂ, ਟਰੇਡ ਯੂਨੀਅਨਾਂ, ਵਿਦਿਆਰਥੀ ਸੰਗਠਨਾਂ, ਬਾਰ ਐਸੋਸੀਏਸ਼ਨਾਂ, ਸਿਆਸੀ ਪਾਰਟੀਆਂ ਅਤੇ ਸੂਬਾ ਸਰਕਾਰਾਂ ਦੇ ਨੁਮਾਇੰਦਿਆਂ ਨੇ ਸਮਰਥਨ ਕੀਤਾ ਹੈ।

ਦਿੱਲੀ ਦੇ ਬਾਰਡਰ ਦੀਆਂ ਜਿਨਾਂ ਸੜਕਾਂ ’ਤੇ ਕਿਸਾਨ ਮੋਰਚੇ ਲੱਗੇ ਹੋਏ ਹਨ ਉਹ ਸੜਕਾਂ ਪਹਿਲਾਂ ਹੀ ਬੰਦ ਹਨ। ਇਸ ਸਮੇਂ ਦੌਰਾਨ ਜੋ ਬਦਲਵੇਂ ਰਸਤੇ ਬਣਾਏ ਗਏ ਸਨ ਉਹ ਬੰਦ ਕੀਤੇ ਗਏ ਹਨ।

**ਐਂਬੂਲੈਂਸ ਅਤੇ ਹੋਰ ਜ਼ਰੂਰੀ ਸੇਵਾਵਾਂ ਨੂੰ ਛੱਡ ਕੇ ਸਾਰੀਆਂ ਸੇਵਾਵਾਂ ਬੰਦ ਰਹੀਆਂ**

ਸੰਯੁਕਤ ਕਿਸਾਨ ਮੋਰਚੇ ਦੇ ਕੋਆਰਡੀਨੇਟਰ ਅਤੇ ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਅਪੀਲ ਕੀਤੀ, ‘ਜੋ ਵੀ ਬੰਦ ਦਾ ਸਮਰਥਨ ਕਰ ਰਹੇ ਹਨ, ਉਹ ਕਿਸੇ ਤਰਾਂ ਦੀ ਜ਼ੋਰ ਜ਼ਬਰਦਸਤੀ ਨਾ ਕਰਨ, ਕੋਈ ਅਜਿਹੀ ਕਾਰਵਾਈ ਨਾ ਕਰਨ ਜੋ ਹਿੰਸਕ ਲੱਗੇ।’



ਉਨਾਂ ਕਿਹਾ ਕਿ ਇਸ ਦੌਰਾਨ ਐਮਰਜੈਂਸੀ ਸੇਵਾਵਾਂ ਨੂੰ ਅਤੇ ਜੋ ਸ਼ਰਧਾਲੂ ਆਨੰਦਪੁਰ ਸਾਹਿਬ ਹੋਲੇ-ਮਹੱਲੇ ਲਈ ਜਾ ਰਹੇ ਹਨ ਉਨਾਂ ਨੂੰ ਨਹੀਂ ਰੋਕਣਾ।

ਇਸ ਦੌਰਾਨ ਉਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸ਼ਾਂਤਮਈ ਢੰਗ ਨਾਲ ਬੰਦ ਨੂੰ ਸਫ਼ਲ ਬਣਾਇਆ ਜਾਵੇਗਾ ਤਾਂ ਜੋ ਮੋਦੀ ਸਰਕਾਰ ਉੱਤੇ ਦਬਾਅ ਪਾਇਆ ਜਾ ਸਕੇ ਤੇ ਕਿਸਾਨਾਂ ਦੀਆਂ ਮੰਗਾਂ ਮੰਨ ਲਵੇ।

ਖੇਤੀ ਕਾਨੂੰਨਾਂ ਖਿਲਾਫ਼ ਪ੍ਰਦਰਸ਼ਨ ਦਾ ਰੇਲਵੇ ਦੀ ਆਵਾਜਾਈ ’ਤੇ ਅਸਰ ਪਿਆ ਹੈ। ਭੁਵਨੇਸ਼ਵਰ ’ਚ ਟਰੇਡ ਯੂਨੀਅਨ ਨੇ ਰੇਲਵੇ ਟਰੈਕ ਬਲਾਕ ਕੀਤਾ। ਸ਼ਾਹਪੁਰ ਦੇ ਕੋਲ ਪ੍ਰਦਰਸ਼ਨਕਾਰੀਆਂ ਨੇ ਜੀ.ਟੀ. ਰੋਡ ’ਤੇ ਰੇਲਵੇ ਟਰੈਕ ਨੂੰ ਬਲਾਕ ਕਰ ਦਿੱਤਾ।

ਰੇਲਵੇ ਦੇ ਬੁਲਾਰੇ ਮੁਤਾਬਕ ‘ਕਿਸਾਨ ਅੰਦੋਲਨਕਾਰੀ ਪੰਜਾਬ

ਬਾਕੀ ਸਫ਼ਾ 31 ’ਤੇ

# ਕਿਤਾਬ ਗੂਗਲ ਤੇ ਭਿੰਡਰ ਦੇ ਸਹਿਯੋਗੀਆਂ ਦਾ ਗੱਪ-ਸੱਪ ਹੀ ਹੈ ਜਿਸ ਵਿੱਚ ਤੱਥਾਂ ਦੀ ਅਣਹੋਂਦ ਹੈ - ਹਰਪ੍ਰੀਤ ਸਿੰਘ ਸੰਧੂ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅਮਰੀਕਾ ਵਿੱਚ ਸਿੱਖ ਕਾਕਸ ਨੂੰ ਲੈ ਕੇ ਪੀਟਰ ਫਰੀਡਰਿਕ ਵੱਲੋਂ ਲਿਖੀ ਕਿਤਾਬ ਚਰਚਾ ਦਾ ਵਿਸਾ ਬਣੀ ਹੋਈ ਹੈ। ਸਿੱਖ ਕਾਕਸ ਕਮੇਟੀ ਨੇ ਪੀਟਰ ਫਰੀਡਰਿਕ ਨੂੰ ਈਮੇਲ ਲਿੱਖ ਕੇ ਸੰਗਤੀ ਬਹਿਸ ਦਾ ਸੱਦਾ ਦਿੱਤਾ ਸੀ ਪਰ ਉਸਨੇ ਉਸ ਈਮੇਲ ਦਾ ਕੋਈ ਜੁਆਬ ਨਹੀਂ ਦਿੱਤਾ। ਕਮੇਟੀ ਨੇ ਉਸ ਤੋਂ ਬਾਅਦ ਆਪਣੇ ਤੌਰ ਤੇ ਹੀ ਕਿਤਾਬ ਦੀ ਪੜਚੋਲ ਦਾ ਕੰਮ ਸੁਰੂ ਕਰ ਦਿੱਤਾ ਹੈ। ਉਹਨਾਂ ਵੱਲੋਂ ਜਾਰੀ ਕੀਤੀ ਪਹਿਲੀ ਵੀਡੀਉ ਵਿੱਚ ਉਹਨਾਂ ਨੇ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਮੁੱਖ ਨਿਸਾਨੇ ਦਾ ਵਰਨਣ ਕਰਦੇ ਹੋਏ ਕਿਹਾ ਹੈ ਕਿ ਉਹ ਗੁਰੂ ਨਾਨਕ ਦੇ ਸਿੱਖ ਸਿਧਾਂਤ ਤੇ ਪਾਤਿਸਾਹੀ ਦਾਅਵੇ ਦੇ ਮੁੱਦਈ ਹਨ ਅਤੇ ਕਿਤਾਬ ਲਿਖਣ ਅਤੇ ਲਿਖਵਾਉਣ ਵਾਲੇ ਅਮਰ ਸੇਰਗਿੱਲ ਅਤੇ ਭਜਨ ਸਿੰਘ ਭਿੰਡਰ ਆਪਣਾ ਮਿਸਨ ਸਪੱਸਟ ਕਰਨ ਕਿ ਕੀ ਉਹ ਸਿੱਖਾਂ ਦੇ ਖਾਲਸਾ ਰਾਜ ਦੇ ਦਾਅਵੇ ਨਾਲ ਸਹਿਮਤ ਹਨ ਕਿ ਨਹੀਂ ?

ਬਾਕੀ ਸਫ਼ਾ 31 ’ਤੇ

# ਜਿਨਾਂ ਨੂੰ ਅੱਤਵਾਦੀ ਕਹਿੰਦੇ ਸੀ, ਉਹ ਹੁਣ ਰਾਖੇ ਲੱਗਦੇ ਨੇ ...

**ਅੰਮ੍ਰਿਤਸਰ ਟਾਈਮਜ਼ ਬਿਊਰੋ :** ਮਯਨਮਾਰ ਵਿੱਚ ਤਦਮਾਦਾ ਨਾਮ ਦੇ ਫੌਜੀ ਗੁੱਟ ਵੱਲੋਂ ਲਗਭਗ ਛੇ ਹਫਤੇ ਪਹਿਲਾਂ ਤਖਤਾ-ਪਲਟ ਕਰਕੇ ਲੋਕਤੰਤਰੀ ਵਿਧੀ ਨਾਲ ਚੁਣੀ ਰਾਸ਼ਟਰਪਤੀ ਆਂਗ ਸਾਨ ਸੂ ਕੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਉਦੋਂ ਤੋਂ ਲੈ ਕੇ ਇਸ ਰਾਜ ਨੂੰ ਨਾ ਮੰਨਦੇ ਹੋਏ ਉੱਥੋਂ ਦੇ ਲੋਕ ਲੋਕਤੰਤਰ ਦੀ ਬਹਾਲੀ ਲਈ ਲਗਾਤਾਰ ਪ੍ਰਦਰਸ਼ਨ ਕਰ ਰਹੇ ਹਨ, ਜਿਸ ਦੌਰਾਨ ਪ੍ਰਦਰਸ਼ਨਕਾਰੀਆਂ ਦੀਆਂ ਅੰਨੇਵਾਹ ਗ੍ਰਿਫਤਾਰੀਆਂ ਅਤੇ ਸਿੱਧੀ ਗੋਲੀਬਾਰੀ ਵਿੱਚ 200 ਤੋਂ ਵੱਧ ਮੌਤਾਂ ਅਤੇ 2200 ਤੋਂ ਉੱਪਰ ਗ੍ਰਿਫਤਾਰੀਆਂ ਹੋ ਚੁੱਕੀਆਂ ਹਨ। ਸਰਹੱਦ ਨਾਲ ਲੱਗਦੇ ਖਿੱਤਿਆਂ ਵਿੱਚ ਹਾਲਾਤ ਹੋਰ ਵੀ ਤਣਾਅਪੂਰਨ ਹਨ, ਜਿੱਥੇ ਪਹਿਲਾਂ ਤੋਂ ਹੀ ਖ਼ੁਦਮੁਖਤਿਆਰੀ ਲਈ ਕਈ ਗਰੁੱਪ ਹਥਿਆਰ-ਬੰਦ ਸੰਘਰਸ਼ ਕਰ ਰਹੇ ਸਨ।

10 ਫਰਵਰੀ ਨੂੰ ਸਟੇਟ ਪ੍ਰਸ਼ਾਸਨ ਕੌਂਸਲ, ਜੋ ਕਿ ਸਾਬਕਾ ਰਾਸ਼ਟਰਪਤੀ ਵੱਲੋਂ ਇਨਾਂ ਗਰੁੱਪਾਂ ਨਾਲ ਗੱਲਬਾਤ ਕਰਨ ਲਈ ਬਣਾਈ ਗਈ ਸੀ, ਨੂੰ ਭੰਗ ਕਰਕੇ ‘ਤਦਮਾਦਾ’ ਨੇ ਆਪਣੇ ਹੇਠ ਮੁੜ-ਗਠਿਤ ਕਰਕੇ ਗੱਲਬਾਤ ਕਰਨੀ ਚਾਹੀ। ਪਰ ਇਹ ਗਰੁੱਪ ਉਨਾਂ ਨੂੰ ਨਾਕਾਰ ਕੇ ਸਾਬਕਾ ਰਾਸ਼ਟਰਪਤੀ ਨੂੰ ਮੁੜ ਬਹਾਲ ਕਰਨ ਦੀ ਮੰਗ ਕਰ ਰਹੇ ਅੰਦੋਲਨਕਾਰੀਆਂ ਦੇ ਹੱਕ ਵਿੱਚ ਖੜ ਗਏ। ਇਨਾਂ ਗਰੁੱਪਾਂ ਵਿੱਚ ਗੋਲੀਬੰਦੀ ਸਮਝੌਤੇ ’ਤੇ ਦਸਤਖ਼ਤ ਕਰਨ ਵਾਲੇ ਦਸ ਹਸਤਾਖਰੀ ਵੀ ਮੌਜੂਦ ਹਨ।

ਕੋਚੀਨ ਸਵਤੰਤਰ ਸੰਗਠਨ/ਆਰਮੀ, ਕੋਚੀਨ ਰਾਜ ਜੋ ਕਿ ਮਿਆਂਮਾਰ ਵਿੱਚ ਚੀਨ ਨਾਲ ਲੱਗਦੀ ਸਰਹੱਦ ’ਤੇ ਸਥਿਤ ਹੈ, ਇਨਾਂ ਟਕਰਾਅ ਵਾਲੇ ਹਾਲਤਾਂ ਵਿੱਚ ਵੱਡੀ ਧਿਰ ਵਜੋਂ ਉੱਭਰਿਆ ਹੈ। ਇਸ ਗਰੁੱਪ ਅਤੇ ਮਿਆਂਮਾਰ ’ਤੇ ਕਾਬਜ ਫੌਜ ਵਿਚਕਾਰ, ਰੋਜ਼ਾਨਾ ਤੌਰ ’ਤੇ ਹੀ, ਅੱਧ ਫਰਵਰੀ ਤੋਂ ਬਾਅਦ ਉੱਤਰੀ ਸ਼ਾਨ ਰਾਜ ਵਿੱਚ, ਹਥਿਆਰਬੰਦ ਝੜਪ ਦੇ ਕਈ ਮਾਮਲੇ ਦੇਖਣ ਨੂੰ ਮਿਲ ਰਹੇ ਹਨ। ਮਾਰਚ ਵਿੱਚ ਕੋਚੀਨ ਦੇ ਚਾਰ ਸ਼ਹਿਰਾਂ ਵਿੱਚ ਵੀ ਝੜਪਾਂ ਸ਼ੁਰੂ ਹੋ ਗਈਆਂ ਹਨ, ਜਿਸ ਕਰਕੇ ਇਲਾਕੇ ਦੇ ਲੋਕਾਂ ਨੂੰ ਘਰ ਛੱਡਣ ਲਈ ਮਜਬੂਰ ਹੋਣਾ ਪੈ ਰਿਹਾ।

ਲੋਕ ਨੇੜੇ ਦੇ ਗਿਰਜਾਘਰਾਂ ਵਿੱਚ ਸ਼ਰਨ ਲੈ ਰਹੇ ਹਨ। ਉਹ ਕਹਿੰਦੇ ਹਨ ਕਿ ਜੇਕਰ ਹਾਲਾਤ ਇੰਜ ਹੀ ਬਣੇ ਰਹੇ ਤਾਂ ਗਿਰਜਾਘਰ ਵੀ ਸੁਰੱਖਿਅਤ ਨਹੀਂ ਰਹਿਣਗੇ।

ਬਾਕੀ ਸਫ਼ਾ 31 ’ਤੇ




NURSERY GRAND OPENING SAT. MARCH 27TH!

VALLEY VERDE NOW OFFERS SEEDLINGS FOR ORGANIC HOMELAND PRODUCE LIKE:

THAI BASIL & OTHER HERBS, OKRA, HABANERO, JALAPENO & SERRANO PEPPERS, EGGPLANTS

ALL AT A PRICE OUR COMMUNITIES CAN AFFORD!

valley VERDE
PLANT·EAT·SHARE

FIND SEEDLINGS AVAILABLE FOR SALE AT:
59 S AUTUMN ST., SAN JOSE, CA, TUESDAY-SUNDAY, 9-4
WWW.VALLEYVERDE.ORG/SHOP

# ਸਿੱਖ ਕਾਕਸ ਨੇ ਪੀਟਰ ਫਰੈਡਰਿਕ ਨੂੰ ਸੰਗਤੀ ਬਹਿਸ ਲਈ ਸੱਦਿਆ

**ਫਰੀਮਾਂਟ/ਏ.ਟੀ.ਨਿਊਜ਼:** ਪਿਛਲੇ ਦਿਨੀਂ ਪੀਟਰ ਫਰੈਡਰਿਕ ਨਾਮ ਦੇ ਲਿਖਾਰੀ ਨੇ ਸਿੱਖ ਕਾਕਸ ਨਾਮੀ ਕਿਤਾਬ ਲਿਖਕੇ ਅਮਰੀਕਾ ਵਿੱਚ ਸਿੱਖਾਂ ਵੱਲੋਂ ਇੱਥੋਂ ਦੇ ਰਾਜਨੀਤਕ ਪਿੜ ਵਿੱਚ ਆਪਣੀ ਅਵਾਜ ਬੁਲੰਦ ਕਰਨ ਲਈ ਬਣਾਈ ਗਈ ਸਿੱਖ ਕਾਕਸ ਕਮੇਟੀ ਨੂੰ ਸ਼ੱਕ ਦੇ ਘੇਰੇ ਵਿੱਚ ਲਿਆ ਕੇ ਖੜਾ ਕਰ ਦਿੱਤਾ ਹੈ। ਇਸ ਕਿਤਾਬ ਵਿੱਚ ਡਾਕਟਰ ਪ੍ਰਿਤਪਾਲ ਸਿੰਘ ਤੇ ਵੀ ਸੰਗੀਨ ਦੋਸ ਲਾਏ ਹਨ।

ਸਿੱਖ ਕਾਕਸ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਵੱਲੋਂ ਜਾਰੀ ਪ੍ਰੈਸ ਰਲੀਜ ਅਤੇ ਵੀਡੀਉ ਸੁਨੇਹੇ ਰਾਹੀਂ ਉਹਨਾਂ ਨੇ ਲਿਖਾਰੀ ਅਤੇ ਭਜਨ ਸਿੰਘ ਭਿੰਡਰ ਦੀ ਦਿਆਨਤਦਾਰੀ ਤੇ ਸੁਆਲ ਕਰਦੇ ਹੋਏ ਉਹਨਾਂ ਨੂੰ ਸੰਗਤੀ ਬਹਿਸ ਲਈ ਸੱਦਾ ਦਿੱਤਾ ਹੈ। ਹਰਪ੍ਰੀਤ ਸਿੰਘ ਨੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਲਿਖਾਰੀ ਨੇ ਕਿਤਾਬ ਲਿਖਣ ਤੋਂ ਪਹਿਲਾਂ ਉਹਨਾਂ ਨੂੰ ਸੰਪਰਕ ਕਰਕੇ ਉਹਨਾਂ ਦਾ ਪੱਖ ਜਾਨਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਅਮਰੀਕਨ ਸਿੱਖ ਕੋਂਗਰੈਸਨਲ ਕਾਕਸ ਦੇ ਤਕਰੀਬਨ 50 ਮੈਂਬਰ ਹਨ ਪਰ ਲਿਖਾਰੀ ਵੱਲੋਂ ਉਹਨਾਂ ਵਿੱਚੋਂ ਇੱਕ ਨੂੰ ਵੀ ਇੰਟਰਵਿਊ ਨਹੀਂ ਕੀਤਾ ਗਿਆ।

ਡਾਕਟਰ ਪ੍ਰਿਤਪਾਲ ਸਿੰਘ ਨੇ ਅੰਮ੍ਰਿਤਸਰ ਟਾਈਮਜ ਨਾਲ ਗੱਲ ਕਰਦੇ ਹੋਏ ਕਿਹਾ ਕਿ ਕੋਈ ਵੀ ਵਿਅਕਤੀ ਕਿਸੇ ਵੀ ਸੰਸਥਾ ਜਾਂ ਬੰਦੇ ਤੇ ਸੁਆਲ ਕਰ ਸਕਦਾ ਹੈ ਪਰ ਉਸ ਲਈ ਤੱਥ ਦਾ ਸਹਾਰਾ ਲੈਣਾ ਲਿਖਾਰੀ ਦਾ ਇਖਲਾਕੀ ਫਰਜ ਬਣਦਾ ਹੈ। ਉਹਨਾਂ ਨੇ ਪੀਟਰ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਉਹ ਕੋਈ ਅਜਾਦ ਪੱਤਰਕਾਰ ਜਾਂ ਬੁੱਧੀਜੀਵੀ ਨਹੀਂ ਸਗੋਂ ਭਜਨ ਸਿੰਘ ਭਿੰਡਰ ਦਾ ਮੁਲਾਜਮ ਹੈ। ਪੰਥਕ ਸਫਾਂ ਵਿੱਚ ਇਹ ਸੱਭ ਨੂੰ ਪਤਾ ਹੈ ਕਿ ਭਿੰਡਰ ਨੇ ਮੇਰੇ ਵਿਰੁੱਧ ਅਜਿਹੀ ਕੰਪੇਨ ਵਿੱਢੀ ਹੋਈ ਹੈ ਪਰ ਇਹ ਪਹਿਲੀ ਵਾਰ ਲਿਖਤੀ ਤੌਰ ਤੇ ਬਾਹਰ ਆਈ ਹੈ ਜਿਸਦਾ ਮੈਂ ਜੁਆਬ ਵੀ ਦਿਆਂਗਾ ਅਤੇ ਜੇ ਕੋਈ ਵੀ ਇਲਜਾਮ ਸਬੂਤਾਂ ਤੋਂ ਬਿਨਾ ਪਾਏ ਜਾਂਦੇ ਹਨ ਤਾਂ ਅਮਰੀਕਾ ਦੇ ਕਨੂੰਨ ਮੁਤਾਬਕ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਕੁੱਝ ਦਿਨ ਪੀਟਰ ਦੇ ਜੁਆਬ ਦੀ ਉਡੀਕ ਕਰਣਗੇ ਨਹੀਂ ਤਾਂ ਉਹ ਆਪ ਹੀ ਸੰਗਤ ਨੂੰ ਸੱਦਾ ਦੇ ਕੇ ਆਪਣਾ ਪੱਖ ਸਪੱਸਟ ਕਰ ਦੇਣਗੇ।


From: **Friends of the American Sikh Caucus** <info@sikhcaucus.org>
Date: Sun, Mar 21, 2021, 9:01 PM
Subject: Sikh Caucus, book.
To: <pieterjfriedrich@gmail.com>

Dear Mr. Friedrich,

Congratulations on your release of the book, SIKH CAUCUS. I'm dismayed by your lack of journalism ethics for not to atleast have a discourse with the parties that your are writing about. Although I have not read the whole book, I'm discouraged by what you have released on social media.

We humbly request you to have a public debate with us, to discuss the information that you have presented in your book, which miss-represents the Sikh Caucus and its work for the Sikh Diaspora.

Looking forward to hearing from you and kindly repond to us by email to info@sikhcaucus.org

Sincerely,

Harpreet S. Sandhu
American Sikh Caucus Committee

# ਭਾਰਤ-ਪਾਕਿਸਤਾਨ ਦਰਮਿਆਨ ਗੋਲੀਬੰਦੀ ਲਈ ਵਿਚੋਲਾ ਕੌਣ ?

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਚੀਨ ਅਤੇ ਅਮਰੀਕੀ ਗੁੱਟਬਾਜ਼ੀ ਦੀਆਂ ਖਬਰਾਂ ਦੌਰਾਨ ਜਿੱਥੇ ਹਿੰਦ-ਪ੍ਰਸ਼ਾਂਤ ਖਿੱਤੇ ਵਿੱਚ ਕੌਮਾਂਤਰੀ ਰਿਸ਼ਤਿਆਂ ਦੇ ਨਜ਼ਰੀਏ ਤੋਂ ਅਸਥਿਰਤਾ ਦਾ ਮਾਹੌਲ ਬਣਦਾ ਜਾ ਰਿਹਾ ਹੈ, ਉਸ ਸਮੇਂ ਦੌਰਾਨ ਪਿਛਲੇ ਮਹੀਨੇ ਭਾਰਤ ਪਾਕਿਸਤਾਨ ਦੇ ਫੌਜ ਮੋਹਰੀਆਂ ਨੇ ਗੋਲੀਬੰਦੀ ਦਾ ਅਚਾਨਕ ਸਮਝੌਤਾ ਕਰਕੇ ਰਾਜਨੀਤਕ ਨਜੂਮੀਆਂ ਨੂੰ ਹੈਰਾਨ ਕਰ ਦਿੱਤਾ ਸੀ।

ਇਸ ਕਾਰਵਾਈ ਦੀ ਜ਼ਮੀਨ ਕਦੋਂ ਤੇ ਕਿਵੇਂ ਤਿਆਰ ਹੋਈ, ਇਸਦਾ ਕੋਈ ਠੋਸ ਜਵਾਬ ਕਿਸੇ ਪਾਸਿਓਂ ਨਹੀਂ ਮਿਲ ਰਿਹਾ ਸੀ। ਕਿਉਂਕਿ ਇਹ ਪੈਦਾ ਹੋ ਰਹੀਆਂ ਭੂ-ਰਾਜਨੀਤਕ **(Geopolitical)** ਸਥਿਤੀਆਂ ਤੋਂ ਬਿਲਕੁਲ ਉਲਟਾ ਨਤੀਜਾ ਸਾਹਮਣੇ ਆਇਆ ਸੀ।

ਪਰ ਹੁਣ ਅਲ-ਜਜ਼ੀਰਾ ਦੀ ਇੱਕ ਰਿਪੋਰਟ ਦੇ ਹਵਾਲੇ ਨਾਲ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਸੰਯੁਕਤ ਅਰਬ ਅਮੀਰਾਤ ( ”15) ਦੀ ਵਿਚੋਲਗੀ ਭਾਰਤ-ਪਾਕਿਸਤਾਨ ਵਿਚਕਾਰ ਤਣਾਅ ਘਟਾਉਣ ਲਈ ਕੰਮ ਕਰ ਰਹੀ ਹੈ।

ਖਬਰ ਮੁਤਾਬਕ ਗੋਲੀਬੰਦੀ ਸਮਝੌਤੇ ਦੇ ਚੌਵੀ ਘੰਟਿਆਂ ਬਾਅਦ ਸੰ.ਅ.ਅ. ਦੇ ਵਿਦੇਸ਼ ਮੰਤਰੀ ਸ਼ੇਖ ਅਬਦੁੱਲਾ ਬਿਨ ਜ਼ਿਆਦ ਇੱਕ ਦਿਨ ਲਈ ਹੀ ਦਿੱਲੀ ਆਏ, ਜਿੱਥੇ ਉਨਾਂ ਦੇ ਵਿਭਾਗ ਵੱਲੋਂ ‘ਦੋਹਾਂ ਦੇ ਸਾਂਝੇ ਉਦੇਸ਼ਾਂ ਨਾਲ ਸਬੰਧਤ ਘਰੇਲੂ ਅਤੇ ਅੰਤਰਰਾਸ਼ਟਰੀ ਮੁੱਦਿਆਂ ’ਤੇ ਵਿਚਾਰ ਸਾਂਝੇ’ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ। ਕੁੱਝ ਅਧਿਕਾਰੀਆਂ ਨੇ ਪਛਾਣ ਜ਼ਾਹਿਰ ਨਾ ਕਰਨ ਦੀ ਸ਼ਰਤ ‘ਤੇ ਇਹ ਵੀ ਦੱਸਿਆ ਕਿ ਇਹ ਗੋਲੀਬੰਦੀ ਸਮਝੌਤਾ ਵੱਡੇ ਰਾਹ ਵੱਲ ਪਹਿਲਾ ਕਦਮ ਹੈ, ਜਿਸ ਵਿੱਚ ਦੋ ਗੁਆਂਢੀ ਦੇਸ਼, ਜਿਹੜੇ ਕੇ ਦੋਵੇਂ ਹੀ ਪ੍ਰਮਾਣੂ ਤਾਕਤਾਂ ਹਨ, ਦੋਹਾਂ ਦੇ ਰਿਸ਼ਤੇ ਸੁਧਾਰਨ ਦੇ ਯਤਨ ਕੀਤੇ ਜਾ ਰਹੇ ਹਨ।

ਅਗਲਾ ਕਦਮ ਧਾਰਾ 370 ਹਟਾਉਣ ਤੋਂ ਬਾਅਦ ਰੋਸ ਵਜੋਂ ਪਾਕਿਸਤਾਨ ਦੇ ਦੂਤ, ਜੋ ਕਿ ਦਿੱਲੀ ਛੱਡ ਗਏ ਸਨ, ਉਨਾਂ ਦੀ ਮੁੜ ਬਹਾਲੀ ਦਾ ਹੋਵੇਗਾ। ਇਸ ਤੋਂ ਅਗਲਾ ਸਭ ਤੋਂ ਮੁਸ਼ਕਿਲ ਕੰਮ ਕਸ਼ਮੀਰ ਦਾ ਮਸਲਾ ਸੁਲਝਾਉਣਾ ਹੈ, ਜਿਸ ਦੇ ਸੀਮਾ ਵਿਵਾਦ ਦੇ ਚੱਲਦਿਆਂ ਆਜ਼ਾਦੀ ਤੋਂ ਬਾਅਦ ਤਿੰਨ ਜੰਗਾਂ ਦੋਵੇਂ ਦੇਸ਼ ਲੜ ਚੁੱਕੇ ਹਨ। ਇਸ ਤੋਂ ਬਾਅਦ ਪੰਜਾਬ ਦੇ ਜ਼ਮੀਨੀ ਰਸਤਿਆਂ ਤੋਂ ਪਾਕਿਸਤਾਨ ਨਾਲ ਵਪਾਰ ਬਹਾਲ ਕਰਨ ਦੀ ਗੱਲ ਕਹੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਸੰਯੁਕਤ ਅਰਬ ਅਮੀਰਾਤ ਅਫ਼ਗਾਨਿਸਤਾਨ ਅਤੇ ਵਾਪਾਰ ਦੇ ਮਸਲਿਆਂ ’ਤੇ ਭਾਰਤ-ਪਾਕਿਸਤਾਨ ਦੋਹਾਂ ਨਾਲ ਪੁਰਾਣੇ ਤਾਲੋਕਾਤ ਰੱਖ ਰਿਹਾ ਹੈ। ਪਾਕਿਸਤਾਨ ਵੀ ਆਰਥਿਕਤਾ ਸੁਧਾਰਨ ਦੇ ਮੱਦੇਨਜ਼ਰ ਅਮਰੀਕਾ ’ਤੇ ਸੋਹਣਾ ਪ੍ਰਭਾਵ ਰੱਖਣਾ ਚਾਹੁੰਦਾ ਹੈ, ਜਿਸ ਦੇ ਸਿੱਟੇ ਵਜੋਂ ਉਸਦੇ ਸੰਗੀ ਭਾਰਤ ਨਾਲ ਮੇਲ-ਜੋਲ ਵਧਣਾ ਫਾਇਦੇਮੰਦ ਹੋਵੇਗਾ। ਦੂਜੇ ਪਾਸੇ ਭਾਰਤ ਵੀ ਸੀਮਾ ਵਿਵਾਦ ਕਾਰਨ ਚੀਨ ਨਾਲ ਉਲਝਿਆ ਹੋਇਆ ਸੀ, ਤੇ ਅਮਰੀਕਾ ਇਸ ਮਸਲੇ ’ਤੇ ਭਾਰਤ ਦੀ ਹਮਾਇਤ ਕਰ ਰਿਹਾ ਹੈ।

# ਕਸ਼ਮੀਰ ਵਿਚ ਭਾਰਤੀ ਚੋਣਾਂ ਦੀ ਕੋਈ ਅਹਿਮੀਅਤ ਨਹੀਂ: ਮਹਿਬੂਬਾ ਮੁਫਤੀ



**ਅੰਮ੍ਰਿਤਸਰ ਟਾਈਮਜ਼ ਬਿਊਰੋ:** 1947 ਵਿਚ ਬਣੇ ਭਾਰਤੀ ਰਾਜ ਦਾ ਹਿੱਸਾ ਬਣਨ ਮਗਰੋਂ ਕਸ਼ਮੀਰ ਨੂੰ ਧਾਰਾ 370 ਦੇ ਤਹਿਤ ਵਿਸ਼ੇਸ਼ ਖਿੱਤੇ ਵਜੋਂ ਸੰਵਿਧਾਨਿਕ ਹੱਕ ਦਿੱਤੇ ਗਏ ਸਨ, ਹਾਲਾਂਕਿ ਕੌਮਾਂਤਰੀ ਪੱਧਰ ’ਤੇ ਕਸ਼ਮੀਰ ਨੂੰ ਅੱਜ ਤਕ ਭਾਰਤ-ਪਾਕਿਸਤਾਨ ਵਿਚਾਲੇ ਵਿਵਾਦਿਤ ਖਿੱਤਾ ਹੀ ਮੰਨਿਆ ਜਾਂਦਾ ਹੈ। 2019 ਵਿੱਚ ਮੋਦੀ ਸਰਕਾਰ ਵੱਲੋਂ ਧਾਰਾ 370 ਖਾਰਜ ਕਰਕੇ ਇਸ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਐਲਾਨ ਦਿੱਤਾ ਗਿਆ। ਨਾਲ ਹੀ ਖੇਤਰੀ ਆਗੂਆਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਸੀ।

ਹੁਣ ਉੱਘੀ ਖੇਤਰੀ ਆਗੂ ਅਤੇ ਸਾਬਕਾ ਕਸ਼ਮੀਰੀ ਮੁੱਖ ਮੰਤਰੀ ਮਹਿਬੂਬਾ ਮੁਫਤੀ ਜਦੋਂ ਨਜ਼ਰਬੰਦੀ ਤੋਂ ਬਾਹਰ ਆਈ ਤਾਂ ਇਕ ਇੰਟਰਵਿਊ ਵਿਚ ਉਨਾਂ ਕਿਹਾ, ’ਕਸ਼ਮੀਰ ਦਾ ਖਾਸ ਰੁਤਬਾ ਜਦੋਂ ਤੱਕ ਵਾਪਸ ਬਹਾਲ ਨਹੀਂ ਕੀਤਾ ਜਾਂਦਾ, ਉਦੋਂ ਤੱਕ ਉਹ ਚੋਣਾਂ ਨਹੀਂ ਲੜਨਗੇ ਅਤੇ ਵੱਡਾ ਟੀਚਾ, ਜੋ ਕਿ ਕਸ਼ਮੀਰ ਨੂੰ ਫਿਰ ਤੋਂ ਖੁਦ-ਮੁਖਤਿਆਰ ਰਾਜ ਵਜੋਂ ਸਥਾਪਿਤ ਕਰਨਾ ਹੈ। ਉਹਦੇ ਲਈ ਲੋਕਤਾਂਤਰਿਕ ਅਤੇ ਸ਼ਾਂਤਮਈ ਤਰੀਕਿਆਂ ਨਾਲ ਆਪਣੀ ਲੜਾਈ ਜ਼ਾਰੀ ਰੱਖਣਗੇ। ਉਨਾਂ ਤੋਂ ਬਿਨਾਂ ਬਾਕੀ ਪਾਰਟੀ ਦਾ ਚੋਣਾਂ ਵਿੱਚ ਹਿੱਸਾ ਲੈਣਾ ਨਾ ਲੈਣਾ ਮੌਕੇ ਤੇ ਵਿਚਾਰਿਆ ਜਾਵੇਗਾ।’

ਕਸ਼ਮੀਰ ਦੇ ਹਲਾਤਾਂ ਦੀ ਦੁਹਾਈ ਦਿੰਦਿਆਂ ਉਹਨਾਂ ਕਿਹਾ, ‘ਕਸ਼ਮੀਰ ਵਿੱਚ ਹੋਣ ਵਾਲੀਆਂ ਚੋਣਾਂ ਮੇਰੀ ਤਰਜੀਹ ਨਹੀਂ ਹੈ। ਇਸ ਸਮੇਂ ਕਸ਼ਮੀਰ ਦੇ ਅੱਲੇ ਜ਼ਖਮਾਂ ਦਾ ਇਲਾਜ ਜ਼ਰੂਰੀ ਹੈ, ਕਸ਼ਮੀਰ ਨੂੰ ਚੋਣਾਂ ਦੀ ਲੋੜ ਨਹੀਂ।’

ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਕਸ਼ਮੀਰ ਵਿਚ ਭਾਰਤੀ ਨੀਤੀ ਬਾਰੇ ਭਾਰਤੀ ਖ਼ੁਫੀਆ ਏਜੰਸੀ ਰਾਅ ਦੇ ਸਾਬਕਾ ਮੁਖੀ ਰਹੇ ਅਮਰਜੀਤ ਸਿੰਘ ਦੁੱਲਤ ਨੇ ਆਪਣੀ ਕਿਤਾਬ ‘ਕਸ਼ਮੀਰ ਦਾ ਵਾਜਪਾਈ ਯੀਅਰਸ’ ਵਿੱਚ ਇਹ ਖਾਸ ਤੌਰ ’ਤੇ ਦਰਜ ਕੀਤਾ ਹੈ ਕਿ ਭਾਰਤੀ ਸਟੇਟ ਦਾ 2000 ਤੋਂ ਬਾਅਦ ਦੇ ਵਕਫੇ ਦੌਰਾਨ ਕਸ਼ਮੀਰ ਵਿੱਚ ਵੱਖਵਾਦ ਅਤੇ ਲੜਾਕੂ ਲਹਿਰ ਨਾਲ ਨਿਪਟਣ ਦਾ ਪੈਂਤੜਾ ਇਹ ਰਿਹਾ ਸੀ ਕਿ ਵੱਧ ਤੋਂ ਵੱਧ ਕਸ਼ਮੀਰੀ ਆਗੂਆਂ ਨੂੰ ਚੋਣ ਲੜਨ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਭਾਰਤੀ ਚੋਣਾਂ ਦੇ ਬਾਈਕਾਟ ਦੁਆਰਾ ਕਸ਼ਮੀਰ ਦੀ ਸੁਤੰਤਰ ਹੋਂਦ ਨੂੰ ਪ੍ਰਦਰਸ਼ਿਤ ਕਰਨ ਵਾਲੀਆਂ ਧਿਰਾਂ ਨੂੰ ਛੋਟਾ ਅਤੇ ਅਲੱਗ-ਥਲੱਗ ਕੀਤਾ ਜਾ ਸਕੇ।

ਅਜਿਹੇ ਵਿੱਚ ਮਹਿਬੂਬਾ ਮੁਫਤੀ ਜਿਹੀ ਮੋਹਰੀ ਆਗੂ ਵੱਲੋਂ ਚੋਣਾਂ ਨੂੰ ਤਰਜੀਹ ਨਾ ਦੇਣ ਦਾ ਬਿਆਨ ਆਉਣਾ, ਕਸ਼ਮੀਰ ਨੂੰ ਭਾਰਤੀ ਤੰਤਰ ਨਾਲ ਜੋੜਨ ਦੇ ਇਸ ਯਤਨ ਦੀ ਅਸਫਲਤਾ ਵੱਲ ਇਸ਼ਾਰਾ ਕਰਦਾ ਹੈ। ਅਕਤੂਬਰ 2019 ਦੀ ਅਲ-ਜਜ਼ੀਰਾ ਦੀ ਰਿਪੋਰਟ ਅਨੁਸਾਰ, ਜਦੋਂ ਧਾਰਾ 370 ਦੀ ਸਮਾਪਤੀ ਨੂੰ ਅਜੇ ਤਿੰਨ ਮਹੀਨੇ ਹੋਏ ਸਨ ਅਤੇ ਸਾਰੀਆਂ ਮੋਹਰੀ ਪਾਰਟੀਆਂ ਦੇ ਸੈਂਕੜੇ ਆਗੂਆਂ ਨੂੰ ਹੋਟਲਾਂ ਵਿੱਚ ਨਜ਼ਰਬੰਦ ਕਰਕੇ ਰੱਖਿਆ ਹੋਇਆ ਸੀ। ਇਸ ਸਭ ਦੇ ਦੌਰਾਨ ਹੀ ਨਗਰ ਕੌਂਸਲ ਚੋਣਾਂ ਹੋ ਰਹੀਆਂ ਸਨ, ਜਿਨਾਂ ਦੇ ਬਾਈਕਾਟ ਦੇ ਚੱਲਦਿਆਂ ਨਾਮਜ਼ਦਗੀ ਨਾ ਭਰਨ ਕਾਰਣ 60% ਤੋਂ ਵੱਧ ਸੀਟਾਂ ਖਾਲੀ ਰਹੀਆਂ ਸਨ। ਖਾੜਕੂ ਗਰੁੱਪਾਂ ਵੱਲੋਂ ਚੋਣ ਬਾਈਕਾਟ ਦਾ ਸੱਦਾ ਦਿੱਤਾ ਗਿਆ ਸੀ।

**ਬਾਕੀ ਸਫ਼ਾ 31 ’ਤੇ**

# ਬਹਿਬਲ ਗੋਲੀ ਕਾਂਡ ਸਬੰਧੀ ਸੈਣੀ ਤੇ ਉਮਰਾਨੰਗਲ ਖ਼ਿਲਾਫ਼ ਮੁਕੱਦਮਾ ਸੈਸ਼ਨ ਕੋਰਟ ਹਵਾਲੇ



**ਫ਼ਰੀਦਕੋਟ/ਏ.ਟੀ.ਨਿਊਜ਼:** ਬਹਿਬਲ ਗੋਲੀ ਕਾਂਡ ਵਿੱਚ ਇੱਥੇ ਇਲਾਕਾ ਮੈਜਿਸਟ੍ਰੇਟ ਸੁਰੇਸ਼ ਕੁਮਾਰ ਦੀ ਅਦਾਲਤ ਵਿੱਚ ਸੁਣਵਾਈ ਹੋਈ। ਇਸ ਦੌਰਾਨ ਮੁਅੱਤਲ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਅਦਾਲਤ ਵਿੱਚ ਹਾਜ਼ਰ ਸਨ। ਅਦਾਲਤ ਨੇ ਬਹਿਬਲ ਗੋਲੀ ਕਾਂਡ ਵਿੱਚ ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ ਅਤੇ ਪਰਮਰਾਜ ਸਿੰਘ ਉਮਰਾਨੰਗਲ ਖਿਲਾਫ਼ ਐੱਸਆਈਟੀ ਵੱਲੋਂ ਪੇਸ਼ ਕੀਤੇ ਚਲਾਨ ਨੂੰ ਮੁੱਢਲੀ ਕਾਰਵਾਈ ਮੁਕੰਮਲ ਕਰਨ ਤੋਂ ਬਾਅਦ ਸੁਣਵਾਈ ਲਈ ਸੈਸ਼ਨ ਜੱਜ ਫ਼ਰੀਦਕੋਟ ਦੀ ਅਦਾਲਤ ਵਿੱਚ ਭੇਜ ਦਿੱਤਾ ਹੈ। 15 ਜਨਵਰੀ ਨੂੰ ਸੁਮੇਧ ਸੈਣੀ ਅਤੇ ਉਮਰਾਨੰਗਲ ਖਿਲਾਫ਼ ਅਦਾਲਤ ਵਿੱਚ ਚਲਾਨ ਪੇਸ਼ ਹੋਇਆ ਸੀ। ਸਾਬਕਾ ਡੀਜੀਪੀ ਸੁਮੇਧ ਸੈਣੀ ਅਦਾਲਤ ਵਿੱਚ ਨਿੱਜੀ ਤੌਰ ’ਤੇ ਪੇਸ਼ ਨਹੀਂ ਹੋਏ। ਅਦਾਲਤ ਨੇ ਉਨਾਂ ਦੀ ਹਾਜ਼ਰੀ ਮੁਆਫ਼ ਕਰਦਿਆਂ 2 ਅਪ੍ਰੈਲ ਨੂੰ ਸੈਸ਼ਨ ਜੱਜ ਫਰੀਦਕੋਟ ਦੀ ਅਦਾਲਤ ਵਿੱਚ ਹਾਜ਼ਰ ਹੋਣ ਦਾ ਹੁਕਮ ਦਿੱਤਾ ਹੈ। ਸੁਮੇਧ ਸੈਣੀ ਅਤੇ ਉਮਰਾਨੰਗਲ ਨੇ 9 ਮਾਰਚ ਨੂੰ ਇਸ ਕੇਸ ਵਿੱਚ ਅਦਾਲਤ ਸਾਹਮਣੇ ਪੇਸ਼ ਹੋ ਕੇ ਆਪਣੇ ਜ਼ਮਾਨਤਨਾਮੇ ਤੇ ਮੁਚੱਲਕੇ ਭਰੇ ਸਨ। ਜਾਂਚ ਟੀਮ ਨੇ ਇਨਾਂ ਦੋਹਾਂ ਪੁਲਿਸ ਅਧਿਕਾਰੀਆਂ ਨੂੰ ਕਥਿਤ ਬਹਿਬਲ ਗੋਲੀ ਕਾਂਡ ਦੀ ਸਾਜਿਸ਼ ਰਚਣ ਦੇ ਦੋਸ਼ਾਂ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੈ। 2 ਅਪ੍ਰੈਲ ਨੂੰ ਸ਼ੈਸ਼ਨ ਜੱਜ ਦੀ ਅਦਾਲਤ ਵਿੱਚ ਮੁਲਜ਼ਮਾਂ ਖਿਲਾਫ਼ ਦੋਸ਼ ਆਇਦ ਕਰਨ ਦੇ ਮੁੱਦੇ ’ਤੇ ਬਹਿਸ ਹੋਵੇਗੀ। ਇਸ ਤੋਂ ਪਹਿਲਾਂ ਜਾਂਚ ਟੀਮ ਬਹਿਬਲ ਗੋਲੀ ਕਾਂਡ ਵਿੱਚ ਚਾਰ ਚਲਾਨ ਪੇਸ਼ ਕਰ ਚੁੱਕੀ ਹੈ। ਉਨਾਂ ਦੀ ਸੁਣਵਾਈ ਵੀ 2 ਅਪ੍ਰੈਲ ਨੂੰ ਰੱਖੀ ਗਈ ਹੈ। ਜ਼ਿਲਾ ਅਟਾਰਨੀ ਰਜਨੀਸ਼ ਕੁਮਾਰ ਗੋਇਲ ਨੇ ਕਿਹਾ ਕਿ ਸੈਸ਼ਨ ਜੱਜ ਦੀ ਅਦਾਲਤ ਵਿੱਚ ਸਾਰੇ ਚਲਾਨ ਇਕੱਠੇ ਹੋ ਗਏ ਹਨ ਅਤੇ ਹੁਣ ਇਸ ਕੇਸ ਦੀ ਬਕਾਇਦਾ ਸੁਣਵਾਈ ਸ਼ੁਰੂ ਹੋ ਜਾਵੇਗੀ। ਜਾਂਚ ਟੀਮ ਨੇ ਬਹਿਬਲ ਗੋਲੀ ਕਾਂਡ ਵਿੱਚ ਸੱਤ ਵਿਅਕਤੀਆਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੈ। ਜਿਸ ਵਿੱਚ ਸੁਮੇਧ ਸੈਣੀ ਅਤੇ ਪਰਮਰਾਜ ਸਿੰਘ ਉਮਰਾਨੰਗਲ ਤੋਂ ਇਲਾਵਾ ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ, ਐੱਸਪੀ ਬਿਕਰਮਜੀਤ ਸਿੰਘ ਬਰਾੜ, ਥਾਣਾ ਬਾਜਾਖਾਨਾ ਦੇ ਸਾਬਕਾ ਐੱਸਐੱਚਓ ਅਮਰਜੀਤ ਸਿੰਘ ਕੁਲਾਰ ਅਤੇ ਪੰਕਜ ਬਾਂਸਲ ਸ਼ਾਮਲ ਹਨ।

## ਮਾਮਲਾ ਪੰਜ ਨਸ਼ਾ ਸਮਗਲਰਾਂ ਦਾ

# ਆਈਜੀ ਉਮਰਾਨੰਗਲ, ਐਸਪੀ ਥਿੰਦ ਤੇ ਡੀਐਸਪੀ ਬਾਠ ਤੇ ਮੱਲੀ ਮੁਅੱਤਲ

**ਚੰਡੀਗੜ/ਏ.ਟੀ.ਨਿਊਜ਼:** ਪੰਜਾਬ ਸਰਕਾਰ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਵਿਵਾਦਤ ਪੁਲੀਸ ਅਧਿਕਾਰੀ ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਐੱਸਪੀ ਵਰਿੰਦਰਜੀਤ ਸਿੰਘ ਥਿੰਦ, ਫਰੀਦਕੋਟ ਦੇ ਐਸਪੀ (ਡੀ) ਸੇਵਾ ਸਿੰਘ ਮੱਲੀ, ਪਰਮਿੰਦਰ ਸਿੰਘ ਬਾਠ ਡੀਐੱਸਪੀ ਤੇ ਕਰਨਸ਼ੇਰ ਸਿੰਘ ਡੀਐੱਸਪੀ ਫਤਿਹਗੜ ਸਾਹਿਬ ਨੂੰ ਮੁਅੱਤਲ ਕਰ ਦਿੱਤਾ ਹੈ। ਸੂਬੇ ਦੇ ਡੀਜੀਪੀ ਦਫਤਰ ਵੱਲੋਂ ਭੇਜੀ ਗਈ ਸੀ ਉਸ ਦੇ ਅਧਾਰ ’ਤੇ ਗ੍ਰਹਿ ਵਿਭਾਗ ਵੱਲੋਂ ਇਨਾਂ ਪੁਲਿਸ ਅਫਸਰਾਂ ਦੀ ਮੁਅੱਤਲੀ ਦੇ ਹੁਕਮ ਦਿੱਤੇ ਗਏ ਹਨ। ਪੁਲਿਸ ਰਿਪੋਰਟ ’ਚ ਇਹ ਵੀ ਕਿਹਾ ਗਿਆ ਹੈ ਕਿ ਮੁਅੱਤਲ ਕੀਤੇ ਪੁਲਿਸ ਅਧਿਕਾਰੀਆਂ ਦੀ ਕਥਿਤ ਸ਼ਮੂਲੀਅਤ ਦੇ ਤੱਥ ਐੱਸਟੀਐਫ ਵੱਲੋਂ ਨਸ਼ਿਆਂ ਦੀ ਸਮਗਲਿੰਗ ਦੇ ਦੋਸ਼ਾਂ ’ਚ ਗ੍ਰਿਫਤਾਰ ਕੀਤੇ ਖੰਨਾ ਜ਼ਿਲੇ ਦੇ ਸਰਪੰਚ ਗੁਰਦੀਪ ਸਿੰਘ ਰਾਣੋ ਦੇ ਮਾਮਲੇ ’ਚ ਸਾਹਮਣੇ ਆਈ ਹੈ। ਜ਼ਿਕਰਯੋਗ ਹੈ ਕਿ ਐੱਸਟੀਐਫ ਨੇ ਗੁਰਦੀਪ ਸਿੰਘ ਦੀ ਤਫ਼ਤੀਸ਼ ਦੇ ਅਧਾਰ ’ਤੇ ਸਰਕਾਰ ਅਤੇ ਡੀਜੀਪੀ ਦਫਤਰ ਨੂੰ ਜੋ ਰਿਪੋਰਟ ਭੇਜੀ ਸੀ, ਉਸ ਰਿਪੋਰਟ ’ਚ ਇਨਾਂ ਪੁਲਿਸ ਅਫਸਰਾਂ ਦੇ ਗੁਰਦੀਪ ਸਿੰਘ ਨਾਲ ਨੇੜਲੇ ਸਬੰਧਾਂ ਦਾ ਜ਼ਿਕਰ ਕੀਤਾ ਗਿਆ ਸੀ। ਨਸ਼ਿਆਂ ਦੀ ਸਮਗਲਿੰਗ ਕਰਨ ਵਾਲੇ ਕਿਸੇ ਵਿਅਕਤੀ ਨਾਲ ਸਬੰਧ ਰੱਖਣ ਦੇ ਦੋਸ਼ਾਂ ਤਹਿਤ ਪੰਜਾਬ ਸਰਕਾਰ ਵੱਲੋਂ ਪਹਿਲੀ ਵਾਰੀ ਆਈਜੀ, ਐੱਸਪੀ ਤੇ ਡੀਐੱਸਪੀ ਰੈਂਕ ਦੇ ਪੁਲਿਸ ਅਫਸਰਾਂ ਦੇ ਖ਼ਿਲਾਫ਼ ਕਾਰਵਾਈ ਕੀਤੀ।

# ਕੋਰੋਨਾ ਖ਼ਿਲਾਫ਼ ਪ੍ਰਭਾਵਸ਼ਾਲੀ ਨਿਕਲੀ ਐਸਟ੍ਰਾਜੇਨੇਕਾ ਵੈਕਸੀਨ

## ਤਾਜ਼ਾ ਅਮਰੀਕੀ ਟ੍ਰਾਇਲ ’ਚ ਪਾਈ ਗਈ 76 ਫ਼ੀਸਦੀ ਅਸਰਦਾਰ

**ਲੰਡਨ/ਏ.ਟੀ.ਨਿਊਜ਼:** ਕੋਰੋਨਾ ਮਹਾਂਮਾਰੀ ਖ਼ਿਲਾਫ਼ ਲੜਾਈ ’ਚ ਤਮਾਮ ਚਿੰਤਾਵਾਂ ਦੇ ਵਿਚ ਇਕ ਚੰਗੀ ਖ਼ਬਰ ਸਾਹਮਣੇ ਆਈ ਹੈ। ਐਸਟ੍ਰਾਜੇਨੇਕਾ ਨੇ ਦੱਸਿਆ ਕਿ ਉਸ ਦੀ ਵੈਕਸੀਨ ਕੋਰੋਨਾ ਵਾਇਰਸ ਖ਼ਿਲਾਫ਼ ਕਾਫੀ ਅਸਰਦਾਰ ਹੈ। ਐਸਟ੍ਰਾਜੇਨੇਕਾ ਨੇ ਦੱਸਿਆ ਕਿ ਉਸ ਦੀ ਵੈਕਸੀਨ ਕੋਰੋਨਾ ਬਿਮਾਰੀ ਨੂੰ ਰੋਕਣ ਲਈ 76 ਫ਼ੀਸਦ ਤੱਕ ਪ੍ਰਭਾਵੀ ਪਾਈ ਗਈ ਹੈ। ਇਸ ਤੋਂ ਪਹਿਲਾਂ ਅਮਰੀਕਾ ਤੇ ਦੋ ਦੱਖਣ ਅਮਰੀਕੀ ਦੇਸ਼ਾਂ ’ਚ ਵੱਡੇ ਸਕੇਲ ’ਤੇ ਕੀਤੇ ਗਏ ਇਕ ਪ੍ਰੀਖਣ ’ਚ ਇਹ ਵੈਕਸੀਨ ਕੋਰੋਨਾ ਖ਼ਿਲਾਫ਼ 79 ਫ਼ੀਸਦ ਪ੍ਰਭਾਵੀ ਪਾਈ ਗਈ ਸੀ। ਜਦੋਂਕਿ ਗੰਭੀਰ ਵਾਇਰਸ ਦੀ ਰੋਕਥਾਮ ’ਚ 100 ਫ਼ੀਸਦ ਖਰੀ ਸਾਬਤ ਹੋਈ ਹੈ। ਬਰਤਾਨੀਆ ਦੀ ਓਕਸਫੋਰਡ ਯੂਨੀਵਰਸਿਟੀ ਤੇ ਐਸਟ੍ਰਾਜੇਨੇਕਾ ਕੰਪਨੀ ਵੱਲੋਂ ਵਿਕਸਿਤ ਇਸ ਟੀਕੇ ਦਾ ਉਤਪਾਦਨ ਭਾਰਤ ਤੇ ਸੀਰਮ ਇੰਸਟੀਚਿਊਟ ਆਫ ਇੰਡੀਆ ਵੱਲੋਂ ਵੀ ਕੀਤਾ ਜਾ ਰਿਹਾ ਹੈ।

ਅਮਰੀਕੀ ਪ੍ਰੀਖਣ ’ਚ ਵੈਕਸੀਨ ਸਾਰੀ ਉਮਰ ਤੇ ਸਮੁਦਾਏ ਦੇ ਲੋਕਾਂ ’ਚ ਬਰਾਬਰ ਰੂਪ ਨਾਲ ਪ੍ਰਭਾਵੀ ਸਾਬਤ ਹੋਈ ਹੈ। 63 ਸਾਲ ਤੇ ਇਸ ਤੋਂ ਜ਼ਿਆਦਾ ਉਮਰ ਦੇ ਪ੍ਰਤੀਭਾਗੀਆਂ ’ਚ ਵੈਕਸੀਨ 80 ਫ਼ੀਸਦ ਅਸਰਦਾਰ ਮਿਲੀ ਹੈ।

# ਨਿਊ ਜਰਸੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ ਪੁਰਬ ਨੂੰ 'ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜਾਦੀ ਦਿਹਾੜੇ' ਵਜੋਂ ਮਾਣਤਾ ਦਿੱਤੀ ਹੈ।

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਨਿਊ ਜਰਸੀ ਦੇ ਸੈਨੇਟ ਅਤੇ ਜਨਰਲ ਅਸੈਂਬਲੀ ਨੇ ਸਾਂਝੇ ਤੌਰ ਤੇ ਮਤਾ ਪਾ ਕੇ ਸਿੱਖਾਂ ਦੇ ਨੌਵੇਂ ਪਾਤਸਾਹ ਸ੍ਰੀ ਗੁਰੂ ਤੇਗਬਹਾਦਰ ਜੀ ਦੇ ਪਵਿੱਤਰ ਪ੍ਰਕਾਸ ਪੁਰਬ ਨੂੰ 'ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜਾਦੀ ਦਿਹਾੜੇ' ਵਜੋਂ ਮਨਾਉਣ ਦਾ ਅਹਿਦ ਕੀਤਾ ਹੈ, ਜਦੋਂ ੧੯ ਅਪ੍ਰੈਲ ੨੦੨੧ ਨੂੰ ਸਿੱਖ ਸੰਗਤ ਚਾਰ ਸੌ ਸਾਲਾ ਗੁਰਪੁਰਬ ਮਨਾ ਰਹੀ ਹੋਵੇਗੀ।

ਸੈਨੇਟ ਦੇ ਪ੍ਰਧਾਨ ਸਟੀਫਨ ਐੱਮ. ਸਵੀਨੀ ਅਤੇ ਜਨਰਲ ਅਸੈਂਬਲੀ ਦੇ ਸਪੀਕਰ ਕਰੇਗ ਜੇ. ਕੌਹਲਿਨ ਇਸ ਮਤੇ ਤੇ ਦਸਤਖਤ ਕੀਤੇ ਜਿਸ ਵਿੱਚ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਧਾਰਮਿਕ ਆਜਾਦੀ ਦਾ ਚੈਂਪੀਅਨ ਕਿਹਾ ਗਿਆ, ਜਿਹਨਾਂ ਨੇ ਔਰੰਗਜੇਬ ਦੁਆਰਾ ਹਿੰਦੂਆਂ ਦੇ ਜਬਰੀ ਧਰਮ ਪਰਿਵਰਤਨ ਵਿਰੁੱਧ ਆਵਾਜ ਉਠਾਈ।ਜਿਸ ਵਾਸਤੇ ਉਹਨਾਂ ਨੂੰ ਜਨਤਕ ਤੌਰ ਤੇ ਸੀਸ ਕਲ੍ਹਮ ਕਰਨ ਦੀ ਸਜਾ


State of New Jersey

THE SENATE AND GENERAL ASSEMBLY
STATE HOUSE, TRENTON, N.J.

JOINT LEGISLATIVE RESOLUTION
By Senate President SWEENEY, Assembly Speaker COUGHLIN
And All Members of the Legislature

WHEREAS, The Senate and General Assembly of the State of New Jersey are pleased to honor and salute the members of our State's highly esteemed Sikh community upon the auspicious occasion of Human Rights and Religious Freedom Day on April 18, 2021; and,

WHEREAS, On the date, Sikhs throughout the world will mark the Four Hundredth Anniversary of the birth of Guru Teg Bahadur, the renowned Ninth Guru of Sikhism who counts nearly thirty million devotees, including one million in the United States; and,

WHEREAS, A champion of religious freedom for all, Guru Teg Bahadur confronted the Moghul Emperor Aurangzeb against the forced religious conversion of Hindus, an act for which he was publicly beheaded, and he is fondly remembered as *Dharam Di Chadar*, or Shield of the Religions, for his ultimate sacrifice; and,

WHEREAS, New Jersey's Sikh community, which traces its origins to the State of Punjab in the Republic of India, first immigrated to our nation more than a century ago, and these remarkable citizens have played a vital role in the growth and vitality of the Garden State and have enriched their neighborhoods through their commitment to social tolerance; and,

WHEREAS, These extraordinary ideals fulfill the Sikh tradition of seeking a holistic understanding of peace through equality, fraternity, and respect while striving to conquer hatred and division through sacred teachings and the admirable tenets of honest work, charity, volunteerism, and sharing with those in need; and,

WHEREAS, It is altogether right and proper for this Legislature to recognize Human Rights and Religious Freedom Day and the Four Hundredth Anniversary of the birth of Guru Teg Bahadur and to encourage all New Jerseyans to participate fittingly in its observance; now, therefore,

*Be It Resolved by the Senate and General Assembly of the State of New Jersey:*

That this Legislature hereby commends the members of New Jersey's Sikh community and extends best wishes for a successful and joyous Human Rights and Religious Freedom Day; and,

*Be It Further Resolved,* That a duly authenticated copy of this resolution be signed by the Senate President and the Assembly Speaker and attested by the Senate Secretary and the Assembly Clerk.

Stephen M. Sweeney
President of the Senate

ਸੁਣਾਈ ਗਈ ਸੀ, ਫਲਸਰੂਪ ਉਹਨਾਂ ਨੂੰ ਇਸ ਮਹਾਨ ਬਲੀਦਾਨ ਲਈ 'ਧਰਮ ਦੀ ਚਾਦਰ' ਕਿਹਾ ਜਾਣ ਲੱਗਿਆ ਸੀ।

ਇਸ ਦੇ ਨਾਲ ਹੀ ਇਸ ਮਤੇ ਵਿੱਚ 'ਗਾਰਡਨ ਸਟੇਟ' ਦੇ ਵਿਕਾਸ ਅਤੇ ਪ੍ਰਫੁੱਲਤਾ ਵਿੱਚ ਸਿੱਖ ਭਾਈਚਾਰੇ ਦੇ ਯੋਗਦਾਨ ਦੀ ਵੀ ਭਰਪੂਰ ਸਲਾਘਾ ਕੀਤੀ ਗਈ।ਜਿਸ ਵਿੱਚ ਸਿੱਖਾਂ ਦੇ ਪਵਿੱਤਰ ਰਸਮੋਂ-ਰਿਵਾਜ, ਜਿਹੜੇ ਸਾਂਤੀ , ਬਰਾਬਰਤਾ , ਇਮਾਨਦਾਰੀ ,ਪੁੰਨ-ਦਾਨ , ਸਾਂਝੀਵਾਲਤਾ, ਵੰਡ ਛਕਣ ,ਨਫਰਤ ਨੂੰ ਜਿੱਤਣ ਦੀ ਹਾਮੀ ਭਰਦੇ ਹਨ, ਨੂੰ ਵੀ ਸਰਾਹਿਆ ਗਿਆ।

ਇਸ ਉਪਲੱਬਧੀ ਲਈ ਸਰਦਾਰ ਜੁਗਰਾਜ ਸਿੰਘ ਗਰੇਵਾਲ , ਸ. ਹਰਜਿੰਦਰ ਸਿੰਘ ਪਾਈਨਹਿੱਲ , ਭਾਈ ਓਂਕਾਰ ਸਿੰਘ ਜਰਸੀ ਸਿਟੀ , ਭਾਈ ਰਾਜਬਿੰਦਰ ਸਿੰਘ ਬਦੇਸਾ ਬਰਲਿੰਗਟਨ, ਭਾਈ ਅਵਤਾਰ ਸਿੰਘ ਬਰਿੱਜਵਾਟਰ , ਭਾਈ ਹਰਜਿੰਦਰ ਸਿੰਘ ਕੇਹਲ ਅਤੇ ਹਰਦਿਆਲ ਸਿੰਘ ਜੌਹਲ ਹੁਰਾਂ ਦਾ ਯੋਗਦਾਨ ਮਹੱਤਵਪੂਰਨ ਰਿਹਾ।

# ਸ਼ਿਵਇੰਦਰਜੀਤ ਸਿੰਘ ਯੋਰਬਾ ਲਿੰਡਾ ਸ਼ਹਿਰ ਦੇ ਪਲੈਨਿੰਗ ਕਮਿਸ਼ਨਰ ਬਣੇ




**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਪੰਜਾਬੀਆਂ ਖਾਸ ਕਰਕੇ ਸਿੱਖ ਭਾਈਚਾਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਸ਼ਿਵਇੰਦਰਜੀਤ ਸਿੰਘ ਨੇ ਦੱਖਣੀ ਕੈਲੀਫੋਰਨੀਆ ਦੇ ਸ਼ਹਿਰ ਯੋਰਬਾ ਲਿੰਡਾ ਦੇ ਨਵੇਂ ਯੋਜਨਾ ਕਮਿਸ਼ਨਰ ਵਜੋਂ ਸਹੁੰ ਚੁੱਕ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਸ਼ਿਵਇੰਦਰਜੀਤ ਸਿੰਘ ਨੂੰ ਨਵੇਂ ਯੋਜਨਾ ਕਮਿਸ਼ਨਰ ਵਜੋਂ ਕੌਂਸਲ ਦੀ 17 ਫਰਵਰੀ ਨੂੰ ਹੋਈ ਵਿਸ਼ੇਸ਼ ਮੀਟਿੰਗ ਵਿਚ ਨਿਯੁਕਤ ਕੀਤਾ ਗਿਆ ਸੀ। ਸ਼ਹਿਰ ਦੇ ਮੇਅਰ, ਸਿਟੀ ਕੌਂਸਲ ਦੇ ਮੈਂਬਰਾਂ ਤੇ ਹੋਰ ਸਟਾਫ ਨੇ ਉਨਾਂ ਨੂੰ ਵਧਾਈ ਦਿੱਤੀ ਹੈ। ਸਹੁੰ ਚੁੱਕ ਰਸਮ ਕੋਵਿਡ-19 ਕਾਰਨ ਜ਼ੂਮ ਰਾਹੀਂ ਹੋਈ। ਇਸ ਵਿਚ ਨਵੇਂ ਯੋਜਨਾ ਕਮਿਸ਼ਨਰ ਦੀ ਪਤਨੀ ਗਿਨੀ ਕੌਰ ਚਾਵਲਾ, ਉਨਾਂ ਦੇ ਬੱਚਿਆਂ ਸਾਹੇਜ ਕੌਰ ਚਾਵਲਾ ਤੇ ਅਮਰਜੀਤ ਸਿੰਘ ਚਾਵਲਾ ਨੇ ਹਿੱਸਾ ਲਿਆ। ਸ਼ਿਵਇੰਦਰਜੀਤ ਸਿੰਘ ਨੇ ਇਲੈਕਟ੍ਰੀਕਲ ਤੇ ਕੰਪਿਊਟਰ ਇੰਜੀਨੀਅਰਿੰਗ ਵਿਚ ਮਾਸਟਰ ਡਿਗਰੀ ਲਾਸ ਏਂਜਲਸ ਤੋਂ ਕੀਤੀ ਜਦ ਕਿ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ ਤੋਂ ਉਨਾਂ ਨੇ ਇਲੈਕਟ੍ਰੀਕਲ ਇੰਜੀਨੀਅਰਿੰਗ ਵਿਚ ਬੈਚਲਰ ਡਿਗਰੀ ਕੀਤੀ ਸੀ।

# ਅਮਰੀਕਾ ਦੇ ਕੋਲੋਰਾਡੋ ਦੀ ਸੁਪਰ ਮਾਰਕੀਟ ਵਿੱਚ ਬੰਦੂਕਧਾਰੀ ਨੇ ਪੁਲਿਸ ਅਧਿਕਾਰੀ ਸਣੇ 10 ਨੂੰ ਮਾਰ ਮੁਕਾਇਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਇਹ ਅਮਰੀਕਾ ਵਿੱਚ ਇੱਕ ਹਫ਼ਤੇ ਵਿੱਚ ਦੂਜੀ ਵਾਰ ਵਾਪਰਿਆ ਕਿ ਇਕ ਬੰਦੂਕਧਾਰੀ ਨੇ ਸਮੂਹਿਕ ਤੌਰ 'ਤੇ ਆਮ ਲੋਕਾਂ ਦਾ ਕਤਲ ਕੀਤਾ ਹੋਵੇ। ਬੋਲਡਰ, ਕੋਲੋਰਾਡੋ ਵਿਚ ਇਕ ਬੰਦੂਕਧਾਰੀ ਨੇ ਇਕ ਸੁਪਰ ਮਾਰਕੀਟ ਵਿੱਚ ਗੋਲੀਆਂ ਚਲਾਉਂਦਿਆਂ ਇਕ ਪੁਲਿਸ ਅਧਿਕਾਰੀ ਸਣੇ ਦਸ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬੋਲਡਰ ਜ਼ਿਲਾ ਅਟਾਰਨੀ ਮਾਈਕਲ ਡੌਘਰਟੀ ਨੇ ਇੱਕ ਪ੍ਰੈਸ ਬ੍ਰੀਫਿੰਗ ਵਿੱਚ ਕਿਹਾ, 'ਇਹ ਉਹ ਲੋਕ ਸਨ ਜੋ ਦਿਨ ਵੇਲੇ ਆਪਣੀ ਖਰੀਦਦਾਰੀ ਕਰ ਰਹੇ ਸਨ। ਇਸ ਦੌਰਾਨ ਮਰਨ ਵਾਲੇ ਪੁਲਿਸ ਅਧਿਕਾਰੀ ਦੀ ਪਛਾਣ 51 ਸਾਲਾ ਏਰਿਕ ਟੱਲੀ ਵਜੋਂ ਹੋਈ, ਜੋ ਕਿ ਬੋਲਡਰ ਫੋਰਸ 'ਤੇ 11 ਸਾਲਾ ਇੱਕ ਵੈਟਰਨ ਸੀ। ਪੁਲਿਸ ਮੁਖੀ ਮਾਰੀਸ ਹੇਰੋਲਡ ਨੇ ਬੋਲਡਰ ਪੁਲਿਸ ਵਿਭਾਗ ਨੂੰ ਵਿਸਥਾਰ ਦਿੰਦਿਆਂ ਕਿਹਾ ਕਿ ਪੁਲੀਸ ਅ਼ਫ਼ਸਰ ਨੂੰ ਗੋਲੀ ਲੱਗੀ। 'ਮੇਰਾ ਦਿਲ ਇਸ ਘਟਨਾ ਦੇ ਪੀੜਤਾਂ ਲਈ ਪਸੀਜ ਗਿਆ ਹੈ ਅਤੇ ਮੈਂ ਉਨਾਂ ਪੁਲਿਸ ਅਧਿਕਾਰੀਆਂ ਦਾ ਧੰਨਵਾਦੀ ਹਾਂ ਜਿਨਾਂ ਨੇ ਜਵਾਬ ਦਿੱਤਾ। ਉਸ ਨੇ ਕਿਹਾ ਮੈਂ ਅਫਸਰ ਟੱਲੀ ਦੇ ਮਾਰੇ ਜਾਣ ਤੇ ਬਹੁਤ ਦੁਖੀ ਹਾਂ।' ਵਾਈਟ ਹਾਊਸ ਦੇ ਬੁਲਾਰੇ ਨੇ ਕਿਹਾ ਕਿ ਰਾਸ਼ਟਰਪਤੀ ਜੋਅ ਬਾਈਡਨ ਨੂੰ ਇਸ ਹਮਲੇ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਗਈ ਹੈ ਅਤੇ ਇਸ ਘਟਨਾਕ੍ਰਮ ਬਾਰੇ ਨੇੜਿਓਂ ਨਿਗਾਹ ਰੱਖੀ ਜਾ ਰਹੀ ਹੈ। ਜਿੱਥੇ ਇਹ ਘਟਨਾ ਵਾਲੀ ਥਾਂ ਬੌਲਡਰ, ਡੇਨਵਰ ਤੋਂ 25 ਮੀਲ ਉੱਤਰ ਪੱਛਮ ਵਿੱਚ ਹੈ ।ਜਿਸ ਬੰਦੂਕਧਾਰੀ ਨੂੰ ਫੜਿਆ ਗਿਆ ਉਸ ਨੂੰ ਇਕ ਲਾਈਵ ਟੀ ਵੀ ਵਿਚ ਦਿਖਾਇਆ ਗਿਆ ਹੈ।ਉਸ ਆਦਮੀ ਦੀ ਲੱਤ ਵਿਚੋਂ ਲਹੂ ਵਗ ਰਿਹਾ ਸੀ, ਜਿਸਨੂੰ ਦੋ ਪੁਲਿਸ ਅਧਿਕਾਰੀਆਂ ਨੇ ਹੱਥਕੜੀ ਲਾ ਕੇ ਸਟੋਰ ਵਿਚੋਂ ਬਾਹਰ ਕੱਢਿਆ ਤੇ ਇਕ ਐਂਬੂਲੈਂਸ ਵਿੱਚ ਬਿਠਾਇਆ ਗਿਆ। ਪੁਲਿਸ ਨੇ ਕਿਹਾ ਕਿ ਅਜੇ ਬੰਦੂਕਧਾਰੀ ਵਲੋਂ ਗੋਲੀਆਂ ਚਲਾਉਣ ਦੇ ਕਾਰਨ ਦਾ ਪਤਾ ਨਹੀਂ ਚੱਲ ਸਕਿਆ। ਇਹ ਘਟਨਾ ਉਸ ਘਟਨਾ ਤੋਂ ਛੇ ਦਿਨਾਂ ਬਾਅਦ ਵਾਪਰੀ ਜਿਸ ਵਿੱਚ ਛੇ ਏਸ਼ੀਅਨ ਔਰਤਾਂ ਨੂੰ ਇਕ ਬੰਦੂਕਧਾਰੀ ਨੇ ਅਟਲਾਂਟਾ ਵਿੱਚ ਮਾਰ ਮੁਕਾਇਆ ਸੀ।




*ਫੋਟੋ: ੧: ਸ਼ਹੀਦ ਹੋਇਆ ਪੁਲਿਸ ਅਫਸਰ, ੨: ਬੰਦੂਕਧਾਰੀ ਨੂੰ ਪੁਲਿਸ ਕਬਜੇ 'ਚ ਲੈ ਜਾਂਦੀ ਹੋਈ ੩: ਸਟੋਰ ਦੇ ਮੁਲਾਜਮ ਇੱਕ ਦੂਸਰੇ ਨੂੰ ਦਿਲਾਸਾ ਦਿੰਦੇ ਹੋਏ।*

# ਭਾਰਤੀ ਮੂਲ ਦੇ ਦੋ ਹੋਰ ਅਮਰੀਕੀ ਬਾਇਡੇਨ ਪ੍ਰਸ਼ਾਸਨ ਵਿਚ ਨਿਯੁਕਤ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਬਾਈਡਨ ਪ੍ਰਸ਼ਾਸਨ ਨੇ ਰਾਸ਼ਟਰਪਤੀ ਜੋਅ ਬਾਈਡਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਸਟਾਫ ਵਿਚ ਭਾਰਤੀ ਮੂਲ ਦੇ ਦੋ ਹੋਰ ਅਮਰੀਕੀਆਂ ਦੀ ਨਿਯੁਕਤੀ ਕੀਤੀ ਹੈ। ਇਨਾਂ ਵਿਚ ਅਟਾਰਨੀ ਮੋਹਸਿਨ ਸਈਦ ਤੇ ਉਪਲ ਵਧਨ ਸ਼ਾਮਲ ਹਨ। ਸਈਦ ਕਾਂਗਰਸ ਦੇ ਮਾਮਲਿਆਂ ਸਬੰਧੀ ਪ੍ਰਿੰਸੀਪਲ ਡਿਪਟੀ ਅਸਿਸਟੈਂਟ ਸੈਕਟਰੀ ਵਜੋਂ ਕੰਮ ਕਰਨਗੇ। ਉਹ ਪਹਿਲਾਂ ਕਾਰਜਕਾਰੀ ਅਸਿਸਟੈਂਟ ਸੈਕਟਰੀ ਵਜੋਂ ਕੰਮ ਕਰ ਚੁੱਕੇ ਹਨ। ਉਨਾਂ ਨੇ ਕੈਪੀਟਲ ਹਿੱਲ ਵਿਚ 6 ਸਾਲ ਤੋਂ ਵੱਧ ਸਮੇਂ ਤੱਕ ਆਪਣੀਆਂ ਸੇਵਾਵਾਂ ਦਿੱਤੀਆਂ ਹਨ। ਵਧਨ ਹੈਰਿਸ ਦੇ ਨਿੱਜੀ ਸਹਾਇਕ ਵਜੋਂ ਕੰਮ ਕਰੇਗੀ। ਇਸ ਤੋਂ ਪਹਿਲਾਂ ਉਹ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦੇ ਸਹਾਇਕ ਵਜੋਂ ਕੰਮ ਕਰ ਚੁੱਕੀ ਹੈ।

# ਕੋਲੋਰਾਡੋ ਦੀ ਸੁਪਰ ਮਾਰਕੀਟ ਵਿਚ ਫਾਇਰਿੰਗ, ਪੁਲਿਸ ਅਧਿਕਾਰੀ ਸਮੇਤ 10 ਲੋਕਾਂ ਦੀ ਜਾਨ ਗਈ




**ਕੋਲੋਰਾਡੋ/ਏ.ਟੀ.ਨਿਊਜ਼:** ਅਮਰੀਕਾ ਦੇ ਕੋਲੋਰਾਡੋ ਵਿਚ ਹੋਈ ਗੋਲ਼ੀਬਾਰੀ 'ਚ ਇਕ ਪੁਲਿਸ ਅਧਿਕਾਰੀ ਸਮੇਤ 10 ਲੋਕ ਮਾਰੇ ਗਏ ਹਨ। ਪੁਲਿਸ ਮੁਤਾਬਿਕ ਘਟਨਾ ਬੋਲਡਰ ਦੀ ਇਕ ਸੁਪਰ ਮਾਰਕੀਟ 'ਚ ਹੋਈ ਹੈ। ਜਾਣਕਾਰੀ ਅਨੁਸਾਰ ਸ਼ੱਕੀ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਫਿਲਹਾਲ ਉਹ ਜ਼ਖ਼ਮੀ ਹੈ ਤੇ ਹਸਪਤਾਲ ਵਿਚ ਉਸ ਦਾ ਇਲਾਜ ਚੱਲ ਰਿਹਾ ਹੈ। ਬੋਲਡਰ ਪੁਲਿਸ ਵਿਭਾਗ ਦੇ ਕਮਾਂਡਰ ਕੇਰੀ ਯਾਮਾਗੁਚੀ ਨੇ ਦੱਸਿਆ ਕਿ ਅਧਿਕਾਰੀਆਂ ਨੇ ਘਟਨਾ ਵਾਲੀ ਥਾਂ 'ਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨਾਂ ਨੇ ਇਸ ਗੱਲ ਦੀ ਜਾਣਕਾਰੀ ਨਹੀਂ ਹੈ ਕਿ ਫਿਲਹਾਲ ਗੋਲੀਬਾਰੀ ਵਿਚ ਕਿੰਨੇ ਲੋਕ ਮਾਰੇ ਗਏ ਹਨ। ਮ੍ਰਿਤਕਾਂ ਦੀ ਗਿਣਤੀ ਬਾਅਦ ਵਿਚ ਜਨਤਕ ਕੀਤੀ ਜਾਵੇਗੀ।

ਮ੍ਰਿਤਕਾਂ ਵਿਚ ਇਕ ਬੋਲਡਰ ਪੁਲਿਸ ਅਧਿਕਾਰੀ ਹੈ। ਪਰਿਵਾਰਾਂ ਨੂੰ ਸੂਚਿਤ ਕੀਤੇ ਜਾਣ ਤੱਕ ਪੀੜਤਾਂ ਬਾਰੇ ਕੋਈ ਗਿਣਤੀ ਜਾਰੀ ਨਹੀਂ ਕੀਤੀ ਜਾਵੇਗੀ।

ਵਾਈਟ ਹਾਊਸ ਦੇ ਬੁਲਾਰੇ ਜੇਕ ਸਾਕੀ ਨੇ ਦੱਸਿਆ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੂੰ ਬੋਲਡਰ ਸੁਪਰ ਮਾਰਕੀਟ ਦੀ ਘਟਨਾ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ ਤੇ ਅਧਿਕਾਰੀ ਉਨਾਂ ਨੂੰ ਪਲ-ਪਲ ਦੀ ਖਬਰ ਦੇ ਰਹੇ ਹਨ। ਦੱਸ ਦੇਈਏ ਕਿ ਪਿਛਲੇ ਹਫ਼ਤੇ ਜਾਰਜੀਆ ਦੇ ਅਟਲਾਂਟਾ ਵਿਚ ਮਸਾਜ ਪਾਰਲਰ 'ਚ ਇਕ ਬੰਦੂਕਧਾਰੀ ਨੇ 8 ਲੋਕਾਂ ਦੀ ਗੋਲ਼ੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ।

# ਅਮਰੀਕਾ 'ਚ ਪਰਵਾਸੀਆਂ ਨੂੰ ਨਾਗਰਿਕਤਾ ਮਿਲਣ ਦੀ ਆਸ ਜਾਗੀ

**ਵਾਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕੀ ਪ੍ਰਤੀਨਿਧੀ ਸਭਾ (ਹੇਠਲੇ ਸਦਨ) ਨੇ ਨਾਗਰਿਕਤਾ ਤੇ ਆਵਾਸ ਨਾਲ ਜੁੜੇ ਦੋ ਮਹੱਤਵਪੂਰਨ ਬਿੱਲ ਪਾਸ ਕਰ ਦਿੱਤੇ ਹਨ। ਇਸ ਨਾਲ ਕੁਝ ਪ੍ਰਵਾਸੀ ਖੇਤੀ ਵਰਕਰਾਂ ਅਤੇ ਉਨਾਂ ਬੱਚਿਆਂ ਨੂੰ ਨਾਗਰਿਕਤਾ ਮਿਲਣ ਦੀ ਆਸ ਬੱਝ ਗਈ ਹੈ ਜਿਨਾਂ ਦੇ ਮਾਪੇ ਕਾਨੂੰਨੀ ਢੰਗ ਨਾਲ ਅਮਰੀਕਾ ਆਏ ਸਨ। ਇਨਾਂ ਵਿਚ ਐਚ-1ਬੀ ਵੀਜ਼ਾ ਪ੍ਰੋਗਰਾਮ ਵਾਲੇ ਵੀ ਹੋ ਸਕਦੇ ਹਨ। 'ਅਮੈਰੀਕਨ ਡਰੀਮ ਐਂਡ ਪ੍ਰੌਮਿਸ ਐਕਟ 2021' ਨੂੰ ਸਦਨ ਨੇ 197 ਦੇ ਮੁਕਾਬਲੇ 224 ਵੋਟਾਂ ਨਾਲ ਪਾਸ ਕੀਤਾ ਹੈ। ਰਾਸ਼ਟਰਪਤੀ ਜੋਅ ਬਾਈਡਨ ਨੇ ਇਸ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਮੁਲਕ ਦੇ ਆਵਾਸ ਢਾਂਚੇ ਵਿਚ ਸੁਧਾਰ ਲਿਆਉਣ ਵੱਲ ਪਹਿਲਾ ਕਦਮ ਹੈ। ਬਾਈਡਨ ਨੇ ਕਿਹਾ ਕਿ ਇਸ ਨਾਲ ਉਨਾਂ ਨੂੰ ਰਾਹਤ ਮਿਲੇਗੀ ਜੋ ਆਰਜ਼ੀ ਵੀਜ਼ਾ ਉਤੇ ਹਨ। ਉਨਾਂ ਨੌਜਵਾਨ ਬੱਚਿਆਂ ਨੂੰ ਵੀ ਰਾਹਤ ਮਿਲੇਗੀ ਜੋ ਕਿ ਬਚਪਨ ਵਿਚ ਇੱਥੇ ਆਏ ਸਨ ਤੇ ਅਮਰੀਕਾ ਨੂੰ ਹੀ ਆਪਣਾ ਮੁਲਕ ਮੰਨਦੇ ਹਨ। ਬਚਪਨ 'ਚ ਮਾਪਿਆਂ ਨਾਲ ਅਮਰੀਕਾ ਆਏ ਤੇ ਹੁਣ ਜਵਾਨ ਹੋ ਚੁੱਕੇ ਅਜਿਹੇ ਇਕ ਕਰੋੜ ਦਸ ਲੱਖ ਆਵਾਸੀ ਹਨ ਜਿਨਾਂ ਕੋਲ ਫ਼ਿਲਹਾਲ ਆਵਾਸ ਦਸਤਾਵੇਜ਼ ਨਹੀਂ ਹਨ। ਇਨਾਂ ਵਿਚੋਂ ਪੰਜ ਲੱਖ ਭਾਰਤੀ ਹਨ। ਇਸੇ ਦੌਰਾਨ ਪੰਜ ਤਾਕਤਵਰ ਡੈਮੋਕ੍ਰੈਟਿਕ ਸੰਸਦ ਮੈਂਬਰਾਂ (ਸੈਨੇਟਰਾਂ) ਨੇ ਰਾਸ਼ਟਰਪਤੀ ਜੋਅ ਬਾਈਡਨ ਨੂੰ ਬੇਨਤੀ ਕੀਤੀ ਹੈ ਕਿ ਉਹ ਐਚ-1ਬੀ ਸਣੇ ਕੁਝ ਗ਼ੈਰ-ਆਵਾਸੀ ਵੀਜ਼ਿਆਂ ਉਤੇ ਲੱਗੀ ਰੋਕ ਨੂੰ ਰੱਦ ਕਰ ਦੇਣ। ਇਹ ਰੋਕਾਂ ਟਰੰਪ ਕਾਰਜਕਾਲ ਦੌਰਾਨ ਲਾਈਆਂ ਗਈਆਂ ਸਨ। ਜ਼ਿਕਰਯੋਗ ਹੈ ਕਿ ਐਚ-1ਬੀ ਵੀਜ਼ਾ ਭਾਰਤੀ ਸੂਚਨਾ ਤਕਨੀਕ ਮਾਹਿਰਾਂ (ਆਈਟੀ ਪੇਸ਼ੇਵਰਾਂ) 'ਚ ਕਾਫ਼ੀ ਹਰਮਨਪਿਆਰਾ ਹੈ। ਸੈਨੇਟਰਾਂ ਨੇ ਕਿਹਾ ਹੈ ਕਿ ਰੋਕਾਂ ਜਾਰੀ ਰਹਿਣ ਨਾਲ ਅਮਰੀਕੀ ਰੁਜ਼ਗਾਰਦਾਤਾ, ਉਨਾਂ ਦੇ ਵਿਦੇਸ਼ੀ ਕਾਮਿਆਂ ਤੇ ਅਗਾਂਹ ਉਨਾਂ ਦੇ ਪਰਿਵਾਰਾਂ 'ਚ ਬੇਯਕੀਨੀ ਦਾ ਮਾਹੌਲ ਬਣ ਰਿਹਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਕਰੋਨਾ ਦੀ ਬਰਤਾਨਵੀ ਕਿਸਮ ਤੋਂ ਕੈਪਟਨ ਸਰਕਾਰ ਘਬਰਾਈ

## ✪ ਜਾਂਚ ਦੌਰਾਨ 81 ਫੀਸਦ ਨਮੂਨਿਆਂ 'ਚ ਵਾਇਰਸ ਦੀ ਨਵੀਂ ਕਿਸਮ ਮਿਲੀ ✪ ਮੁੱਖ ਮੰਤਰੀ ਨੇ ਲੋਕਾਂ ਨੂੰ ਚੌਕਸ ਕੀਤਾ

**ਚੰਡੀਗੜ੍ਹ/ਏ.ਟੀ.ਨਿਊਜ਼:** ਪੰਜਾਬ ਦੇ ਕਰੋਨਾ ਮਰੀਜ਼ਾਂ 'ਚ ਬਰਤਾਨੀਆ ਦੇ ਨਵੇਂ ਵਾਇਰਸ ਦੇ ਨਮੂਨੇ ਮਿਲਣ ਕਾਰਨ ਪੰਜਾਬ ਸਰਕਾਰ ਦੀ ਫਿਕਰ ਵੱਧ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਦੀ ਟੀਮ ਨਾਲ ਪੰਜਾਬ ਦੇ ਸਿਹਤ ਮਾਹਿਰਾਂ ਨੇ ਕਰੋਨਾ ਨਮੂਨਿਆਂ ਦੀ ਜਾਂਚ ਦੌਰਾਨ ਮਿਲੇ ਨਵੇਂ ਵਾਇਰਸ ਬਾਰੇ ਜਾਣਕਾਰੀ ਸਾਂਝੀ ਕੀਤੀ। ਇਨ੍ਹਾਂ ਹਾਲਤਾਂ 'ਚ ਪੰਜਾਬ ਸਰਕਾਰ ਆਉਂਦੇ ਦਿਨਾਂ ਵਿੱਚ ਨਵੀਆਂ ਪਾਬੰਦੀਆਂ ਵੀ ਲਗਾ ਸਕਦੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ 'ਚ ਕਰੋਨਾ ਦੇ ਨਮੂਨਿਆਂ 'ਚ ਯੂ.ਕੇ. ਦਾ ਵਾਇਰਸ ਮਿਲਣ ਮਗਰੋਂ ਪੰਜਾਬ ਦੇ ਲੋਕਾਂ ਨੂੰ ਚੌਕਸ ਕੀਤਾ ਹੈ। ਮੁੱਖ ਮੰਤਰੀ ਨੇ ਲੋਕਾਂ ਨੂੰ ਕੋਵਿਡ ਦਾ ਟੀਕਾ ਲਗਵਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਯੂਕੇ ਦੇ ਵਾਇਰਸ ਦੇ ਹਵਾਲੇ ਨਾਲ ਅਪੀਲ ਕੀਤੀ ਹੈ ਕਿ ਟੀਕਾਕਰਨ ਦਾ ਦਾਇਰਾ ਵਧਾ ਕੇ ਇਸ 'ਚ 60 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਵੀ ਸ਼ਾਮਲ ਕੀਤਾ ਜਾਵੇ ਕਿਉਂਕਿ ਇਹ ਵਾਇਰਸ ਨੌਜਵਾਨਾਂ ਨੂੰ ਵਧੇਰੇ ਪ੍ਰਭਾਵਿਤ ਕਰਦਾ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ 'ਚ ਕਰੋਨਾ ਵਾਇਰਸ ਦੇ 401 ਨਮੂਨਿਆਂ 'ਚੋਂ 81 ਫੀਸਦੀ ਨਮੂਨਿਆਂ 'ਚ ਯੂ.ਕੇ. ਦਾ ਨਵਾਂ ਕਰੋਨਾ ਵਾਇਰਸ ਪਾਇਆ ਗਿਆ ਹੈ। ਪਹਿਲਾਂ ਕਰੋਨਾ ਵਾਇਰਸ ਮਾਹਿਰਾਂ ਦੀ ਕਮੇਟੀ ਦੇ ਮੁਖੀ ਡਾ. ਕੇ ਕੇ ਤਲਵਾੜ ਨੇ ਇਸ ਵਾਇਰਸ ਦੇ ਨਵੇਂ ਸਰੂਪ ਸਬੰਧੀ ਜਾਣਕਾਰੀ ਮੁੱਖ ਮੰਤਰੀ ਨਾਲ ਸਾਂਝੀ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਆਬਾਦੀ ਦੇ ਵੱਡੇ ਹਿੱਸੇ ਨੂੰ ਵੀ ਟੀਕਾਕਰਨ ਮੁਹਿੰਮ ਵਿਚ ਛੇਤੀ ਸ਼ਾਮਿਲ ਕੀਤਾ ਜਾਵੇ। ਪ੍ਰਾਪਤ ਵੇਰਵਿਆਂ ਅਨੁਸਾਰ ਦੇਸ਼ ਭਰ 'ਚੋਂ ਕਰੋਨਾ ਦੇ ਸਭ ਤੋਂ ਵੱਧ 75 ਫੀਸਦੀ ਐਕਟਿਵ ਕੇਸ ਮਹਾਰਾਸ਼ਟਰ, ਪੰਜਾਬ ਅਤੇ ਕੇਰਲਾ ਵਿਚ ਹਨ। ਨਵੇਂ ਕੇਸਾਂ ਦੀ ਵਾਧਾ ਦਰ 'ਚ ਪੰਜਾਬ ਦਾ ਦੇਸ਼ ਭਰ 'ਚੋਂ ਦੂਜਾ ਸਥਾਨ ਹੈ। ਮਾਹਿਰਾਂ ਅਨੁਸਾਰ ਮੌਜੂਦਾ ਕੋਵੀਸ਼ੀਲਡ ਵੈਕਸੀਨ ਯੂ.ਕੇ. ਦੇ ਵਾਇਰਸ ਬੀ.1.1.7 ਲਈ ਵੀ ਬੇਹੱਦ ਕਾਰਗਰ ਹੈ। ਇਸ ਵਾਇਰਸ ਦਾ ਫੈਲਾਅ ਰੋਕਣ ਲਈ ਵੱਧ ਤੋਂ ਵੱਧ ਲੋਕਾਂ ਦਾ ਟੀਕਾਕਰਨ ਕੀਤਾ ਜਾਣਾ ਜ਼ਰੂਰੀ ਹੈ। ਮੁੱਖ ਮੰਤਰੀ ਨੇ ਲੋਕਾਂ ਨੂੰ ਕੋਵਿਡ ਤੋਂ ਬਚਾਅ ਲਈ ਨਿਯਮਾਂ ਦਾ ਪਾਲਣ ਕਰਨ ਲਈ ਕਿਹਾ ਹੈ। ਬੀਤੇ ਕੁਝ ਹਫ਼ਤਿਆਂ ਦੌਰਾਨ ਕੋਵਿਡ-19 ਦੇ ਪਾਜ਼ੇਟਿਵ ਮਾਮਲਿਆਂ ਦੀ ਗਿਣਤੀ ਵਿੱਚ ਵੀ ਵੱਡਾ ਵਾਧਾ ਹੋਇਆ ਹੈ। ਸਿਹਤ ਵਿਭਾਗ ਨੇ ਕਰੋਨਾਵਾਇਰਸ ਦੇ ਨਵੇਂ ਸਰੂਪ ਦੀ ਜਾਂਚ ਲਈ 478 ਪਾਜ਼ੇਟਿਵ ਸੈਂਪਲ ਜਾਂਚ ਐੱਨਆਈਬੀ, ਆਈਜੀਆਈਬੀ ਅਤੇ ਐੱਨਸੀਡੀਸੀ ਨੂੰ ਭੇਜੇ ਸਨ।

ਬਾਕੀ ਸਫ਼ਾ 31 'ਤੇ

# ਪ੍ਰਵਾਸੀ ਪੰਜਾਬੀਆਂ ਦੀਆਂ ਜਾਇਦਾਦਾਂ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ ਅਦਾਲਤਾਂ ਨੂੰ ਵਧੇਰੇ ਸ਼ਕਤੀਆਂ ਦਿੱਤੀਆਂ ਜਾਣ: ਸਤਨਾਮ ਸਿੰਘ ਚਾਹਲ



**ਨਿਊਯਾਰਕ (ਰਾਜ ਗੋਗਨਾ):** ਦੁਨੀਆ ਭਰ ਦੇ ਪ੍ਰਵਾਸੀ ਪੰਜਾਬੀ ਇਹ ਮਹਿਸੂਸ ਕਰਦੇ ਹਨ ਕਿ ਜੇ ਐਨ.ਆਰ.ਆਈ. ਪ੍ਰਾਪਰਟੀ ਸੁਰੱਖਿਆ ਐਕਟ ਆਪਣੇ ਉਦੇਸ਼ ਦੀ ਪੂਰਤੀ ਲਈ ਬਣਾਇਆ ਗਿਆ ਹੈ ਤਾਂ ਇਨ੍ਹਾਂ ਕੇਸਾਂ ਦੇ ਜਲਦੀ ਨਿਪਟਾਰੇ ਲਈ ਜਿਥੇ ਪੰਜਾਬ ਦੀਆਂ ਐਨ.ਆਰ.ਆਈ. ਅਦਾਲਤਾਂ ਨੂੰ ਵਧੇਰੇ ਸ਼ਕਤੀਆਂ ਦਿੱਤੀ ਜਾਣੀਆਂ ਚਾਹੀਦੀਆਂ ਹਨ ਉਥੇ ਅਧਿਕਾਰੀਆਂ ਨੂੰ ਜਵਾਬਦੇਹ ਵੀ ਬਣਾਇਆ ਜਾਣਾ ਚਾਹੀਦਾ ਹੈ। ਪੰਜਾਬ ਸਰਕਾਰ ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਇਹ ਅਪੀਲ ਕਰਦਿਆਂ ਸ: ਸਤਨਾਮ ਸਿੰਘ ਚਾਹਲ ਕਾਰਜਕਾਰੀ ਡਾਇਰੈਕਟਰ ਨੌਰਥ ਅਮੈਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਨੇ ਕਿਹਾ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਆਪਣੀ ਕੈਬਨਿਟ ਮੀਟਿੰਗ ਦੌਰਾਨ ਐਨਆਰਆਈ ਪ੍ਰਾਪਰਟੀ ਸੇਫਗਾਰਡਜ਼ ਐਕਟ ਦੇ ਪ੍ਰਸਤਾਵ ਨੂੰ ਹਰੀ ਝੰਡੀ ਦਿੱਤੀ ਸੀ, ਲੇਕਿਨ ਕਿਸੇ ਵੀ ਐਕਟ ਦੇ ਬਣ ਜਾਣ ਦੇ ਤੱਦ ਤੱਕ ਇਹ ਅਰਥ ਨਹੀਂ ਬਣ ਸਕਦੇ ਜਦ ਤੱਕ ਕਿ ਐਨਆਰਆਈ ਕੇਸਾਂ ਦਾ ਅਦਾਲਤਾਂ ਵਿੱਚ ਵਿਸ਼ੇਸ਼ ਤੌਰ 'ਤੇ ਜਲਦੀ ਫੈਸਲੇ ਨਹੀਂ ਹੁੰਦੇ ਤੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਨਿਸ਼ਚਿਤ ਨਹੀਂ ਕਰ ਦਿੱਤੀ ਜਾਂਦੀ ਤਾਂ ਕਿ ਉਹ ਨਿਰਧਾਰਤ ਸਮੇਂ ਅੰਦਰ ਕੇਸਾਂ ਦਾ ਨਿਪਟਾਰਾ ਕਰ ਸਕਣ। ਸ: ਚਾਹਲ ਨੇ ਕਿਹਾ ਕਿ ਅਸੀਂ ਪੰਜਾਬ ਸਰਕਾਰ ਦੇ ਕੁਝ ਫੈਸਲਿਆਂ ਦੀ ਪ੍ਰਸ਼ੰਸਾ ਕਰਦੇ ਹਾਂ ਪਰ ਇਸ ਸਬੰਧੀ ਸਾਡਾ ਮਾੜਾ ਤਜ਼ਰਬਾ ਸਾਨੂੰ ਸਾਵਧਾਨ ਕਰ ਦਿੰਦਾ ਹੈ ਜੋ ਅਸਾਨੀ ਨਾਲ ਨਿਵੇਸ਼ ਅਤੇ ਵਧੇਰੇ ਸ਼ਿਕਾਇਤ ਨਿਵਾਰਣ ਪ੍ਰਣਾਲੀਆਂ ਬਾਰੇ ਆਪਣੀ ਵਚਨਬੱਧਤਾ ਦਾ ਸਨਮਾਨ ਨਹੀਂ ਕਰਦਾ. ਸ: ਚਾਹਲ ਨੇ ਇਕ ਸਮੱਸਿਆ ਦੀ ਉਦਾਹਰਣ ਦਿੰਦੇ ਦੱਸਦਿਆਂ ਕਿਹਾ ਕਿ ਐਨ.ਆਰ.ਆਈਜ਼ ਨੂੰ ਮੁਸ਼ਕਲ ਕਾਨੂੰਨੀ ਪ੍ਰਕਿਰਿਆ ਕਾਰਨ ਆਪਣੀ ਜ਼ਮੀਨ ਦਾ ਕਬਜ਼ਾ ਵਾਪਸ ਕਰਵਾਉਣ ਵਿਚ ਮੁਸ਼ਕਲ ਪੇਸ਼ ਆਉਂਦੀ ਹੈ।ਜਿਸ ਕਾਰਨ ਐਨਆਰਆਈ ਦੀ ਜਾਇਦਾਦ ਦਾ ਝੂਠਾ ਮਾਲਕ ਕਬਜ਼ਾ ਲੈ ਲੈਂਦਾ ਹੈ ਅਤੇ ਬਾਅਦ ਵਿਚ ਕੇਸ ਦਾਇਰ ਕਰਦਾ ਹੈ। ਅਜਿਹੇ ਕੇਸ ਕਈ ਸਾਲਾਂ ਤੱਕ ਅਦਾਲਤਾਂ ਵਿੱਚ ਚਲਦੇ ਰਹਿੰਦੇ ਹਨ। ਜੇ ਕਿਸੇ ਐਨਆਰਆਈ ਨੇ ਇਹ ਸਾਬਤ ਕਰਨ ਲਈ ਕੋਈ ਦਸਤਾਵੇਜ਼ ਪੇਸ਼ ਕੀਤਾ ਕਿ ਵਿਵਾਦਿਤ ਜਾਇਦਾਦ ਉਸ ਦੇ ਨਾਮ ਹੈ ਤਾਂ ਉਸ ਨੂੰ ਕਬਜ਼ਾ ਦਿੱਤਾ ਜਾਣਾ ਚਾਹੀਦਾ ਹੈ ਲੇਕਿਨ ਇਸ ਦੇ ਨਾਲ ਹੀ ਅਜਿਹਾ ਕੇਸ ਜਾਰੀ ਵੀ ਰਹਿ ਸਕਦਾ ਹੈ।ਸ: ਚਾਹਲ ਨੇ ਕਿਹਾ ਕਿ 'ਕਿਸੇ ਵੀ ਨੀਤੀ ਦੀ ਸਫਲਤਾ ਇਸ ਦੇ ਲਾਗੂ ਹੋਣ 'ਤੇ ਨਿਰਭਰ ਕਰਦੀ ਹੈ। ਮਾਲ ਅਧਿਕਾਰੀਆਂ ਦੁਆਰਾ ਕਾਰਜਨੀਤੀਆਂ ਵਿਚ ਦੇਰੀ ਕਰਨਾ ਪ੍ਰਵਾਸੀ ਭਾਰਤੀਆਂ ਲਈ ਸਭ ਤੋਂ ਵੱਡੀ ਚਿੰਤਾ ਰਹੀ ਹੈ ਅਤੇ ਸਿਆਸਤਦਾਨਾਂ ਦੁਆਰਾ ਉਨ੍ਹਾਂ ਦੇ ਗੁੰਡਿਆਂ ਸਮੇਤ ਦਖਲਅੰਦਾਜ਼ੀ ਇਕ ਵੱਡੀ ਸਮੱਸਿਆ ਬਣੀ ਰਹਿੰਦੀ ਹੈ। ਚਾਹਲ ਨੇ ਅੱਗੇ ਕਿਹਾ, 'ਸਾਬਕਾ ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਨੇ 20 13 ਵਿੱਚ ਕਿਹਾ ਸੀ ਕਿ, ਪੰਜਾਬ ਰਾਜ ਇੱਕ ਨਿਵੇਸ਼ ਦੀ ਇੱਕ ਆਦਰਸ਼ ਜਗਾ ਬਣਨ ਲਈ ਤਿਆਰ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 2014 ਵਿੱਚ ਐਨ.ਆਰ.ਆਈਜ਼ ਤੋਂ ਨਿਵੇਸ਼ ਦੀ ਮੰਗ ਕੀਤੀ ਸੀ। ਮੌਜੂਦਾ ਪੰਜਾਬ ਸਰਕਾਰ ਨੇ ਐਨਆਰਆਈ ਦੇ ਨਿਵੇਸ਼ ਨੂੰ ਆਕਰਸ਼ਤ ਕਰਨ ਲਈ ਕਈ ਨੁਮਾਇੰਦਿਆਂ ਨੂੰ ਵੀ ਨਾਮਜ਼ਦ ਕੀਤਾ ਸੀ ਪਰ ਅਜੇ ਤੱਕ ਕੁਝ ਨਹੀਂ ਹੋਇਆ।

# ਇਕ ਜਾਸੂਸ ਨੇ ਕਰੀਬ ਡੇਢ ਲੱਖ ਰੁਪਏ 'ਚ ਨਿਊਜ਼ ਸੰਪਾਦਕ ਨੂੰ ਮੁਹੱਈਆ ਕਰਵਾਈ ਸੀ ਮੇਘਨ ਮਰਕੇਲ ਦੀ ਪਰਸਨਲ ਡਿਟੇਲਜ਼

**ਵਾਸ਼ਿੰਗਟਨ/ਏ.ਟੀ.ਨਿਊਜ਼:** ਬੀਤੇ ਕੁਝ ਸਮੇਂ ਤੋਂ ਅਮਰੀਕਾ 'ਚ ਰਹਿ ਰਿਹਾ ਬ੍ਰਿਟੇਨ ਦਾ ਸ਼ਾਹੀ ਜੋੜਾ ਹੈਰੀ-ਮੇਘਨ ਮਰਕੇਲ ਮੀਡੀਆ ਵਿਚ ਕਾਫੀ ਸੁਰਖੀਆਂ 'ਚ ਹੈ। ਇਸ ਦੀ ਇਕ ਵੱਡੀ ਵਜਾ ਤੋਂ ਮੇਘਨ ਦਾ ਉਹ ਇੰਟਰਵਿਊ ਹੈ ਜਿਸ 'ਚ ਉਨ੍ਹਾਂ ਨੇ ਸ਼ਾਹੀ ਪਰਿਵਾਰ ਦੇ ਮੈਂਬਰਾਂ ਨਾਲ ਜੁੜੀਆਂ ਕਈ ਗੱਲਾਂ ਦਾ ਖੁਲਾਸਾ ਕੀਤਾ ਸੀ। ਇਸ ਤੋਂ ਇਲਾਵਾ ਉਨ੍ਹਾਂ ਦੇ ਦੁਬਾਰਾ ਸੁਰਖੀਆਂ 'ਚ ਆਉਣ ਦੀ ਵਜਾ ਨਿਊਯਾਰਕ ਟਾਈਮਜ਼ 'ਚ ਛਪੀ ਇਕ ਰਿਪੋਰਟ ਵੀ ਬਣੀ ਹੈ। ਇਸ ਰਿਪੋਰਟ 'ਚ ਕਿਹਾ ਗਿਆ ਹੈ ਕਿ ਬ੍ਰਿਟੇਨ ਦੇ ਇਕ ਚਰਚਿੱਤ ਟੇਬਲਾਇਡ ਨਿਊਜ਼ ਪੇਪਰ ਦੇ ਨਿਊਯਾਰਕ ਬੇਸਡ ਸੰਪਾਦਕ ਨੇ ਮੇਘਨ ਦੀ ਪਰਸਨਲ ਜਾਣਨ ਲਈ ਇਕ ਪ੍ਰਾਈਵੇਟ ਜਾਸੂਸ ਹਾਇਰ ਕੀਤਾ ਸੀ। ਇਸ ਨੂੰ ਇਸ ਡਿਟੇਲ ਦੇ ਏਵਜ 'ਚ ਦੋ ਹਜ਼ਾਰ ਡਾਲਰ ਭਾਰਤੀ ਰੁਪਏ ਮੁਤਾਬਕ ਕਰੀਬ 1.45 ਲੱਖ ਰੁਪਏ ਦੀ ਰਾਸ਼ੀ ਅਦਾ ਕੀਤੀ ਗਈ ਸੀ।

ਸਾਲ 2016 'ਚ ਇਸੇ ਅਖ਼ਬਾਰ ਨੇ ਪ੍ਰਿੰਸ ਹੈਰੀ ਤੇ ਅਮਰੀਕਨ ਐਕਟਰਸ ਮੇਘਨ ਮਰਕੇਲ ਦੇ ਵਿਚ ਘੱਟ ਹੁੰਦੀਆਂ ਤੇ ਪਿਆਰ ਵੱਲ ਵਧਦੇ ਕਦਮਾਂ ਨੂੰ ਲੈ ਕੇ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ। ਡੇਨੋ ਨੇ ਬਿਲ ਨੂੰ ਮੇਘਨ ਦੇ ਪਰਿਵਾਰ ਦੇ ਬਾਰੇ ਉਨ੍ਹਾਂ ਦੇ ਸਾਬਕਾ ਪਤੀ ਬਾਰੇ ਉਨ੍ਹਾਂ ਦਾ ਪਤਾ, ਫੋਨ ਨੰਬਰ, ਈਮੇਲ ਤੇ ਇਥੋਂ ਤਕ ਕਿ ਸੋਸ਼ਲ ਸਕਿਓਰਿਟੀ ਨੰਬਰ ਵੀ ਸੰਪਾਦਕ ਨੂੰ ਮੁਹੱਈਆ ਕਰਵਾਇਆ ਸੀ। ਇਸ ਜਾਣਕਾਰੀ ਦੇ ਦਮ 'ਤੇ ਅਖ਼ਬਾਰ ਨੇ ਕਈ ਐਕਸਕਲੂਸਿਵ ਰਿਪੋਰਟਾਂ ਪ੍ਰਕਾਸ਼ਤ ਕੀਤੀਆਂ ਸਨ। ਇਨ੍ਹਾਂ ਜਾਣਕਾਰੀਆਂ 'ਚ ਹੈਰੀ ਵੱਲੋਂ ਮੇਘਨ ਨੂੰ ਕੀਤੇ ਗਏ ਟੈਕਸਟ ਮੈਸੇਜ ਵੀ ਸ਼ਾਮਲ ਸੀ। ਇੰਨਾ ਹੀ ਨਹੀਂ ਡਿਟੈਕਟਿਵ ਨੇ ਮੇਘਨ ਤੇ ਉਨ੍ਹਾਂ ਦੇ ਪਿਤਾ ਦੇ ਵਿਚ ਹੋਈ ਤੂੰ-ਤੂੰ, ਮੈਂ-ਮੈਂ ਦੀ ਵੀ ਜਾਣਕਾਰੀ ਬਿਲ ਨੂੰ ਮੁਹੱਈਆ ਕਰਵਾਈ ਸੀ। ਤੁਹਾਨੂੰ ਦੱਸ ਦਈਏ ਕਿ ਮੇਘਨ ਤੇ ਹੈਰੀ ਦਾ ਵਿਆਹ 2018 'ਚ ਹੋਇਆ ਸੀ।

ਰੂਸੀ ਅਖ਼ਬਾਰ ਸਪੁਤਨਿਕ ਨਿਊਜ਼ ਦੇ ਆਨਲਾਈਨ ਸੰਸਕਰਨ ਮੁਤਾਬਕ ਅਮਰੀਕਾ 'ਚ ਇਸ ਤਰਾਂ ਨਾਲ ਕਿਸੇ ਵੀ ਪਰਸਨਲ ਡਿਟੇਲ ਨੂੰ ਹਾਸਲ ਕਰ ਕੇ ਦੂਸਰੇ ਨੂੰ ਵੇਚਣਾ ਅਪਰਾਧ ਮੰਨਿਆ ਜਾਂਦਾ ਹੈ। ਇਸ ਲਈ ਕਿਸੇ ਨੂੰ ਵੀ ਲਾਇਸੈਂਸ ਹਾਸਲ ਕਰਨਾ ਜ਼ਰੂਰੀ ਹੁੰਦਾ ਹੈ। ਖ਼ਬਰ ਮੁਤਾਬਕ ਰਿਟਾਇਰ ਹੋ ਚੁੱਕੇ ਡਿਟੈਕਟਿਵ ਹੈਂਕਸ ਦਾ ਕਹਿਣਾ ਹੈ ਕਿ ਨਿਯਮਾਂ ਦਾ ਜੇਮਸ ਬਿਲ ਨੂੰ ਜ਼ਰੂਰ ਪਤਾ ਹੋਵੇਗਾ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਅਖ਼ਬਾਰ ਵੱਲੋਂ ਉਨ੍ਹਾਂ ਨੂੰ ਇਕ ਪੱਤਰ ਭੇਜਿਆ ਗਿਆ ਸੀ, ਜਿਸ 'ਚ ਕਿਹਾ ਗਿਆ ਸੀ ਕਿ ਉਹ ਡਿਟੇਲਜ਼ ਨੂੰ ਹਾਸਲ ਕਰਨ ਲਈ ਕਿਸੇ ਵੀ ਤਰਾਂ ਦਾ ਗੈਰ-ਕਾਨੂੰਨੀ ਤਰੀਕਾ ਇਸਤੇਮਾਲ ਨਹੀਂ ਕਰਨਗੇ।

# ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਰਿਚਮੰਡ ਵਾਸੀ ਦੋ ਸਕੇ ਪੰਜਾਬੀ ਭਰਾਵਾਂ ਦਾ ਕਤਲ




**ਨਿਊਯਾਰਕ/ ਬ੍ਰਿਟਿਸ਼ ਕੋਲੰਬੀਆ (ਰਾਜ ਗੋਗਨਾ/ ਕੁਲਤਰਨ ਪਧਿਆਣਾ):** ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਰਿਚਮੰਡ ਵਾਸੀ ਦੋ ਸਕੇ ਭਰਾਵਾਂ ਦਾ ਕਤਲ ਕਰ ਦਿੱਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਜਿਨਾਂ ਦੀ ਪਛਾਣ 25 ਸਾਲਾ ਚੇਤਨ ਢੀਂਡਸਾ ਤੇ 23 ਸਾਲਾ ਜੋਬਨ ਢੀਂਡਸਾ ਵਜੋਂ ਹੋਈ ਹੈ। ਜਿਨਾਂ ਦੀਆਂ ਅੱਗ ਨਾਲ ਸੜੀਆਂ ਲਾਸ਼ਾਂ ਇੱਕ ਅੱਗ ਨਾਲ ਸੜੇ ਹੋਏ ਘਰ 'ਚੋਂ ਮਿਲੀਆਂ ਸਨ। ਇਸ ਘਟਨਾ ਨੂੰ ਲੋਅਰਮੇਨਲੈਂਡ ਵਿੱਚ ਚੱਲ ਰਹੀ ਗੈਂਗ ਹਿੰਸਾ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਆਰਸੀਐਮਪੀ ਦੇ ਮੁਤਾਬਕ ਇਹ ਕਤਲ ਲੋਅਰਮੇਨਲੈਂਡ ਵਿੱਚ ਚੱਲ ਰਹੀ ਗੈਂਗ ਹਿੰਸਾ ਨਾਲ ਸਬੰਧਤ ਹੈ । ਆਰਸੀਐਮਪੀ ਨੇ ਇਹ ਗੱਲ ਵੀ ਆਖੀ ਹੈ ਕਿ ਉਹ ਇਨਾਂ ਨੌਜਵਾਨਾਂ ਨੂੰ ਪਹਿਲਾਂ ਤੋਂ ਹੀ ਜਾਣਦੀ ਸੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਡਰੱਗ ਤੇ ਗੈਂਗ ਹਿੰਸਾ ਨਾਲ ਬ੍ਰਿਟਿਸ਼ ਕੋਲੰਬੀਆ ਦਾ ਪੰਜਾਬੀ ਭਾਈਚਾਰਾ ਲੰਮੇ ਸਮੇਂ ਤੋਂ ਪੀੜਤ ਰਿਹਾ ਹੈ ਅਤੇ ਵੱਡੀ ਗਿਣਤੀ ਵਿੱਚ ਪੰਜਾਬੀ ਨੌਜਵਾਨ ਗੈਂਗ ਹਿੰਸਾ ਵਿੱਚ ਇੱਥੇ ਮਾਰੇ ਜਾ ਚੁੱਕੇ ਹਨ।

# ਇੰਡੋ-ਅਮੈਰੀਕਨ ਨੇ ਖੁੱਲ ਰਹੇ ਫ੍ਰੀ ਡਾਇਲਸਿਸ ਸੈਂਟਰ ਲਈ 6.50 ਲੱਖ ਰੁਪਏ ਡਾਇਲਸਿਸ ਯੂਨਿਟ ਲਈ ਦਾਨ ਦਿੱਤੇ



**ਭੁਲੱਥ (ਅਜੈ ਗੋਗਨਾ):** ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਸੇਵਾ ਸੁਸਾਇਟੀ (ਰਜਿ:) ਭੁਲੱਥ ਵੱਲੋਂ ਗੁਰੂ ਨਾਨਕ ਦੇਵ ਜੀ ਫ੍ਰੀ ਡਾਇਲਸਿਸ ਸੈਂਟਰ ਜੋ ਕਿ ਸਰਕਾਰੀ ਹਸਪਤਾਲ ਭੁਲੱਥ ਵਿੱਚ ਖੁੱਲ ਚੁੱਕਾ ਹੈ ਜਿਸ ਵਿੱਚ ਤਕਰੀਬਨ ਛੇ ਡਾਇਲਸਿਸ ਮਸ਼ੀਨਾਂ ਲੋੜਵੰਦ ਮਰੀਜ਼ ਦੀ ਫ੍ਰੀ ਡਾਇਲਸਿਸ ਕਰਨ ਲਈ ਲਗਾਈਆਂ ਜਾਣੀਆਂ ਹਨ ਅਤੇ ਤਿੰਨ ਡਾਇਲਸਿਸ ਮਸ਼ੀਨਾਂ ਲੱਗ ਗਈਆਂ ਹਨ। ਇਸ ਕਾਰਜ ਲਈ ਐਨ.ਆਰ.ਆਈ ਵੀਰਾਂ ਨੇ ਬਹੁਤ ਹੀ ਸਹਿਯੋਗ ਦਿੱਤਾ ਹੈ। ਇਸੇ ਲੜੀ ਤਹਿਤ ਨਿਊਯਾਰਕ ਦੀ ਸਮਾਜ ਭਲਾਈ ਸੰਸਥਾ ਇੰਡੋ-ਅਮਰੀਕਨ ਸੋਸ਼ਲ ਵੈੱਲਫੇਅਰ ਸੁਸਾਇਟੀ ਵਲੋਂ ਗੁਰੂ ਨਾਨਕ ਦੇਵ ਡਾਇਲਸਿਸ ਯੂਨਿਟ ਲਈ ਇੱਕ ਮਸ਼ੀਨ ਸਾਢੇ ਛੇ ਲੱਖ ਰੁਪਏ (650000) ਦਿੱਤੇ। ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਸੇਵਾ ਸੋਸਾਇਟੀ ਭੁਲੱਥ ਨੂੰ ਇਹ ਸਹਿਯੋਗ ਦੇਣ ਲਈ ਕਮੇਟੀ ਦੇ ਸਮੂਹ ਮੈਂਬਰਾਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਇੰਡੋ-ਅਮੈਰੀਕਨ ਸੋਸ਼ਲ ਵੈਲਫੇਅਰ ਸੋਸਾਇਟੀ ਦਾ ਦਿਲੋਂ ਧੰਨਵਾਦ ਕੀਤਾ ਗਿਆ।

# ॥ਇਕ ਜੋਤਿ ਦੁਇ ਮੂਰਤੀ...॥




ਅਮਰੀਕਾ ਵਿੱਚ ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੀ ਕੈਲੀਫੋਰਨੀਆ ਸਟੇਟ ਵਿੱਚ ਪਿਛਲੇ ਦਿਨੀ ਇਕ ਸਿੱਖ ਜੋੜੇ ਪਤੀ-ਪਤਨੀ ਦੀ ਇੱਕੋ ਦਿਨ ਕੁਝ ਵਕਫ਼ੇ ਅੰਦਰ ਹੋਈ ਕੁਦਰਤੀ ਮੌਤ ਨੇ ਗੁਰਮਤਿ ਵਿੱਚ ਦਰਸਾਏ ਪਤੀ-ਪਤਨੀ ਦੇ ਪਵਿੱਤਰ ਤੇ ਰੂਹਾਨੀ ਰਿਸ਼ਤੇ ਦੀ ਮਿਸਾਲ ਪੇਸ਼ ਕਰ ਦਿੱਤੀ। ਲੋ ਡਾਈ (ਸਟਾਕਟਨ) ਦੇ ਰਹਿਣ ਵਾਲੇ ਸ. ਹਰਭਜਨ ਸਿੰਘ ਰਾਜਾਸਾਂਸੀ ਅਤੇ ਉਨਾਂ ਦੀ ਸੁਪਤਨੀ ਬੀਬੀ ਸੁਰਜੀਤ ਕੌਰ ਨੇ ਨੌਂ ਮਾਰਚ ਵਾਲੇ ਦਿਨ ਕੁਝ ਘੰਟਿਆਂ ਦੇ ਵਕਫ਼ੇ ਵਿੱਚ ਪ੍ਰਾਣ ਤਿਆਗੇ ਜਿਸ ਦੀ ਕਿ ਸਿੱਖ ਕਮਿਊਨਿਟੀ ਵਿੱਚ ਚਰਚਾ ਛਿੜੀ ਹੋਈ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਤੀਜੀ ਪਾਤਸ਼ਾਹੀ ਸਤਿਗੁਰੂ ਅਮਰਦਾਸ ਸਾਹਿਬ ਜੀ ਦਾ ਇਕ ਸ਼ਬਦ ਹੈ :

ਧਨਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥੩॥

**Third Mehl:**
**They are not said to be husband and wife, who merely sit together.**
**They alone are called husband and wife, who have one light in two bodies. ((3)) (SGGS p788)**

ਸ. ਹਰਭਜਨ ਸਿੰਘ ਰਾਜਾਸਾਂਸੀ 1973 ਵਿੱਚ ਪੰਜਾਬ ਤੋਂ ਅਮਰੀਕਾ ਆਏ ਸਨ। ਪੰਜਾਬ ਵਿੱਚ ਉਹ ਜਲੰਧਰ ਜ਼ਿਲ੍ਹੇ ਦੇ ਪਿੰਡ ਭੋਜੋਵਾਲ ਦੇ ਜੰਮਪਲ ਸਨ। ਬੀਬੀ ਸੁਰਜੀਤ ਕੌਰ ਦਾ ਪੇਕਾ ਪਿੰਡ ਬੱਲਾਂ ਸੀ।ਉਹ ਆਪਣੇ ਪਿੱਛੇ ਸ. ਬਲਬੀਰ ਸਿੰਘ, ਸ. ਸਤਨਾਮ ਸਿੰਘ, ਸ. ਇੰਦਰਪਾਲ ਸਿੰਘ (ਸਪੁੱਤਰ), ਸੁਰਿੰਦਰ ਕੌਰ ਟਿਵਾਣਾ ਤੇ ਜਸਬੀਰ ਕੌਰ ਗਰਚਾ (ਸਪੁੱਤਰੀਆਂ) ਸਮੇਤ ਪੋਤਰੇ-ਪੋਤਰੀਆਂ ਤੇ ਦੋਹਤੇ-ਦੋਹਤਰੀਆਂ ਨਾਲ ਭਰਿਆ ਪਰਿਵਾਰਛੱਡ ਕੇ ਗਏ ਹਨ।

ਅਮਰੀਕਾ ਆ ਕੇ ਇਸ ਪਰਿਵਾਰ ਨੇ ਜਿੱਥੇ ਸਖ਼ਤ ਮਿਹਨਤ ਨਾਲ ਖੁਸ਼ਹਾਲ ਜ਼ਿੰਦਗੀ ਬਤੀਤ ਕੀਤੀ, ਉੱਥੇ ਸਿੱਖ ਭਾਈਚਾਰੇ ਪ੍ਰਤੀ ਸਮਰਪਣ ਦੀ ਭਾਵਨਾ ਅਤੇ ਗੁਰੂਘਰ ਨਾਲ ਪਿਆਰ ਨੂੰ ਵੀ ਆਖਰੀ ਸਾਹ ਤੱਕ ਸ਼ਿੱਦਤ ਨਾਲ ਨਿਭਾਇਆ। ਲੋ ਡਾਈ ਗੁਰਦੁਆਰਾ ਸਾਹਿਬ ਦੀ ਸਥਾਪਨਾ ਤੋਂ ਹੀ ਇਹ ਜੋੜਾ ਸਮੇਤ ਪਰਿਵਾਰ ਗੁਰੂਘਰ ਦੀ ਤਨ-ਮਨ-ਧਨ ਦੀ ਹਰ ਸੇਵਾ ਵਿੱਚ ਅੱਗੇ ਹੋ ਕੇ ਸ਼ਾਮਲ ਹੁੰਦਾ ਰਿਹਾ।

ਉਨਾਂ ਦੇ ਸਪੁੱਤਰ ਸ. ਇੰਦਰਪਾਲ ਸਿੰਘ ਚਾਰ ਸਾਲ ਗੁਰਦੁਆਰਾ ਸਾਹਿਬ ਕਮੇਟੀ ਦੇ ਪ੍ਰਧਾਨ ਰਹੇ। ਇਸ ਸਮੇਂ ਵੀ ਉਨਾਂ ਦੇ ਜਵਾਈ ਸ. ਅੰਮ੍ਰਿਤਪਾਲ ਸਿੰਘ ਟਿਵਾਣਾ ਇਹ ਸੇਵਾ ਨਿਭਾਅ ਰਹੇ ਹਨ। ਮਰਹੂਮ ਪਤੀ-ਪਤਨੀ ਦਾ ਇਕੱਠਿਆਂ ਦਾ ਅੰਤਿਮ ਸੰਸਕਾਰ ਸ਼ਨੀਵਾਰ ਨੂੰ ਲੋ ਡਾਈ ਫਿਊਨਰਲ ਹੋਮ ਵਿਖੇ ਸਿੱਖ ਰਹੁਰੀਤਾਂ ਨਾਲ ਕੀਤਾ ਗਿਆ। ਉਪਰੰਤ ਗੁਰਦੁਆਰਾ ਸਾਹਿਬ ਲੋ ਡਾਈ ਵਿਖੇ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਕੀਤੀ ਗਈ। ਇਲਾਹੀ ਬਾਣੀ ਦੇ ਕੀਰਤਨ ਤੋਂ ਬਾਅਦ ਸਮੂਹ ਸਿੱਖ ਭਾਈਚਾਰੇ ਤੇ ਮਾਨਯੋਗ ਸ਼ਖ਼ਸੀਅਤਾਂ ਨੇ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

# ਦਰਬਾਰ ਸਾਹਿਬ 'ਚ ਲੱਗੇਗਾ ਸੌਰ ਊਰਜਾ ਪਲਾਂਟ

## ਯੂਨਾਈਟਿਡ ਸਿੱਖ ਮਿਸ਼ਨ ਕੈਲੀਫੋਰਨੀਆ ਦੀ ਮਦਦ ਨਾਲ ਸ਼੍ਰੋਮਣੀ ਕਮੇਟੀ ਸ਼ੁਰੂ ਕਰੇਗੀ ਪ੍ਰੋਜੈਕਟ



**ਅੰਮ੍ਰਿਤਸਰ /ਏ.ਟੀ.ਨਿਊਜ਼:** ਸ਼੍ਰੋਮਣੀ ਕਮੇਟੀ ਵੱਲੋਂ ਵਿਦੇਸ਼ੀ ਵਸਦੇ ਸਿੱਖਾਂ ਦੀ ਮਦਦ ਨਾਲ ਇੱਥੇ ਦਰਬਾਰ ਸਾਹਿਬ ਸਮੂਹ ਅਤੇ ਕੁਝ ਹੋਰ ਗੁਰਦੁਆਰਿਆਂ ਵਿੱਚ ਸੌਰ ਊਰਜਾ ਪਲਾਂਟ ਸਥਾਪਤ ਕੀਤੇ ਜਾਣਗੇ। ਇਸ ਸਬੰਧੀ ਅਮਰੀਕਾ ਦੇ ਸਿੱਖਾਂ ਦੀ ਜਥੇਬੰਦੀ ਯੂਨਾਈਟਿਡ ਸਿੱਖ ਮਿਸ਼ਨ ਕੈਲੀਫੋਰਨੀਆ ਦੇ ਰਸ਼ਪਾਲ ਸਿੰਘ ਢੀਂਗਰਾ ਅਤੇ ਸਿੱਖ ਲਾਇਨਜ਼ ਫਾਊਂਡੇਸ਼ਨ ਕੈਲੀਫੋਰਨੀਆ ਦੇ ਆਗੂਆਂ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨਾਲ ਮੀਟਿੰਗ ਕੀਤੀ। ਮੀਟਿੰਗ ਤੋਂ ਬਾਅਦ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਯੂਨਾਈਟਿਡ ਸਿੱਖ ਮਿਸ਼ਨ ਵੱਲੋਂ ਦਰਬਾਰ ਸਾਹਿਬ ਸਮੂਹ ਵਿੱਚ ਇੱਕ ਮੈਗਾਵਾਟ (ਇੱਕ ਹਜ਼ਾਰ ਕਿਲੋਵਾਟ) ਤੋਂ ਵੱਧ ਦਾ ਸੌਰ ਊਰਜਾ ਪਲਾਂਟ ਸਥਾਪਤ ਕੀਤਾ ਜਾਵੇਗਾ। ਇਸ ਨਾਲ ਦਰਬਾਰ ਸਾਹਿਬ, ਸ਼੍ਰੋਮਣੀ ਕਮੇਟੀ ਦਫ਼ਤਰ ਅਤੇ ਸਰਾਵਾਂ ਆਦਿ ਲਈ ਸੌਰ ਬਿਜਲੀ ਪੈਦਾ ਹੋਵੇਗੀ। ਇਸੇ ਤਰਾਂ ਦਾ ਇੱਕ ਪਲਾਂਟ ਗੁਰਦੁਆਰਾ ਸ਼ਹੀਦਾਂ ਵਿਖੇ ਸਥਾਪਤ ਹੋਵੇਗਾ, ਜਿਸ ਨਾਲ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ, ਗੁਰਦੁਆਰਾ ਰਾਮਸਰ, ਗੁਰਦੁਆਰਾ ਬਿਬੇਕਸਰ ਅਤੇ ਸਰਾਂ ਆਦਿ ਲਈ ਬਿਜਲੀ ਦੀ ਪੈਦਾਵਾਰ ਹੋਵੇਗੀ। ਇਨਾਂ ਦੋਵਾਂ ਸੌਰ ਊਰਜਾ ਪਲਾਂਟਾਂ 'ਤੇ ਲਗਭਗ 8 ਕਰੋੜ ਰੁਪਏ ਦੀ ਲਾਗਤ ਆਵੇਗੀ। ਇਹ ਪਲਾਂਟ ਲਗਭਗ ਚਾਰ ਮਹੀਨਿਆਂ ਵਿੱਚ ਸਥਾਪਤ ਹੋਵੇਗਾ ਅਤੇ ਸਿੱਖ ਜਥੇਬੰਦੀ ਵੱਲੋਂ ਹੀ ਇਸ ਦੀ ਮੁਰੰਮਤ ਤੇ ਹੋਰ ਸਾਂਭ ਸੰਭਾਲ ਦੀ ਸੇਵਾ ਕੀਤੀ ਜਾਵੇਗੀ। ਇਸ ਮੌਕੇ ਵਿਦੇਸ਼ ਤੋਂ ਆਏ ਸਿੱਖਾਂ ਨੇ ਬੀਬੀ ਜਗੀਰ ਕੌਰ ਦਾ ਸਨਮਾਨ ਵੀ ਕੀਤਾ। ਇਨਾਂ ਵਿੱਚ ਬਲਦੇਵ ਸਿੰਘ ਕੰਗ, ਬਲੌਰ ਸਿੰਘ, ਐਨਪੀ ਸਿੰਘ, ਰਣਜੀਤ ਸਿੰਘ, ਅਵਤਾਰ ਸਿੰਘ, ਵਿੱਕੀ ਸਿੰਘ ਆਦਿ ਸ਼ਾਮਲ ਸਨ। ਯੂਨਾਈਟਿਡ ਸਿੱਖ ਮਿਸ਼ਨ ਕੈਲੀਫੋਰਨੀਆ ਦੇ ਮੁਖੀ ਰਸ਼ਪਾਲ ਸਿੰਘ ਢੀਂਡਸਾ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਇਸ ਸਬੰਧੀ ਭਾਰਤ ਦੀਆਂ ਸੱਤ ਨਾਮਵਰ ਕੰਪਨੀਆਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਅਤੇ ਜਲਦੀ ਸੌਰ ਊਰਜਾ ਪਲਾਂਟ ਦੀ ਸਥਾਪਤੀ ਲਈ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

# ਸਿੱਖ ਸੰਗਤਾਂ ਵਿਸਾਖੀ ਮੌਕੇ ਪਾਕਿਸਤਾਨ ਜਾਣਗੀਆਂ

**ਚੰਡੀਗੜ/ ਏ.ਟੀ.ਨਿਊਜ਼:** ਵਿਸਾਖੀ ਦੇ ਮੌਕੇ ਖਾਲਸਾ ਸਾਧਨਾ ਦਿਵਸ ਮਨਾਉਣ ਲਈ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਵਿਸ਼ੇਸ਼ ਹਦਾਇਤਾਂ ਨਾਲ ਇਹ ਆਗਿਆ ਦਿੱਤੀ ਹੈ। ਸਿੱਖ ਸੰਗਤਾਂ 12 ਅਪ੍ਰੈਲ ਤੋਂ 21 ਅਪ੍ਰੈਲ ਦੌਰਾਨ ਪਾਕਿਸਤਾਨ ਦਾ ਦੌਰਾ ਕਰਨਗੀਆਂ। 14 ਅਪ੍ਰੈਲ ਨੂੰ ਸਿੱਖ ਸੰਗਤਾਂ ਸ੍ਰੀ ਪੰਜਾ ਸਾਹਿਬ ਵਿਖੇ ਹੋਣ ਵਾਲੇ ਵਿਸ਼ੇਸ਼ ਸਮਾਗਮ ਵਿਚ ਵੀ ਹਿੱਸਾ ਲੈਣਗੀਆਂ। ਦੱਸ ਦੇਈਏ ਕਿ ਸਾਕਾ ਨਨਕਾਣਾ ਸਾਹਿਬ ਮੌਕੇ ਸ਼ਰਧਾਲੂਆਂ ਨੂੰ ਪਾਕਿਸਤਾਨ ਜਾਣ ਤੋਂ ਰੋਕਿਆ ਗਿਆ ਸੀ। ਕੇਂਦਰ ਸਰਕਾਰ ਨੇ ਕੋਰੋਨਾ ਦਾ ਹਵਾਲਾ ਦਿੰਦੇ ਹੋਏ ਸਿੱਖ ਸੰਗਤਾਂ ਨੂੰ ਪਾਕਿਸਤਾਨ ਜਾਣ ਤੋਂ ਰੋਕਿਆ ਸੀ। ਇਸ ਮੌਕੇ ਬੀਬੀ ਜਗੀਰ ਕੌਰ ਨੇ ਕਿਹਾ ਕਿ, 'ਜੱਥਾ ਵਿਸਾਖੀ ਮੌਕੇ ਪਾਕਿਸਤਾਨੀ ਜਾਵੇਗਾ। ਸਾਨੂੰ ਕੇਂਦਰ ਸਰਕਾਰ ਨੇ ਇਜਾਜ਼ਤ ਦੇ ਦਿੱਤੀ ਹੈ। ਉਨਾਂ ਕਿਹਾ ਕਿ 'ਸਾਨੂੰ ਇਸ ਗੱਲ ਦਾ ਬੇਹੱਦ ਦੁੱਖ ਹੈ ਕਿ ਕੇਂਦਰ ਸਰਕਾਰ ਨੇ ਸਾਨੂੰ ਸਾਕਾ ਨਨਕਾਣਾ ਸਾਹਿਬ ਦੀ ਸ਼ਤਾਬਦੀ ਮੌਕੇ ਪਾਕਿਸਤਾਨ ਨਹੀਂ ਜਾਣ ਦਿੱਤਾ।'

# 'ਕੋਰੋਨਾ' ਫਿਰ ਬਣ ਸਕਦੈ ਕਰਤਾਰਪੁਰ ਲਾਂਘੇ 'ਚ ਅੜਿੱਕਾ

**ਲੁਧਿਆਣਾ /ਏ.ਟੀ.ਨਿਊਜ਼:** ਭਾਰਤ-ਪਾਕਿ ਸਰਹੱਦ 'ਤੇ ਦੋਵੇਂ ਮੁਲਕਾਂ ਵੱਲੋਂ ਅਮਨ-ਸ਼ਾਂਤੀ ਅਤੇ ਧਾਰਮਿਕ ਭਾਵਨਾਵਾਂ ਦੇ ਮੱਦੇਨਜ਼ਰ ਖੋਲਿਆ ਕਰਤਾਰਪੁਰ ਲਾਂਘਾ ਕੋਰੋਨਾ ਕਾਰਨ ਲੰਬੇ ਸਮੇਂ ਤੋਂ ਬੰਦ ਹੈ। ਹੁਣ ਦੋਵਾਂ ਮੁਲਕਾਂ ਦੀਆਂ ਸੰਗਤਾਂ ਇਤਰਾਜ਼ ਕਰ ਰਹੀਆਂ ਹਨ ਕਿ ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲੇ ਦਰਸ਼ਨ-ਦੀਦਾਰ ਲਈ ਮੁੜ ਇਹ ਲਾਂਘਾ ਖੋਲਿਆ ਜਾਵੇ।

ਇਸ ਵਾਰ ਆ ਰਹੀ ਵਿਸਾਖੀ ਦੇ ਨੇੜੇ-ਤੇੜੇ ਇਹ ਲਾਂਘਾ ਖੁੱਲ ਸਕਦਾ ਹੈ ਪਰ ਹੁਣ ਕੋਰੋਨਾ ਦਾ ਕਹਿਰ ਪੰਜਾਬ 'ਚ ਦੇਖਣ ਨੂੰ ਮਿਲ ਰਿਹਾ ਹੈ, ਹਰ ਰੋਜ਼ ਲੋਕ ਮਰ ਰਹੇ ਹਨ ਤੇ ਸੈਂਕੜੇ ਲੋਕ ਇਸ ਤੋਂ ਪੀੜਤ ਹੋ ਚੁੱਕੇ ਹਨ। ਇਹ ਸਭ ਕੁੱਝ ਦੇਖ ਕੇ ਲੱਗਣ ਲੱਗ ਪਿਆ ਹੈ ਕਿ ਹੁਣ ਇਕ ਵਾਰ ਫਿਰ ਕੋਰੋਨਾ ਕਰਤਾਰਪੁਰ ਲਾਂਘੇ 'ਚ ਵੱਡਾ ਅੜਿੱਕਾ ਬਣ ਸਕਦਾ ਹੈ।

ਇਸ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇ .ਗਿ .ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਰਤਾਰਪੁਰ ਸਾਹਿਬ ਲਾਂਘਾ ਫੌਰੀ ਖੋਲਿਆ ਜਾਵੇ ਤਾਂ ਜੋ ਸਿੱਖ ਸੰਗਤ ਦਰਸ਼ਨ-ਦੀਦਾਰ ਕਰ ਸਕੇ।

# ਮਾਮਲਾ ਪੰਜਾਬ ਦੇ ਨਸ਼ਾ ਮੁਕਤੀ ਕੇਂਦਰਾਂ 'ਚ ਪਾਬੰਦੀਸ਼ੁਦਾ ਦਵਾਈਆਂ ਦੀ ਸਪਲਾਈ ਦੀ ਥਾਂ ਬਲੈਕ ਮਾਰਕੀਟਿੰਗ ਦਾ

## ਐਨਸੀਬੀ ਨੇ ਮਾਰਿਆ ਯੂ.ਪੀ. 'ਚ ਛਾਪਾ, ਦਵਾਈਆਂ ਬਰਾਮਦ

**ਮੇਰਠ/ਏ.ਟੀ.ਨਿਊਜ਼:** ਪੰਜਾਬ ਦੇ ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਨੇ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਦੇ ਮਾਮਲੇ ਵਿੱਚ ਮੇਰਠ ਜ਼ਿਲੇ ਦੇ ਪਰਤਾਪੁਰ ਥਾਣਾ ਖੇਤਰ ਅਧੀਨ ਦਵਾਈ ਬਣਾਉਣ ਵਾਲੀ ਕੰਪਨੀ 'ਤੇ ਛਾਪਾ ਮਾਰਿਆ। ਇਸ ਦੌਰਾਨ ਵੱਡੀ ਮਾਤਰਾ ਵਿਚ ਪਾਬੰਦੀਸ਼ੁਦਾ ਗੋਲੀਆਂ, ਪੀਣ ਵਾਲੀ ਦਵਾਈ, ਟੀਕੇ ਬਰਾਮਦ ਕੀਤੇ ਗਏ ਅਤੇ ਚਾਰ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ। ਮੇਰਠ ਦੇ ਐਸਐਸਪੀ ਅਜੇ ਸਾਹਨੀ ਨੇ ਕਿਹਾ ਕਿ ਕੰਪਨੀ ਅਤੇ ਗੋਦਾਮਾਂ ਨੂੰ ਸੀਲ ਕਰ ਦਿੱਤਾ ਗਿਆ ਹੈ। ਇਨਾਂ ਪਾਬੰਦੀਸ਼ੁਦਾ ਦਵਾਈਆਂ ਦੀ ਸਪਲਾਈ ਪੰਜਾਬ ਦੇ ਨਸ਼ਾ ਮੁਕਤੀ ਕੇਂਦਰਾਂ ਵਿੱਚ ਕੀਤੀ ਜਾਣੀ ਸੀ ਪਰ ਗੰਢਤੁਪ ਕਾਰਨ ਇਹ ਬਾਜ਼ਾਰ ਵਿੱਚ ਵਿਕ ਰਹੀਆਂ ਸਨ। ਕੰਪਨੀ ਦਾ ਮਾਲਕ ਅਮਰਜੀਤ ਫ਼ਰਾਰ ਹੈ।

# ਸਿੰਧ ਵਿਚ ਹਿੰਦੂ ਪੱਤਰਕਾਰ ਦਾ ਕਤਲ



ਕਰਾਚੀ : ਪਾਕਿਸਤਾਨ ਵਿੱਚ ਇੱਕ 31 ਸਾਲਾਂ ਹਿੰਦੂ ਪੱਤਰਕਾਰ ਨੂੰ ਕੁਝ ਅਣਪਛਾਤੇ ਹਮਲਾਵਰਾਂ ਨੇ ਉਸ ਸਮੇਂ ਗੋਲੀਆਂ ਮਾਰ ਕੇ ਮਾਰ ਦਿੱਤਾ ਜਦੋਂ ਉਹ ਸਿੰਧ ਪ੍ਰਾਂਤ ਦੇ ਸੱਖੜ ਸ਼ਹਿਰ ਵਿੱਚ ਨਾਈ ਦੀ ਦੁਕਾਨ 'ਚ ਆਪਣੇ ਵਾਲ ਕਟਵਾ ਰਿਹਾ ਸੀ। ਅਜੈ ਲਾਲਵਾਨੀ ਇੱਕ ਪ੍ਰਾਈਵੇਟ ਚੈਨਲ 'ਰੌਇਲ ਨਿਊਜ਼ ਟੀਵੀ' ਅਤੇ ਉਰਦੂ ਦੇ ਇੱਕ ਅਖ਼ਬਾਰ ਲਈ ਕੰਮ ਕਰਦਾ ਸੀ, ਜਿਸਦੇ ਢਿੱਡ, ਬਾਂਹ ਅਤੇ ਗੋਡੇ 'ਚ ਗੋਲੀਆਂ ਵੱਜੀਆਂ ਸਨ। ਉਸ 'ਤੇ ਦੋ ਮੋਟਰਸਾਈਕਲਾਂ ਤੇ ਇੱਕ ਕਾਰ 'ਚ ਆਏ ਹਮਲਾਵਰਾਂ ਨੇ ਗੋਲੀਆਂ ਚਲਾਈਆਂ।




# ਖ਼ਾਲਿਸਤਾਨ ਸਮਰਥਕਾਂ ਖ਼ਿਲਾਫ਼ ਐੱਨਆਈਏ ਵੱਲੋਂ ਚਾਰਜਸ਼ੀਟ ਦਾਖ਼ਲ

## ✪ ਮਾਮਲਾ ਜੂਨ 2019 'ਚ ਦਰਜ ਕੀਤਾ ਗਿਆ ✪ ਪੁਲਿਸ ਨੂੰ ਮੁਲਜ਼ਮਾਂ ਵਲੋਂ ਬਰਾਮਦ ਹੋਏ ਸਨ ਇੱਕ ਬੈਗ 'ਚ ਦੋ ਹੈਂਡ ਗ੍ਰਨੇਡ ਤੇ ਇੱਕ ਮੋਬਾਈਲ ਫੋਨ

**ਐੱਸਏਐੱਸ ਨਗਰ /ਏ.ਟੀ.ਨਿਊਜ਼:** ਐੱਨਆਈਏ ਨੇ ਅੰਮ੍ਰਿਤਸਰ ਵਿਚ ਇੱਕ ਹੈਂਡ ਗ੍ਰਨੇਡ ਬਰਾਮਦ ਕਰਨ ਦੇ ਮਾਮਲੇ 'ਚ ਸੱਤ ਖਾਲਿਸਤਾਨ ਸਮਰਥਕਾਂ ਖ਼ਿਲਾਫ਼ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ। ਜਿਨਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਗਈ ਹੈ, ਉਨਾਂ 'ਚ ਜਜਬੀਰ ਸਿੰਘ ਸਮਰਿਆ, ਵਰਿੰਦਰ ਸਿੰਘ ਚਾਹਿਲ, ਕੁਲਬੀਰ ਸਿੰਘ, ਮਨਜੀਤ ਸਿੰਘ, ਤਰਨਬੀਰ ਸਿੰਘ, ਕੁਲਵਿੰਦਰਜੀਤ ਸਿੰਘ ਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਪਾਕਿਸਤਾਨ ਆਧਾਰਿਤ ਚੀਫ ਹਰਮੀਤ ਸਿੰਘ ਸ਼ਾਮਲ ਹਨ। ਇਹ ਸਾਰੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਲਈ ਕੰਮ ਕਰਦੇ ਹਨ, ਦੇ ਨਾਮ ਸ਼ਾਮਲ ਹਨ। ਐੱਨਆਈਏ ਨੇ ਉਨਾਂ ਖ਼ਿਲਾਫ਼ ਵੱਖ ਤੋਂ ਮਾਮਲਾ ਦਰਜ ਕਰ ਵਿਸਫੋਟਕ ਪਦਾਰਥ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਸੀ। ਇਹ ਮਾਮਲਾ ਜੂਨ 2019 'ਚ ਦਰਜ ਕੀਤਾ ਗਿਆ ਸੀ। ਪੁਲਿਸ ਨੂੰ ਮੁਲਜ਼ਮਾਂ ਵਲੋਂ ਬਰਾਮਦ ਹੋਏ ਇੱਕ ਬੈਗ 'ਚ ਦੋ ਹੈਂਡ ਗ੍ਰਨੇਡ ਤੇ ਇੱਕ ਮੋਬਾਈਲ ਫੋਨ ਬਰਾਮਦ ਹੋਇਆ ਸੀ ਜਿਸ ਨੂੰ ਦੋ ਅਣਪਛਾਤੇ ਸਾਈਕਲ ਸਵਾਰ ਹਮਲਾਵਰਾਂ ਨੇ ਅੰਮ੍ਰਿਤਸਰ (ਰੂਰਲ) ਦੇ ਇੱਕ ਬੱਸ ਅੱਡੇ 'ਤੇ ਸੁੱਟਿਆ ਸੀ। ਪੁਲਿਸ ਨੇ ਉਨਾਂ ਨੂੰ ਚੈਕਿੰਗ ਦੌਰਾਨ ਰੋਕਿਆ ਸੀ। ਬਾਅਦ ਵਿਚ ਐੱਨਆਈਏ ਨੇ ਇਹ ਕੇਸ ਆਪਣੇ ਕੋਲ ਲਿਆ ਤੇ ਜਾਂਚ ਸ਼ੁਰੂ ਕੀਤੀ। ਐੱਨਆਈਏ ਨੇ ਦੱਸਿਆ ਸੀ ਕਿ ਜਸਬੀਰ ਤੇ ਵਰਿੰਦਰ ਪਾਕਿਸਤਾਨ ਰਹਿੰਦੇ ਖਾੜਕੂ ਹਰਮੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਵੱਖ-ਵੱਖ ਖਾੜਕੂ ਸੰਗਠਨਾਂ ਨੂੰ ਚੈਨਲਾਇਜ਼ ਕਰ ਰਹੇ ਸਨ। ਅਧਿਕਾਰੀ ਨੇ ਦੱਸਿਆ ਕਿ ਹਰਮੀਤ ਤੇ ਕੁਲਵਿੰਦਰਜੀਤ ਦੀ ਸਾਜਿਸ਼ ਨੂੰ ਅੱਗੇ ਵਧਾਉਣ ਲਈ ਹਿੰਸਕ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਪਹਿਲਾਂ ਤੋਂ ਨਿਰਧਾਰਤ ਸਥਾਨ 'ਤੇ ਉਨਾਂ ਗ੍ਰੇਨੇਡ ਨੂੰ ਲੁਕਾ ਦਿੱਤਾ ਸੀ। ਐੱਨਆਈਏ ਅਧਿਕਾਰੀ ਨੇ ਦੱਸਿਆ ਕਿ ਕੁਲਬੀਰ, ਮਨਜੀਤ ਅਤੇ ਤਰਨਬੀਰ ਨੇ ਕੰਬੋਡੀਆ ਤੇ ਮਲੇਸ਼ੀਆ 'ਚ ਕੁਲਵਿੰਦਰਜੀਤ ਲਈ ਰਿਹਾਇਸ਼, ਕੰਮ-ਕਾਜ ਦਾ ਵੀਜ਼ਾ ਸਮੇਤ ਹੋਰ ਸਹੂਲੀਅਤ ਦਿੱਤੀ ਸੀ।

# ਪਟਿਆਲਾ ਪੁਲਿਸ ਦੇ ਸੱਤ ਅਧਿਕਾਰੀ ਨੌਕਰੀ ਤੋਂ ਸਸਪੈਂਡ

## ਇਨਾਂ ਵਿਚੋਂ 6 ਪੁਲਿਸ ਅਧਿਕਾਰੀ ਵਿਦੇਸ਼ ਗਏ ਜੋ ਵਾਪਸ ਨਹੀਂ ਪਰਤੇ

ਪਟਿਆਲਾ/**ਏ.ਟੀ.ਨਿਊਜ਼:** ਪੁਲਿਸ ਅਧਿਕਾਰੀਆਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਕਰਦਿਆਂ ਐੱਸਐੱਸਪੀ ਨੇ 7 ਜਣਿਆਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਹੈ।

ਐੱਸਐੱਸਪੀ ਵਿਕਰਮਜੀਤ ਦੁੱਗਲ ਨੇ ਉਨਾਂ ਪੁਲਿਸ ਅਧਿਕਾਰੀਆਂ ਖ਼ਿਲਾਫ਼ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ, ਜੋ ਲੰਬੇ ਸਮੇਂ ਤੋਂ ਆਪਣੀ ਡਿਊਟੀ ਤੋਂ ਗ਼ੈਰਹਾਜ਼ਰ ਚਲੇ ਆ ਰਹੇ ਸਨ। ਇਨਾਂ ਅਧਿਕਾਰੀਆਂ ਖ਼ਿਲਾਫ਼ ਸ਼ੁਰੂ ਕੀਤੀ ਵਿਭਾਗੀ ਜਾਂਚ ਪੂਰੀ ਹੋਣ ਤੋਂ ਬਾਅਦ ਉਨਾਂ ਨੂੰ ਨੌਕਰੀ ਤੋਂ ਬਰਖਾਸਤ ਕਰਨ ਦੇ ਆਦੇਸ਼ ਦਿੱਤੇ ਹਨ। ਇਨਾਂ ਸੱਤ ਅਧਿਕਾਰੀਆਂ ਵਿਚੋਂ 6 ਵਿਦੇਸ਼ ਚਲੇ ਗਏ ਹਨ । ਏਐਸਆਈ ਸਤਵਿੰਦਰ ਸਿੰਘ ਜਿਸ ਦੀ ਵਿਭਾਗੀ ਜਾਂਚ ਡੀਐਸਪੀ ਅੱਛਰੂ ਰਾਮ ਵਲੋਂ ਕੀਤੀ ਗਈ ਹੈ। ਇਸੇ ਤਰਾਂ ਹੈਡ ਕਾਂਸਟੇਬਲ ਚਰਨੋ ਦੇਵੀ ਦੀ ਵਿਭਾਗੀ ਜਾਂਚ ਡੀਐਸਪੀ ਘਨੌਰ ਜਸਵਿੰਦਰ ਸਿੰਘ ਟਿਵਾਣਾ ਵਲੋਂ, ਕਾਂਸਟੇਬਲ ਗਗਨਦੀਪ ਸਿੰਘ ਦੀ ਵਿਭਾਗੀ ਜਾਂਚ ਡੀਐਸਪੀ ਅਜੈ ਪਾਲ ਸਿੰਘ , ਕਾਂਸਟੇਬਲ ਮਨਿੰਦਰ ਸਿੰਘ ਦੀ ਵਿਭਾਗੀ ਜਾਂਚ ਡੀਐੱਸਪੀ ਸਮਾਣਾ ਜਸਵੰਤ ਸਿੰਘ ਮਾਂਗਟ, ਕਾਂਸਟੇਬਲ ਜਤਿੰਦਰਪਾਲ ਸਿੰਘ ਦੀ ਵਿਭਾਗੀ ਜਾਂਚ ਡੀਐਸਪੀ ਅੱਛਰੂ ਰਾਮ, ਕਾਂਸਟੇਬਲ ਗੁਰਪ੍ਰੀਤ ਕੌਰ ਦੀ ਵਿਭਾਗੀ ਜਾਂਚ ਡੀਐੱਸਪੀ ਪਟਿਆਲਾ ਯੋਗੇਸ਼ ਸ਼ਰਮਾ ਤੇ ਕਾਂਸਟੇਬਲ ਸੰਦੀਪ ਕੌਰ ਦੀ ਵਿਭਾਗੀ ਜਾਂਚ ਡੀਐੱਸਪੀ ਰਾਜਪੁਰਾ ਅਕਾਸ਼ਦੀਪ ਔਲਖ ਵਲੋਂ ਕੀਤੀ ਗਈ।

# ਇੰਡੋ-ਅਮੈਰੀਕਨ ਵੈਲਫੇਅਰ ਸੁਸਾਇਟੀ ਨਿਊਯਾਰਕ ਅਤੇ ਜੇਐੈਮਡੀ ਸੇਵਾਦਾਰ ਪਰਿਵਾਰ ਦੀ ਟੀਮ ਨੇ 13 ਧੀਆਂ ਦੇ ਆਨੰਦ ਕਾਰਜ ਕਰਵਾਏ



**ਭੁਲੱਥ (ਅਜੈ ਗੋਗਨਾ):** ਸੋਸ਼ਲ ਵੈਲਫੇਅਰ ਸੁਸਾਇਟੀ, ਨਿਊਯਾਰਕ ਅਤੇ ਜੇਐੈਮਡੀ ਸੇਵਾਦਾਰ ਪਰਿਵਾਰ ਭੁਲੱਥ ਦੀ ਸਮੁੱਚੀ ਟੀਮ ਵੱਲੋਂ ਮਿਲ ਕੇ ਹਰ ਸਾਲ ਦੀ ਤਰਾਂ ਇਸ ਸਾਲ ਵੀ 13 ਧੀਆਂ ਦੇ ਸਮੂਹਕ ਆਨੰਦ ਕਾਰਜ ਕਰਵਾਏ। ਗੁਰਦੁਆਰਾ ਸੰਤਸਰ ਸਾਹਿਬ ਭੁਲੱਥ ਸ਼ਰਕੀ ਵਿਖੇ ਧੀਆਂ ਦੇ ਅਨੰਦ ਕਾਰਜ ਕਰਵਾਏ ਗਏ। ਇਸ ਮੌਕੇ ਵਿਆਹੁਤਾ ਪਰਿਵਾਰਾਂ ਤੋਂ ਇਲਾਵਾ ਇਲਾਕੇ ਦੀ ਹਸਤੀਆਂ ਤੇ ਸਾਧ ਸੰਗਤ ਨੇ ਵੀ ਇਸ ਮੌਕੇ ਹਾਜ਼ਰੀ ਭਰੀ ਅਤੇ ਨਵ -ਜੋੜੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਵੈਲਫੇਅਰ ਸੁਸਾਇਟੀ ਵੱਲੋਂ ਹਰ ਧੀ ਨੂੰ ਘਰੇਲੂ ਸਮਾਨ ਤੇ ਕੁਝ ਤੋਹਫਿਆਂ ਨਾਲ ਨਿਵਾਜਿਆ ਗਿਆ ਅਤੇ ਜੇਐੈਮਡੀ ਸੇਵਾਦਾਰ ਪਰਿਵਾਰ ਭੁਲੱਥ ਦੇ ਸਮੂਹ ਸੇਵਾਦਾਰਾਂ ਵੱਲੋਂ ਵੱਖ-ਵੱਖ ਪਿੰਡਾਂ ਤੋਂ ਆਈਆਂ ਬਰਾਤਾਂ ਦੀ ਆਉ ਭਗਤ ਕੀਤੀ । ਨੇਕ ਅਤੇ ਉੱਤਮ ਉਪਰਾਲਾ ਕਰਨ ਵਾਲੀ ਇਸ ਸੰਸਥਾ ਦੀਆਂ ਸਾਰੀ ਸਖਸ਼ੀਅਤਾਂ ਦਾ ਭੁਲੱਥ ਦੇ ਪਤਵੰਤਿਆਂ ਨੇ ਦਿਲੋਂ ਸਤਿਕਾਰ ਕੀਤਾ ਗਿਆ।













# ਗੌਤਮ ਅਡਾਨੀ ਨੇ ਇਕ ਦਿਨ 'ਚ ਕੀਤੀ 25,692 ਕਰੋੜ ਦੀ ਕਮਾਈ

## ਟਾਪ 10 'ਚੋਂ ਬਾਹਰ ਹੋਇਆ ਅੰਬਾਨੀ

**ਨਵੀਂ ਦਿੱਲੀ /ਏ.ਟੀ.ਨਿਊਜ਼:** ਇਹ ਸਾਲ ਅਡਾਨੀ ਸਮੂਹ ਦੇ ਚੇਅਰਮੈਨ ਗੌਤਮ ਅਡਾਨੀ ਲਈ ਬਹੁਤ ਵਧੀਆ ਰਿਹਾ। ਇਸ ਸਾਲ ਬਲੂਮਬਰਗ ਬਿਲੀਅਨਅਰਸ ਇੰਡੈਕਸ ਮੁਤਾਬਕ ਉਸ ਦੀ ਕੁਲ ਸੰਪਤੀ ਵਿਚ ਹੁਣ ਤੱਕ 19.9 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਇਸ ਸਾਲ ਕਮਾਈ ਦੇ ਮਾਮਲੇ ਵਿਚ ਉਹ ਬਾਕੀ ਸਾਰੇ ਅਮੀਰਾਂ 'ਤੇ ਭਾਰਾ ਪੈ ਰਿਹਾ ਹੈ। ਇਸ ਸਮੇਂ ਉਹ 53.7 ਬਿਲੀਅਨ ਡਾਲਰ ਦੀ ਕੁਲ ਸੰਪਤੀ ਨਾਲ ਵਿਸ਼ਵ ਦੇ ਚੋਟੀ ਦੇ ਅਮੀਰ ਲੋਕਾਂ ਦੀ ਸੂਚੀ ਵਿਚ 22ਵੇਂ ਨੰਬਰ 'ਤੇ ਪਹੁੰਚ ਗਿਆ ਹੈ। ਜਿੱਥੋਂ ਤਕ ਏਸ਼ੀਆ ਦੀ ਗੱਲ ਕਰੀਏ ਗੌਤਮ ਅਡਾਨੀ ਇਸ ਮਹਾਂਦੀਪ ਦੇ ਚੌਥੇ ਸਭ ਤੋਂ ਅਮੀਰ ਵਿਅਕਤੀ ਹਨ। ਅਡਾਨੀ ਤੋਂ ਅੱਗੇ ਮੁਕੇਸ਼ ਅੰਬਾਨੀ ( 80.4 ਅਰਬ ਡਾਲਰ) ਅਤੇ ਚੀਨ ਦੇ ਝੌਂਗ ਸ਼ੈਨਸ਼ੈਨ (66 ਅਰਬ ਡਾਲਰ) ਅਤੇ ਮਾ ਹੁਆਤੇਂਗ (62.8 ਅਰਬ ਡਾਲਰ) ਨਾਲ ਉਨਾਂ ਤੋਂ ਅੱਗੇ ਹਨ।

ਅਡਾਨੀ ਦੀ ਕਮਾਈ ਬੀਤੇ ਸੋਮਵਾਰ ਨੂੰ 3.55 ਬਿਲੀਅਨ ਡਾਲਰ (2,56,92,13,10,000 ਰੁਪਏ) ਵਧੀ। ਉਸ ਦੀ ਕੰਪਨੀ ਅਡਾਨੀ ਗ੍ਰੀਨ ਐਨਰਜੀ ਦੇ ਸ਼ੇਅਰਾਂ ਵਿਚ ਲੰਘੇ ਸੋਮਵਾਰ 5 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ। ਕੰਪਨੀ ਨੇ ਇਕ ਸਪੈਸ਼ਲ ਪਰਪਜ਼ ਵਾਹਨ (ਐਸ.ਪੀ.ਵੀ.) ਵਿਚ 100 ਪ੍ਰਤੀਸ਼ਤ ਹਿੱਸੇਦਾਰੀ ਖਰੀਦਣ ਲਈ ਸਕਾਈ ਪਾਵਰ ਗਲੋਬਲ ਨਾਲ ਇਕ ਸੌਦੇ 'ਤੇ ਦਸਤਖਤ ਕੀਤੇ ਹਨ। ਐਸ.ਪੀ.ਵੀ. ਦਾ ਤੇਲੰਗਾਨਾ ਵਿਚ 50 ਮੈਗਾਵਾਟ ਦਾ ਸੋਲਰ ਪਲਾਂਟ ਹੈ। ਇਸ ਦੇ ਨਾਲ ਅਡਾਨੀ ਗ੍ਰੀਨ ਐਨਰਜੀ ਦਾ ਸ਼ੇਅਰ ਆਲ ਟਾਈਮ ਉੱਚ ਪੱਧਰ 'ਤੇ ਪਹੁੰਚ ਗਿਆ। ਇਸ ਦੇ ਨਾਲ ਹੀ ਲੰਘੇ ਸੋਮਵਾਰ ਨੂੰ ਅਡਾਨੀ ਐਂਟਰਪ੍ਰਾਈਜਸ ਦਾ ਸਟਾਕ 11.56 ਪ੍ਰਤੀਸ਼ਤ ਵਧ ਗਿਆ।

ਇਸ ਦੌਰਾਨ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਇਕ ਵਾਰ ਫਿਰ ਦੁਨੀਆ ਦੇ ਚੋਟੀ ਦੇ 10 ਅਮੀਰ ਲੋਕਾਂ ਦੀ ਸੂਚੀ ਵਿਚੋਂ ਬਾਹਰ ਹੋ ਗਏ ਹਨ। ਸੋਮਵਾਰ ਨੂੰ ਰਿਲਾਇੰਸ ਦੇ ਸ਼ੇਅਰਾਂ 'ਚ ਗਿਰਾਵਟ ਦੇ ਕਾਰਨ ਅੰਬਾਨੀ ਨੂੰ ਨੈਟਵਰਥ ਵਿਚ 66.9 ਕਰੋੜ ਦਾ ਨੁਕਸਾਨ ਹੋਇਆ ਹੈ ਜਿਸ ਕਾਰਨ ਉਹ 11ਵੇਂ ਸਥਾਨ 'ਤੇ ਆ ਗਿਆ ਹੈ। ਬਲੂਮਬਰਗ ਬਿਲੀਨੀਅਰਸ ਇੰਡੈਕਸ ਅਨੁਸਾਰ, ਉਸ ਦੀ ਕੁਲ ਜਾਇਦਾਦ 80.4 ਅਰਬ ਡਾਲਰ ਹੈ ਅਤੇ ਉਹ ਏਸ਼ੀਆ ਦਾ ਸਭ ਤੋਂ ਅਮੀਰ ਵਿਅਕਤੀ ਹੈ।

ਐਮਾਜ਼ੋਨ ਦੇ ਜੈੱਫ ਬੇਜੋਸ 183 ਅਰਬ ਡਾਲਰ ਦੀ ਕੁਲ ਸੰਪਤੀ ਨਾਲ ਵਿਸ਼ਵ ਦੀ ਅਮੀਰ ਸੂਚੀ ਵਿਚ ਪਹਿਲੇ




ਸਥਾਨ 'ਤੇ ਹੈ। ਬਲੂਮਬਰਗ ਬਿਲੀਨੀਅਰਸ ਇੰਡੈਕਸ ਦੇ ਅਨੁਸਾਰ ਵਿਸ਼ਵ ਦੀ ਸਭ ਤੋਂ ਕੀਮਤੀ ਆਟੋ ਕੰਪਨੀ ਟੇਸਲਾ ਅਤੇ ਸਪੇਸਐਕਸ ਦੇ ਸੀ.ਈ.ਓ. ਐਲਨ ਮਸਕ 173 ਅਰਬ ਡਾਲਰ ਦੀ ਸੰਪਤੀ ਨਾਲ ਦੂਜੇ ਸਥਾਨ 'ਤੇ ਹਨ। ਮਾਈਕ੍ਰੋਸਾਫਟ ਦੇ ਸਹਿ-ਸੰਸਥਾਪਕ ਬਿਲ ਗੇਟਸ (139 ਅਰਬ ਡਾਲਰ) ਤੀਜੇ ਨੰਬਰ 'ਤੇ ਹਨ। ਫਰਾਂਸ ਦੇ ਕਾਰੋਬਾਰੀ ਬਰਨਾਰਡ ਅਰਨਾਲਟ (124 ਅਰਬ ਡਾਲਰ) ਨਾਲ ਸੂਚੀ ਵਿਚ ਚੌਥੇ ਸਥਾਨ 'ਤੇ ਹਨ। ਅਮਰੀਕੀ ਮੀਡੀਆ ਅਤੇ ਫੇਸਬੁੱਕ ਦੇ ਸੀ.ਈ.ਓ. ਮਾਰਕ ਜ਼ੁਕਰਬਰਗ 111 ਅਰਬ ਡਾਲਰ ਦੀ ਦੌਲਤ ਨਾਲ ਪੰਜਵੇਂ ਸਥਾਨ 'ਤੇ ਹਨ।

ਮਸ਼ਹੂਰ ਨਿਵੇਸ਼ਕ ਵਾਰਨ ਬੱਫਟ 95.8 ਅਰਬ ਡਾਲਰ ਦੀ ਕੁੱਲ ਜਾਇਦਾਦ ਨਾਲ ਛੇਵੇਂ, ਅਮਰੀਕੀ ਕੰਪਿਊਟਰ ਵਿਗਿਆਨੀ ਅਤੇ ਇੰਟਰਨੈੱਟ ਉਦਯੋਗਪਤੀ ਲੈਰੀ ਪੇਜ 93.8 ਅਰਬ ਡਾਲਰ ਨਾਲ ਸੱਤਵੇਂ, ਗੂਗਲ ਦੇ ਸਹਿ-ਸੰਸਥਾਪਕ ਸੇਰਗੇਈ ਬ੍ਰਿਨ 90.7 ਅਰਬ ਡਾਲਰ ਦੇ ਨਾਲ ਅੱਠਵੇਂ ਅਤੇ ਅਮਰੀਕੀ ਕਾਰੋਬਾਰੀ ਅਤੇ ਨਿਵੇਸ਼ਕ ਸਟੀਵ ਬਾਲਮਰ 83.3 ਅਰਬ ਡਾਲਰ ਨਾਲ ਨੌਂਵੇਂ ਸਥਾਨ 'ਤੇ ਹਨ। ਯੂਨਾਈਟਿਡ ਸਟੇਟ ਦੀ ਲੈਰੀ ਐਲੀਸਨ ਹੁਣ 81 ਅਰਬ ਡਾਲਰ ਦੇ ਨਾਲ 10ਵੇਂ ਨੰਬਰ 'ਤੇ ਹਨ। ਦੁਨੀਆ ਦੇ ਚੋਟੀ ਦੇ 10 ਅਮੀਰ ਵਿੱਚੋਂ 9 ਅਮਰੀਕਾ ਦੇ ਹਨ।

# ਠੱਗ ਪ੍ਰਵਾਸੀ ਭਾਰਤੀ ਲਾੜਿਆਂ ਵਿਰੁਧ ਹੋਵੇਗੀ ਕਾਰਵਾਈ

## ਸੁਪਰੀਮ ਕੋਰਟ ਸੁਣਵਾਈ ਲਈ ਤਿਆਰ

**ਨਵੀਂ ਦਿੱਲੀ /ਏ.ਟੀ.ਨਿਊਜ਼:** ਦਾਜ ਦੇ ਲਾਲਚ ਅਤੇ ਵਿਦੇਸ਼ 'ਚ ਵਸਣ ਦੇ ਰੰਗੀਨ ਸੁਪਨੇ ਦਿਖਾ ਕੇ ਭਾਰਤੀ ਕੁੜੀਆਂ ਨਾਲ ਵਿਆਹ ਕਰਨ ਤੇ ਬਾਅਦ 'ਚ ਉਨਾਂ ਨੂੰ ਛੱਡ ਦੇਣ ਵਾਲੇ ਐੱਨਆਰਆਈ ਪਤੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਪਰੀਮ ਕੋਰਟ ਜੁਲਾਈ 'ਚ ਸੁਣਵਾਈ ਕਰੇਗੀ। ਕੋਰਟ ਨੇ ਕਿਹਾ ਕਿ ਉਹ ਅਜਿਹੇ ਐੱਨਆਰਆਈ ਪਤੀਆਂ ਦੀ ਜ਼ਰੂਰ ਗ੍ਰਿਫ਼ਤਾਰੀ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਣਵਾਈ ਕਰੇਗੀ।

ਪਟੀਸ਼ਨਕਰਤਾ ਔਰਤਾਂ ਦੇ ਸਮੂਹ ਵਲੋਂ ਪੇਸ਼ ਸੀਨੀਅਰ ਵਕੀਲ ਕੋਲਿਨ ਗੋਂਜਾਲਵੇਸ ਨੇ ਚੀਫ਼ ਜਸਟਿਸ ਐੱਸਏ ਬੋਬਡੇ, ਜਸਟਿਸ ਏਐੱਸ ਬੋਪੰਨਾ ਤੇ ਜਸਟਿਸ ਵੀ ਰਾਮਾਸੁਬਰਾਮਣੀਅਨ ਦੇ ਬੈਂਚ ਨੂੰ ਕਿਹਾ ਕਿ ਮਾਮਲੇ 'ਚ ਬਿਆਨ ਪੂਰੇ ਹੋ ਚੁੱਕੇ ਹਨ ਤੇ ਉਹ ਦਲੀਲਾਂ ਲਈ ਤਿਆਰ ਹਨ। ਬੈਂਚ ਨੇ ਕਿਹਾ ਕਿ ਉਹ ਮਾਮਲੇ ਨੂੰ ਜੁਲਾਈ ਲਈ ਸੂਚੀਬੱਧ ਕਰ ਰਿਹਾ ਹੈ।

ਗੈਰ-ਸਰਕਾਰੀ ਜਥੇਬੰਦੀ ਅਪਰਵਾਸੀ ਲੀਗਲ ਸੈੱਲ ਵਲੋਂ ਪੇਸ਼ ਸੀਨੀਅਰ ਐਡਵੋਕੇਟ ਜਨਰਲ ਸੰਜੇ ਹੇਗੜੇ ਨੇ ਕਿਹਾ ਕਿ ਉਨਾਂ ਨੇ ਮਾਮਲੇ 'ਚ ਵੱਖਰੇ ਤੌਰ 'ਤੇ ਇਕ ਪਟੀਸ਼ਨ ਦਾਇਰ ਕੀਤੀ ਹੈ ਤੇ ਮੁੱਦੇ 'ਤੇ ਉਹ ਅਦਾਲਤ ਦੀ ਮਦਦ ਕਰਨਾ ਚਾਹੁੰਦੇ ਹਨ। ਉਨਾਂ ਕਿਹਾ ਕਿ ਮਾਮਲੇ 'ਚ ਨੋਟਿਸ ਜਾਰੀ ਕੀਤਾ ਜਾਵੇ। ਬੈਂਚ ਨੇ ਦੋਵੇਂ ਪਟੀਸ਼ਨਕਰਤਾਵਾਂ ਨੂੰ ਨੋਟਿਸ ਜਾਰੀ ਕਰ ਦਿੱਤਾ। ਉੱਧਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੇਸ਼ ਵਕੀਲ ਨੇ ਕਿਹਾ ਕਿ ਉਨਾਂ ਨੇ ਵੀ ਮਾਮਲੇ 'ਚ ਵੱਖਰੀ ਪਟੀਸ਼ਨ ਦਾਇਰ ਕੀਤੀ ਹੈ ਤੇ ਇਸ 'ਤੇ ਨੋਟਿਸ ਜਾਰੀ ਕੀਤਾ ਜਾਵੇ।

ਦੱਸਣਯੋਗ ਹੈ ਕਿ ਸੁਪਰੀਮ ਕੋਰਟ ਨੇ 13 ਨਵੰਬਰ 2018 ਨੂੰ ਸਬੰਧਤ ਪਟੀਸ਼ਨ 'ਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ। ਪਟੀਸ਼ਨ 'ਚ ਕਿਹਾ ਗਿਆ ਸੀ ਕਿ ਛੱਡੀਆਂ ਗਈਆਂ ਔਰਤਾਂ ਨੂੰ ਕਾਨੂੰਨੀ ਤੇ ਵਿੱਤੀ ਮਦਦ ਮਿਲਣੀ ਚਾਹੀਦੀ ਹੈ ਤੇ ਉਨਾਂ ਦੇ ਐੱਨਆਰਆਈ ਪਤੀਆਂ ਦੇ ਖ਼ਿਲਾਫ਼ ਐੱਫਆਈਆਰ ਦਰਜ ਕਰ ਕੇ ਉਨਾਂ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਐੱਨਆਰਆਈ ਪਤੀਆਂ ਵਲੋਂ ਛੱਡੀਆਂ ਗਈਆਂ ਤੇ ਉਨਾਂ ਵਲੋਂ ਦਾਜ ਸ਼ੋਸ਼ਣ ਦੀਆਂ ਸ਼ਿਕਾਰ ਔਰਤਾਂ ਦੇ ਇਕ ਸਮੂਹ ਨੇ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕਰ ਕੇ ਅਲੱਗ ਰਹਿ ਰਹੇ ਆਪਣੇ ਪਤੀਆਂ ਦੀ ਗ੍ਰਿਫ਼ਤਾਰੀ ਤੇ ਵਿਦੇਸ਼ 'ਚ ਮੁਕੱਦਮਾ ਲੜਨ ਲਈ ਦੂਤਘਰ ਸਬੰਧੀ ਮਦਦ ਸਮੇਤ ਹੋਰ ਰਾਹਤ ਮੰਗੀ ਹੈ।

ਪਟੀਸ਼ਨ 'ਚ ਕਿਹਾ ਗਿਆ ਹੈ ਕਿ ਅਕਸਰ ਐੱਨਆਰਆਈ ਭਾਰਤ 'ਚ ਦਾਜ ਲਈ ਵਿਆਹ ਕਰਦੇ ਹਨ। ਵਿਆਹ ਦੇ ਬਾਅਦ ਪਤਨੀਆਂ ਨੂੰ ਵਿਦੇਸ਼ ਲਿਜਾਣ ਦਾ ਭਰੋਸਾ ਦਿੰਦੇ ਹਨ, ਪਰ ਉਸ ਦੇ ਬਾਅਦ ਇਕਦਮ ਗਾਇਬ ਹੋ ਜਾਂਦੇ ਹਨ। ਕਈ ਔਰਤਾਂ ਗਰਭਵਤੀ ਹੋ ਜਾਂਦੀਆਂ ਹਨ ਤੇ ਉਹ ਪਤਨੀ-ਬੱਚਿਆਂ ਦੀ ਕਦੇ ਸਾਰ ਨਹੀਂ ਲੈਂਦੇ। ਇਸ ਨਾਲ ਔਰਤਾਂ ਨਾ ਸਿਰਫ਼ ਆਰਥਿਕ, ਬਲਕਿ ਸਮਾਜਿਕ ਰੂਪ ਨਾਲ ਵੀ ਟੁੱਟ ਜਾਂਦੀਆਂ ਹਨ। ਅਜਿਹੇ ਭਗੌੜੇ ਐੱਨਆਰਆਈ ਪਤੀਆਂ ਦੀ ਗ੍ਰਿਫ਼ਤਾਰੀ ਲਈ ਲੁਕਆਊਟ ਸਰਕੂਲਰ ਜਾਰੀ ਹੋਣਾ ਚਾਹੀਦਾ ਹੈ।

# ਹੈਂਡ ਸੈਨੇਟਾਈਜ਼ਰ ਫੈਲਾਅ ਰਿਹਾ ਹੈ ਕੈਂਸਰ

## 44 ਹੈਂਡ ਸੈਨੇਟਾਈਜ਼ਰ 'ਚੋਂ ਮਿਲੇ ਖ਼ਤਰਨਾਕ ਕੈਮੀਕਲ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਹੈਂਡ ਸੈਨੇਟਾਈਜ਼ਰ, ਮਾਸਕ ਅਤੇ ਸੋਸ਼ਲ ਡਿਸਟੈਂਸਿੰਗ ਕੋਰੋਨਾ ਤੋਂ ਬਚਣ ਦੇ ਪ੍ਰਮੁੱਖ ਹਥਿਆਰ ਹਨ। ਦੁਨੀਆ ਭਰ ਵਿਚ 44 ਅਜਿਹੇ ਸੈਨੇਟਾਈਜ਼ਰ ਪਾਏ ਗਏ ਹਨ, ਜਿਹੜੇ ਕੋਰੋਨਾ ਤੋਂ ਬਚਾਅ ਦੀ ਥਾਂ ਲੋਕਾਂ ਵਿਚ ਕੈਂਸਰ ਫੈਲਾਅ ਰਹੇ ਹਨ। ਇਨਾਂ ਸੈਨੇਟਾਈਜ਼ਰਾਂ ਵਿਚ ਇਕ ਅਜਿਹਾ ਕੈਮੀਕਲ ਪਾਇਆ ਗਿਆ ਹੈ, ਜੋ ਕੈਂਸਰ ਦੀ ਬਿਮਾਰੀ ਨੂੰ ਸੱਦਾ ਦਿੰਦਾ ਹੈ। ਇਹ ਖੁਲਾਸਾ ਇਕ ਖੋਜ ਵਿਚ ਹੋਇਆ ਹੈ। ਨਿਊ ਹੈਵਨ 'ਚ ਸਥਿਤ ਆਨਲਾਈਨ ਫਾਰਮੇਸੀ ਫਰਮ ਵੈਲੀਜਰ ਨੇ ਦੁਨੀਆ ਭਰ ਦੇ 260 ਹੈਂਡ ਸੈਨੇਟਾਈਜ਼ਰਾਂ 'ਤੇ ਕੀਤੇ ਗਏ ਅਧਿਐਨ ਵਿਚ ਪਤਾ ਲੱਗਾ ਹੈ ਕਿ 44 ਹੈਂਡ ਸੈਨੇਟਾਈਜ਼ਰਾਂ ਵਿਚ ਅਜਿਹੇ ਕੈਮੀਕਲ ਦੀ ਵਰਤੋਂ ਹੋ ਰਹੀ ਹੈ ਜੋ ਇਨਸਾਨ ਦੀ ਸਿਹਤ ਲਈ ਬੇਹੱਦ ਖਤਰਨਾਕ ਹੈ। ਇਸ ਕੈਮੀਕਲ ਦੇ ਲਗਾਤਾਰ ਸੰਪਰਕ ਵਿਚ ਆਉਣ ਨਾਲ ਕੈਂਸਰ ਤਕ ਹੋ ਸਕਦਾ ਹੈ। ਇਹ ਕੈਮੀਕਲ ਚਮੜੀ ਲਈ ਵੀ ਬੇਹੱਦ ਖਤਰਨਾਕ ਹੈ।

ਵੈਲੀਜ਼ਰ ਨੇ ਇਸ ਖਤਰੇ ਨੂੰ ਦੇਖਦੇ ਹੋਏ ਚਿੰਤਾ ਪ੍ਰਗਟਾਈ ਹੈ ਅਤੇ ਐਫਡੀਏ ਨੂੰ ਪੱਤਰ ਲਿਖ ਕੇ ਜਾਣੂ ਕਰਾਇਆ ਹੈ। ਇਸ ਪੱਤਰ ਵਿਚ ਉਨਾਂ ਲਿਖਿਆ ਕਿ ਕੋਰੋਨਾ ਤੋਂ ਬਚਾਅ ਲਈ ਕੁਝ ਸਮੇਂ ਤੋਂ ਹੈਂਡ ਸੈਨੇਟਾਈਜ਼ਰਜ਼ ਦੀ ਵਰਤੋਂ ਵਿਚ ਵੱਡੇ ਪੱਧਰ 'ਤੇ ਇਜਾਫਾ ਹੋਇਆ ਹੈ। ਅਜਿਹੇ ਵਿਚ ਹੈਂਡ ਸੈਨੇਟਾਈਜ਼ਰਾਂ ਦੇ ਅਧਿਐਨ ਵਿਚ ਇਨਾਂ ਵਿਚ ਬੈਂਜੀਨ ਸਣੇ ਕੈਂਸਰ ਦਾ ਖਤਰਾ ਪੈਦਾ ਕਰਨ ਵਾਲੇ ਕਈ ਖਤਰਨਾਕ ਕੈਮੀਕਲ ਪਾਏ ਗਏ ਹਨ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਲਾਲ ਕਿਲੇ 'ਤੇ ਝੰਡਾ ਝੁਲਾਉਣ ਵਾਲੇ ਜੁਗਰਾਜ ਸਿੰਘ, ਰਣਜੀਤ ਸਿੰਘ ਅਤੇ ਸ਼ਹੀਦ ਨਵਰੀਤ ਸਿੰਘ ਦੇ ਪਰਿਵਾਰ ਨੂੰ ਕੀਤਾ ਸਨਮਾਨਿਤ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਦਿੱਲੀ ਪੁਲਿਸ ਦੀ ਗੋਲ਼ੀ ਨਾਲ 26 ਜਨਵਰੀ ਨੂੰ ਸ਼ਹੀਦ ਹੋਏ ਨਵਰੀਤ ਸਿੰਘ ਡਿਬਡਿਬਾ ਅਤੇ ਕਿਸਾਨ ਸੰਘਰਸ਼ 'ਚ ਆਪਣੀਆਂ ਜਾਨਾਂ ਗੁਆ ਚੁੱਕੇ ਸਮੂਹ ਕਿਸਾਨਾਂ ਦੇ ਨਮਿੱਤ ਸਿੱਖ ਯੂਥ ਆਫ਼ ਪੰਜਾਬ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਸਮੂਹ ਅੰਦਰ ਗੁ. ਬਾਬਾ ਗੁਰਬਖ਼ਸ਼ ਸਿੰਘ ਵਿਖੇ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਕੀਰਤਨ ਹੋਇਆ ਤੇ ਸ਼ਹੀਦ ਨਵਰੀਤ ਸਿੰਘ ਅਤੇ ਹੋਰਾਂ ਕਿਸਾਨਾਂ ਦੀ ਆਤਮਿਕ ਸ਼ਾਂਤੀ ਤੇ ਗ੍ਰਿਫਤਾਰ ਨੌਜਵਾਨਾਂ ਦੀ ਰਿਹਾਈ ਅਤੇ ਕਿਸਾਨ ਸੰਘਰਸ਼ ਦੀ ਕਾਮਯਾਬੀ ਲਈ ਅਰਦਾਸ ਕੀਤੀ ਗਈ।

ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥਕ ਜਥੇਬੰਦੀਆਂ ਵੱਲੋਂ ਇਸ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਪੁੱਜੇ ਸ਼ਹੀਦ ਨਵਰੀਤ ਸਿੰਘ ਦੇ ਦਾਦਾ ਹਰਦੀਪ ਸਿੰਘ ਡਿਬਡਿਬਾ, ਉਸ ਦੇ ਮਾਤਾ ਅਤੇ ਪਿਤਾ ਅਤੇ ਲਾਲ ਕਿਲੇ 'ਤੇ ਖ਼ਾਲਸਾਈ ਝੰਡਾ ਝੁਲਾਉਣ ਵਾਲ਼ੇ ਨੌਜਵਾਨ ਜੁਗਰਾਜ ਸਿੰਘ ਦੇ ਪਿਤਾ ਬਲਦੇਵ ਸਿੰਘ ਅਤੇ ਦਿੱਲੀ ਪੁਲਿਸ ਦੇ ਜ਼ੁਲਮ ਦਾ ਸ਼ਿਕਾਰ ਹੋ ਕੇ ਤਿਹਾੜ ਜੇਲ 'ਚੋਂ ਰਿਹਾਅ ਹੋਏ ਨੌਜਵਾਨ ਰਣਜੀਤ ਸਿੰਘ ਕਾਜਮਪੁਰ ਅਤੇ ਇਹਨਾਂ ਦੇ ਪਰਿਵਾਰਾਂ ਨੂੰ ਖ਼ਾਲਸਾਈ ਜੈਕਾਰਿਆਂ ਦੀ ਭਰਵੀਂ ਗੂੰਜ 'ਚ ਸਿਰੋਪਿਆਂ ਨਾਲ ਸਨਮਾਨਿਤ ਕੀਤਾ ਗਿਆ।

ਸਨਮਾਨਿਤ ਕਰਨ ਸਮੇਂ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੀਤ ਕੌਰ, ਚੀਫ ਸਕੱਤਰ ਹਰਜਿੰਦਰ ਸਿੰਘ ਧਾਮੀ, ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਬੁਲਾਰੇ ਕੰਵਰਪਾਲ ਸਿੰਘ, ਬਾਬਾ ਹਰਦੀਪ ਸਿੰਘ ਮਹਿਰਾਜ, ਪਰਮਜੀਤ ਸਿੰਘ ਟਾਂਡਾ, ਸੰਯੁਕਤ ਕਿਸਾਨ ਮੋਰਚੇ ਦੇ ਆਗੂ ਸੁਰਜੀਤ ਸਿੰਘ ਫੂਲ, ਸੁਖਵਿੰਦਰ ਕੌਰ, ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ, ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਪ੍ਰੋਫੈਸਰ ਮਹਿੰਦਰਪਾਲ ਸਿੰਘ, ਅਕਾਲ ਪੁਰਖ ਦੀ ਫੌਜ ਦੇ ਜਸਵਿੰਦਰ ਸਿੰਘ, ਵਿਦਿਆਰਥੀ ਜਥੇਬੰਦੀ ਐਸ.ਐਫ.ਐਸ ਦੇ ਆਗੂ ਹਰਮਨ, ਅਕਾਲ ਫ਼ੈਡਰੇਸ਼ਨ ਦੇ ਪ੍ਰਧਾਨ ਨਰਾਇਣ ਸਿੰਘ ਚੌੜਾ, ਸਿੱਖ ਯੂਥ ਆਫ਼ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ, ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ, ਅਕਾਲੀ ਦਲ ਡੈਮੋਕ੍ਰੇਟਿਕ ਦੇ ਆਗੂ ਮੋਹਕਮ ਸਿੰਘ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਆਗੂ ਰਣਜੀਤ ਸਿੰਘ ਦਮਦਮੀ ਟਕਸਾਲ ਆਦਿ ਹਾਜ਼ਰ ਸਨ।



ਸਿੱਖ ਅਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਸਾਂਝੇ ਰੂਪ 'ਚ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਜਨਵਰੀ ਦੇ ਦਿੱਤੇ ਭਾਰਤ ਬੰਦ ਦੇ ਸੱਦੇ ਦਾ ਉਹ ਭਰਪੂਰ ਸਮਰਥਨ ਕਰਦੇ ਹਾਂ। ਉਹਨਾਂ ਪੰਜਾਬ ਅਤੇ ਭਾਰਤ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 26 ਨੂੰ ਆਪਣੀਆਂ ਦੁਕਾਨਾਂ, ਫੈਕਟਰੀਆਂ ਅਤੇ ਹੋਰ ਅਦਾਰੇ ਬੰਦ ਰੱਖ ਕੇ ਇਸ ਸੱਦੇ ਨੂੰ ਸਫ਼ਲ ਬਣਾਉਣ ਤਾਂ ਜੋ ਕਾਲ਼ੇ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਮੋਦੀ ਸਰਕਾਰ 'ਤੇ ਦਬਾਅ ਬਣੇ। ਉਹਨਾਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸਾਨ ਸੰਘਰਸ਼ ਦੀ ਮਜ਼ਬੂਤੀ ਅਤੇ ਕਾਲ਼ੇ ਕਾਨੂੰਨ ਰੱਦ ਕਰਵਾਉਣ ਲਈ ਠੋਸ ਪ੍ਰੋਗਰਾਮ ਉਲੀਕਣ। ਜਥੇਬੰਦੀਆਂ ਨੇ ਮੁੜ ਦ੍ਰਿੜਤਾ ਪ੍ਰਗਟਾਉਂਦਿਆਂ ਕਿਹਾ ਕਿ ਤਿੰਨ ਕਾਲ਼ੇ ਖੇਤੀ ਕਾਨੂੰਨ ਰੱਦ ਕਰਵਾਏ ਬਿਨਾਂ ਇਹ ਸੰਘਰਸ਼ ਖ਼ਤਮ ਹੋਣ ਵਾਲ਼ਾ ਨਹੀਂ ਹੈ। ਆਗੂਆਂ ਨੇ ਸਰਕਾਰ ਵਲੋਂ ਭਗੌੜਾ ਕਰਾਰ ਦਿੱਤੇ ਲੱਖਾ ਸਿਧਾਣਾ ਅਤੇ ਜੁਗਰਾਜ ਸਿੰਘ ਦੇ ਹੱਕ ਵਿੱਚ ਬੋਲਦਿਆਂ ਕਿਹਾ ਕਿ ਉਹ ਕਿਸਾਨ ਅੰਦੋਲਨ ਦਾ ਹਿੱਸਾ ਹਨ ਅਤੇ ਸਾਡੀ ਉਨਾਂ ਨੂੰ ਪੂਰਨ ਹਮਾਇਤ ਹੈ।

ਇਸ ਮੌਕੇ ਬੇਅੰਤ ਸਿੰਘ ਖਿਆਲਾ ਭਰਾਤਾ ਸ਼ਹੀਦ ਜਨਰਲ ਸ਼ਬੇਗ ਸਿੰਘ, ਕੁਲਜੀਤ ਸਿੰਘ ਸਿੰਘ ਬਰਦਰਜ਼, ਕੁਲਦੀਪ ਸਿੰਘ, ਸੁਖਦੇਵ ਸਿੰਘ ਹਨਸਪੁਰ, ਰਾਮ ਸਿੰਘ ਢਪਾਲੀ, ਗੁਰਨਾਮ ਸਿੰਘ ਮੂਨਕਾਂ, ਗੁਰਪ੍ਰੀਤ ਸਿੰਘ ਖੁੱਡਾ, ਮਹਾਂਬੀਰ ਸਿੰਘ ਸੁਲਤਾਨਵਿੰਡ, ਜਸਵਿੰਦਰ ਸਿੰਘ ਗੁਰਦਾਸਪੁਰ ਆਦਿ ਹਾਜ਼ਰ ਸਨ।

# ਨਿਹੰਗ ਸਿੰਘਾਂ ਦਾ ਸ਼ੱਕੀ ਪੁਲਿਸ ਮੁਕਾਬਲਾ

## ਪਿੰਡ ਸਿੰਘਪੁਰਾ ਵਿਖੇ ਹੋਏ ਮੁਕਾਬਲੇ ਵਿਚ ਗੋਲੀਆਂ ਲੱਗਣ ਨਾਲ ਦੋ ਨਿਹੰਗ ਸਿੰਘਾਂ ਦੀ ਹੋਈ ਸੀ ਮੌਤ

**ਰਜਿੰਦਰ ਸਿੰਘ ਪੁਰੇਵਾਲ**

**ਪੁਲਿਸ ਦੀ ਕਹਾਣੀ ਮੁਤਾਬਕ**

ਨਾਂਦੇੜ 'ਚ ਇਕ ਵਿਅਕਤੀ ਦਾ ਕਤਲ ਕਰਕੇ ਪਿੰਡ ਸੁਰਸਿੰਘ ਆਏ ਦੋ ਨਿਹੰਗਾਂ ਨੂੰ ਬੀਤੇ ਐਤਵਾਰ ਤਰਨਤਾਰਨ ਪੁਲਿਸ ਨੇ ਮੁਕਾਬਲੇ 'ਚ ਕਥਿਤ ਕਤਲ ਕਰ ਦਿੱਤਾ ਸੀ। ਦੋਸ਼ ਹੈ ਕਿ ਇਨਾਂ ਬਾਰੇ ਸੂਹ ਮਿਲਣ ਪਿੱਛੋਂ ਜਦੋਂ ਤਿੰਨ ਥਾਣਿਆਂ ਦੇ ਮੁਖੀ ਇਨਾਂ ਨੂੰ ਗ੍ਰਿਫ਼ਤਾਰ ਕਰਨ ਗਏ ਤਾਂ ਉਨਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਦੋ ਨੂੰ ਜ਼ਖ਼ਮੀ ਕਰ ਦਿੱਤਾ ਜਿਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਐੱਸਐੱਸਪੀ ਨਿੰਬਾਲੇ ਅਨੁਸਾਰ ਮਹਿਤਾਬ ਸਿੰਘ ਅਤੇ ਗੁਰਦੇਵ ਸਿੰਘ ਨਾਂ ਦੇ ਇਹ ਦੋ ਨਿਹੰਗ 11 ਮਾਰਚ ਨੂੰ ਨਾਂਦੇੜ ਵਿਖੇ ਬਾਬਾ ਸੰਤੋਖ ਸਿੰਘ ਨਾਂ ਦੇ ਵਿਅਕਤੀ ਦਾ ਕਤਲ ਕਰਕੇ ਉੱਥੋਂ ਫ਼ਰਾਰ ਹੋਏ ਸਨ। ਦੋਵਾਂ ਖ਼ਿਲਾਫ਼ ਨਾਂਦੇੜ ਦੇ ਥਾਣਾ ਵਜ਼ੀਰਾਬਾਦ ਵਿਚ ਹੱਤਿਆ ਦਾ ਕੇਸ ਦਰਜ ਹੋਇਆ ਸੀ। ਨਾਂਦੇੜ ਪੁਲਿਸ ਨੇ ਸੂਚਨਾ ਦਿੱਤੀ ਸੀ ਕਿ ਇਹ ਦੋਵੇਂ ਨਿਹੰਗ ਸੁਰਸਿੰਘ ਦੇ ਡੇਰੇ ਵਿਚ ਆਏ ਹਨ। ਤਰਨਤਾਰਨ ਪੁਲਿਸ ਨੇ ਉੱਥੇ ਤਲਾਸ਼ੀ ਮੁਹਿੰਮ ਚਲਾਈ ਸੀ। ਥਾਣਾ ਭਿੱਖੀਵਿੰਡ ਦੇ ਮੁਖੀ ਸਰਬਜੀਤ ਸਿੰਘ ਨੂੰ ਸੂਚਨਾ ਮਿਲੀ ਕਿ ਦੋਵੇਂ ਨਿਹੰਗ ਸੁਰਸਿੰਘ ਦੇ ਬਾਹਰਵਾਰ ਦਿਖਾਈ ਦਿੱਤੇ ਹਨ, ਜਿਨਾਂ ਕੋਲ ਦੋ ਕਿਰਪਾਨਾਂ ਤੇ ਇਕ ਖੰਡਾ ਹੈ। ਸਰਬਜੀਤ ਸਿੰਘ ਤੋਂ ਇਲਾਵਾ ਥਾਣਾ ਖੇਮਕਰਨ ਦੇ ਮੁਖੀ ਨਰਿੰਦਰ ਸਿੰਘ ਢੋਟੀ ਅਤੇ ਥਾਣਾ ਖੇਮਕਰਨ ਦੇ ਮੁਖੀ ਬਲਵਿੰਦਰ ਸਿੰਘ ਬਿਨਾ ਸੁਰੱਖਿਆ ਦਸਤੇ ਦੇ ਉਨਾਂ ਨੂੰ ਫੜਨ ਲਈ ਨਿਕਲੇ, ਪਰ ਉਕਤ ਨਿਹੰਗਾਂ ਨੇ ਉਨਾਂ ਉੱਪਰ ਹਮਲਾ ਕਰ ਦਿੱਤਾ ਜਿਸ ਦੌਰਾਨ ਨਰਿੰਦਰ ਸਿੰਘ ਢੋਟੀ ਦਾ ਗੁੱਟ ਬੁਰੀ ਤਰਾਂ ਨਾਲ ਵੱਢਿਆ ਗਿਆ ਜਦੋਂਕਿ ਬਲਵਿੰਦਰ ਸਿੰਘ ਦਾ ਹੱਥ ਵੀ ਜ਼ਖ਼ਮੀ ਹੋ ਗਿਆ। ਹਮਲਾ ਕਰਨ ਤੋਂ ਬਾਅਦ ਦੋਵੇਂ ਨਿਹੰਗ ਸੂਏ ਦੀ ਪੱਟੜੀ 'ਤੇ ਭੱਜ ਨਿਕਲੇ ਤਾਂ ਸਰਬਜੀਤ ਸਿੰਘ ਨੇ ਇਸ ਦੀ ਸੂਚਨਾ ਡੀਐੱਸਪੀ ਭਿੱਖੀਵਿੰਡ ਰਾਜਬੀਰ ਸਿੰਘ ਨੂੰ ਦਿੱਤੀ ਜਿਸ ਦੇ ਚਲਦਿਆਂ ਡੀਐੱਸਪੀ ਨੇ ਅੱਗੇ ਨਾਕੇਬੰਦੀ ਕਰ ਦਿੱਤੀ ਪਰ ਦੋਵਾਂ ਨਿਹੰਗਾਂ ਨੇ ਉਨਾਂ ਦੀ ਗੱਡੀ ਉੱਪਰ ਵੀ ਹਮਲਾ ਕਰਨ ਦਾ ਯਤਨ ਕੀਤਾ, ਜਿਸ 'ਤੇ ਡੀਐੱਸਪੀ ਰਾਜਬੀਰ ਸਿੰਘ ਨੇ ਗੋਲ਼ੀ ਚਲਾਈ 'ਤੇ ਦੋਵਾਂ ਨਿਹੰਗਾਂ ਦੀ ਮੌਤ ਹੋ ਗਈ।

ਇਨਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਪੱਟੀ ਲਿਆਂਦਾ ਗਿਆ ਸੀ। ਜਿਨਾਂ ਵਿਚੋਂ ਗੁਰਦੇਵ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਅੰਮ੍ਰਿਤਸਰ ਦਾ ਪੋਸਟਮਾਰਟਮ ਕਰਕੇ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਗਈ। ਜਦੋਂਕਿ ਦੂਜੇ ਨਿਹੰਗ ਸਿੰਘ ਮਹਿਤਾਬ ਸਿੰਘ ਪੁੱਤਰ ਜੁਗਿੰਦਰ ਸਿੰਘ ਦੇ ਵਾਰਸਾਂ ਦਾ ਅਜੇ ਤਕ ਪਤਾ ਨਹੀਂ ਲੱਗ ਸਕਿਆ। ਹਸਪਤਾਲ ਦੀ ਟੀਮ ਵੱਲੋਂ ਉਸ ਦਾ ਪੋਸਟਮਾਰਟਮ ਨਹੀਂ ਕੀਤਾ ਗਿਆ।





ਅਕਾਲੀ ਦਲ ਅੰਮ੍ਰਿਤਸਰ ਦੇ ਸੂਬਾ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਬੀਬੀ ਪਰਮਜੀਤ ਕੌਰ ਖਾਲੜਾ, ਜਸਟਿਸ ਅਜੀਤ ਸਿੰਘ ਬੈਂਸ ਨੇ ਇਨਾਂ ਮੁਕਾਬਲਿਆਂ ਦੀ ਨਿਖੇਧੀ ਕੀਤੀ ਹੈ ਤੇ ਹਾਈਕੋਰਟ ਕੋਲੋਂ ਜਾਂਚ ਕਰਵਾਉਣ ਦੀ ਅਪੀਲ ਕੀਤੀ ਹੈ। ਉਨਾਂ ਦਾ ਮੰਨਣਾ ਹੈ ਕਿ ਇਹ ਮੁਕਾਬਲਾ ਸ਼ੱਕੀ ਹੈ। ਜੇਕਰ ਉਹ ਮੁਲਜ਼ਮ ਸਨ ਤਾਂ ਪੁਲਿਸ ਉਨਾਂ ਨੂੰ ਗ੍ਰਿਫਤਾਰ ਕਰ ਸਕਦੀ ਸੀ, ਪਰ ਪੁਲਿਸ ਨੇ ਨਿਹੰਗ ਸਿੰਘਾਂ 'ਤੇ ਅੰਨੇਵਾਹ ਗੋਲੀਆਂ ਚਲਾ ਕੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਪੁਲਿਸ ਵੱਲੋਂ ਪੁਰਾਣੇ ਇਤਿਹਾਸ ਨੂੰ ਮੁੜ ਦੁਹਰਾਇਆ ਗਿਆ ਹੈ।

ਦੂਜੇ ਪਾਸੇ ਐੱਸਐੱਸਪੀ ਧਰੂਮਨ ਨਿੰਬਾਲੇ ਦਾ ਕਹਿਣਾ ਹੈ ਕਿ ਇਸ ਮੁਕਾਬਲੇ ਦੀ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਪੜਤਾਲ ਕਰਨ ਲਈ ਐਗਜੀਕਿਊਟਿਵ ਮੈਜਿਸਟ੍ਰੇਟ ਦੀ ਹਾਜ਼ਰੀ ਵਿਚ 5 ਮੈਂਬਰੀ ਕਮੇਟੀ ਬਣਾਈ ਗਈ ਹੈ । ਉਕਤ ਮੁਲਜ਼ਮਾਂ ਦੀ ਪੂਰਨ ਤੌਰ 'ਤੇ ਜਾਂਚ ਪੜਤਾਲ ਕਰਨ ਲਈ ਨਾਂਦੇੜ ਪੁਲਿਸ ਦੀ ਇਕ ਸ਼ਪੈਸ਼ਲ ਟੀਮ ਜ਼ਿਲਾ ਤਰਨਤਾਰਨ ਵਿਖੇ ਪਹੁੰਚੀ ਹੈ।

ਜੇਕਰ ਪੰਜਾਬ ਪੁਲਿਸ ਦੇ ਇਤਿਹਾਸ ਨੂੰ ਘੋਖੀਏ ਕਿ ਇਨਾਂ ਦਾ ਰਿਕਾਰਡ ਪੰਜਾਬ ਸੰਤਾਪ ਸਮੇਂ ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਨ ਦਾ ਰਿਹਾ ਹੈ। ਸਰਕਾਰੀ ਤੰਤਰ ਦਾ ਇੱਕ ਅਹਿਮ ਵਿਭਾਗ ਪੁਲਿਸ ਦਾ ਹੈ ਜਿਸ ਨੇ ਰਾਜ ਵਿੱਚ ਅਮਨ ਕਾਨੂੰਨ ਦੀ ਅਵਸਥਾ ਨੂੰ ਹਰ ਹਾਲ ਵਿੱਚ ਕਾਇਮ ਕਰਨਾ ਹੁੰਦਾ ਹੈ। ਕਾਨੂੰਨ ਤੋੜਨ ਵਾਲੇ ਨੂੰ ਫੜ ਕੇ ਅਦਾਲਤ ਵਿੱਚ ਪੇਸ਼ ਕਰਨਾ ਹੁੰਦਾ ਹੈ। ਅੱਗੇ ਜੱਜ ਕਾਨੂੰਨ ਅਨੁਸਾਰ ਉਸ ਨੂੰ ਬਣਦੀ ਸਜਾ ਸੁਣਾਉਂਦਾ ਹੈ ਤਾਂ ਕਿ ਅੱਗੇ ਤੋਂ ਸਮਾਜ ਵਿੱਚ ਕਾਨੂੰਨ ਤੋੜਨ ਵਾਲਿਆਂ ਨੂੰ ਠੱਲ ਪੈ ਸਕੇ। ਬੀਤੇ ਸਮੇਂ ਵਿੱਚ ਪੰਜਾਬ ਅੰਦਰ ਪੁਲਿਸ ਨੂੰ ਏਨੇ ਜ਼ਿਆਦਾ ਅਧਿਕਾਰ ਦੇ ਦਿੱਤੇ ਗਏ ਜਿਸ ਨਾਲ ਦਲੀਲ, ਅਪੀਲ ਜਾਂ ਵਕੀਲ ਦੀ ਕੋਈ ਜ਼ਰੂਰਤ ਹੀ ਨਹੀਂ ਰਹਿ ਗਈ ਸੀ। ਪੁਲਿਸ ਆਪ ਹੀ ਪਕੜ ਕੇ ਆਪ ਹੀ ਫੈਸਲੇ ਸੁਣਾਉਣ ਲੱਗ ਪਈ। ਸਟਾਰਾਂ ਦੀ ਦੌੜ ਲੱਗ ਪਈ। ਹੁਣ ਤਕ ਕੋਈ ਇਨਸਾਫ ਨਹੀਂ ਮਿਲਿਆ ।ਇਸ ਨਾਲ ਪੁਲਿਸ ਦਾ ਅਪਰਾਧੀਕਰਨ ਹੋਇਆ ਹੈ। ਦੋਸ਼ੀ ਪੁਲਿਸ ਮੁਲਾਜ਼ਮ ਹਾਲੇ ਵੀ ਖੁਲੇ ਤੁਰੇ ਫਿਰਦੇ ਹਨ। ਜ਼ਿਆਦਾਤਰ ਦੋਸ਼ੀਆਂ ਖਿਲਾਫ ਕਿਸੇ ਅਦਾਲਤ ਵਿੱਚ ਕੋਈ ਕਾਰਵਾਈ ਨਹੀਂ ਹੋਈ। 16 ਜਨਵਰੀ 1995 ਨੂੰ ਅਕਾਲੀ ਦਲ ਮਨੁੱਖੀ ਅਧਿਕਾਰ ਵਿੰਗ ਦੇ ਜਨਰਲ ਸਕਤਰ ਭਾਈ ਜਸਵੰਤ ਸਿੰਘ ਖਾਲੜਾ ਨੇ ਆਪਣੀ ਪੜਤਾਲੀਆ ਰਿਪੋਰਟ ਵਿਚ ਇਹ ਖੁਲਾਸਾ ਕੀਤਾ ਸੀ ਕਿ ਪੰਜਾਬ ਪੁਲਿਸ ਨੇ ਅੰਮ੍ਰਿਤਸਰ ਅਤੇ ਤਰਨ ਤਾਰਨ ਵਿਚ ਹਜ਼ਾਰਾਂ ਲਾਸ਼ਾਂ ਦਾ ਇਕਠਿਆਂ ਸਸਕਾਰ ਕੀਤਾ ਸੀ ।ਇਸ ਤੋਂ ਬਾਅਦ ਇਹ ਮਾਮਲਾ ਕਾਫੀ ਚਰਚਾ ਵਿਚ ਆ ਗਿਆ। ਇਸ ਪਿਛੋਂ 6 ਸਤੰਬਰ 1995 ਨੂੰ ਅੰਮ੍ਰਿਤਸਰ ਪੁਲਿਸ ਨੇ ਭਾਈ ਜਸਵੰਤ ਸਿੰਘ ਖਾਲੜਾ ਨੂੰ ਵੀ ਘਰੋਂ ਚੁੱਕ ਕੇ ਖਪਾ ਦਿੱਤਾ ਸੀ। ਇਸ ਮਗਰੋਂ 30 ਮਈ 2000 ਨੂੰ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਸੀਬੀਆਈ ਨੇ ਉਕਤ ਝੂਠੇ ਮੁਕਾਬਲਿਆਂ ਦੇ ਦੋਸ਼ੀ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। 22 ਅਕਤੂਬਰ 2001 ਨੂੰ ਦੋਸ਼ੀਆਂ ਦੇ ਖ਼ਿਲਾਫ਼ ਚਲਾਨ ਪੇਸ਼ ਕੀਤਾ ਗਿਆ। ਦੋ ਸਾਲਾਂ ਬਾਅਦ 2003 ਵਿਚ ਚਾਰ ਗਵਾਹ ਸਾਹਮਣੇ ਆਏ। ਇਸ ਕੇਸ ਦੇ ਨਿਪਟਾਰੇ ਤੋਂ ਬਾਅਦ ਇਹ ਗੱਲ ਪੂਰੀ ਤਰਾਂ ਸਿੱਧ ਹੋ ਗਈ ਹੈ ਕਿ ਪੰਜਾਬ ਵਿੱਚ ਹਜ਼ਾਰਾਂ ਸਿੱਖਾਂ ਨੂੰ ਇਸੇ ਤਰਾਂ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰਿਆ ਗਿਆ ਹੈ। ਇਸ ਲਈ ਇਨਸਾਫ ਦਾ ਤਕਾਜ਼ਾ ਹੈ ਕਿ ਪੰਜਾਬ ਵਿੱਚ 1980 ਤੋਂ ਬਾਅਦ ਹੋਏ ਸਾਰੇ ਪੁਲਿਸ ਮੁਕਾਬਲਿਆਂ ਦੀ ਜਾਂਚ ਕਰਵਾਈ ਜਾਵੇ ਅਤੇ ਦੋਸ਼ੀਆਂ ਖਿਲਾਫ ਕਰੜੀ ਤੋਂ ਕਰੜੀ ਕਾਰਵਾਈ ਕੀਤੀ ਜਾਵੇ। ਜੇਲਾਂ ਵਿੱਚ ਸੜ ਰਹੇ ਨੌਜਵਾਨਾਂ ਦੀ ਰਿਹਾਈ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਬੀਤੇ ਦਿਨੀਂ ਭਿਖੀਵਿੰਡ ਵਿਖੇ ਦੋ ਨਿਹੰਗ ਸਿੰਘਾਂ ਨੂੰ ਖ਼ਤਮ ਕਰ ਦੇਣ ਦਾ ਦੁੱਖਦਾਇਕ ਵਰਤਾਰਾ ਵੀ ਉਸੇ ਸੋਚ ਵਿਚੋਂ ਨਿਕਲਿਆ ਹੋਇਆ ਹੈ । ਜੋ ਪੁਲਿਸ ਵੱਲੋਂ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਕੇ ਉਸਦੀ ਵਿਧਾਨਿਕ ਤੌਰ 'ਤੇ ਦੁਰਵਰਤੋਂ ਕਰਨ ਦੀ ਗੱਲ ਸਾਹਮਣੇ ਆਈ ਹੈ। ਜਿਥੇ ਇਹ ਜ਼ਾਬਰ ਵਰਤਾਰਾ ਅਤਿ ਨਿੰਦਣਯੋਗ ਹੈ, ਉਥੇ ਇਸ ਹੋਏ ਝੂਠੇ ਮੁਕਾਬਲੇ ਦੀ ਨਿਰਪੱਖਤਾ ਨਾਲ ਜਾਂਚ ਹੋਣੀ ਚਾਹੀਦੀ ਹੈ ਤਾਂ ਕਿ ਕਾਤਲ ਪੁਲਿਸ ਅਧਿਕਾਰੀਆਂ ਨੂੰ ਬਣਦੀ ਕਾਨੂੰਨੀ ਸਜ਼ਾ ਵੀ ਮਿਲ ਸਕੇ ਅਤੇ ਕੋਈ ਵੀ ਪੁਲਿਸ ਅਧਿਕਾਰੀ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਕੇ ਕਿਸੇ ਨਾਗਰਿਕ ਦੇ ਜ਼ਿੰਦਗੀ ਜਿਊਣ ਦੇ ਵਿਧਾਨਿਕ ਹੱਕ ਨੂੰ ਖੋਹ ਨਾ ਸਕੇ ।

ਕੈਪਟਨ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਪੁਲਿਸ ਨੂੰ ਇਸ ਤਰਾਂ ਕਿਸੇ ਦੀ ਵੀ ਜਾਨ ਲੈਣ ਦੀ ਹਕੂਮਤੀ ਖੁੱਲ ਨਾ ਦਿੱਤੀ ਜਾਵੇ। ਅਜਿਹੀਆਂ ਅਣਮਨੁੱਖੀ ਅਤੇ ਗੈਰ-ਵਿਧਾਨਿਕ ਕਾਰਵਾਈਆਂ ਹੀ ਕਿਸੇ ਸੂਬੇ, ਇਲਾਕੇ ਤੇ ਮੁਲਕ ਦੇ ਮਾਹੌਲ ਨੂੰ ਅਤਿ ਵਿਸਫੋਟਕ ਬਣਾਉਣ ਲਈ ਜ਼ਿੰਮੇਵਾਰ ਹੁੰਦੀਆਂ ਹਨ ਨਾ ਕਿ ਜਨਤਾ।

# ਦੂਜੇ ਦੌਰ ਵਿਚ ਦਾਖਲ ਹੋ ਚੁੱਕਿਆ ਸੰਘ ਦਾ ਪ੍ਰੋਜੈਕਟ ਲੋਕਤੰਤਰ ਲਈ ਚੈਲਿੰਜ

**ਅਭੈ ਦੂਬੇ**

ਦੇਸ਼ ਦੇ ਇਕ ਸੂਝਵਾਨ ਰਾਜਸੀ ਸਿਧਾਂਤਕਾਰ ਸੁਹਾਸ ਪਲਸ਼ੀਕਰ ਨੇ ਹਿੰਦੂਤਵਵਾਦੀਆਂ ਵਲੋਂ ਲੋਕਤੰਤਰ ਨਾਲ ਨੇੜ ਭਵਿੱਖ ਵਿਚ ਕੀਤੇ ਜਾ ਸਕਣ ਵਾਲੇ ਸਲੂਕ ਬਾਰੇ ਲਿਖਿਆ ਹੈ, 'ਇਕ ਸਮਾਂ ਆਏਗਾ ਜਦੋਂ ਲੋਕਤੰਤਰ ਨੂੰ ਪੱਛਮੀ ਵਿਚਾਰ ਦੱਸਣ ਦੀ ਦਲੀਲ ਦੇ ਕੇ ਕਿਹਾ ਜਾਵੇਗਾ ਕਿ ਇਹ ਸੱਚੇ ਅਤੇ ਅਧਿਆਤਮਕ ਮੁਲਕ ਲਈ ਗ਼ੈਰ-ਜ਼ਰੂਰੀ ਹੈ। ਇਹ ਦਾਅਵਾ ਕੀਤਾ ਜਾਵੇਗਾ ਕਿ ਲੋਕਤੰਤਰ ਦੀ ਜ਼ਰੂਰਤ ਨਹੀਂ ਹੈ। ਇਹ ਵੀ ਕਿ ਉਦਾਰਵਾਦੀ ਵਿਚਾਰ ਅਤੇ ਵਿਅਕਤੀ ਦੇ ਅਧਿਕਾਰ ਆਦਿ ਗੱਲਾਂ ਤਾਂ ਪੱਛਮੀ ਰਿਵਾਜ ਹੈ, ਸੰਸਥਾਵਾਂ ਦੀ ਆਜ਼ਾਦੀ ਦਾ ਵਿਚਾਰ ਪੱਥਰ ਦੀ ਪੂਜਾ ਤੋਂ ਇਲਾਵਾ ਕੁਝ ਨਹੀਂ ਹੈ ਅਤੇ ਵਿਅਕਤੀ ਦੀ ਆਜ਼ਾਦੀ ਦੀ ਗੱਲ ਬੇਵਕੂਫੀ ਭਰੀ ਹੈ।' ਦੀਨਦਿਆਲ ਉਪਾਧਿਆਏ ਦੇ ਵਿਚਾਰਾਂ 'ਤੇ ਜ਼ੋਰ ਅਤੇ ਐਮ.ਐਸ. ਗੋਲਵਲਕਰ ਦੇ ਵਿਚਾਰਾਂ ਦੀ ਫਿਰ ਤੋਂ ਬੇਝਿਜਕ ਦਾਅਵੇਦਾਰੀ ਉਸ ਪਹਿਲੇ ਕਦਮ ਦਾ ਲੱਛਣ ਹੈ ਜਿਸ ਤਹਿਤ ਲੋਕਤੰਤਰ ਦੇ ਭਾਰਤੀ ਹਿੰਦੂ ਸੰਸਕਰਣ ਹੋਣ ਦੀ ਦਲੀਲ ਦਿੱਤੀ ਜਾ ਸਕਦੀ ਹੈ। ਸੰਘ ਮੁਖੀ ਮੋਹਨ ਭਾਗਵਤ ਦੇ ਹਾਲੀਆ ਭਾਸ਼ਨਾਂ ਵਿਚੋਂ ਇਹ ਸਬੂਤ ਮਿਲ ਜਾਂਦਾ ਹੈ। ਇਹ ਦਾਅਵਾ ਸਿੱਧਾ ਅਤੇ ਸਪੱਸ਼ਟ ਹੈ ਕਿ ਪੱਛਮੀ ਬੌਧਿਕ ਪਰੰਪਰਾ ਤੋਂ ਆਜ਼ਾਦ ਅਤੇ ਉਸ ਤੋਂ ਬਹੁਤ ਪਹਿਲਾਂ ਹਿੰਦੂ ਪਰੰਪਰਾ ਅਤੇ ਸ਼ਾਸਤਰਾਂ ਵਿਚ ਲੋਕਤੰਤਰ ਦੀ ਕਾਢ ਅਤੇ ਸਿਧਾਂਤੀਕਰਨ ਕੀਤਾ ਜਾ ਚੁੱਕਾ ਸੀ। ਇਹ ਕਹਿੰਦੇ ਹੋਏ ਉਨਾਂ ਦੋ ਕੇਂਦਰੀ ਸਰੋਤਾਂ ਨੂੰ ਨਕਾਰ ਦਿੱਤਾ ਜਾਂਦਾ ਹੈ ਜਿਨਾਂ 'ਤੇ ਭਾਰਤ ਦੀ ਲੋਕਤੰਤਰੀ ਰਾਜਨੀਤੀ ਆਧਾਰਤ ਹੈ। ਇਹ ਹੈ ਰਾਸ਼ਟਰੀ ਅੰਦੋਲਨ ਅਤੇ ਸੰਵਿਧਾਨ। ਪਲਸ਼ੀਕਰ ਨੇ ਬਹੁਗਿਣਤੀਵਾਦੀ ਰਾਜਨੀਤੀ ਦੇ ਉਭਾਰ ਦੇ ਕਈ ਓਝਲ ਪੱਖਾਂ ਨੂੰ ਪਹਿਲਾਂ ਵੀ ਸਾਡੇ ਸਾਹਮਣੇ ਰੱਖਿਆ ਹੈ। ਇਸ ਖੇਤਰ ਵਿਚ ਉਨਾਂ ਦਾ ਯੋਗਦਾਨ ਸ਼ਲਾਘਾਯੋਗ ਹੈ। ਦਰਅਸਲ, ਇਹ ਪਲਸ਼ੀਕਰ ਨੇ ਹੀ ਆਪਣੇ ਅੰਕੜਿਆਂ ਵਾਲੇ ਵਿਸ਼ਲੇਸ਼ਣ ਰਾਹੀਂ ਦੱਸਿਆ ਸੀ ਕਿ 2004 ਤੋਂ 2014 ਤੱਕ ਭਾਜਪਾ ਸੱਤਾ ਤੋਂ ਬਾਹਰ ਜ਼ਰੂਰ ਰਹੀ ਪਰ ਵੋਟਾਂ ਦੇ ਪੱਧਰ 'ਤੇ ਹਿੰਦੂ ਏਕਤਾ ਲਗਾਤਾਰ ਮਜ਼ਬੂਤ ਹੁੰਦੀ ਰਹੀ। ਪਰ ਇਸ ਖੂਬੀ ਦੇ ਬਾਵਜੂਦ ਉਨਾਂ ਦਾ ਇਹ ਵਿਸ਼ਲੇਸ਼ਣ ਦੋ ਸਮੱਸਿਆਵਾਂ ਦਾ ਸ਼ਿਕਾਰ ਹੈ। ਪਹਿਲਾ, ਉਨਾਂ ਦੇ ਲਹਿਜੇ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਆਧੁਨਿਕ ਲੋਕਤੰਤਰੀ ਰਾਜ ਦੇ ਉੱਪਰ ਪੱਛਮ ਦਾ ਕਾਪੀਰਾਈਟ ਹੈ ਅਤੇ ਉਸ ਮਾਡਲ ਤੋਂ ਕਿਸੇ ਵੀ ਤਰਾਂ ਦੀ ਭਟਕਣ ਸੁਭਾਵਿਕ ਰੂਪ ਨਾਲ ਸ਼ੱਕ ਦੇ ਦਾਇਰਿਆਂ ਵਿਚ ਸਮਝੀ ਜਾਣੀ ਚਾਹੀਦੀ ਹੈ। ਕਿਸੇ ਵੀ ਵਿਦਵਾਨ ਦਾ ਅਜਿਹਾ ਰਵੱਈਆ ਸਾਨੂੰ ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਪਹਿਲਾਂ ਦੀ ਰਾਜਨੀਤੀ ਨੂੰ ਸਮਝਣ ਅਤੇ ਅਧਿਐਨ ਕਰਨ ਤੋਂ ਰੋਕ ਦਿੰਦਾ ਹੈ। 18ਵੀਂ ਸਦੀ ਵਿਚ ਪੱਛਮ ਦੇ ਉਦੈ ਤੋਂ ਪਹਿਲਾਂ ਵੀ ਦੁਨੀਆ ਵਿਚ ਰਾਜ ਵਿਵਸਥਾਵਾਂ ਦੇ ਵੱਖ-ਵੱਖ ਰੂਪ ਪ੍ਰਚੱਲਿਤ ਸਨ। ਪੱਛਮੀ ਲੋਕਤੰਤਰ ਨੂੰ ਹੀ ਰਾਜ ਦਾ ਇਕਲੌਤਾ ਸਰਬਉੱਚ ਢੰਗ ਮੰਨਣ ਦਾ ਨਤੀਜਾ ਅਤੀਤ ਦੇ ਗਿਆਨ ਦੀ ਵਰਤੋਂ ਨੂੰ ਬਿਨਾਂ ਸੋਚਿਆਂ-ਸਮਝਿਆਂ ਨਕਾਰਦੇ ਰਹਿਣ ਵਿਚ ਨਿਕਲਦਾ ਹੈ। ਹੋ ਸਕਦਾ ਹੈ ਕਿ ਪਲਸ਼ੀਕਰ ਦਾ ਇਹ ਕਥਨ ਹਿੰਦੂਤਵਵਾਦੀਆਂ ਵਲੋਂ ਲੋਕਤੰਤਰ ਨੂੰ ਅਪਾਹਜ ਬਣਾ ਦੇਣ ਦੇ ਡਰ ਦੀ ਉਪਜ ਹੋਵੇ। ਪਰ ਇਸ ਵਿਚੋਂ ਭਾਰਤੀ ਸਮਾਜ ਵਿਗਿਆਨ ਵਿਚ ਘਰ ਕਰ ਚੁੱਕੀ ਯੂਰਪਪ੍ਰਸਤੀ ਵੀ ਵੇਖੀ ਜਾ ਸਕਦੀ ਹੈ।

ਦੂਜਾ, ਇਹ ਕਥਨ ਹਿੰਦੂਤਵਵਾਦੀਆਂ ਵਲੋਂ ਰਾਸ਼ਟਰੀ ਅੰਦੋਲਨ ਅਤੇ ਸੰਵਿਧਾਨ ਨੂੰ ਆਪਣੇ ਵਿਚਾਰਧਾਰਕ ਪ੍ਰਾਜੈਕਟ ਵਿਚ ਘਸੀਟ ਲੈਣ ਦੀ ਉਪ ਪ੍ਰਕਿਰਿਆ ਨੂੰ ਨਜ਼ਰਅੰਦਾਜ਼ ਕਰਦਾ ਹੈ ਜੋ ਬਾਲਾ ਸਾਹਿਬ ਦੇਵਰਸ ਦੇ ਜ਼ਮਾਨੇ ਤੋਂ ਹੀ ਲਗਾਤਾਰ ਜਾਰੀ ਹੈ। ਦੇਵਰਸ ਨੇ 1974 ਵਿਚ ਪੁਣੇ ਵਿਚ ਦਿੱਤੇ ਆਪਣੇ ਇਕ ਭਾਸ਼ਨ ਵਿਚ ਇਸ ਦਾ ਸਿਧਾਂਤੀਕਰਨ ਕੀਤਾ ਸੀ। ਗ਼ਲਤੀਆਂ ਕਰਨ ਅਤੇ ਸੁਧਾਰਨ ਦੀ ਹੌਲੀ ਚੱਲਣ ਵਾਲੀ ਪਰ ਲੰਬੀ ਪ੍ਰਕਿਰਿਆ ਰਾਹੀਂ ਸੰਘ ਅਤੇ ਭਾਜਪਾ ਨੇ ਇਸ ਨੂੰ ਅਮਲ ਵਿਚ ਉਤਾਰ ਦਿੱਤਾ ਹੈ। ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਤੋਂ ਚੱਲ ਰਹੇ ਵੱਖ-ਵੱਖ ਬਹੁਗਿਣਤੀਵਾਦਾਂ ਦੇ ਮੁਕਾਬਲੇ ਵਿਚ ਕਈ ਅਨੁਕੂਲ ਸਥਿਤੀਆਂ ਦਾ ਲਾਭ ਉਠਾ ਕੇ ਅਤੇ ਬਿਨਾਂ ਥੱਕੇ ਕੋਸ਼ਿਸ਼ ਕਰਦੇ ਰਹਿਣ ਕਾਰਨ ਹਿੰਦੂ ਬਹੁਗਿਣਤੀਵਾਦ ਹੋਰ ਬਹੁਗਿਣਤੀਵਾਦਾਂ (ਸਿੱਖ, ਮੁਸਲਮਾਨ, ਇਸਾਈ ਅਤੇ ਜਾਤਾਂ ਦੇ ਬਹੁਗਿਣਤੀਵਾਦ) ਤੋਂ ਬਹੁਤ ਅੱਗੇ ਲੰਘ ਗਿਆ ਹੈ। ਜਿੰਨਾ ਅਸੀਂ ਸੋਚ ਸਕਦੇ ਹਾਂ, ਸੰਘ ਉਸ ਤੋਂ ਕਿਤੇ ਜ਼ਿਆਦਾ ਲਚੀਲਾ ਅਤੇ ਬਦਲਾਅਸ਼ੀਲ ਹੈ। ਆਪਣੀ ਵਿਚਾਰਧਾਰਾ 'ਤੇ ਕਾਇਮ ਰਹਿਣ ਤੋਂ ਇਲਾਵਾ ਪਹਿਲਾਂ ਕਹੀ ਗਈ ਕੋਈ ਗੱਲ (ਭਾਵੇਂ ਉਹ ਗੋਲਵਲਕਰ ਦੀ ਹੋਵੇ ਜਾਂ ਉਪਾਧਿਆਏ ਦੀ) ਨੂੰ ਦੁਹਰਾਉਂਦੇ ਰਹਿਣ ਵਿਚ ਉਸ ਦੀ ਦਿਲਚਸਪੀ ਨਹੀਂ ਹੈ (ਇਹ ਵੱਖ ਗੱਲ ਹੈ ਕਿ ਇਹ ਸੰਘ ਦੇ ਆਲੋਚਕਾਂ ਨੂੰ ਬਹੁਤ ਹੌਲੀ-ਹੌਲੀ ਅਤੇ ਟੁਕੜਿਆਂ ਵਿਚ ਹੀ ਸਮਝ ਆ ਰਿਹਾ ਹੈ, ਕਿਉਂਕਿ ਉਨਾਂ ਦਾ ਜ਼ਿਆਦਾ ਸਮਾਂ ਘੱਟ-ਗਿਣਤੀ ਵਿਰੋਧ ਅਤੇ ਮਨੂਸਿਮ੍ਰਤੀ ਵਗੈਰਾ ਦਾ ਸਮਰਥਨ ਕਰਨ ਵਾਲੀਆਂ ਚਮਕਦਾਰ ਕਿਸਮ ਦੀਆਂ ਗੱਲਾਂ ਨੂੰ ਸੰਘ ਦਾ ਮੁੱਖ ਏਜੰਡਾ ਸਮਝਣ ਵਿਚ ਖਰਚ ਹੋ ਜਾਂਦਾ ਹੈ)। ਮੋਹਨ ਭਾਗਵਤ ਨੇ ਇਸ ਬਾਰੇ ਸੰਘ ਦੀ ਮੌਜੂਦਾ ਲੀਡਰਸ਼ਿਪ ਦਾ ਰਵੱਈਆ ਸਪੱਸ਼ਟ ਕੀਤਾ ਹੈ। ਉਹ ਲੋਕ ਪਹਿਲਾਂ ਕਹੀਆਂ ਗਈਆਂ ਗੱਲਾਂ ਨੂੰ ਦੋ ਭਾਗਾਂ ਵਿਚ ਵੰਡ ਕੇ ਵੇਖਦੇ ਹਨ। ਇਕ ਭਾਗ ਵਿਚ ਉਹ ਗੱਲਾਂ ਰੱਖੀਆਂ ਜਾਂਦੀਆਂ ਹਨ ਜੋ ਕਿਸੇ ਖ਼ਾਸ 'ਪ੍ਰਸੰਗ ਵਿਸ਼ੇਸ਼' ਦੇ ਕਾਰਨ ਕਹੀਆਂ ਗਈਆਂ ਹੋਣਗੀਆਂ ਅਤੇ ਦੂਜੇ ਭਾਗ ਵਿਚ ਉਹ ਜਿਨਾਂ ਦਾ ਮਹੱਤਵ 'ਸਦਾ ਕਾਲ' ਲਈ




ਹੈ। ਇਸ ਯੁਕਤੀ ਕਾਰਨ ਸੰਘ ਨੂੰ ਵੱਖ-ਵੱਖ ਚਰਚਿਆਂ ਨੂੰ ਅਪਣਾਉਣ ਅਤੇ ਛੱਡਣ ਦੀ ਸਹੂਲਤ ਮਿਲ ਜਾਂਦੀ ਹੈ। ਸੰਘ ਇਸ ਯੁਕਤੀ ਨੂੰ ਆਪਣੀ ਚਰਚਾ ਦੇ ਦਾਇਰੇ ਤੋਂ ਬਾਹਰ ਦੇ ਵਿਚਾਰਾਂ ਲਈ ਵਰਤਦੀ ਹੈ। ਇਸ ਮਾਮਲੇ ਵਿਚ ਦੇਵਰਸ ਦਾ 1974 ਵਾਲਾ ਭਾਸ਼ਣ ਵੀ ਯਾਦ ਕਰਵਾਉਣਾ ਚਾਹੀਦਾ ਹੈ, ਜਿਸ ਵਿਚ ਉਨਾਂ ਨੇ ਹਿੰਦੂ ਸਮਾਜ ਦੀ ਸਖ਼ਤ ਆਲੋਚਨਾ ਕਰਨ ਵਾਲੇ ਸਮਾਜ ਸੁਧਾਰਕਾਂ ਦੀ ਗੱਲ ਭੁਲਾ ਕੇ ਉਨਾਂ ਨੂੰ 'ਹਿੰਦੂ ਚਿੰਤਕਾਂ' ਦੇ ਰੂਪ ਵਿਚ ਸਤਿਕਾਰਯੋਗ ਹਸਤੀਆਂ ਦੀ ਤਰਾਂ ਸਵੀਕਾਰਨ ਦਾ ਪ੍ਰੋਗਰਾਮ ਪੇਸ਼ ਕੀਤਾ ਸੀ।

ਸਮਝਣ ਦੀ ਗੱਲ ਇਹ ਹੈ ਕਿ ਹੁਣ ਸੰਘ ਪਰਿਵਾਰ ਆਪਣੇ ਪ੍ਰੋਜੈਕਟ ਦੇ ਦੂਜੇ ਪੜਾਅ ਵਿਚ ਹੈ। ਪਹਿਲਾ ਪੜਾਅ ਚੋਣਾਂ ਰਾਹੀਂ ਸੱਤਾ ਸਥਾਪਤ ਕਰਨ ਅਤੇ ਜਨਤਕ ਜੀਵਨ ਵਿਚ ਰਾਜਸੀ ਚਰਚਾ ਨੂੰ ਇਕ ਹੱਦ ਤੱਕ ਹਿੰਦੂਮੁਖੀ ਬਣਾਉਣ ਦਾ ਸੀ ਕਿ ਜੇਕਰ ਕਦੀ ਸੱਤਾ ਖੁੱਸ ਵੀ ਜਾਵੇ ਤਾਂ ਵੀ ਸੱਤਾ ਵਿਚ ਆਉਣ ਵਾਲੀਆਂ ਹੋਰ ਤਾਕਤਾਂ ਭਾਜਪਾ ਦੀ ਕਾਰਬਨ ਕਾਪੀ ਹੀ ਲੱਗਣ। ਦੂਜਾ ਪੜਾਅ ਆਗਿਆਪਾਲਕ ਸਮਾਜ ਬਣਾਉਣ ਦਾ ਹੈ। ਵਰਗ ਸੰਘਰਸ਼, ਜਾਤੀ ਸੰਘਰਸ਼, ਸਮਾਜ ਸੁਧਾਰਾਂ ਲਈ ਸੰਘਰਸ਼, ਬ੍ਰਾਹਮਣਵਾਦ ਦਾ ਵਿਰੋਧ, ਸਮਾਜਿਕ ਨਿਆਂ ਦੇ ਨਾਂਅ 'ਤੇ ਵੱਖ-ਵੱਖ ਟਕਰਾਅ ਅਤੇ ਇਸ ਨੂੰ ਰਾਖਵੇਂਕਰਨ ਦੀ ਮੰਗ ਨਾਲ ਘਟਾ ਦੇਣਾ, ਘੱਟ-ਗਿਣਤੀਆਂ ਦੇ ਅਧਿਕਾਰਾਂ ਦੀ ਲੜਾਈ, ਹੋਰ ਕਈ ਤਰਾਂ ਦੇ ਅਧਿਕਾਰਾਂ ਦੀ ਦਾਅਵੇਦਾਰੀ, ਲਿੰਗ ਡੈਮੋਕ੍ਰੇਸੀ ਲਈ ਸੰਘਰਸ਼, ਹਰ ਤਰਾਂ ਦੇ ਨਵੇਂ ਘਟਨਾਕ੍ਰਮ ਨੂੰ ਇਨਕਲਾਬ ਦੀ ਤੁਲਨਾ ਦੇਣ ਦਾ ਰਵੱਈਆ, ਇਹ ਪੂਰੀ ਭਾਸ਼ਾ ਉਦਾਰਤਾਵਾਦੀ ਲੋਕਤੰਤਰ ਦੇ ਦਾਇਰੇ ਵਿਚ ਟਕਰਾਅ ਵਾਲੀ ਰਾਜਨੀਤੀ ਦੀ ਹੈ, ਜਿਸ ਵਿਚ ਅਸੀਂ ਸਭ ਰੁੱਝ ਚੁੱਕੇ ਹਾਂ। ਸੰਘ ਵੀ ਲੋੜ ਪੈਣ 'ਤੇ ਟਕਰਾਅ ਵਾਲੀ ਰਾਜਨੀਤੀ ਅਤੇ ਸਫ਼ਬੰਦੀ ਕਰਦਾ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਨ ਰਾਮ ਜਨਮ ਭੂਮੀ ਅੰਦੋਲਨ ਹੈ। ਪਰ ਇਹ ਉਸ ਦੀ ਕਾਰਜਨੀਤੀ ਹੁੰਦੀ ਹੈ, ਦੀਰਘਕਾਲੀ ਰਣਨੀਤੀ ਅਤੇ ਵਿਚਾਰਧਾਰਾ ਨਹੀਂ। ਦਰਅਸਲ, ਸੰਘ ਪਰਿਵਾਰ ਇਸ ਟਕਰਾਅ ਵਾਲੀ ਭਾਸ਼ਾ ਨੂੰ ਮਿਲ ਚੁੱਕੀ ਚਰਚਾ ਅਤੇ ਵਿਵਹਾਰਕ ਵੈਧਤਾ ਨੂੰ ਖ਼ਤਮ ਕਰਨਾ ਚਾਹੁੰਦਾ ਹੈ। ਇਸ ਲਈ ਉਹ ਰਵਾਇਤ ਨੂੰ ਅੱਗੇ ਵਧਾਉਂਦਾ ਰਿਹਾ ਹੈ ਅਤੇ ਭਾਰਤੀ ਰਵਾਇਤਾਂ ਏਨੀਆਂ ਵੰਨ-ਸੁਵੰਨੀਆਂ ਹਨ ਕਿ ਉਨਾਂ ਵਿਚੋਂ ਆਪਣੇ ਵਿਚਾਰ ਦੇ ਪੱਖ ਵਿਚ ਕੁਝ ਨਾ ਕੁਝ ਲੱਭ ਲੈਣਾ ਸੌਖਾ ਹੈ। ਉਂਜ, ਇਹ ਉਸ ਦਾ ਕੋਈ ਨਵਾਂ ਵਿਚਾਰ ਨਹੀਂ ਹੈ।

ਜਿੱਥੋਂ ਤੱਕ ਕਿਸਾਨ ਅੰਦੋਲਨ ਦਾ ਤਾਲੁਕ ਹੈ, ਉਸ ਦੀ ਨਿਰੰਤਰਤਾ ਇਸ ਲਈ ਮਹੱਤਵਪੂਰਨ ਹੈ ਕਿ ਉਸ ਨੇ ਸੰਘ ਦੇ ਵਿਚਾਰਕ ਪ੍ਰਾਜੈਕਟ ਦੀ ਬੇਰੋਕ-ਟੋਕ ਯਾਤਰਾ ਨੂੰ ਇਕੋ ਝਟਕੇ ਵਿਚ ਰੋਕ ਦਿੱਤਾ ਹੈ। ਇਸ ਜ਼ਰੀਏ ਬਣਨ ਵਾਲਾ ਪ੍ਰਤੀਰੋਧ ਦਾ ਵਿਆਕਰਨ ਅਜੇ ਪੂਰੀ ਤਰਾਂ ਤਿਆਰ ਨਹੀਂ ਹੋਇਆ। ਪਰ ਇਸ ਕਾਰਨ ਨਵੇਂ ਚਰਚਿਆਂ ਦੀ ਗੁੰਜਾਇਸ਼ ਖੁੱਲੀ ਹੈ। ਨਵੀਆਂ ਸਮਾਜਿਕ-ਰਾਜਸੀ ਏਕਤਾਵਾਂ ਉੱਭਰੀਆਂ ਹਨ। ਇਤਿਹਾਸਕ ਦ੍ਰਿਸ਼ਟੀ ਨਾਲ ਵੇਖੀਏ ਤਾਂ ਇਹ ਕਿਸਾਨ ਅੰਦੋਲਨ ਵਿਵਸਥਾ ਅਤੇ ਉਸ ਦੀ ਸੰਚਾਲਕ ਸਰਕਾਰ ਵਲੋਂ ਦਿੱਤੀਆਂ ਗਈਆਂ ਪ੍ਰਤੱਖ ਅਤੇ ਅਪ੍ਰਤੱਖ ਇਜਾਜ਼ਤਾਂ ਨੂੰ ਤ੍ਰਿਸਕਾਰ ਨਾਲ ਵੇਖਦੇ ਹੋਏ ਅਵੱਗਿਆ ਦੀ ਉਸ ਰਵਾਇਤ ਨੂੰ ਮੁੜ ਸੁਰਜੀਤ ਕਰ ਰਿਹਾ ਹੈ ਜਿਸ ਦੀ ਰਚਨਾ ਗਾਂਧੀ ਦੀ ਅਗਵਾਈ ਵਿਚ ਉਪਨਿਵੇਸ਼ਵਾਦ ਵਿਰੋਧੀ ਅੰਦੋਲਨ ਵਿਚ ਹੋਈ ਸੀ। ਵਰਤਮਾਨ ਰਾਜਨੀਤਕ ਸਥਿਤੀ ਦੇ ਇਨਾਂ ਪਹਿਲੂਆਂ ਨੇ ਮਿਲ ਕੇ ਇਕ ਆਗਿਆ ਬਨਾਮ ਅਵੱਗਿਆ ਦੇ ਅੰਤਰ ਵਿਰੋਧ ਨੂੰ ਜਨਮ ਦਿੱਤਾ ਹੈ। ਵਿਵਸਥਾ 'ਤੇ ਕਾਬਜ਼ ਤਾਕਤਾਂ ਨੇ ਜੇਕਰ ਵੱਖ-ਵੱਖ ਸਮਾਜਿਕ ਸ਼ਕਤੀਆਂ ਦੀ ਸਹਿਮਤੀ ਪ੍ਰਾਪਤ ਕਰਕੇ ਇਸ ਨੂੰ ਛੇਤੀ ਹੱਲ ਨਾ ਕੀਤਾ ਤਾਂ ਲੋਕਤੰਤਰੀ ਪ੍ਰਣਾਲੀ ਉਵੇਂ ਹੀ ਸੰਕਟ ਵਿਚ ਫਸ ਸਕਦੀ ਹੈ ਜਿਵੇਂ 70 ਦੇ ਦਹਾਕੇ ਵਿਚ (ਸੰਪੂਰਨ ਇਨਕਲਾਬ ਅੰਦੋਲਨ ਤੋਂ ਲੈ ਕੇ ਐਮਰਜੈਂਸੀ ਤੱਕ) ਫਸੀ ਸੀ।

# ਭਾਰਤੀ ਵਿਦੇਸ਼ ਨੀਤੀ ਦੀ ਭਟਕਣ

**ਯੋਗੇਂਦਰ ਯਾਦਵ**

ਸ. ਜੈਸ਼ੰਕਰ ਦਾ ਕੰਮ ਵਾਕਈ ਬਹੁਤ ਔਖਾ ਹੈ। ਉਸ ਨੂੰ ਅਜਿਹੀ ਸਰਕਾਰ 'ਤੇ ਉਦਾਰਵਾਦ ਦਾ ਗਲਾਫ਼ ਚੜਾਉਣ ਦਾ ਕੰਮ ਸੌਂਪਿਆ ਗਿਆ ਹੈ ਜਿਸ ਨੂੰ ਉਦਾਰਵਾਦ ਦਾ ਊੜਾ ਵੀ ਨਹੀਂ ਆਉਂਦਾ। ਵਿਦੇਸ਼ ਮਾਮਲੇ ਤਾਂ ਕਾਹਦੇ ਸੰਭਾਲਣੇ ਹੋਏ, ਉਸ ਵਿਚਾਰੇ ਨੂੰ ਵਿਦੇਸ਼ੀ ਲੋਕ ਸੰਪਰਕ ਮਾਮਲੇ ਸੰਭਾਲਣੇ ਪੈ ਰਹੇ ਹਨ ਤਾਂ ਕਿ ਕੌਮਾਂਤਰੀ ਪਿੜ ਵਿਚ ਨਰਿੰਦਰ ਮੋਦੀ ਸਰਕਾਰ ਦੀ ਮਾੜੀ ਮੋਟੀ ਸਾਖ ਬਣੀ ਰਹੇ। ਘਰੇਲੂ ਮੀਡੀਆ ਜੇ ਪੂਰੀ ਤਰਾਂ ਸਰਕਾਰੀ ਨਾ ਵੀ ਹੋਵੇ ਪਰ ਜੀਹਦਾ ਵੱਡਾ ਹਿੱਸਾ ਦਰਬਾਰੀ ਹੋਵੇ ਤਾਂ ਵੀ ਇਸ ਨੂੰ 'ਸਾਮ ਦੰਡ ਦੀ ਕਲਾ' ਨਾਲ ਸੰਭਾਲਣਾ ਕੋਈ ਔਖਾ ਕੰਮ ਨਹੀਂ ਹੈ ਪਰ ਕੌਮਾਂਤਰੀ ਮੀਡੀਆ ਨੂੰ ਸੰਭਾਲਣਾ ਵਾਕਈ ਚੁਣੌਤੀਪੂਰਨ ਹੈ। ਇਸ ਲਈ ਜੇ ਵਿਦੇਸ਼ ਮੰਤਰੀ ਕੋਈ ਗ਼ਫ਼ਲਤ ਕਰ ਬੈਠਦੇ ਹਨ ਤਾਂ ਹਰਗਿਜ਼ ਉਨਾਂ ਦਾ ਕਸੂਰ ਨਹੀਂ ਗਿਣਿਆ ਜਾਣਾ ਚਾਹੀਦਾ।

ਜਿਵੇਂ ਉਨਾਂ ਪਿਛਲੇ ਦਿਨੀਂ 'ਇੰਡੀਆ ਟੂਡੇ' ਕਨਕਲੇਵ ਮੌਕੇ ਕਰ ਦਿੱਤਾ। ਕਿਸੇ ਨੇ ਉਨਾਂ ਤੋਂ ਲੋਕਤੰਤਰ ਦੀ ਦਰਜਾਬੰਦੀ ਕਰਨ ਵਾਲੀਆਂ ਦੋ ਮੋਹਰੀ ਏਜੰਸੀਆਂ ਵਲੋਂ ਭਾਰਤ ਦੀ ਦਰਜਾਬੰਦੀ ਘਟਾਏ ਜਾਣ ਬਾਰੇ ਪੁੱਛ ਲਿਆ। ਅਮਰੀਕਾ ਤੋਂ ਕੰਮ ਕਰਦੇ ਇਕ ਗ਼ੈਰ ਸਰਕਾਰੀ ਅਦਾਰੇ ਫਰੀਡਮ ਹਾਊਸ ਨੇ ਇਕ ਰਿਪੋਰਟ ਜਾਰੀ ਕੀਤੀ ਹੈ ਜਿਸ ਵਿਚ ਭਾਰਤ ਜੋ ਪਹਿਲਾਂ 'ਆਜ਼ਾਦ ਮੁਲਕਾਂ' ਦੀ ਸ਼੍ਰੇਣੀ ਵਿਚ ਸੀ, ਨੂੰ ਹੁਣ ਅੰਸ਼ਕ ਤੌਰ 'ਤੇ ਆਜ਼ਾਦ ਮੁਲਕਾਂ ਦੀ ਸ਼੍ਰੇਣੀ ਵਿਚ ਸ਼ੁਮਾਰ ਕੀਤਾ ਗਿਆ ਹੈ। ਸਵੀਡਨ ਆਧਾਰਤ ਵੈਰਾਇਟੀਜ਼ ਆਫ਼ ਡੈਮੋਕਰੇਸੀ (ਵੀ-ਡੈਮ) ਇੰਸਟੀਚਿਊਟ ਨੇ ਤਾਂ ਭਾਰਤ ਨੂੰ 'ਚੁਣਾਵੀ ਤਾਨਾਸ਼ਾਹੀ' ਦੇ ਵਰਗ ਵਿਚ ਰੱਖ ਦਿੱਤਾ ਹੈ। ਬੱਸ, ਫਿਰ ਕੀ ਸੀ ਮੰਤਰੀ ਸਾਬ ਜਵਾਬ ਭੜਕ ਪਏ ਤੇ ਕਹਿਣ ਲੱਗੇ: 'ਇਹ ਨਿਰਾ ਦੰਭ ਹੈ। ਕੁਝ ਲੋਕ ਦੁਨੀਆ ਦੇ ਆਪੂੰ ਬਣੇ ਠੇਕੇਦਾਰ ਹਨ ਜਿਨਾਂ ਲਈ ਇਹ ਹਜ਼ਮ ਕਰਨਾ ਔਖਾ ਹੈ ਕਿ ਭਾਰਤ ਵਿਚ ਬੈਠਾ ਕੋਈ ਸ਼ਖ਼ਸ ਉਨਾਂ ਤੋਂ ਹੁਕਮ ਲੈਣਾ ਪਸੰਦ ਨਹੀਂ ਕਰਦਾ, ਉਹ ਖੇਡ ਖੇਡਣੀ ਨਹੀਂ ਚਾਹੁੰਦਾ ਜੋ ਉਹ ਖੇਡਣੀ ਚਾਹੁੰਦੇ ਹਨ। ਇਸ ਲਈ ਉਨਾਂ ਆਪਣੇ ਨੇਮ ਘੜ ਲਏ ਹਨ, ਆਪਣੇ ਪੈਮਾਨੇ ਬਣਾ ਰੱਖੇ ਹਨ, ਉਹ ਆਪਣੇ ਫਤਵੇ ਜਾਰੀ ਕਰਦੇ ਹਨ ਅਤੇ ਇਸ ਨੂੰ ਇਸ ਤਰਾਂ ਪੇਸ਼ ਕਰਦੇ ਹਨ ਜਿਵੇਂ ਇਹ ਕਿਸੇ ਕਿਸਮ ਦੀ ਕੋਈ ਆਲਮੀ ਕਵਾਇਦ ਹੋਵੇ।'

ਹੁਣ ਜੈਸ਼ੰਕਰ ਜੀ ਇਹ ਤਾਂ ਜਾਣਦੇ ਹੀ ਹੋਣਗੇ ਕਿ ਸੂਝਵਾਨ ਬੰਦਿਆਂ ਵਾਲੇ ਤਰਕਬਾਣੀ ਵਿਚ ਦਲੀਲ ਦੇ ਤੌਰ 'ਤੇ ਕੁਝ ਬੁਨਿਆਦੀ ਝੂਠ ਬੋਲਣ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਇਸ ਸੂਚੀ ਵਿਚ ਸਭ ਤੋਂ ਉਪਰ ਹੈ ਇਕ ਲਾਤੀਨੀ ਕਹਾਵਤ ਜਿਸ ਦਾ ਮਤਲਬ ਹੈ ਕਿ 'ਇਹ ਬੰਦੇ ਦੇ ਖਿਲਾਫ਼ ਹਨ'। ਇਹ ਉਦੋਂ ਵਾਪਰਦੀ ਹੈ ਜਦੋਂ ਕੋਈ ਤਾਰਕਿਕ ਦਲੀਲਾਂ ਦੀ ਥਾਂ ਅਜਿਹੇ ਨਿੱਜੀ ਲੱਛਣਾਂ, ਪਿਛੋਕੜ ਜਾਂ ਗੱਲਾਂ ਦਾ ਹਵਾਲਾ ਦੇਣਾ ਸ਼ੁਰੂ ਕਰ ਦੇਵੇ ਜਿਨਾਂ ਦਾ ਉਸ ਮੁੱਦੇ ਨਾਲ ਕੋਈ ਲਾਗਾ-ਦੇਗਾ ਹੀ ਨਾ ਹੋਵੇ।

ਇਸ ਦਾ ਮੰਤਵ ਦੰਭਪੁਣੇ ਬਾਰੇ ਜੈਸ਼ੰਕਰ ਦੇ ਦੋਸ਼ ਨੂੰ ਝੁਠਲਾਉਣਾ ਹਰਗਿਜ਼ ਨਹੀਂ ਹੈ। ਬਿਨਾਂ ਸ਼ੱਕ, ਯੂਰਪ ਜਾਂ ਉੱਤਰੀ ਅਮਰੀਕਾ ਨੂੰ ਲੋਕਤੰਤਰ ਦੇ ਪ੍ਰਮਾਣ ਪੱਤਰ ਵੰਡਣ ਦਾ ਕੋਈ ਹੱਕ ਨਹੀਂ ਹੈ। ਨਾ ਸਿਰਫ ਇਸ ਲਈ ਕਿ ਉਨਾਂ ਦੇ ਸਰਟੀਫਿਕੇਟ ਯਕੀਨਨ ਉਨਾਂ ਦੀ ਵਿਦੇਸ਼ ਨੀਤੀ ਅਤੇ ਆਰਥਿਕ ਹਿੱਤਾਂ ਨਾਲ ਜੁੜੇ ਹੁੰਦੇ ਹਨ ਸਗੋਂ ਉਨਾਂ ਦੇ ਆਪਣੇ ਲੋਕਤੰਤਰਾਂ ਵਿਚ ਵੀ ਗਹਿਰੇ ਨੁਕਸ ਹਨ। ਅਮਰੀਕਾ ਵਲੋਂ ਜਿਨਾਂ ਨਿਰੰਕੁਸ਼ ਸ਼ਾਸਨਾਂ ਦੀ ਪੁਸ਼ਤਪਨਾਹੀ ਅਤੇ ਹਮਾਇਤ ਕੀਤੀ ਜਾਂਦੀ ਰਹੀ ਹੈ, ਉਨਾਂ ਦੀ ਸੂਚੀ ਬਹੁਤ ਲੰਮੀ ਹੈ। ਇਸ ਤੋਂ ਇਲਾਵਾ, ਫਰੀਡਮ ਹਾਊਸ ਅਤੇ ਵੀ-ਡੈਮ ਦੇ ਲੋਕਤੰਤਰ ਦੀ ਦਰਜਾਬੰਦੀ ਦੇ ਮਿਆਰ ਕੋਈ ਖਰੇ ਸੋਨੇ ਦੇ ਨਹੀਂ ਬਣੇ ਹੋਏ। ਲੋਕਤੰਤਰ ਦਾ ਕਿਸੇ ਵੀ ਕਿਸਮ ਦਾ ਨਾਪਤੋਲ ਜਾਂ ਫਿਰ ਵਰਗੀਕਰਨ ਯਕੀਨਨ ਇਕ ਸਬਜੈਕਟਿਵ ਕਵਾਇਦ ਹੁੰਦੀ ਹੈ ਜਿਸ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ। ਪਰ ਸਬਜੈਕਟਿਵ ਹੋਣ ਦਾ ਮਤਲਬ ਆਪ-ਮੁਹਾਰਾ ਹੋਣਾ ਹਰਗਿਜ਼ ਨਹੀਂ ਹੁੰਦਾ ਤੇ ਨਾ ਹੀ ਲਾਜ਼ਮੀ ਹੈ ਕਿ ਇਹ ਪੱਖਪਾਤੀ ਵੀ ਹੋਵੇ। ਜੇ ਪ੍ਰੀਖਿਆ ਵਿਚ ਸਾਹਿਤ ਦੇ ਲੇਖਾਂ ਦਾ ਅੰਕਾਂ ਦੇ ਲਿਹਾਜ਼ ਤੋਂ ਮੁਲਾਂਕਣ ਕੀਤਾ ਜਾ ਸਕਦਾ ਹੈ ਤਾਂ ਇਸੇ ਤਰਾਂ ਲੋਕਤੰਤਰ ਦਾ ਵੀ ਕੀਤਾ ਜਾ ਸਕਦਾ ਹੈ। ਜੈਸ਼ੰਕਰ ਨੂੰ ਪਤਾ ਹੋਵੇਗਾ ਕਿ ਫਰੀਡਮ ਹਾਊਸ ਤੇ ਵੀ-ਡੈਮ ਨੇ ਉਸ ਦੀ ਸਰਕਾਰ ਦੀ ਹੇਠੀ ਕਰਨ ਲਈ ਲੋਕਤੰਤਰੀ ਦੀ ਦਰਜਾਬੰਦੀ ਜਾਂ ਵਰਗੀਕਰਨ ਦੀ ਈਜ਼ਾਦ ਨਹੀਂ ਕੀਤੀ। ਉਹ ਕਾਫੀ ਲੰਮੇ ਸਮੇਂ ਤੋਂ ਬਹੁਤ ਸਾਰੇ ਮੁਲਕਾਂ ਵਿਚ ਲੋਕਤੰਤਰ ਦੀ ਦਰਜਾਬੰਦੀ ਦੀਆਂ ਹਰ ਸਾਲ ਰਿਪੋਰਟਾਂ ਨਸ਼ਰ ਕਰਦੇ ਹਨ। ਇਨਾਂ ਦੋ ਏਜੰਸੀਆਂ ਤੋਂ ਇਲਾਵਾ ਕੁਝ ਹੋਰਨਾਂ ਵਲੋਂ ਵੀ ਇਸੇ ਤਰਾਂ ਦੀ ਦਰਜਾਬੰਦੀ ਕੀਤੀ ਜਾਂਦੀ ਹੈ। ਭਾਰਤ ਪਿਛਲੇ ਸਾਲਾਂ ਤੋਂ ਲੋਕਤੰਤਰ ਦੀ ਹਰੇਕ ਦਰਜਾਬੰਦੀ ਵਿਚ ਪਛੜਦਾ ਆ ਰਿਹਾ ਹੈ।

ਬਿਨਾਂ ਸ਼ੱਕ, ਇਹ ਸਾਰੀ ਦੀਆਂ ਸਾਰੀਆਂ ਦਰਜਾਬੰਦੀਆਂ ਲੋਕਤੰਤਰ ਬਾਰੇ ਪੱਛਮੀ ਉਦਾਰਵਾਦੀ ਸੋਚ ਵਲੋਂ ਤਿਆਰ ਕੀਤੀਆਂ ਜਾਂਦੀਆਂ ਹਨ। ਤਾਂ ਵੀ ਕਿਸੇ ਲਈ ਇਸ ਕਿਸਮ ਦਾ ਕਿਆਸ ਲਾਉਣ ਦਾ ਕੋਈ ਬਹਾਨਾ ਨਹੀਂ ਬਣਦਾ ਕਿ ਇਹ ਸਭ ਕੁਝ ਭਾਰਤ ਖਿਲਾਫ਼ ਚੱਲ ਰਹੀ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ ਹੈ। ਤੱਥ ਬਿਲਕੁਲ ਉਲਟ ਕਹਿ ਰਹੇ ਹਨ। ਨਰਿੰਦਰ ਮੋਦੀ ਤੋਂ ਪਹਿਲਾਂ ਕਿਸੇ ਵੀ ਪ੍ਰਧਾਨ ਮੰਤਰੀ ਨੇ ਆਪਣੀ ਭੱਲ ਬਣਾਉਣ ਲਈ ਭਾਰਤ ਤੋਂ ਬਾਹਰ ਕਦੇ ਇੱਦਾਂ ਦੇ ਮੇਲੇ ਨਹੀਂ ਲਗਵਾਏ ਸਨ। ਕਿਸੇ ਵੀ ਸਰਕਾਰ ਦੇ ਮੁਖੀ ਨੇ ਅਮਰੀਕੀ ਰਾਸ਼ਟਰਪਤੀ ਨੂੰ ਖੁਸ਼ ਕਰਨ ਲਈ ਇੰਨਾ ਜ਼ੋਰ ਨਹੀਂ ਲਾਇਆ ਸੀ ਜਿੰਨਾ ਮੋਦੀ ਨੇ ਡੋਨਲਡ ਟਰੰਪ ਨੂੰ ਖੁਸ਼ ਕਰਨ ਲਈ ਲਾਇਆ। ਭਾਰਤ ਦੇ ਸਰਕਾਰੀ ਅਧਿਕਾਰੀਆਂ ਨੇ ਕਦੇ ਵੀ ਆਪਣੇ ਅੰਕੜਿਆਂ ਦੀ ਥਾਂ ਕੌਮਾਂਤਰੀ ਮੁਦਰਾ ਕੋਸ਼ ਦੇ ਅੰਕੜਿਆਂ ਨੂੰ ਕਦੇ ਵੀ ਇਸ ਤਰਾਂ ਤਰਜੀਹ ਨਹੀਂ ਦਿੱਤੀ ਜਿਵੇਂ ਇਸ ਸਰਕਾਰ ਵੇਲੇ ਦਿੱਤੀ ਗਈ ਹੈ। ਬਸਤੀਵਾਦੀ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨ ਤੋਂ ਲੈ ਕੇ ਹੁਣ ਤੱਕ ਕਿਸੇ ਭਾਰਤੀ ਸਰਕਾਰ ਨੇ ਪੱਛਮ ਦੇ ਪ੍ਰਮਾਣ ਪੱਤਰ ਲੈਣ ਲਈ ਕਦੇ ਐਨੇ ਪਾਪੜ ਨਹੀਂ ਵੇਲੇ ਜਿੰਨੇ ਇਸ ਸਰਕਾਰ ਨੇ ਵੇਲੇ ਹਨ।

ਇਸ ਕਿਸਮ ਦੀਆਂ ਦਰਜਾਬੰਦੀਆਂ 'ਤੇ ਇਮਾਨਦਾਰੀ ਅਤੇ ਬੁੱਧੀਮਾਨੀ ਨਾਲ ਕਿੰਤੂ ਕਰਨ ਦਾ ਇਕਮਾਤਰ ਢੰਗ ਇਹ ਹੋਵੇਗਾ ਕਿ ਇਨਾਂ ਦਾ ਤੱਥਾਂ ਨਾਲ ਟਾਕਰਾ ਕੀਤਾ ਜਾਂਦਾ। ਜੈਸ਼ੰਕਰ ਬੱਸ ਇਕ ਹੀ ਤੱਥ ਰੱਖ ਸਕਦੇ ਸਨ, ਉਹ ਇਹ ਕਿ ਭਾਰਤ ਵਿਚ ਹਾਰੀਆਂ ਹੋਈਆਂ ਪਾਰਟੀਆਂ ਸਮੇਤ ਹਰ ਕੋਈ ਚੋਣ ਨਤੀਜਿਆਂ ਨੂੰ ਪ੍ਰਵਾਨ ਕਰਦਾ ਹੈ। ਪਰ ਉਹ ਭੁੱਲ ਗਏ ਕਿ ਇਸ ਦਾ ਅਤਿ ਲੋੜੀਂਦਾ ਕਰਾਰਾ ਜਵਾਬ ਟਰੰਪ 'ਤੇ ਮੂੰਹ 'ਤੇ ਹੈ ਪੈਣਾ ਸੀ, ਜਿਸ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਵੋਟਰਾਂ ਕੋਲ ਖੁਦ ਸਿਫ਼ਾਰਸ਼ ਕੀਤੀ ਸੀ। ਇਸ ਤੋਂ ਇਲਾਵਾ, ਇਹ ਤੱਥ ਸਿਰਫ਼ ਵੋਟਾਂ ਦੀ ਗਿਣਤੀ ਅਤੇ ਵੱਧ ਤੋਂ ਵੱਧ ਚੋਣ ਪ੍ਰਕਿਰਿਆ ਦੀ ਪ੍ਰਮਾਣਿਕਤਾ ਕਰਦਾ ਹੈ। ਇਹ ਅਜੋਕੇ ਭਾਰਤ ਵਿਚ ਸ਼ਹਿਰੀ ਅਜ਼ਾਦੀਆਂ ਦੀ ਦੁਰਦਸ਼ਾ, ਜਮਹੂਰੀ ਸੰਸਥਾਵਾਂ 'ਤੇ ਕਬਜ਼ੇ, ਮੀਡੀਆ, ਨਿਆਂਪਾਲਿਕਾ ਅਤੇ ਹੋਰਨਾਂ ਨਿਗਰਾਨ ਅਦਾਰਿਆਂ ਦੀ ਆਜ਼ਾਦੀ ਨੂੰ ਲੱਗੇ ਖੋਰੇ, ਸਿਆਸੀ ਵਿਰੋਧੀਆਂ 'ਤੇ ਹੋ ਰਹੇ ਹਮਲਿਆਂ ਅਤੇ ਅਸਹਿਮਤੀ ਦੇ ਅਪਰਾਧੀਕਰਨ ਨੂੰ ਲੈ ਕੇ ਫੈਲੀ ਵਿਆਪਕ ਬੇਚੈਨੀ ਦਾ ਖੰਡਨ ਨਹੀਂ ਕਰਦਾ। ਅਸਲ ਵਿਚ ਭਾਰਤ ਨੂੰ ਇਕ ਚੁਣਾਵੀ ਤਾਨਾਸ਼ਾਹੀ ਕਰਾਰ ਦੇਣ ਦਾ ਪੂਰਾ ਨੁਕਤਾ ਇਹ ਹੈ: ਚੋਣਾਂ ਘੱਟ ਜਾਂ ਵੱਧ ਸਾਫ਼ ਸੁਥਰੇ ਢੰਗ ਨਾਲ ਹੁੰਦੀਆਂ ਹਨ ਪਰ ਦੋ ਚੋਣਾਂ ਦੇ ਅਰਸੇ ਵਿਚਕਾਰ ਦੇਸ ਗ਼ੈਰ-ਜਮਹੂਰੀ ਹੀ ਬਣਿਆ ਰਹਿੰਦਾ ਹੈ। ਅਣਜਾਣਪੁਣੇ ਵਿਚ ਹੀ ਜੈਸ਼ੰਕਰ ਨੇ ਇਹ ਨੁਕਤਾ ਪ੍ਰਵਾਨ ਕਰ ਲਿਆ ਹੈ। ਜਾਂ ਦੂਜਾ ਰਾਹ ਇਹ ਹੋਣਾ ਸੀ ਕਿ ਲੋਕਤੰਤਰ ਨੂੰ ਮਾਪਣ ਦਾ ਕੋਈ ਬਦਲਵਾਂ ਢੰਗ ਦਿਖਾਇਆ ਜਾਂਦਾ। ਅਖ਼ਬਾਰ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲਾ ਸ਼ਾਇਦ ਲੋਕਤੰਤਰੀ ਰਾਜਾਂ ਦੀ ਆਲਮੀ ਦਰਜਾਬੰਦੀ ਲਈ ਕਿਸੇ ਸੁਤੰਤਰ ਭਾਰਤੀ ਥਿੰਕ ਟੈਂਕ ਦੀ ਹਮਾਇਤ ਕਰ ਸਕਦਾ ਹੈ। ਕਿਸੇ ਹੋਰ ਵਕਤ ਇਸ ਕਿਸਮ ਦੀ ਗ਼ੈਰ-ਪੱਛਮੀ ਬੌਧਿਕ ਖਾਹਸ਼ ਦੀ ਮਿਸਾਲ ਦੀ ਜ਼ਰੂਰ ਦਾਦ ਦਿੱਤੀ ਜਾਣੀ ਸੀ ਪਰ ਅੱਜ ਦੇ ਸੰਦਰਭ ਵਿਚ ਪੱਛਮੀ ਸਿਆਸੀ ਦਰਸ਼ਨ ਦੀ ਧਾਂਕ ਨੂੰ ਚੁਣੌਤੀ ਦੇਣ ਦਾ ਇਹ ਨੁਸਖਾ ਕਰਨਲ ਗੱਦਾਫ਼ੀ ਦੀ ਗਰੀਨ ਬੁੱਕ ਦਾ ਹੀ ਇਕ ਹੋਰ ਸੰਸਕਰਨ ਆਖਿਆ ਜਾਵੇਗਾ।

# ਜਾਗਦੀਆਂ ਜਮੀਰਾਂ ਹੋਣ ਦਾ ਦਿਓ ਸਬੂਤ

## ✪ ਸੋਸ਼ਲ ਮੀਡੀਆ ਰਾਹੀ ਦੱਬ ਕੇ ਕਰੋ ਸ਼ੇਅਰ ✪ ਸ਼ਹੀਦ ਨਵਰੀਤ ਦੇ ਦਾਦਾ ਜੀ ਦੀ ਸਾਡੇ ਨਾਂ ਲਿਖੀ ਇਸ ਖੁੱਲੀ ਚਿੱਠੀ ਨੂੰ

**ਹਰਦੀਪ ਸਿੰਘ ਡਿਬਡਿਬਾ**

97838-00014

**ਪੰਜਾਬ ਦੇ ਮੇਰੇ ਜੂਝਾਰੂ ਨੌਜਵਾਨ ਪੁੱਤਰਾਂ ਅਤੇ ਪਿਆਰੀਆਂ ਧੀਆਂ ਨੂੰ ਬਹੁਤ ਬਹੁਤ ਪਿਆਰ**

ਅੱਜ ਮੈਂ ਆਪਣੇ ਵੈਰਾਗ ਨਾਲ ਭਿੱਜੇ ਹੋਏ ਦਿਲ ਅੰਦਰੋਂ ਤੁਹਾਨੂੰ ਇੱਕ ਅਵਾਜ਼ ਦੇ ਰਿਹਾ ਹਾਂ ਜੋ ਮੇਰਾ ਇੱਕ ਫ਼ਰਜ਼ ਅਤੇ ਸਮੇਂ ਦੀ ਮੁੱਖ ਲੋੜ ਵੀ ਹੈ। ਮੇਰੀ ਜਵਾਨੀ, ਮੇਰਾ ਭਵਿੱਖ ਅਤੇ ਮੇਰੇ ਬੁਢਾਪੇ ਦੀ ਡੰਗੋਰੀ ਯਾਨੀ ਮੇਰਾ ਪੋਤਰਾ ਨਵਰੀਤ ਜਿਹੜਾ ਕਦੇ ਸਿਰਫ ਮੇਰਾ ਅਤੇ ਮੇਰੇ ਪਰਿਵਾਰ ਦਾ ਹੀ ਇੱਕ ਹਿੱਸਾ ਸੀ, ਪਿਛਲੇ ਦਿਨੀਂ 26 ਜਨਵਰੀ ਨੂੰ ਕਿਸਾਨੀ ਸੰਘਰਸ਼ ਵਿੱਚ ਆਪਣੀ ਜਾਨ ਦੀ ਕੁਰਬਾਨੀ ਦੇਣ ਸਦਕਾ ਅੱਜ ਪੂਰੇ ਸਮਾਜ ਅਤੇ ਸਮੁੱਚੀ ਲੋਕਾਈ ਦਾ ਪੁੱਤਰ ਬਣ ਚੁੱਕਾ ਹੈ। ਸਰਬ ਸਾਂਝੇ ਮੋਰਚੇ ਲਈ ਆਪਣੇ ਪ੍ਰਾਣਾਂ ਦੀ ਅਹੂਤੀ ਦੇਣ ਵਾਲੇ ਉਸ ਫਰਜ਼ੰਦ ਦਾ ਮੈਂ ਦਾਦਾ ਹੋਣ ਦੀ ਬਦੌਲਤ ਅੱਜ ਪੰਜਾਬ ਦੀ ਸਮੁੱਚੀ ਨੌਜਵਾਨੀ ਦਾ ਵੀ ਦਾਦਾ ਹੋਣ ਦਾ ਮਾਣ ਮਹਿਸੂਸ ਕਰ ਰਿਹਾ ਹਾਂ।ਇਸ ਲਈ ਮੇਰਾ ਹੁਣ ਇਹ ਮੁੱਢਲਾ ਫਰਜ਼ ਬਣਦਾ ਹੈ ਕਿ ਨਵਰੀਤ ਸਮੇਤ ਸਮੁੱਚੇ ਕਿਸਾਨ ਮੋਰਚੇ ਦੇ ਸ਼ਹੀਦ ਜੋ ਮੇਰੇ ਤਨ ਅਤੇ ਮਨ ਅੰਦਰ ਜੋਸ਼ ਅਤੇ ਹਿੰਮਤ ਭਰਦੇ ਹੋਏ ਸੰਘਰਸ਼ ਰੂਪੀ ਜੋਤ ਜਗਾ ਕੇ ਸਾਨੂੰ ਸਦਾ ਲਈ ਅਲਵਿਦਾ ਕਹਿ ਗਏ ਹਨ, ਮੈਂ ਉਸ ਜੋਤ ਨੂੰ ਹੁਣ ਤੁਹਾਡੇ ਸਹਿਯੋਗ ਨਾਲ ਜਗਦੀ ਰੱਖਣਾ ਚਾਹੁੰਦਾ ਹਾਂ। ਇਸ ਲਈ ਮੇਰਾ ਵਿਸ਼ਵਾਸ ਹੈ ਕਿ ਇਸ ਜੋਤ ਨੂੰ ਸੰਭਾਲਣ ਲਈ ਮੇਰੀਆਂ ਹੀ ਦੋ ਬਾਹਾਂ ਨਹੀਂ ਤੁਹਾਡੀਆਂ ਲੱਖਾਂ ਕਰੋੜਾਂ ਬਾਹਾਂ ਮੇਰਾ ਸਹਾਰਾ ਬਣਨਗੀਆਂ ਜਿਨਾਂ ਵਿਚੋਂ ਮੈਨੂੰ ਹਮੇਸ਼ਾ ਆਪਣਾ ਨਵਰੀਤ ਨਜ਼ਰ ਆਵੇਗਾ, ਕਿਉਂਕਿ ਦੁਨਿਆਵੀ ਤੌਰ 'ਤੇ ਆਮ ਕਰਕੇ ਕਿਸੇ ਆਪਣੇ ਦਾ ਚਲੇ ਜਾਣਾ ਸਾਨੂੰ ਤੋੜ, ਝੰਜੋੜ ਜਾਂਦਾ ਹੈ ਪਰ ਨਵਰੀਤ ਆਪਣੀ ਸ਼ਹਾਦਤ ਸਦਕਾ ਮੈਨੂੰ ਹਮੇਸ਼ਾ-ਹਮੇਸ਼ਾ ਲਈ ਤੁਹਾਡੇ ਨਾਲ ਜੋੜ ਗਿਆ ਹੈ। ਇਸ ਲਈ ਮੇਰੇ ਨੌਜਵਾਨ ਪੁੱਤਰੋ ਅਤੇ ਧੀਓ, ਆਓ ਨਵਰੀਤ ਸਮੇਤ ਅੱਜ ਤੱਕ ਦੇ ਸਮੁੱਚੇ ਕਿਸਾਨ ਸ਼ਹੀਦਾਂ ਦੀ ਸ਼ਹਾਦਤ ਨੂੰ ਆਪਣੇ ਮਨਾਂ ਅੰਦਰ ਵਸਾ ਕੇ ਕਾਲੇ ਕਾਨੂੰਨ ਰੱਦ ਕਰਵਾਉਣ ਦੇ ਅਧੂਰੇ ਮਿਸ਼ਨ ਨੂੰ ਫਤਹਿ ਕਰਨ ਲਈ ਨੌਜਵਾਨ-ਕਿਸਾਨ ਮੋਰਚਾ ਇਕਜੁੱਟਤਾ ਦੇ ਨੇਕ ਵਿਚਾਰਾਂ ਅਤੇ ਉਸਾਰੂ ਸੋਚ ਨਾਲ ਜੁੜੀਏ। ਇਸ ਲਈ ਵਰਤਮਾਨ ਸਮੇਂ ਦੀ ਵੰਗਾਰ ਨੂੰ ਕਬੂਲ ਕਰਦੇ ਹੋਏ ਇਕ ਵਾਰ ਫਿਰ ਦੋ ਪੀੜੀਆਂ ਦੇ ਟੁੱਟ ਚੁੱਕੇ ਸੁਮੇਲ ਜਿਸ ਦੀ ਮੁੱਖ ਜ਼ੁੰਮੇਵਾਰ ਕੇਂਦਰ ਦੀ ਤਾਨਾਸ਼ਾਹੀ ਸਰਕਾਰ ਹੈ, ਆਪਣੀ ਸੂਝ-ਬੂਝ ਅਤੇ ਪਿਆਰ ਦੇ ਸਦਕਾ ਇਕਸਾਰ ਤੇ ਮਜ਼ਬੂਤ ਕਰੀਏ। ਸੰਘਰਸ਼ ਦੇ ਰਾਹ ਚੱਲਦੇ ਹੋਏ ਕਾਲੇ ਕਾਨੂੰਨ ਰੱਦ ਕਰਵਾਉਣ ਤੋਂ ਪਹਿਲਾਂ ਪੈਦਾ ਹੋਏ ਇਸ ਖਲਾਅ ਨੂੰ ਦੂਰ ਕਰਨਾ ਹੀ ਸਾਡੀ ਸਫਲਤਾ ਦਾ ਮੁੱਖ ਦੁਆਰ ਹੈ ਕਿਉਂਕਿ ਜੇ ਅਸੀਂ ਅੱਜ ਇਸ ਚਣੌਤੀ ਨੂੰ ਨਾ ਕਬੂਲਿਆ ਤਾਂ ਇੱਕ ਵਾਰ ਫਿਰ ਸਾਡੀ ਗਿਣਤੀ ਮੂਕ ਦਰਸ਼ਕਾਂ ਵਿਚ ਗਿਣੀਂ ਜਾਵੇਗੀ ਅਤੇ ਅਸੀਂ ਭਵਿੱਖ ਲਈ ਕੁਝ ਵੀ ਕਰਨ ਤੋਂ ਸਦਾ ਲਈ ਬੇਵੱਸ ਹੋ ਜਾਵਾਂਗੇ। ਮੈਂ ਤੁਹਾਡਾ ਬਜ਼ੁਰਗ ਹੋਣ ਦੇ ਨਾਤੇ ਅਤੇ ਕਿਸਾਨ ਮੋਰਚੇ ਅੰਦਰ ਪਏ ਇਸ ਪਾੜੇ ਨੂੰ ਖਤਮ ਕਰਨ ਲਈ ਹੁਕਮਰਾਨ ਦੀ ਇਸ ਵੰਗਾਰ ਨੂੰ ਕਬੂਲਦਾ ਹੋਇਆ ਸਮੁੱਚੀ ਨੌਜਵਾਨੀ ਤੋਂ ਆਸਵੰਦ ਹਾਂ। 25 ਮਾਰਚ ਨੂੰ ਮੋਗੇ ਤੋਂ ਦਿੱਲੀ ਵੱਲ ਰਵਾਨਾ ਹੋਣ ਵਾਲਾ ਇਹ ਕਾਫਲਾ ਮੇਰੇ ਲਈ ਤੁਹਾਡੇ ਭਰੋਸੇ ਅਤੇ ਜਜ਼ਬੇ ਦਾ ਅਹਿਮ ਪ੍ਰਤੀਕ ਹੋਵੇਗਾ।

ਇਸ ਲਈ ਮੇਰੀ ਸਮੁੱਚੀ ਨੌਜਵਾਨੀ ਨੂੰ ਅਪੀਲ ਹੈ ਕਿ ਜਿਹੜੇ ਕਾਨੂੰਨ ਰੱਦ ਕਰਵਾਉਣ ਲਈ ਦੇਸ਼ ਦਾ ਅੰਨਦਾਤਾ ਸੰਘਰਸ਼ ਦੇ ਰਾਹ ਤੁਰਿਆ ਹੋਇਆ ਹੈ ਉਹ ਕਾਲੇ ਕਾਨੂੰਨ ਅੱਜ ਵੀ ਜਿਉਂ ਦੇ ਤਿਉਂ ਹਨ। ਕਿਸੇ ਵਕਤ ਕਿਸਾਨੀ ਮੋਰਚੇ ਨੇ ਸਾਡੇ ਮਨਾਂ ਅੰਦਰ ਇਕ ਵਿਲੱਖਣ ਸੋਚ ਪੈਦਾ ਕੀਤੀ ਜਿਸ ਸਕਦਾ ਨੌਜਵਾਨ ਬਜ਼ੁਰਗ ਬਾਰੇ ਅਤੇ ਬਜ਼ੁਰਗ ਆਪਣੇ ਨੌਜਵਾਨ ਬਾਰੇ ਸੋਚਦਾ ਸੀ। ਇਸ ਲਈ ਜਿਵੇਂ-ਜਿਵੇਂ ਸਾਡੇ ਮਨਾਂ ਵਿਚੋਂ ਇੱਕ ਦੂਜੇ ਪ੍ਰਤੀ ਪੈਦਾ ਹੋਈ ਬੇ-ਵਿਸ਼ਵਾਸੀ ਖਤਮ ਹੁੰਦੀ ਜਾਏਗੀ ਤਿਵੇਂ-ਤਿਵੇਂ ਸਰਕਾਰ ਤੇ ਕਿਸਾਨ ਮੋਰਚੇ ਵਿਰੋਧੀ ਅਨਸਰਾਂ ਵੱਲੋਂ ਸਾਡੇ ਦਰਮਿਆਨ ਪਾਇਆ ਹੋਇਆ ਪਾੜਾ ਵੀ ਮਿਟਣਾ ਸ਼ੁਰੂ ਹੋ ਜਾਵੇਗਾ ਤੇ ਅਸੀ ਜੋਸ਼ ਅਤੇ ਹੋਸ਼ ਦੇ ਸੁਮੇਲ ਨਾਲ ਇਨਾਂ ਕਾਲੇ ਕਾਨੂੰਨਾਂ ਨੂੰ ਕੇਵਲ ਰੱਦ ਕਰਵਾ ਕੇ ਸਰੀਰਕ ਅਜ਼ਾਦੀ ਦਾ ਹੀ ਨਹੀਂ ਸਗੋਂ ਮਾਨਸਿਕ ਅਜ਼ਾਦੀ ਦਾ ਵੀ ਨਿੱਘ ਮਾਣ ਸਕਾਂਗੇ। ਕਿਉਂਕਿ ਸਰੀਰਕ ਅਜ਼ਾਦੀ ਤਾਂ ਕੁਝ ਸਮੇਂ ਲਈ ਹੋ ਸਕਦੀ ਹੈ ਪਰ ਮਾਨਸਿਕ ਅਜ਼ਾਦੀ ਤਾਂ ਸਦੀਵੀ ਹੁੰਦੀ ਹੈ। ਇਸ ਲਈ ਕਿਸਾਨੀ ਨੂੰ ਆਧਾਰ ਬਣਾ ਕੇ ਇਕਮੁੱਠ ਹੋ ਕੇ ਏਕਤਾ ਦਾ ਪ੍ਰਗਟਾਵਾ ਕਰੀਏ, ਕਿਉਂਕਿ ਕੋਈ ਵੀ ਕ੍ਰਾਂਤੀ ਬਿਨਾਂ ਕਿਸੇ ਮਕਸਦ ਦੇ ਸਫਲ ਨਹੀਂ ਹੋ ਸਕਦੀ। ਇਸ ਲਈ ਮੈਂ ਚਾਹੁੰਦਾ ਹਾਂ ਕਿ ਕਿਸਾਨੀ ਸੰਘਰਸ਼ ਦੇ ਅਧਾਰਤ ਸਿੰਘੂ, ਟਿੱਕਰੀ, ਗਾਜ਼ੀਪੁਰ ਬਾਰਡਰਾਂ 'ਤੇ ਤਿਆਰ ਕੀਤੇ ਗਏ ਪਲੇਟਫਾਰਮ ਵਿੱਚ ਆਪਾਂ ਸਾਰੇ ਰਲ-ਮਿਲ ਕੇ ਆਪਣੀ ਜਿੱਤ ਪ੍ਰਾਪਤ ਕਰੀਏ।ਸਾਨੂੰ ਸਾਰਿਆਂ ਨੂੰ ਇਸ ਲਈ ਮਿਲ ਕੇ ਹੰਭਲਾ ਮਾਰਨ ਦੀ ਲੋੜ ਹੈ, ਕਿਉਂਕਿ ਪੰਜਾਬੀ ਪੂਰੀ ਦੁਨੀਆਂ ਵਿਚ ਆਪਣੇ ਸਾਹਸ ਅਤੇ ਹਿੰਮਤ ਲਈ ਪ੍ਰਸਿੱਧ ਹਨ। ਸਾਡਾ ਜਿਉਂਦਾ ਜਾਗਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕੋਈ ਅਜ਼ਾਦੀ ਦੀ ਲਹਿਰ ਉੱਠੀ ਹੈ ਤਾਂ ਉਹ ਪੰਜਾਬ ਦੀ ਧਰਤੀ ਤੋਂ ਹੀ ਉੱਠੀ ਹੈ।ਇਸ ਲਈ ਆਪਣੇ ਇਤਿਹਾਸ ਦੇ ਦੀਵੇ ਨੂੰ ਸਦਾ ਜਗਦਾ ਰੱਖਣ ਲਈ ਇਸ ਵਿੱਚ ਸਾਨੂੰ ਆਪਣੀ ਏਕਤਾ, ਹਿੰਮਤ ਅਤੇ ਸਾਂਝੀਵਾਲਤਾ ਦਾ ਤੇਲ ਪਾਉਣ ਦੀ ਖ਼ਾਸ ਜ਼ਰੂਰਤ ਹੈ ਤਾਂ ਜੋ ਕਿਸਾਨੀ ਸੰਘਰਸ਼ ਦੀ ਜਗ ਰਹੀ ਲਾਟ ਕਦੇ ਨਾ ਬੁਝਣ ਵਾਲੀ ਮਿਸ਼ਾਲ ਵਿਚ ਤਬਦੀਲ ਹੋ ਸਕੇ। ਇਸ ਲਈ ਅੱਜ ਲੋੜ ਹੈ ਕਿ ਸਭ ਧੀਆਂ, ਪੁੱਤ ਨੌਜਵਾਨ, ਬਜ਼ੁਰਗ ਇਸ ਕਾਫਲੇ ਦਾ ਅਹਿਮ ਹਿੱਸਾ ਬਣੀਏ। ਬੇਸ਼ੱਕ ਮੋਗੇ ਦੀ ਧਰਤੀ ਤੋਂ ਸ਼ੁਰੂ ਹੋਣ ਵਾਲੇ ਇਸ ਕਾਫਲੇ ਦਾ ਆਗਾਜ਼ ਹਜ਼ਾਰਾਂ ਬੰਦਿਆਂ ਨਾਲ ਸ਼ੁਰੂ ਕਰਾਂਗਾ ਪਰ ਦਿੱਲੀ ਪਹੁੰਚਣ ਤੱਕ ਇਸ ਕਾਫਲੇ ਦਾ ਹਜ਼ੂਮ ਲੱਖਾਂ ਕਰੋੜਾਂ ਲੋਕਾਂ ਦੇ ਰੂਪ ਵਿੱਚ ਬਦਲ ਜਾਣਾ ਚਾਹੀਦਾ ਹੈ ਤਾਂ ਹੀ ਅਸੀਂ ਹਾਕਮ ਦੀ ਲਲਕਾਰ ਨੂੰ ਕਬੂਲ ਸਕਾਂਗੇ ਅਤੇ ਉਸ ਵੰਗਾਰ ਨੂੰ ਚਾਰੋ ਖਾਨੇ ਚਿੱਤ ਕਰ ਸਕਾਂਗੇ। ਨੌਜਵਾਨ ਪੁੱਤਰੋ ਮੈਂ ਤੁਹਾਡੀ ਜ਼ਿੰਦਗੀ ਦਾ ਇੱਕ ਦਿਨ ਇਸ ਕਾਫਲੇ ਦੀ ਸ਼ਮੂਲੀਅਤ ਲਈ ਮੰਗ ਰਿਹਾ ਹਾਂ। ਸੋ 25 ਮਾਰਚ ਨੂੰ ਆਪੋ-ਅਪਣੀਆਂ ਗੱਡੀਆਂ ਲੈ ਮੋਗੇ ਤੋਂ ਸਵੇਰੇ ਨੌਂ ਵਜੇ ਸਿੰਘੂ ਬਾਰਡਰ ਦਿੱਲੀ ਲਈ ਚਾਲੇ ਪਾਈਏ। ਤੁਹਾਡੇ ਸਾਥ ਤੇ ਹੁੰਗਾਰੇ ਦੀ ਆਸ ਵਿੱਚ ਤੁਹਾਡਾ ਦਾਦਾ।

# ਦਿੱਲੀ ਸੰਘਰਸ਼ 'ਚ ਹਿੱਸਾ ਲੈਣ ਲਈ ਕਿਸਾਨ ਗੁਰਬੀਰ ਸਿੰਘ ਲੈ ਕੇ ਜਾਵੇਗਾ ਪੰਜ ਤਾਰਾ ਟਰਾਲੀ

**ਫ਼ਰੀਦਕੋਟ/ਏ.ਟੀ.ਨਿਊਜ਼:** ਫ਼ਰੀਦਕੋਟ ਜ਼ਿਲੇ ਦੇ ਇੱਕ ਅਗਾਂਹਵਧੂ ਕਿਸਾਨ ਨੇ ਦਿੱਲੀ ਵਿੱਚ ਚੱਲ ਰਹੇ ਕਿਸਾਨ ਸੰਘਰਸ਼ ਵਿੱਚ ਵਿਲੱਖਣ ਯੋਗਦਾਨ ਪਾਉਂਦਿਆਂ ਪੰਜ ਤਾਰਾ ਟਰਾਲੀ ਤਿਆਰ ਕੀਤੀ ਹੈ। ਸੰਧੂ ਫਾਰਮ ਹਾਊਸ ਦੇ ਮਾਲਕ ਗੁਰਬੀਰ ਸਿੰਘ ਸੰਧੂ ਨੇ ਕਿਹਾ ਕਿ ਉਹ ਕਿਸਾਨਾਂ ਦੇ ਅੰਦੋਲਨ ਵਿੱਚ ਪੱਕੇ ਤੌਰ 'ਤੇ ਸ਼ਾਮਲ ਹੋਣ ਜਾ ਰਹੇ ਹਨ ਅਤੇ ਇਸ ਲਈ ਉਨਾਂ ਨੇ ਅਤਿ-ਆਧੁਨਿਕ ਸਹੂਲਤਾਂ ਵਾਲੀ ਇੱਕ ਟਰਾਲੀ ਤਿਆਰ ਕੀਤੀ ਹੈ, ਜਿਸ ਵਿੱਚ ਪੰਜ ਤਾਰਾ ਹੋਟਲ ਵਾਲੀਆਂ ਸਾਰੀਆਂ ਸਹੂਲਤਾਂ ਮੌਜੂਦ ਹਨ।



ਪੰਜ ਲੱਖ ਰੁਪਏ ਖਰਚ ਕੇ ਇੱਕ ਮਹੀਨੇ ਦੀ ਮਿਹਨਤ ਨਾਲ ਤਿਆਰ ਕੀਤੀ ਗਈ ਪੰਜ ਤਾਰਾ ਟਰਾਲੀ ਵਿੱਚ ਰਸੋਈ, ਬੈੱਡਰੂਮ, ਏਸੀ, ਬਾਥਰੂਮ, ਸੋਫਾ ਸੈੱਟ ਆਦਿ ਸਾਰੀਆਂ ਉਹ ਸਹੂਲਤਾਂ ਹਨ, ਜੋ ਇੱਕ ਘਰ ਵਿੱਚ ਹੋ ਸਕਦੀਆਂ ਹਨ।

ਇਸ ਪੰਜ ਤਾਰਾ ਟਰਾਲੀ ਨੂੰ ਬਿਜਲੀ ਪੰਜ ਹਾਰਸ ਪਾਵਰ ਦੇ ਯੂਨਿਟ ਰਾਹੀਂ ਦਿੱਤੀ ਗਈ ਹੈ। ਇਹ ਟਰਾਲੀ ਥਾਰ ਜੀਪ ਰਾਹੀਂ ਦਿੱਲੀ ਲਿਜਾਈ ਜਾਵੇਗੀ। ਟਰਾਲੀ ਵਿੱਚ ਛੇ ਵਿਅਕਤੀ ਆਪਣੇ ਘਰ ਵਾਂਗ ਰਹਿ ਸਕਦੇ ਹਨ। ਇਸ ਟਰਾਲੀ ਨੂੰ ਫ਼ਰੀਦਕੋਟ ਦੇ ਮਿਸਤਰੀ ਜੱਸਾ ਸਿੰਘ ਨੇ ਤਿਆਰ ਕੀਤਾ ਹੈ। ਗੁਰਬੀਰ ਸਿੰਘ ਸੰਧੂ ਨੇ ਕਿਹਾ ਕਿ ਇਸ ਤੋਂ ਪਹਿਲਾਂ ਉਹ ਤੂੜੀ ਵਾਲੀ ਟਰਾਲੀ ਲੈ ਕੇ ਦਿੱਲੀ ਗਏ ਸਨ। ਉਨਾਂ ਕਿਹਾ ਕਿ ਇਹ ਸਰਕਾਰ ਦਾ ਭੁਲੇਖਾ ਸੀ ਕਿ ਕਿਸਾਨ ਥੱਕ ਕੇ ਵਾਪਸ ਪੰਜਾਬ ਚਲੇ ਜਾਣਗੇ।

ਉਨਾਂ ਕਿਹਾ ਕਿ ਉਹ ਅਗਲੇ ਤਿੰਨ ਸਾਲਾਂ ਦੀ ਤਿਆਰੀ ਕਰ ਕੇ ਦਿੱਲੀ ਜਾ ਰਹੇ ਹਨ ਅਤੇ ਸੰਘਰਸ਼ ਜਿੱਤ ਕੇ ਹੀ ਮੁੜਨਗੇ।

# ਸਿੰਘੂ ਬਾਰਡਰ ਤੋਂ ਦਿੱਲੀ ਪੁਲਿਸ ਵੱਲੋਂ ਚੁੱਕੇ ਰਣਜੀਤ ਸਿੰਘ ਵੱਲੋਂ ਵੱਡਾ ਖੁਲਾਸਾ

## ਰਿਹਾਅ ਹੋਏ ਰਣਜੀਤ ਸਿੰਘ ਦਾ ਸਿੱਖ ਸੰਗਤ ਵਲੋਂ ਫੁੱਲਾਂ ਦੀ ਵਰਖਾ ਤੇ ਨਾਅਰਿਆਂ ਨਾਲ ਸਵਾਗਤ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸਿੰਘੂ ਬਾਰਡਰ ਤੋਂ ਦਿੱਲੀ ਪੁਲਿਸ ਵੱਲੋਂ ਚੁੱਕੇ ਸਿੱਖ ਨੌਜਵਾਨ ਰਣਜੀਤ ਸਿੰਘ ਨੇ ਵੱਡਾ ਖੁਲਾਸਾ ਕੀਤਾ ਹੈ। ਉਨਾਂ ਕਿਹਾ ਹੈ ਕਿ ਦਿੱਲੀ ਪੁਲਿਸ ਵੱਲੋਂ ਬੇਹੱਦ ਤਸ਼ੱਦਦ ਢਾਹਿਆ ਗਿਆ ਤੇ ਕੇਸਾਂ ਦੀ ਬੇਅਦਬੀ ਵੀ ਕੀਤੀ ਗਈ। ਰਣਜੀਤ ਸਿੰਘ ਨੇ ਦੱਸਿਆ ਕਿ ਉਸ ਨੇ ਹੌਂਸਲਾ ਨਹੀਂ ਛੱਡਿਆ ਤੇ ਆਪਣੇ ਜੋਸ਼ ਤੇ ਜਜ਼ਬੇ 'ਤੇ ਕਾਬੂ ਰੱਖਿਆ। ਉਨਾਂ ਕਿਹਾ ਕਿ ਦਿੱਲੀ ਪੁਲਿਸ ਵੱਲੋਂ ਜੇਲ ਵਿਚ ਵੀ ਅੰਨਾ ਤਸ਼ੱਦਦ ਕੀਤਾ ਗਿਆ। ਉਹ ਪਹਿਲਾਂ ਵੀ ਕਿਸਾਨ ਅੰਦੋਲਨ ਵਿਚ ਯੋਗਦਾਨ ਪਾਉਣ ਗਏ ਸੀ। ਉਨਾਂ ਕਿਹਾ ਕਿ ਕਿਸਾਨ ਸੰਘਰਸ਼ ਚੜਦੀ ਕਲਾ ਵੱਲ ਜਾ ਰਿਹਾ ਹੈ ਤੇ ਇਹ ਹੱਕਾਂ ਦੀ ਲੜਾਈ ਜਿੰਨੀ ਮਰਜ਼ੀ ਲੰਬੀ ਚੱਲੇ ਉਹ ਕਿਸਾਨਾਂ ਦੇ ਨਾਲ ਖੜੇ ਹਨ।

ਦੱਸ ਦਈਏ ਕਿ ਰਣਜੀਤ ਸਿੰਘ ਬੀਤੇ ਦਿਨ ਤਿਹਾੜ ਜੇਲ ਵਿਚੋਂ ਰਿਹਾਅ ਹੋਏ ਤਾਂ ਸਿੱਖ ਸੰਗਤ ਨੇ ਫੁੱਲਾਂ ਦੀ ਵਰਖਾ ਤੇ ਨਾਅਰਿਆਂ ਨਾਲ ਉਨਾਂ ਦਾ ਸਵਾਗਤ ਕੀਤਾ। ਇਸ ਮਗਰੋਂ ਵੀਰਵਾਰ ਨੂੰ ਉਹ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨਾਲ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਪੁੱਜੇ।

ਇਸ ਮੌਕੇ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਕਿਸਾਨੀ ਦੀ ਲੜਾਈ ਦਸਤਾਰ ਦੀ ਲੜਾਈ ਹੈ। ਉਨਾਂ ਕਿਹਾ ਕਿ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਕਿਸਾਨਾਂ ਤੇ ਸਿੱਖਾਂ ਨੂੰ ਦੇਸ਼ਧ੍ਰੋਹੀ ਦੱਸਿਆ ਜਾ ਰਿਹਾ ਹੈ।

ਉਨਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਨੇ ਆਪਣੀ ਕਾਨੂੰਨੀ ਮਾਹਿਰਾਂ ਦੀ ਟੀਮ ਨਾਲ ਰਣਜੀਤ ਸਿੰਘ ਸਮੇਤ ਹੋਰ ਗ੍ਰਿਫਤਾਰ ਕੀਤੇ ਅਨੇਕਾਂ ਸਿੱਖ ਨੌਜਵਾਨਾਂ ਦੇ ਕੇਸਾਂ ਦੀ ਪੈਰਵਾਈ ਕੀਤੀ ਹੈ ਤੇ ਉਨਾਂ ਦੀਆਂ ਜ਼ਮਾਨਤਾਂ ਕਰਵਾ ਜੇਲਾਂ ਵਿਚੋਂ ਬਾਹਰ ਲਿਆਂਦਾ ਹੈ।

ਉਨਾਂ ਕਿਹਾ ਕਿ ਰਿਹਾਅ ਕਰਵਾਏ ਗਏ ਸਿੱਖ ਨੌਜਵਾਨਾਂ ਨੂੰ ਦਿੱਲੀ ਗੁ: ਕਮੇਟੀ ਵਲੋਂ 28 ਮਾਰਚ ਨੂੰ ਲਾਲ ਕਿਲੇ ਦੇ ਸਾਹਮਣੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਸਨਮਾਨਤ ਕੀਤਾ ਜਾਵੇਗਾ।

Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

Worldwide Services, LLC

It's TAX Time!
Accepting New Clients!

Tax professionals offering reasonable rates:
PERSONAL INCOME TAX FILING starting @ $99
BUSINESS INCOME TAX FILING starting @ $249

Oh!, 2020 COVID- 19 Stimulus Check(s) Not Received?
Do not worry, we can get you as part of 2020 tax refund!

Your Financial Services Company Under One Roof:
❖ Individual & Business Income Tax Preparation.
❖ Immigration Consultants (Registered & Bonded).
❖ Business Accounting/ Bookkeeping & Payroll.
❖ COVID-19 Stimulus SBA's PPP & EIDL loans & SVOG grant.

your CERTIFIED, REGISTERED and BONDED CONSULTANT:
Ravdeep S. Bhasin

15437 Stratford Drive, Ste 1, San Jose, CA 95124
contact@worldwidesvcs.com | www.worldwidesvcs.com
Cell: 408-613-3876
ravdeep@worldwidesvcs.com

ਅੰਮ੍ਰਿਤਸਰ ਟਾਈਮਜ਼ AMRITSAR TIMES

26 ਮਾਰਚ 2021 ਤੋਂ 01 ਅਪ੍ਰੈਲ 2021

# ਪੁਲਸ ਮੁਕਾਬਲੇ

ਜਦੋਂ ਵੀ ਕੋਈ ਪੁਲਸ ਮੁਕਾਬਲੇ ਦੀ ਖਬਰ ਆਉਂਦੀ ਹੈ ਤਾਂ ਉਸਦੀ ਚਰਚਾ ਅਤੇ ਵਿਰੋਧ ਨਾਲ ਹੀ ਸ਼ੁਰੂ ਹੋ ਜਾਂਦਾ ਹੈ। ਕੋਈ ਮਾਮਲਾ ਜਿਆਦਾ ਸਮਾਂ ਚਰਚਾ ਵਿੱਚ ਰਹਿੰਦਾ ਕੋਈ ਥੋੜਾ, ਕਿਸੇ ਦਾ ਜਿਆਦਾ ਵਿਰੋਧ ਹੁੰਦਾ ਕਿਸੇ ਦਾ ਥੋੜਾ। ਇੰਡੀਆ ਵਿੱਚ ਪੁਲਸ ਮੁਕਬਲਿਆਂ ਦਾ ਸ਼ੱਕੀ ਲੱਗਣਾ ਵੱਧਦਾ ਹੀ ਜਾ ਰਿਹਾ ਹੈ ਭਾਵੇਂ ਇਹ ਹੁਣੇ ਹੀ ਨਹੀਂ ਹੋਇਆ, 1997 ਵਿੱਚ ਐਨ.ਐਚ.ਆਰ.ਸੀ ਨੇ ਸਾਰੇ ਮੁੱਖ ਮੰਤਰੀਆਂ ਨੂੰ ਲਿਖਿਆ ਸੀ ਕਿ ਲੋਕਾਂ ਅਤੇ ਸੰਸਥਾਵਾਂ ਵੱਲੋਂ ਬਹੁਤ ਸ਼ਿਕਾਇਤਾਂ ਆ ਰਹੀਆਂ ਹਨ ਕਿ ਝੂਠੇ ਪੁਲਸ ਮੁਕਾਬਲਿਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਇਹਦੇ ਉੱਪਰ ਧਿਆਨ ਦੇਣ ਦੀ ਜਰੂਰਤ ਹੈ। ਪੁਲਸ ਕਨੂੰਨ ਦੀ ਚੰਗੀ ਤਰ੍ਹਾਂ ਪਾਲਣਾ ਨਹੀਂ ਕਰਦੀ, ਸਿੱਧਾ ਮੁਕਾਬਲਾ ਬਣਾ ਦਿੰਦੀ ਹੈ। ਕੁਝ ਦਿਨ ਪਹਿਲਾਂ ਦੋ ਨਿਹੰਗ ਸਿੰਘਾਂ ਦੇ ਪੁਲਸ ਮੁਕਾਬਲੇ ਦੀ ਖਬਰ ਆਈ ਹੈ, ਪਿਛਲੇ ਸਾਲ ਵਿਕਾਸ ਦੂਬੇ ਦੇ ਮੁਕਾਬਲੇ ਦੀ ਖਬਰ ਆਈ ਸੀ, ਪੰਜਾਬ ਵਿੱਚ ਤਾਂ ਪੁਲਸ ਮੁਕਾਬਲਿਆਂ ਦੀ ਬਹੁਤ ਲੰਬੀ ਕਹਾਣੀ ਹੈ, ਜੰਮੂ ਕਸ਼ਮੀਰ, ਯੂ ਪੀ ਆਦਿ ਥਾਵਾਂ ਤੋਂ ਵੀ ਅਜਿਹੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਇਕ ਆਰ.ਟੀ.ਆਈ ਅਨੁਸਾਰ ਸਾਲ 2000 ਤੋਂ 2017 ਤੱਕ ਐਨ.ਐਚ.ਆਰ.ਸੀ ਦੁਆਰਾ ਦਰਜ ਕੀਤੇ ਗਏ ਓਨਾ ਮਾਮਲਿਆਂ ਦੀ ਗਿਣਤੀ 1782 ਹੈ ਜਿੰਨ੍ਹਾਂ ਵਿੱਚ ਹੋਏ ਪੁਲਸ ਮੁਕਾਬਲਿਆਂ ਦੇ ਝੂਠਾ ਹੋਣ ਦਾ ਦਾਅਵਾ ਕੀਤਾ ਗਿਆ ਹੈ। ਪੁਲਸ ਦੀ ਵਿਸ਼ਵਾਸ਼ਯੋਗਤਾ ਹੀ ਕਾਰਨ ਹੈ ਕਿ ਜਦੋਂ ਵੀ ਕੋਈ ਮੁਕਾਬਲਾ ਹੁੰਦਾ ਹੈ ਨਾਲ ਹੀ ਉਸਦੇ ਝੂਠੇ ਹੋਣ ਦੀਆਂ ਆਵਾਜ਼ ਉੱਠਦੀਆਂ ਹਨ। ਇਹ ਸਾਰੇ ਸਵਾਲੀਆ ਚਿੰਨ੍ਹ ਨਜ਼ਾਇਜ਼ ਵੀ ਨਹੀਂ ਹੁੰਦੇ ਕਿਉਂਕਿ ਬਹੁਤ ਸਾਰੇ ਮਾਮਲੇ ਅਜਿਹੇ ਹਨ ਜਿੱਥੇ ਝੂਠੇ ਮੁਕਾਬਲੇ ਹੋਏ ਹਨ ਅਤੇ ਪੁਲਸ ਮੁਲਾਜ਼ਮ ਜੇਲ ਵੀ ਗਏ ਹਨ।

ਕਨੂੰਨ ਵਿੱਚ ਕਿਤੇ ਵੀ ਪੁਲਸ ਮੁਕਾਬਲੇ ਦੀ ਗੱਲ ਨਹੀਂ ਹੈ ਸਗੋਂ ਪੁਲਸ ਆਪਣੇ ਕੀਤੇ ਗਏ ਮੁਕਾਬਲੇ ਨੂੰ ਸਹੀ ਸਿੱਧ ਕਰਨ ਲਈ ਆਈ.ਪੀ.ਸੀ ਦੀ ਧਾਰਾ 96 ਤੋਂ 106 ਤੱਕ ਦੀ ਵਰਤੋਂ ਕਰਦੀ ਹੈ। ਇਹ ਨਿੱਜੀ ਰੱਖਿਆ ਦਾ ਹੱਕ ਦਿੰਦੀਆਂ ਹਨ ਜਿਸ ਵਿੱਚ ਆਪਣੀ ਅਤੇ ਕਿਸੇ ਦੂਸਰੇ ਦੀ ਜਾਨ ਦੀ ਰੱਖਿਆ ਅਤੇ ਆਪਣੀ ਅਤੇ ਕਿਸੇ ਹੋਰ ਦੀ ਜਾਇਦਾਦ ਦੀ ਰੱਖਿਆ ਦੀ ਗੱਲ ਕੀਤੀ ਗਈ ਹੈ। ਇਹ ਸਿਰਫ ਪੁਲਸ ਲਈ ਨਹੀਂ ਹਨ ਸਗੋਂ ਸਾਰਿਆਂ ਲਈ ਹਨ। ਧਾਰਾ 100 ਅੰਦਰ ਸ਼ਰੀਰ ਦੀ ਰੱਖਿਆ ਲਈ ਬੰਦੇ ਨੂੰ ਕਦੋਂ ਮਾਰਿਆ ਜਾ ਸਕਦਾ ਹੈ, ਦਰਜ ਹੈ। ਜਿਸ ਵਿੱਚ ਸਾਹਮਣੇ ਤੋਂ ਹੋਣ ਵਾਲੇ ਕੁਝ ਇਸ ਤਰ੍ਹਾਂ ਦੇ ਹਮਲਿਆਂ ਦਾ ਜ਼ਿਕਰ ਹੈ ਜਿਸ ਦਾ ਨਤੀਜਾ ਮੌਤ, ਬਲਾਤਕਾਰ, ਐਸਿਡ ਅਟੈਕ, ਅਗਵਾ ਆਦਿ ਹੋਵੇ। ਇਸੇ ਤਰ੍ਹਾਂ ਧਾਰਾ 103 ਅੰਦਰ ਜਾਇਦਾਦ ਦੀ ਰੱਖਿਆ ਲਈ ਬੰਦੇ ਨੂੰ ਕਦੋਂ ਮਾਰਿਆ ਜਾ ਸਕਦਾ ਹੈ, ਦਰਜ ਹੈ। ਜਿਸ ਵਿੱਚ ਜਾਇਦਾਦ ਦੀ ਲੁੱਟ, ਚੋਰੀ, ਅੱਗ ਲਾਉਣ ਦੀ ਸਥਿਤੀ ਆਦਿ ਕਾਰਨ ਦਰਜ ਹਨ। ਧਾਰਾ 106 ਵਿੱਚ ਦਰਜ ਹੈ ਕਿ ਜੇਕਰ ਭੀੜ ਦੇ ਹਮਲੇ ਤੋਂ ਬਚਾਅ/ਰੱਖਿਆ ਕਰਨ ਵਕਤ ਕਿਸੇ ਬੇਕਸੂਰ ਦੀ ਵੀ ਮੌਤ ਹੁੰਦੀ ਹੈ ਤਾਂ ਉਹ ਸਾਬਿਤ ਕਰਨ 'ਤੇ ਕਨੂੰਨੀ ਤੌਰ ਉੱਤੇ ਜਾਇਜ਼ ਮੰਨਿਆ ਜਾਵੇਗਾ। ਇਹਨਾਂ ਵਿੱਚੋਂ ਜੋ ਵੀ ਕਾਰਨ ਬਣਿਆ ਜਿਸ ਵਿੱਚ ਕਿਸੇ ਦੀ ਮੌਤ ਹੋਈ, ਓਹਨੂੰ ਸਾਬਿਤ ਕਰਨਾ ਪਵੇਗਾ। ਤੁਸੀਂ ਕਿਸੇ ਨੂੰ ਓਨਾ ਹੀ ਨੁਕਸਾਨ ਪਹੁੰਚਾ ਸਕਦੇ ਹੋ ਜਿੰਨਾ ਤੁਹਾਨੂੰ ਪਹੁੰਚਣ ਦਾ ਖਤਰਾ ਹੋਵੇ। ਤੁਸੀਂ ਹਮਲੇ ਤੋਂ ਬਚਾਅ ਕਰਨ ਵਾਲੀ ਧਿਰ ਹੋਣੇ ਚਾਹੀਦੇ ਹੋ, ਹਮਲਾ ਕਰਨ ਵਾਲੀ ਨਹੀਂ। ਪੁਲਸ ਦੇ ਮਾਮਲੇ ਵਿੱਚ ਜੇਕਰ ਪੁਲਸ ਲਈ ਗ੍ਰਿਫਤਾਰ ਕਰਨ ਦਾ ਕੋਈ ਵੀ ਤਰੀਕਾ ਨਹੀਂ ਬਚਦਾ ਤਾਂ ਹੀ ਉਹ ਕਿਸੇ ਨੂੰ ਮਾਰ ਸਕਦੀ ਹੈ, ਪਹਿਲਾਂ ਹਰ ਹੀਲਾ ਵੇਖਣਾ ਪਵੇਗਾ ਜਿਸ ਨਾਲ ਉਸ ਨੂੰ ਜਿਉਂਦੇ ਜੀਅ ਗ੍ਰਿਫਤਾਰ ਕੀਤਾ ਜਾ ਸਕੇ। ਸੋ ਜਦੋਂ ਪੁਲਸ ਦੀ ਜਾਨ ਨੂੰ ਖਤਰਾ ਹੋਵੇ ਅਤੇ ਬੰਦੇ ਨੂੰ ਗ੍ਰਿਫਤਾਰ ਕਰਨ ਦਾ ਕੋਈ ਹੋਰ ਤਰੀਕਾ ਨਾ ਬਚਦਾ ਹੋਵੇ, ਓਦੋਂ ਪੁਲਸ ਮੁਕਾਬਲਾ ਕਰ ਸਕਦੀ ਹੈ।

ਸਤੰਬਰ 2014 ਵਿੱਚ ਸੁਪਰੀਮ ਕੋਰਟ ਵੱਲੋਂ ਵੀ ਇਕ ਨਿਰਣਾ ਆਇਆ ਸੀ ਜਿਸ ਵਿਚ 16 ਪ੍ਰੀਕਿਰਿਆਵਾਂ ਦਾ ਜਿਕਰ ਹੈ ਜਿੰਨ੍ਹਾਂ ਦੀ ਪੁਲਸ ਮੁਕਾਬਲੇ ਦੀ ਜਾਂਚ ਵਕਤ ਪਾਲਣਾ ਕਰਨ ਦੇ ਹੁਕਮ ਹਨ। ਜਿਸ ਵਿੱਚ ਦਰਜ ਹੈ ਕਿ ਪੁਲਸ ਨੂੰ ਜਦੋਂ ਕਿਸੇ ਵੀ ਤਰ੍ਹਾਂ ਦੀ ਅਪਰਾਧਿਕ ਗਤੀਵਿਧੀ ਦੀ ਖਬਰ ਮਿਲਦੀ ਹੈ ਤਾਂ ਓਹਨੂੰ ਲਿਖਤੀ ਰੱਖਣਾ ਚਾਹੀਦਾ ਹੈ ਭਾਵ ਕਿਸੇ ਥਾਂ ਦਰਜ ਕਰਨਾ ਚਾਹੀਦਾ ਹੈ। ਜੇ ਮੁਕਾਬਲੇ ਵਿੱਚ ਕਿਸੇ ਦੀ ਮੌਤ ਹੁੰਦੀ ਹੈ ਤਾਂ ਐਫ.ਆਈ.ਆਰ ਦਰਜ ਕੀਤੀ ਜਾਵੇ, ਬਿਨ੍ਹਾਂ ਦੇਰੀ ਤੋਂ ਕੋਰਟ ਨੂੰ ਭੇਜੀ ਜਾਵੇ, ਫਿਰ ਉਸ ਮੁਕਾਬਲੇ ਦੀ ਜਾਂਚ ਹੋਵੇਗੀ। ਸੀ.ਆਈ.ਡੀ ਜਾਂ ਕੋਈ ਹੋਰ ਥਾਣੇ ਦੀ ਪੁਲਸ ਜਾਂਚ ਕਰੇਗੀ ਕਿ ਮੁਕਾਬਲਾ ਝੂਠਾ ਸੀ ਜਾ ਨਹੀਂ। ਜੇਕਰ ਮਿਰਤਕ ਦੇ ਪਰਿਵਾਰ ਨੂੰ ਜਾਂਚ ਸਹੀ ਨਾ ਲੱਗੇ ਤਾਂ ਉਹ ਸੈਸ਼ਨ ਜੱਜ ਕੋਲ ਵੀ ਜਾ ਸਕਦੇ ਹਨ।

ਪੁਲਸ ਵੱਲੋਂ ਕੀਤੇ ਜਾ ਰਹੇ ਮੁਕਾਬਲਿਆਂ ਪ੍ਰਤੀ ਲੋਕਾਂ ਦੇ ਸਵਾਲੀਆ ਚਿੰਨ੍ਹ ਬਿਲਕੁਲ ਹੀ ਚਿੰਤਾ ਦਾ ਵਿਸ਼ਾ ਹਨ। ਆਪਾਂ ਮੋਟੇ ਜਿਹੇ ਤੌਰ ਉੱਤੇ ਕਨੂੰਨ ਅੰਦਰ ਜੋ ਲਿਖਿਆ ਹੈ ਉਸ 'ਤੇ ਗੱਲ ਕੀਤੀ ਹੈ, ਸੋ ਮੁੱਖ ਤੌਰ ਉੱਤੇ ਮਸਲਾ ਲਿਖੇ ਹੋਏ ਦਾ ਨਹੀਂ ਹੈ, ਲਿਖੇ ਉੱਤੇ ਅਮਲ ਨਾ ਕਰਨ ਦਾ ਹੈ। ਲੋਕਾਂ ਦੇ ਵਿਸ਼ਵਾਸ਼ ਨੂੰ ਮੁੜ ਬਹਾਲ ਕਰਨ ਲਈ ਬਿਨ੍ਹਾਂ ਸ਼ੱਕ ਬਹੁਤ ਜਿਆਦਾ ਮਿਹਨਤ ਅਤੇ ਇਮਾਨਦਾਰੀ ਦੀ ਜਰੂਰਤ ਪੈਣੀ ਹੈ ਪਰ ਇਹ ਕੀਤੇ ਬਿਨਾਂ ਜੋ ਅੰਕੜੇ ਹੁਣ ਹਨ ਉਹ ਵਧਣਗੇ ਹੀ, ਘਟਣਗੇ ਨਹੀਂ। ਮਨੁੱਖੀ ਹੱਕਾਂ ਨੂੰ ਤਰਜੀਹ ਦੇਣ ਵਾਲਿਆਂ ਲਈ ਜਰੂਰੀ ਹੈ ਕਿ ਉਹ ਲਗਾਤਾਰ ਅਜਿਹੀਆਂ ਘਟਨਾਵਾਂ ਉੱਤੇ ਨਜ਼ਰ ਰੱਖਣ ਅਤੇ ਬਣਦੀ ਜਿੰਮੇਵਾਰੀ ਨਿਭਾਉਣ/ਨਿਭਾਉਂਦੇ ਰਹਿਣ। ਪੁਲਸ ਅਤੇ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੀ ਵਿਸ਼ਵਾਸ਼ ਬਹਾਲੀ ਲਈ ਯਤਨਸ਼ੀਲ ਹੋਣ ਤਾਂ ਕਿ ਕਿਸੇ ਪੁਲਸ ਮੁਕਾਬਲੇ ਨੂੰ ਕੋਈ ਸ਼ੱਕੀ ਨਜ਼ਰਾਂ ਨਾਲ ਨਾ ਵੇਖੇ। ਇਹ ਕਾਰਜ ਸਿਰਫ ਇਮਾਨਦਾਰੀ ਨਾਲ ਹੀ ਸੰਭਵ ਹੈ।

# ਕਿਸਾਨਾਂ ਲਈ ਖਤਰਨਾਕ ਹੈ ਕੰਟਰੈਕਟ ਫਾਰਮਿੰਗ ਕਾਨੂੰਨ



**ਜੋਗਿੰਦਰ ਸਿੰਘ ਤੂਰ**

ਕੰਟਰੈਕਟ ਫਾਰਮਿੰਗ ਬਾਰੇ ਬਣਾਏ ਗਏ ਕਾਨੂੰਨ ਦਾ ਨਾਂਅ ਤਾਂ ਬੜਾ ਆਕਰਸ਼ਕ ਰੱਖਿਆ ਗਿਆ ਹੈ ਪਰ ਨਾਂਅ ਬੜਾ ਔਰ ਦਰਸ਼ਨ ਛੋਟੇ ਵਾਲੀ ਗੱਲ ਹੈ। ਇਹ ਕਾਨੂੰਨ ਨਾ ਤਾਂ ਕਿਸਾਨ ਦਾ ਸਸ਼ਕਤੀਕਰਨ ਭਾਵ ਕਿਸਾਨ ਨੂੰ ਸ਼ਕਤੀ ਦੇਣ ਵਾਲਾ ਤੇ ਨਾ ਹੀ ਉਸ ਦਾ ਸਰੁਕਸ਼ਨ (ਭਾਵ ਸੁਰੱਖਿਆ ਦੇਣ ਵਾਲਾ) ਹੈ ਤੇ ਨਾ ਹੀ ਇਹ ਫ਼ਸਲ ਦੀ ਕੀਮਤ ਦਾ ਵਿਸ਼ਵਾਸ ਦਿਵਾਉਣ ਵਾਲਾ ਹੈ। ਇਸ ਦੀ ਵਿਆਖਿਆ ਤੋਂ ਪਤਾ ਲਗਦਾ ਹੈ ਕਿ ਕਿਸਾਨ ਨਾਲ ਫਿਰ ਤੋਂ ਜੁਮਲੇਬਾਜ਼ੀ ਕੀਤੀ ਜਾ ਰਹੀ ਹੈ ਕਿਉਂਕਿ

1. ਸੰਵਿਧਾਨਕ ਤੌਰ 'ਤੇ ਇਹ ਕਾਨੂੰਨ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ। ਇਸ 'ਤੇ ਸੱਤਵੇਂ ਸ਼ਡਿਊਲ ਦੀ 3 ਨੰਬਰ ਲਿਸਟ ਦੀ ਮੱਦ ਨੰ: 33 ਲਾਗੂ ਨਹੀਂ ਹੁੰਦੀ। ਇਹ ਕਾਨੂੰਨ ਵਣਜ ਤੇ ਵਪਾਰ ਨਾਲ ਸਬੰਧ ਨਹੀਂ ਰੱਖਦਾ। ਇਹ ਖੇਤੀ ਕਰਨ ਨਾਲ ਸਬੰਧਿਤ ਹੈ ਤੇ ਸਿੱਧੇ ਤੌਰ 'ਤੇ ਰਾਜ ਸਰਕਾਰ ਦੇ ਕਾਨੂੰਨ ਬਣਾਉਣ ਦੀ ਲਿਸਟ ਦੇ 14 ਨੰਬਰ ਮੱਦ ਹੇਠ ਆਉਂਦਾ ਹੈ ਜਿਸ ਰਾਹੀਂ ਰਾਜ ਸਰਕਾਰ ਖੇਤੀ ਬਾਰੇ ਕਾਨੂੰਨ ਬਣਾਉਣ ਦਾ ਅਧਿਕਾਰ ਰੱਖਦੀ ਹੈ, ਨਾ ਕਿ ਕੇਂਦਰ ਸਰਕਾਰ।

2. ਸੰਵਿਧਾਨ ਦੀ ਧਾਰਾ 254 ਅਨੁਸਾਰ, ਜੇਕਰ ਪਾਰਲੀਮੈਂਟ ਕੋਈ ਕਾਨੂੰਨ ਬਣਾਉਂਦੀ ਹੈ ਜਿਹੜਾ 'ਪਾਰਲੀਮੈਂਟ ਦੇ ਕਾਨੂੰਨ ਬਣਾਉਣ ਦੇ ਅਧਿਕਾਰ ਖੇਤਰ ਵਿਚ ਹੈਂ', ਤੇ ਉਹ ਕਾਨੂੰਨ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੀ ਤੀਜੀ ਸੂਚੀ ਜੋ ਰਾਜ ਸਰਕਾਰ ਤੇ ਕੇਂਦਰ ਸਰਕਾਰ ਦੇ ਸਾਂਝੇ ਅਧਿਕਾਰ ਖੇਤਰ ਵਿਚ ਹੈ ਤਾਂ ਪਾਰਲੀਮੈਂਟ ਦਾ ਬਣਾਇਆ ਕਾਨੂੰਨ ਰਾਜ ਸਰਕਾਰਾਂ 'ਤੇ ਲਾਗੂ ਹੋਵੇਗਾ। ਪਰ ਕੰਟਰੈਕਟ ਫਾਰਮਿੰਗ ਬਾਰੇ ਬਣਾਇਆ ਕਾਨੂੰਨ ਸਾਂਝੀ ਸੂਚੀ ਦੀ ਮੱਦ ਨੰਬਰ 33 ਅਧੀਨ ਨਹੀਂ ਆਉਂਦਾ। ਇਹ ਖੇਤੀ ਬਾਰੇ ਕਾਨੂੰਨ ਹੈ, ਨਾ ਕਿ, ਵਣਜ ਵਪਾਰ ਬਾਰੇ। ਇਹ ਰਾਜਾਂ ਦੀ ਸੂਚੀ ਦੀ ਮੱਦ 14 ਅਧੀਨ ਆਉਂਦਾ ਹੈ, ਇਸ ਲਈ ਇਹ ਕਾਨੂੰਨ ਅਸੰਵਿਧਾਨਕ ਹੈ। ਇਹ ਕਾਨੂੰਨ ਸੰਵਿਧਾਨਕ ਹੋਂਦ ਨਹੀਂ ਰੱਖਦਾ।

3. ਦੂਜਾ ਇਹ ਕਾਨੂੰਨ ਸੰਵਿਧਾਨ ਦੇ ਸੰਘੀ ਢਾਂਚੇ 'ਤੇ ਸਿੱਧੀ ਸੱਟ ਹੈ। ਇਸ ਕਾਨੂੰਨ ਦੀ ਧਾਰਾ 16 ਵਿਚ ਇਹ ਦਰਜ ਕੀਤਾ ਗਿਆ ਹੈ ਕਿ ਇਸ ਕਾਨੂੰਨ ਨੂੰ ਲਾਗੂ ਕਰਨ ਬਾਰੇ ਕੇਂਦਰ ਸਰਕਾਰ ਨਿਯਮ ਬਣਾਏਗੀ ਤੇ ਰਾਜ ਸਰਕਾਰਾਂ ਨੂੰ ਇਹ ਕਾਨੂੰਨ ਲਾਗੂ ਕਰਨ ਬਾਰੇ ਨਿਰਦੇਸ਼ ਦੇਵੇਗੀ ਜੋ ਰਾਜ ਸਰਕਾਰਾਂ ਮੰਨਣ ਦੇ ਪਾਬੰਦ ਹੋਣਗੀਆਂ। ਇਸ ਤਰ੍ਹਾਂ ਰਾਜ ਸਰਕਾਰਾਂ ਨੂੰ ਕੇਂਦਰ ਸਰਕਾਰ ਦੇ ਅਧੀਨ ਸੰਸਥਾ ਬਣਾ ਦਿੱਤਾ ਗਿਆ ਹੈ ਜੋ ਸੰਘੀ ਢਾਂਚੇ ਦੇ ਅਨੁਕੂਲ ਨਹੀਂ ਸਗੋਂ ਉਸ ਨੂੰ ਖ਼ਤਮ ਹੀ ਕਰ ਦੇਵੇਗੀ। ਕੇਂਦਰ ਸਰਕਾਰ ਆਪਣੇ ਆਪ ਨੂੰ ਮਾਸਟਰ ਤੇ ਰਾਜ ਸਰਕਾਰਾਂ ਨੂੰ ਆਪਣੇ ਅਧੀਨ ਮੰਨ ਰਹੀ ਹੈ। ਇਹ ਅਧੀਨਗੀ ਰਾਜ ਸਰਕਾਰਾਂ ਨੂੰ ਪ੍ਰਵਾਨ ਨਹੀਂ ਹੋਵੇਗੀ, ਨਾ ਹੀ ਪ੍ਰਵਾਨ ਹੋਣੀ ਚਾਹੀਦੀ ਹੈ।

4. ਧਾਰਾ 2 ਵਿਚ ਫਾਰਮ ਸੇਵਾਵਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਤੋਂ ਭਾਵ ਹੈ ਕਿ ਕੰਟਰੈਕਟ ਕਰਨ ਵਾਲੇ ਵਪਾਰੀ ਨੇ ਕਿਸਾਨ ਨੂੰ ਬੀਜ, ਖੁਰਾਕ, ਪਸ਼ੂ ਖੁਰਾਕ, ਖੇਤੀ ਰਸਾਇਣ, ਮਸ਼ੀਨਰੀ, ਤਕਨੀਕ, ਦਿਸ਼ਾ-ਨਿਰਦੇਸ਼, ਗ਼ੈਰ-ਰਸਾਇਣਕ ਖੇਤੀ ਪਦਾਰਥ ਤੇ ਹੋਰ ਇਹੋ ਜਿਹੀਆਂ ਵਸਤਾਂ ਜੋ ਕਿਸਾਨ ਤੇ ਖੇਤੀ ਦੇ ਕੰਮ ਵਾਸਤੇ ਲੋੜੀਂਦੀਆਂ ਹੋਣ, ਉਹ ਵਪਾਰੀ ਮੁਹੱਈਆ ਕਰੇਗਾ। ਧਾਰਾ 9 ਅਨੁਸਾਰ ਇਨ੍ਹਾਂ ਵਾਸਤੇ ਜਿਹੜਾ ਇਕਰਾਰਨਾਮਾ ਲਿਖਿਆ ਜਾਏਗਾ ਉਸ ਵਿਚ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਵਲੋਂ ਬਣਾਈ ਗਈ ਕੋਈ ਵਿੱਤੀ ਸੇਵਾਵਾਂ ਸਕੀਮ ਤੋਂ ਕਰਜ਼ਾ ਲਿਆ ਜਾ ਸਕੇਗਾ, ਜੋ ਕਿਸਾਨ ਜਾਂ ਵਪਾਰੀ ਦੀ ਲੋੜ ਪੂਰੀ ਕਰਨ ਵਾਸਤੇ ਜਾਂ ਸੰਭਾਵੀ ਜੋਖ਼ਮ ਨੂੰ ਟਾਲਣ ਲਈ ਲੋੜੀਂਦਾ ਹੋਵੇ।

5. ਜੇਕਰ ਵਪਾਰੀ ਇਸ ਤਰ੍ਹਾਂ ਦੀ ਕਿਸੇ ਸਕੀਮ ਅਧੀਨ ਕਿਸਾਨ ਦੇ ਨਾਂਅ 'ਤੇ ਕਰਜ਼ਾ ਲੈ ਲੈਂਦਾ ਹੈ ਤਾਂ ਉਸ ਦੀ ਵਪਾਰੀ ਵਲੋਂ ਅਦਾਇਗੀ ਨਾ ਹੋਣ 'ਤੇ ਉਹ ਕਰਜ਼ਾ ਕਿਸਾਨ ਤੋਂ ਵਸੂਲਿਆ ਜਾਏਗਾ ਅਤੇ ਕਰਜ਼ਾ ਲੈਣ ਵੇਲੇ ਜੇਕਰ ਬੈਂਕ ਕਿਸਾਨ ਦੀ ਜ਼ਮੀਨ ਬਤੌਰ ਸਕਿਉਰਿਟੀ ਰੱਖ ਲੈਂਦਾ ਹੈ ਤਾਂ ਉਹ ਜ਼ਮੀਨ ਕਿਸਾਨ ਦੇ ਹੱਥੋਂ ਜਾ ਸਕਦੀ ਹੈ।

6. ਐਕਟ ਦੀ ਧਾਰਾ 14(7) ਅਨੁਸਾਰ ਜੇਕਰ ਐਸ.ਡੀ.ਐਮ., ਕਿਸਾਨ ਦੇ ਖਿਲਾਫ਼ ਵਸੂਲੀ ਦਾ ਕੋਈ ਹੁਕਮ ਕਰ ਦਿੰਦਾ ਹੈ ਤਾਂ ਉਹ ਲੈਂਡ ਰੈਵਿਨਿਊ ਐਕਟ ਦੀ ਧਾਰਾ 67 ਅਨੁਸਾਰ ਬਤੌਰ ਲੈਂਡ ਰੈਵਿਨਿਊ ਵਸੂਲਿਆ ਜਾ ਸਕਦਾ ਹੈ। ਧਾਰਾ 67 ਅਨੁਸਾਰ ਲੈਂਡ ਰੈਵਿਨਿਊ ਦੀ ਵਸੂਲੀ ਵਾਸਤੇ ਦੇਣਦਾਰ ਦੀ (1) ਗ੍ਰਿਫ਼ਤਾਰੀ ਹੋ ਸਕਦੀ ਹੈ, (2) ਉਸ ਦੀ ਚੱਲ ਜਾਇਦਾਦ ਜਾਂ ਖੜ੍ਹੀ ਫ਼ਸਲ 'ਤੇ ਕਬਜ਼ਾ ਕੀਤਾ ਜਾ ਸਕਦਾ ਹੈ। ਜਾਂ ਜਿਹੜੀ ਚੀਜ਼ ਵਾਸਤੇ ਕਰਜ਼ਾ ਲਿਆ ਗਿਆ ਹੈ ਉਸ ਦੀ ਤਬਦੀਲ ਮਲਕੀਅਤ ਹੋ ਸਕਦੀ ਹੈ। ਇਸ ਤੋਂ ਇਲਾਵਾ ਜ਼ਮੀਨ ਤੇ ਜਾਇਦਾਦ ਦੀ ਕੁਰਕੀ ਹੋ ਸਕਦੀ ਹੈ। ਉਸ ਦੇ ਸੰਦ ਟ੍ਰੈਕਟਰ, ਟ੍ਰਾਲੀ, ਡੰਗਰ-ਵੱਛਾ ਲਿਆ ਜਾ ਸਕਦਾ ਹੈ। ਜਿਹੜੀ ਜ਼ਮੀਨ ਵਾਸਤੇ ਕਰਜ਼ਾ ਲਿਆ ਹੈ ਉਹ ਵੇਚੀ ਜਾ ਸਕਦੀ ਹੈ।

7. ਜਿਸ ਕਿਸਮ ਦਾ ਇਕਰਾਰਨਾਮਾ ਹੋਣ ਬਾਰੇ ਧਾਰਾ 4 ਵਿਚ ਦਰਸਾਇਆ ਗਿਆ ਹੈ, ਉਸ ਦੀ ਪਾਲਣਾ, ਸਾਧਾਰਨ ਕਿਸਾਨ ਵਾਸਤੇ ਸੰਭਵ ਹੀ ਨਹੀਂ ਲਗਦੀ। ਜਿਵੇਂ ਕਿ, ਜਿਣਸ ਦਾ ਗਰੇਡ, ਸੁਟਾਈ, ਦਾਣਿਆਂ ਦਾ ਆਕਾਰ ਅਤੇ ਰੰਗ, ਮਾਲ ਦੀ ਗੁਣਵੱਤਾ, ਕੀਟਨਾਸ਼ਕ ਰਹਿੰਦੇ, 'ਫੂਡ ਸੇਫਟੀ ਸਟੈਂਡਰਜ਼' ਦੀ ਪਾਲਣਾ, ਖੇਤੀ ਕਰਨ ਦੇ ਨਵੀਨ ਢੰਗ, ਲੇਬਰ ਤੇ ਸਮਾਜਿਕ ਸਟੈਂਡਰਡਜ਼ ਦੀ ਪਾਲਣਾ, ਅਤੇ ਫ਼ਸਲ ਬੀਜਣ ਤੋਂ ਪੱਕਣ ਦੌਰਾਨ ਇਨ੍ਹਾਂ ਚੀਜ਼ਾਂ ਦਾ ਕਿਸੇ ਤੀਜੀ ਪਾਰਟੀ ਵਲੋਂ ਨਿਰੀਖਣ, ਇਹ ਵੇਖਣ ਲਈ ਕਰਾਉਂਦੇ ਰਹਿਣਾ ਕਿ ਉਤੇ ਦਿੱਤੇ ਮਿਆਰਾਂ ਦੀ ਪਾਲਣਾ ਹੋਈ ਹੈ ਜਾਂ ਨਹੀਂ, ਇਨ੍ਹਾਂ ਦੇ ਪੂਰੇ ਨਾ ਹੋਣ 'ਤੇ ਵਪਾਰੀ ਨੂੰ ਖੁੱਲ੍ਹ ਹੈ ਕਿ ਮਾਲ ਰੱਦ ਕਰ ਦੇਵੇ।

8. ਇਕਰਾਰਨਾਮੇ ਵਿਚ ਜਿਣਸ ਦੀ ਵੇਚ ਕੀਮਤ ਲਿਖੀ ਜਾਵੇਗੀ। ਜਿਸ ਦਾ ਮਿਆਰ, ਵੱਖ-ਵੱਖ ਮੰਡੀਆਂ ਵਿਚ ਉਸ ਜਿਣਸ ਦੀ ਚੱਲ ਰਹੀ ਵੇਚ ਕੀਮਤ, ਜਾਂ ਇਲੈਕਟ੍ਰੋਨਿਕ ਟ੍ਰੇਡਿੰਗ ਰਾਹੀਂ ਦਿਤੀ ਜਾ ਰਹੀ ਕੀਮਤ ਨੂੰ ਆਧਾਰ ਬਣਾਇਆ ਜਾਏਗਾ। ਇਸ ਵਿਚ ਐਮ.ਐਸ.ਪੀ. ਨੂੰ ਆਧਾਰ ਨਹੀਂ ਮੰਨਿਆ ਗਿਆ। ਸਰਕਾਰ ਦਾ ਇਹ ਦਾਅਵਾ ਗ਼ਲਤ ਸਾਬਤ ਹੁੰਦਾ ਹੈ ਕਿ ਐਮ.ਐਸ.ਪੀ. ਸੀ, ਹੈ ਅਤੇ ਰਹੇਗੀ। ਬਲਕਿ ਐਮ.ਐਸ.ਪੀ. ਖ਼ਤਮ ਹੀ ਕਰ ਦਿੱਤੀ ਗਈ ਲਗਦੀ ਹੈ।

9. ਧਾਰਾ 7(2) ਅਨੁਸਾਰ ਵਪਾਰੀ 'ਤੇ ਸਟਾਕ ਦੀ ਕੋਈ ਪਾਬੰਦੀ ਨਹੀਂ ਹੋਏਗੀ। ਉਹ ਜਿੰਨੀ ਮਰਜ਼ੀ ਕੰਟਰੈਕਟ 'ਤੇ ਕਰਾਈ ਗਈ ਖੇਤੀ ਜਿਣਸ ਖ਼ਰੀਦੇ ਤੇ ਸਟਾਕ ਕਰੇ। ਸਰਕਾਰ ਦਾ ਉਸ 'ਤੇ ਕੋਈ ਨਿਯੰਤਰਣ ਨਹੀਂ ਹੋਵੇਗਾ।

10. ਰਾਜ ਸਰਕਾਰ ਵਲੋਂ ਬਣਾਏ ਗਏ ਮੰਡੀਆਂ ਬਾਰੇ ਕਾਨੂੰਨ ਲਾਗੂ ਨਹੀਂ ਹੋਣਗੇ। ਵਿਵਾਦ ਹੋਣ ਦੀ ਸੂਰਤ ਵਿਚ ਝਗੜਾ ਨਿਪਟਾਉਣ ਲਈ ਜੋ ਢੰਗ ਦੱਸਿਆ ਗਿਆ ਹੈ ਕਿ ਇਕਰਾਰਨਾਮੇ ਵਿਚ ਇਕ ਬੋਰਡ ਬਣਾ ਕੇ ਉਸ ਦਾ ਜ਼ਿਕਰ ਕੀਤਾ ਜਾਵੇਗਾ ਤੇ ਉਹ ਬੋਰਡ ਸੁਲ੍ਹਾ-ਸਫ਼ਾਈ ਕਰਾ ਕੇ, ਸਮਝੌਤੇ ਰਾਹੀਂ ਫ਼ੈਸਲਾ ਕਰਾਏਗਾ। ਜੇ ਬੋਰਡ ਨਹੀਂ ਬਣਾਇਆ ਗਿਆ ਤਾਂ ਐਸ.ਡੀ.ਐਮ. ਇਕ ਬੋਰਡ ਦੀ ਨਿਯੁਕਤੀ ਕਰੇਗਾ ਅਤੇ ਜੇਕਰ ਬੋਰਡ ਫ਼ੈਸਲਾ ਕਰਾਉਣ ਵਿਚ ਅਸਮਰੱਥ ਰਹੇ ਤਾਂ ਐਸ.ਡੀ.ਐਮ. 30 ਦਿਨਾਂ ਦੇ ਅੰਦਰ ਫ਼ੈਸਲਾ ਕਰੇਗਾ। ਐਸ.ਡੀ.ਐਮ. ਦਾ ਕੀਤਾ ਗਿਆ ਫ਼ੈਸਲਾ ਸਿਵਲ ਕੋਰਟ ਦਾ ਫ਼ੈਸਲਾ ਮੰਨਿਆ ਜਾਵੇਗਾ ਤੇ ਉਸ ਦੀ ਇਜਰਾਏ ਕਰਾਉਣੀ ਪਵੇਗੀ ਜਿਸ ਦਾ ਬਹੁਤ ਲੰਬਾ ਤੇ ਪੇਚੀਦਾ ਤਰੀਕਾ ਹੈ। ਸਿਵਲ ਕੋਰਟ ਵਲੋਂ ਦਿੱਤੀ ਗਈ ਡਿਗਰੀ, ਉਸੇ ਅਦਾਲਤ ਵਿਚ ਇਜਰਾਏ ਹੋ ਸਕਦੀ ਹੈ ਜਿਥੇ ਦੇਣਦਾਰ ਰਹਿੰਦਾ ਹੈ ਤੇ ਜਿਥੇ ਉਸ ਦੀ ਪ੍ਰਾਪਰਟੀ ਹੈ। ਮੁੰਬਈ ਦਾ ਵਪਾਰੀ ਪੰਜਾਬ, ਹਰਿਆਣੇ ਜਾਂ ਹੋਰ ਥਾਵਾਂ ਤੋਂ ਖ਼ਰੀਦ ਕਰਦਾ ਹੈ ਤਾਂ ਉਸ ਦੇ ਖਿਲਾਫ਼ ਮੁੰਬਈ ਦੀ ਅਦਾਲਤ ਵਿਚ ਇਜਰਾਏ ਹੋ ਸਕੇਗੀ ਨਾ ਕਿ ਉਸ ਅਦਾਲਤ ਵਿਚ ਜਿਸ ਨੇ ਡਿਗਰੀ ਦਿੱਤੀ ਹੈ। ਇਸ ਤਰ੍ਹਾਂ ਕਿਹੜਾ ਕਿਸਾਨ ਵਪਾਰੀ ਦੇ ਖਿਲਾਫ਼, ਮੁੰਬਈ ਜਾਂ ਹੋਰ ਥਾਵਾਂ 'ਤੇ ਜਾ ਕੇ ਉਸ ਦੀ ਜਾਇਦਾਦ ਕੁਰਕ ਕਰਾ ਕੇ ਤੇ ਅਦਾਲਤ ਰਾਹੀਂ ਵਿਕਵਾ ਕੇ ਵਸੂਲੀ ਕਰ ਸਕੇਗਾ ਅਤੇ ਜੇਕਰ ਵਪਾਰੀ, ਐਨ.ਐਲ.ਪੀ. ਹੈ, ਉਸ ਦੀ ਕੋਈ ਜਾਇਦਾਦ ਭਾਰਤ ਵਿਚ ਨਹੀਂ ਹੈ, ਨਾ ਉਸ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ ਨਾ ਉਸ 'ਤੇ ਲੈਂਡ ਰੈਵਿਨਿਊ ਐਕਟ ਲਾਗੂ ਹੋਏਗਾ ਇਸ ਤਰ੍ਹਾਂ ਕਿਸਾਨ ਤਾਂ ਬਿਲਕੁਲ ਮਾਰਿਆ ਜਾਏਗਾ।

ਜੇ ਇਕ ਇਕ ਧਾਰਾ ਨੂੰ ਗਿਣਾਂਗੇ ਤੇ ਪਰਖਾਂਗੇ ਹੋਰ ਬਹੁਤ ਕੁਝ ਨਿਕਲ ਕੇ ਸਾਹਮਣੇ ਆਏਗਾ। ਸਰਕਾਰ ਦੇ ਇਹ ਦਾਅਵੇ ਕਿ ਇਨ੍ਹਾਂ ਕਾਨੂੰਨਾਂ ਵਿਚ ਕੁਝ ਵੀ ਕਾਲਾ ਨਹੀਂ ਤੇ ਇਹ ਕਿਸਾਨ ਦੇ ਹੱਕ ਵਿਚ ਹਨ, ਝੂਠੇ ਸਾਬਤ ਹੁੰਦੇ ਹਨ।

***ਐਡਵੋਕੇਟ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ**
**# 530, ਸੈਕਟਰ 33-ਬੀ, ਚੰਡੀਗੜ੍ਹ**

# ਪੱਛਮੀ ਬੰਗਾਲ ਵਿੱਚ ਦਲ ਬਦਲੂਆਂ ਦੀ ਭਰਮਾਰ

## ✪ ਪਿਛਲੇ ਪੰਜ ਸਾਲਾਂ ਵਿੱਚ 443 ਮੈਂਬਰਾਂ (ਸਾਂਸਦਾਂ, ਵਿਧਾਇਕਾਂ) ਨੇ ਦਲ ਬਦਲੂ ਕਾਨੂੰਨ ਤੋੜਿਆ ✪ ਭਾਰਤ ਵਿੱਚ ਕਾਂਗਰਸ ਦੀ ਡੁੱਬਦੀ ਬੇੜੀ ਵਿੱਚੋਂ 170 (ਜੋ ਕੁਲ ਦਾ 42 ਫੀਸਦੀ ਹਨ) ਨੇ ਛੱਡੀ ਕਾਂਗਰਸ



- ਗੁਰਮੀਤ ਸਿੰਘ ਪਲਾਹੀ
9815802070

ਦਲ ਬਦਲੂਆਂ ਨੇ ਇੱਕ ਵੇਰ ਫਿਰ ਦੇਸ਼ ਦੇ ਲੋਕਾਂ ਦਾ ਧਿਆਨ ਖਿੱਚਿਆ ਹੈ। ਬਹੁਤ ਹੀ ਚਰਚਿਤ ਸੂਬੇ ਪੱਛਮੀ ਬੰਗਾਲ ਵਿੱਚ ਦਲ ਬਦਲੂਆਂ ਨੇ ਚੌਕੇ-ਛੱਕੇ ਛੱਡੇ ਹਨ। ਇੱਕ ਪਾਸੇ ਤੋਂ ਦੂਜੇ ਪਾਸੇ, ਸਿਆਸੀ ਪਾਰਟੀਆਂ ਬਦਲੀਆਂ ਹਨ। ਦੇਸ਼ ਵਿੱਚ ਰਾਜ-ਭਾਗ ਸੰਭਾਲ ਰਹੀ ਭਾਜਪਾ ਇਸ ਮਾਮਲੇ ਤੇ ਖੁੱਲ-ਖੇਡ ਕਰ ਰਹੀ ਹੈ। ਕਈ ਮੰਤਰੀ, ਕਈ ਵਿਧਾਇਕ ਆਪਣੀ ਸਿਆਸੀ ਧਿਰ ਛੱਡ, ਗੈਰ-ਅਸੂਲੀ ਤੌਰ 'ਤੇ ਉਸੇ ਪਾਰਟੀ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ, ਜਿਸ ਨੂੰ ਭੰਡਣ ਲਈ ਉਹ ਕਿਸੇ ਵੇਲੇ ਕੋਈ ਕਸਰ ਨਹੀਂ ਸਨ ਛੱਡਦੇ। ਭਾਜਪਾ ਦੇ ਕਿਸੇ ਸਮੇਂ ਦੇ ਵੱਡੇ ਨੇਤਾ ਰਹੇ ਯਸ਼ਵੰਤ ਸਿਨਹਾ, ਜੋ ਅਟੱਲ ਬਿਹਾਰੀ ਵਾਜਪਾਈ ਸਰਕਾਰ ਵੇਲੇ ਵਿਦੇਸ਼ ਅਤੇ ਵਿੱਤ ਮੰਤਰੀ ਵੀ ਰਹੇ, ਤ੍ਰਿਣਮੂਲ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ।

ਪਿਛਲੇ ਪੰਜ ਸਾਲ ਵਿੱਚ ਜਿਨਾਂ ਸਾਂਸਦਾਂ ਅਤੇ ਵਿਧਾਇਕਾਂ ਨੇ ਸਿਆਸੀ ਤੋੜ-ਵਿਛੋੜਾ ਕੀਤਾ ਅਤੇ ਦੁਬਾਰਾ ਚੋਣ ਲੜੀ, ਇਸ ਮਾਮਲੇ ਉੱਤੇ ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ (ਏ.ਡੀ.ਆਰ) ਨੇ ਇੱਕ ਖੋਜ-ਪੱਤਰ ਛਾਪਿਆ ਹੈ। ਇਸ ਖੋਜ ਪੱਤਰ ਅਨੁਸਾਰ ਪਿਛਲੇ ਪੰਜ ਸਾਲਾਂ ਵਿੱਚ 443 ਮੈਂਬਰਾਂ (ਸਾਂਸਦਾਂ, ਵਿਧਾਇਕਾਂ) ਨੇ ਦਲ ਬਦਲੂ ਕਾਨੂੰਨ ਤੋੜਿਆ ਹੈ। ਇਹਨਾਂ ਵਿੱਚੋਂ ਦੇਸ਼ ਭਰ ਵਿੱਚ ਕਾਂਗਰਸ ਦੀ ਡੁੱਬਦੀ ਬੇੜੀ ਵਿੱਚੋਂ 170 (ਜੋ ਕੁਲ ਦਾ 42 ਫੀਸਦੀ ਹਨ) ਨੇ ਕਾਂਗਰਸ ਛੱਡੀ ਹੈ ਅਤੇ ਦੂਜੀਆਂ ਪਾਰਟੀਆਂ ਵਿੱਚ ਜਾ ਸ਼ਾਮਲ ਹੋਏ ਹਨ। ਇਹ ਕਾਂਗਰਸੀ ਹਾਈ ਕਮਾਂਡ ਦੀ ਨਿੱਤ ਹੋ ਰਹੀ ਕਮਜ਼ੋਰ ਸਥਿਤੀ ਅਤੇ ਉੱਪਰਲੇ ਪੱਧਰ ਉੱਤੇ ਕੋਈ ਫੈਸਲੇ ਨਾ ਲੈਣ ਅਤੇ ਕਾਂਗਰਸ ਵਿੱਚ ਵਧ ਰਹੀ ਆਪਸੀ ਧੜੇਬੰਦੀ ਅਤੇ ਖੋਹ-ਖਿੱਚ ਕਾਰਨ ਹੋਇਆ। ਭਾਜਪਾ ਵਿੱਚੋਂ ਨਾ ਮਾਤਰ 18 ਵਿਧਾਇਕਾਂ ਨੇ ਪਾਰਟੀ ਛੱਡੀ ਜਦਕਿ 182 ਵਿਧਾਇਕ (45 ਫੀਸਦੀ) ਸਾਫ਼-ਸੁਥਰਾ ਦਾਮਨ ਕਹਾਉਣ ਵਾਲੀ ਪਾਰਟੀ ਭਾਜਪਾ ਵਿੱਚ ਸ਼ਾਮਲ ਹੋ ਗਏ। ਪਿਛਲੇ ਦਿਨੀਂ ਮੱਧ ਪ੍ਰਦੇਸ਼, ਮਣੀਪੁਰ, ਗੋਆ, ਆਰੁਣਾਚਲ ਪ੍ਰਦੇਸ਼, ਪਾਂਡੀਚਰੀ ਅਤੇ ਕਰਨਾਟਕ ਵਿੱਚ ਪੁਰਾਣੀਆਂ ਸਰਕਾਰਾਂ ਡਿੱਗੀਆਂ ਜਾਂ ਡੇਗ ਦਿੱਤੀਆਂ ਗਈਆਂ। ਇਹ ਸਾਰੀਆਂ ਸਰਕਾਰਾਂ ਦਲ-ਬਦਲੂਆਂ ਕਾਰਨ ਡਿੱਗੀਆਂ, ਜਿਹੜੇ ਜਾਂ ਤਾਂ ਵੱਡੀ ਕੁਰਸੀ ਪ੍ਰਾਪਤੀ ਲਈ ਦਲ ਬਦਲ ਗਏ ਜਾਂ ਫਿਰ ਧਨ ਕਮਾਉਣ ਦੀ ਹਵਸ ਕਾਰਨ ਉਹਨਾਂ ਨੇ ਦਲ ਬਦਲਿਆ। ਇਹਨਾਂ ਦਲ-ਬਦਲੂਆਂ ਲਈ ਲੋਕਤੰਤਰਿਕ ਸਿਧਾਂਤ ਕੋਈ ਅਰਥ ਨਹੀਂ ਰੱਖਦੇ। ਉਂਜ ਵੀ ਦੇਸ਼ ਵਿੱਚ ਜਿੱਥੇ ਦੀ ਪਾਰਲੀਮੈਂਟ ਦੇ ੪੩ ਫੀਸਦੀ ਸਾਂਸਦਾਂ ਵਿਰੁੱਧ ਅਦਾਲਤਾਂ ਵਿੱਚ ਅਪਰਾਧਿਕ ਮਾਮਲੇ ਚਲਦੇ ਹੋਣ, ਉਸ ਦੇਸ਼ ਵਿੱਚ ਇਹੋ ਜਿਹੇ ਸਿਆਸਤਦਾਨਾਂ ਜਾਂ ਫਿਰ ਦਲ-ਬਦਲੂਆਂ ਤੋਂ ਕੀ ਕਿਸੇ ਨੈਤਿਕਤਾ ਦੀ ਆਸ ਰੱਖੀ ਜਾ ਸਕਦੀ ਹੈ? ਉਂਜ ਵੀ ਅੱਜ ਦੇਸ਼ ਵਿੱਚ ਹਰ ਸਿਆਸੀ ਪਾਰਟੀ ਕਿਸੇ ਵਿਅਕਤੀ ਵਿਸ਼ੇਸ਼ (ਜਿਵੇਂ ਭਾਜਪਾ, ਤ੍ਰਿਣਮੂਲ ਕਾਂਗਰਸ) ਇੱਕ ਸਮੂਹ ਜਾਂ ਇੱਕ ਪਰਿਵਾਰ (ਜਿਵੇਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ) ਦੀ ਮਰਜ਼ੀ ਨਾਲ ਚਲਦੀ ਹੈ ਅਤੇ ਜਿੱਥੇ ਉਮੀਦਵਾਰਾਂ ਦੀ ਚੋਣ ਪਾਰਟੀ ਮਾਲਕਾਂ ਦੀ ਮਰਜ਼ੀ ਨਾਲ ਹੋਈ ਹੋਵੇ, ਉੱਥੇ ਲੋਕਤੰਤਰਿਕ ਕਦਰਾਂ ਕੀਮਤਾਂ ਲਈ ਕਿਹੜੀ ਥਾਂ ਬਚਦੀ ਹੈ?



ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਸੀ, ਜਿੱਥੇ ਦਲ-ਬਦਲੂ 'ਗਿਆ ਲਾਲ' ਨੇ ਅਕਤੂਬਰ 1967 ਵਿੱਚ ਪੰਦਰਾਂ ਦਿਨਾਂ ਵਿੱਚ ਤਿੰਨ ਵਾਰ ਪਾਰਟੀ ਬਦਲੀ ਸੀ। ਦਲ ਬਦਲ ਦਾ ਇਹ ਪਹਿਲਾ ਅਤੇ ਹੈਰਾਨ ਕਰਨ ਵਾਲਾ ਘਟਨਾ ਕਰਮ ਸੀ। ਹੁਣ ਤਾਂ ਆਏ ਦਿਨ 'ਆਇਆ ਰਾਮ -ਗਿਆ ਰਾਮ' ਹੋ ਰਿਹਾ ਹੈ। ਪਾਰਟੀਆਂ ਪ੍ਰਤੀ ਸਿਆਸਤਦਾਨਾਂ ਦੀ ਸੋਚ ਮੰਡੀ ਵਿੱਚੋਂ ਮਰਜ਼ੀ ਦਾ ਸੌਦਾ ਖਰੀਦਣ ਜਾਂ ਵੇਚਣ ਵਾਲੀ ਹੋ ਗਈ ਹੈ। ਭਾਵ ਜਿੱਥੇ ਵੱਧ ਮੁੱਲ ਲੱਗਦਾ ਹੈ, ਜਿੱਥੇ ਕੁਰਸੀ ਧੰਨ ਦੀ ਪ੍ਰਾਪਤੀ ਹੁੰਦੀ ਹੈ, ਉਹੀ ਥਾਂ ਉਨਾਂ ਅਤੇ ਉਨਾਂ ਦੇ ਸਾਥੀਆਂ ਲਈ ਸਵੱਲਾ ਹੈ। ਭਾਰਤ ਦੇ ਲਾਅ ਕਮਿਸ਼ਨ ਨੇ ਸਾਲ 1999 ਵਿੱਚ ਇੱਕ ਰਿਪੋਰਟ ਜਾਰੀ ਕੀਤੀ ਸੀ। ਉਸ ਵਿੱਚ ਦਰਜ ਹੈ ਕਿ ਦੇਸ਼ ਵਿੱਚ ਆਮ ਲੋਕ ਜਨ-ਜੀਵਨ ਵਿੱਚ ਭ੍ਰਿਸ਼ਟਾਚਾਰ ਬਹੁਤ ਵਧ ਗਿਆ ਹੈ। ਇਹ ਲੱਗ ਰਿਹਾ ਹੈ ਕਿ ਲੋਕਾਂ ਦਾ ਰਾਜਨੀਤੀ ਵਿੱਚ ਆਉਣ ਅਤੇ ਚੋਣਾਂ ਲੜਨ ਦਾ ਕੇਵਲ ਇੱਕ ਹੀ ਕਾਰਨ ਹੈ ਕਿ ਰਾਤੋ ਰਾਤ ਧੰਨਵਾਨ ਹੋ ਜਾਈਏ। ਕੀ ਰਾਜਨੀਤੀ ਵਿੱਚ ਨੈਤਿਕਤਾ ਖਤਮ ਨਹੀਂ ਹੋ ਗਈ?

ਸਾਫ ਤੌਰ 'ਤੇ ਵੇਖਿਆ ਜਾ ਸਕਦਾ ਹੈ ਕਿ ਚੁਣੇ ਗਏ ਸਾਂਸਦਾਂ, ਵਿਧਾਇਕਾਂ ਵਿੱਚ ਪਰਪੱਕਤਾ ਦੀ ਘਾਟ ਹੈ। ਆਮ ਵੇਖਣ ਨੂੰ ਮਿਲਦਾ ਹੈ ਕਿ ਵਿਧਾਇਕਾਂ ਨੂੰ ਜੋੜ-ਤੋੜ ਵੇਲੇ ਹਾਕਮ ਧਿਰ ਜਾਂ ਵਿਰੋਧੀ ਧਿਰ ਏਅਰਕੰਡੀਸ਼ਨਰ ਬੱਸਾਂ ਜਾਂ ਹਵਾਈ ਜਹਾਜ਼ਾਂ ਰਾਹੀਂ ਮਹਿੰਗੇ ਰਿਜ਼ੋਰਟ ਜਾਂ ਹੋਟਲਾਂ ਵਿੱਚ ਇਕੱਠਿਆਂ ਰੱਖਦੀ ਹੈ ਤਾਂ ਕਿ ਵਿਰੋਧੀ ਧਿਰ ਉਨਾਂ ਦੀ ਖਰੀਦੋ-ਫਰੋਖਤ ਨਾ ਕਰ ਸਕੇ। ਇੱਕ ਕਿਸਮ ਦਾ ਉਨਾਂ ਨੂੰ ਨਜ਼ਰਬੰਦ ਰੱਖਿਆ ਜਾਂਦਾ ਹੈ। ਲਗਭਗ ਹਰ ਵਿਧਾਨ ਸਭਾ ਚੋਣਾਂ ਵਿੱਚ ਹਰ ਸੂਬੇ ਵਿੱਚ ਇਹੋ ਜਿਹੇ ਦ੍ਰਿਸ਼ ਵੇਖਣ ਨੂੰ ਮਿਲੇ ਹਨ। ਕੀ ਇਹੋ ਜਿਹੇ ਹਾਲਾਤ ਵਿੱਚ ਚੁਣੇ ਹੋਏ ਵਿਧਾਇਕਾਂ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ। ਪਰ ਆਮ ਤੌਰ 'ਤੇ ਵੇਖਿਆ ਜਾਂਦਾ ਹੈ ਕਿ ਵਿਧਾਇਕ ਇਹੋ ਜਿਹੀ ਸਥਿਤੀ ਵਿੱਚ ਖੁਸ਼ ਨਜ਼ਰ ਆਉਂਦੇ ਹਨ। ਹੈਰਾਨੀ ਹੁੰਦੀ ਹੈ ਕਿ ਉਨਾਂ ਦਾ ਆਤਮ-ਸਨਮਾਨ ਕਿੱਥੇ ਚਲੇ ਜਾਂਦਾ ਹੈ। ਜਾਪਣ ਲੱਗ ਪਿਆ ਹੈ ਕਿ ਰਾਜਨੀਤੀ ਇੱਕ ਧੰਦਾ ਬਣਦਾ ਜਾ ਰਿਹਾ ਹੈ ਅਤੇ ਰਾਜਨੀਤੀ ਵਿੱਚ ਅੱਛੇ ਅਤੇ ਇਮਾਨਦਾਰ ਲੋਕਾਂ ਦੀ ਘਾਟ ਦੇਸ਼ ਇਸ ਵੇਲੇ ਮਹਿਸੂਸ ਕਰ ਰਿਹਾ ਹੈ। ਕੀ ਮੌਜੂਦਾ ਰਾਜਨੀਤਕ ਦਲਾਂ ਜਾਂ ਸਿਆਸਤਦਾਨਾਂ ਤੋਂ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਇਮਾਨਦਾਰ, ਅੱਛੇ ਸਮਾਜ ਸੇਵਾ ਕਰਨ ਵਾਲੇ ਲੋਕਾਂ ਨੂੰ ਅੱਗੇ ਲਿਆਂਦਾ ਜਾਵੇ?

ਦਲ ਬਦਲੀ ਰੋਕਣ ਲਈ ਸਾਲ 1985 ਵਿੱਚ ਸੰਵਿਧਾਨ ਵਿੱਚ 52ਵੀਂ ਸੋਧ ਕੀਤੀ ਗਈ ਸੀ ਅਤੇ ਦਲ ਬਦਲ ਵਿੱਚ ਇੱਕ ਵਿਰੋਧੀ ਕਾਨੂੰਨ ਬਣਾਇਆ ਗਿਆ ਸੀ। ਇਸ ਕਾਨੂੰਨ ਵਿੱਚ ਇਹ ਵਿਸ਼ੇਸ਼ ਮੱਦ ਸ਼ਾਮਲ ਸੀ ਕਿ ਜੇਕਰ ਕੋਈ ਸਾਂਸਦ ਜਾਂ ਵਿਧਾਇਕ ਸੰਸਦ ਜਾਂ ਵਿਧਾਨ ਸਭਾ ਵਿੱਚ ਆਪਣੀ ਪਾਰਟੀ ਦੇ ਉਲਟ, ਵਿੱਪ ਜਾਰੀ ਕਰਨ ਦੇ ਬਾਵਜੂਦ, ਵੋਟ ਪਾਉਂਦਾ ਹੈ ਤਾਂ ਉਸਦੀ ਮੈਂਬਰੀ ਖਤਮ ਕੀਤੀ ਜਾ ਸਕਦੀ ਹੈ। ਪ੍ਰੰਤੂ ਇਸ ਵਿੱਚ ਢਿੱਲ ਦਿੱਤੀ ਗਈ ਕਿ ਦੋ ਤਿਹਾਈ ਜਾਂ ਉਸ ਤੋਂ ਜ਼ਿਆਦਾ ਸਾਂਸਦ ਜਾਂ ਵਿਧਾਇਕ ਕਿਸੇ ਪਾਰਟੀ ਵਿੱਚੋਂ ਦਲ ਬਦਲੀ ਕਰਨ ਤਾਂ ਮੈਂਬਰੀ ਖਤਮ ਨਹੀਂ ਹੋਏਗੀ। ਦਲ ਬਦਲੀ ਕਾਨੂੰਨ ਕਿਸ ਸਾਂਸਦ ਜਾਂ ਵਿਧਾਇਕ ਉੱਤੇ ਲਾਗੂ ਹੋਏਗਾ ਜਾਂ ਨਹੀਂ ਹੋਏਗਾ, ਇਹ ਫੈਸਲਾ ਕੇਵਲ ਸੰਸਦ ਜਾਂ ਵਿਧਾਨ ਸਭਾ ਦਾ ਸਪੀਕਰ ਹੀ ਕਰ ਸਕਦਾ ਹੈ।

ਇਹ ਦਲ ਬਦਲੀ ਕਾਨੂੰਨ ਬਣ ਗਿਆ। ਇਸ ਕਾਨੂੰਨ ਦਾ ਥੋੜਾ ਬਹੁਤ ਅਸਰ ਦਿਖਾਈ ਵੀ ਦਿੱਤਾ। ਪਰ ਲੋਕਾਂ ਨੇ, ਦੋ ਤਿਹਾਈ ਵਾਲੀ ਪ੍ਰਾਵਧਾਨ ਸਬੰਧੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਵਿਧਾਇਕਾਂ ਜਾਂ ਸਾਂਸਦਾਂ ਦੀ ਖਰੀਦੋ-ਫਰੋਖਤ ਥੋਕ ਦੇ ਭਾਅ ਕੀਤੀ ਜਾ ਸਕਦੀ ਹੈ, ਪ੍ਰਚੂਨ ਵਿੱਚ ਨਹੀਂ। ਜਿਵੇਂ ਕਿ ਹਰ ਕਾਨੂੰਨ ਵਿੱਚ ਚੋਰ ਮੋਰੀਆਂ ਹੁੰਦੀਆਂ ਹਨ, ਇਸ ਕਾਨੂੰਨ ਤੋਂ ਬਚਣ ਲਈ ਇੱਕ ਅਨੋਖੀ ਤਕਰੀਬ ਕੱਢ ਲਈ ਗਈ। ਸਪੀਕਰ ਇਸ ਸਬੰਧੀ ਫ਼ੈਸਲਾ ਹੀ ਨਹੀਂ ਲੈਂਦੇ, ਫ਼ੈਸਲਾ ਲਟਕਾਈ ਰੱਖਦੇ ਹਨ। ਪੰਜਾਬ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕਾਂ ਦੇ ਅਸਤੀਫ਼ੇ ਅਤੇ ਉਹਨਾਂ ਉੱਤੇ ਕੋਈ ਫ਼ੈਸਲਾ ਨਾ ਲਿਆ ਜਾਣਾ ਜਾਂ ਲਟਕਾ ਦਿੱਤਾ ਜਾਣਾ, ਇਸਦੀ ਇੱਕ ਉਦਾਹਰਣ ਹੈ। ਬਦਲਦੇ ਸਮੇਂ ਵਿੱਚ ਇਹ ਕਾਨੂੰਨ ਨਿਰਾਰਥਕ ਹੋ ਗਿਆ। ਸਾਲ 2003 ਵਿੱਚ ਸੰਵਿਧਾਨ ਵਿੱਚ21 ਵੀਂ ਸੋਧ ਕੀਤੀ ਗਈ। ਇਸ ਵਿੱਚ ਕਿਹਾ ਗਿਆ ਕਿ ਦਲ ਬਦਲਣ ਬਾਅਦ ਕੋਈ ਲਾਭਕਾਰੀ ਅਹੁਦਾ ਨਹੀਂ ਲੈ ਸਕਦਾ। ਹੁਣ ਵਿਧਾਇਕ, ਦਲ ਬਦਲਦੇ ਹਨ, ਵਿਧਾਇਕੀ ਤੋਂ ਅਸਤੀਫ਼ੇ ਦਿੰਦੇ ਹਨ, ਹਾਕਮ ਧਿਰ ਵਿੱਚ ਜਾ ਕੇ ਮੰਤਰੀ ਬਣ ਜਾਂਦੇ ਹਨ। ਕਿੱਥੇ ਬਚੀ ਰਹਿ ਜਾਂਦੀ ਹੈ ਨੈਤਿਕਤਾ?

ਇਸ ਸੋਧ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਸੂਬਾ ਸਰਕਾਰਾਂ ਵਿੱਚ ਮੰਤਰੀਆਂ ਦੀ ਗਿਣਤੀ ਕੁਲ ਵਿਧਾਨ ਸਭਾ ਮੈਂਬਰਾਂ ਦੀ ਗਿਣਤੀ ਦਾ 15 ਫ਼ੀਸਦੀ ਹੋਵੇਗੀ। ਪਰ ਇਨਾਂ ਸਾਰੀਆਂ ਸੋਧਾਂ ਨਾਲ ਦਲ ਬਦਲੀ ਨੂੰ ਕੋਈ ਵੀ ਫ਼ਰਕ ਨਹੀਂ ਪਿਆ। ਸਗੋਂ ਕੋਈ ਨਾ ਕੋਈ ਢੰਗ ਤਰੀਕਾ ਵਰਤ ਕੇ ਵਿਧਾਇਕਾਂ ਦੀ ਤੋੜ-ਭੰਨ ਕਰ ਲਈ ਜਾਂਦੀ ਹੈ। ਪੰਜਾਬ ਵਿੱਚ ਅਕਾਲੀ ਭਾਜਪਾ ਸਰਕਾਰ ਵਲੋਂ ਵਿਧਾਇਕਾਂ ਨੂੰ ਪਾਰਲੀਮਾਨੀ ਸਕੱਤਰ ਦਾ ਅਹੁਦਾ ਦੇ ਕੇ ਨਿਵਾਜਿਆ ਗਿਆ, ਭਾਵੇਂਕਿ ਸਥਾਨਕ ਹਾਈ ਕੋਰਟ ਦੇ ਫ਼ੈਸਲੇ ਅਨੁਸਾਰ ਸਰਕਾਰ ਨੂੰ ਇਹ ਅਹੁਦੇ ਵਾਪਸ ਲੈਣੇ ਪਏ ਸਨ।

ਦੇਸ਼ ਵਿੱਚ ਲਗਭਗ ਸਾਰੀਆਂ ਰਾਜਸੀ ਧਿਰਾਂ ਦਾ ਅੰਦਰੂਨੀ ਕੰਮ-ਕਾਜ ਲੋਕਤੰਤਰਿਕ ਨਹੀਂ। ਲਗਭਗ ਸਾਰੀਆਂ ਪਾਰਟੀਆਂ ਵਿੱਚ ਸੰਗਠਨ ਨੇਤਾ ਉੱਪਰੋਂ ਥੋਪੇ ਜਾਂਦੇ ਹਨ। ਪਾਰਟੀਆਂ ਲੋਕਾਂ ਵਿੱਚ ਮੈਂਬਰਸ਼ਿੱਪ ਤਾਂ ਕਰਦੀਆਂ ਹਨ, ਮੈਂਬਰਸ਼ਿੱਪ ਫੀਸ ਦੀ ਉਗਰਾਹੀ ਵੀ ਕਰਦੀਆਂ ਹਨ ਪਰ ਚੋਣ ਵੇਲੇ ਆਮ ਤੌਰ 'ਤੇ ਇਨਾਂ ਮੈਂਬਰਾਂ ਦੀ ਕੋਈ ਪੁੱਛ ਪ੍ਰਤੀਤ ਨਹੀਂ ਹੁੰਦੀ। ਰਾਸ਼ਟਰੀ ਪੱਧਰ 'ਤੇ ਪ੍ਰਧਾਨ ਦੀ ਚੋਣ ਉਪਰੰਤ ਹੇਠਲੇ ਸੂਬਿਆਂ ਦੇ ਪ੍ਰਧਾਨ, ਕਾਰਜਕਾਰਨੀ ਨਿਯੁਕਤ ਕਰ ਦਿੱਤੇ ਜਾਂਦੇ ਹਨ। ਜੇਕਰ ਰਾਜਨੀਤਕ ਪਾਰਟੀ ਵਿੱਚ ਲੋਕਤੰਤਰਿਕ ਪ੍ਰਣਾਲੀ ਲਾਗੂ ਨਹੀਂ ਹੈ, ਤਾਂ ਉਹ ਪਾਰਟੀ ਦੇਸ਼ ਨੂੰ ਲੋਕਤੰਤਰਿਕ ਢੰਗ ਨਾਲ ਕਿਵੇਂ ਚਲਾਏਗੀ?

ਆਮ ਤੌਰ 'ਤੇ ਦੇਸ਼ ਦੀਆਂ ਬਹੁਤੀਆਂ ਪਾਰਟੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਕੇ ਚੋਣਾਂ ਵਿੱਚ ਜਿੱਤਣ ਵਾਲੇ ਉਮੀਦਵਾਰਾਂ ਨੂੰ ਹੀ ਟਿਕਟਾਂ ਦਿੰਦੀਆਂ ਹਨ ਭਾਵੇਂ ਕਿ ਉਹ ਉਮੀਦਵਾਰ ਦਾਗੀ ਹੀ ਕਿਉਂ ਨਾ ਹੋਵੇ? ਦੇਸ਼ ਦੀ ਸੁਪਰੀਮ ਕੋਰਟ ਨੇ 13 ਫਰਵਰੀ 2020 ਨੂੰ ਜੋ ਫ਼ੈਸਲਾ ਦਿੱਤਾ ਸੀ, ਉਹ ਪੜਨ ਅਤੇ ਵਿਚਾਰਨ ਯੋਗ ਹੈ, 'ਜੇਕਰ ਸਿਆਸੀ ਦਲ ਇਹੋ ਜਿਹੇ ਵਿਅਕਤੀਆਂ ਨੂੰ ਟਿਕਟਾਂ ਦਿੰਦੇ ਹਨ, ਜਿਨਾਂ ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਅਦਾਲਤਾਂ ਵਿੱਚ ਚੱਲ ਰਹੇ ਹਨ, ਤਾਂ ਉਨਾਂ ਦਲਾਂ ਨੂੰ ਇਸਦੇ ਵਿਸਥਾਰਪੂਰਬਕ ਕਾਰਨ ਦੱਸਣੇ ਪੈਣਗੇ।' ਅਦਾਲਤ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਹੈ, 'ਜੇਤੂ ਉਮੀਦਵਾਰ ਹੋਣਾ ਅਪਰਾਧਿਕ ਪਿੱਠ ਭੂਮੀ ਵਾਲੇ ਵਿਅਕਤੀ ਨੂੰ ਟਿਕਟ ਦੇਣ ਦਾ ਕਾਰਨ ਨਹੀਂ ਹੋ ਸਕਦਾ।'

ਸਿਆਸੀ ਦਲ ਬਦਲ ਨੇ ਦੇਸ਼ ਵਿੱਚ ਲੋਕਤੰਤਰਿਕ ਕਦਰਾਂ ਕੀਮਤਾਂ ਨੂੰ ਵੱਡੀ ਢਾਹ ਲਾਈ ਹੈ। ਦੇਸ਼ ਵਿੱਚ ਰਾਜਨੀਤੀ ਦਾ ਨੈਤਿਕ ਪਤਨ ਹੋਇਆ ਹੈ। ਦੇਸ਼ ਅਤੇ ਦੇਸ਼ ਦੀ ਰਾਜਨੀਤੀ ਅਸਾਨੀ ਨਾਲ ਸੁਧਰਨਯੋਗ ਨਹੀਂ ਰਹੀ। ਲੋਕਾਂ ਦਾ ਲੋਕਤੰਤਰ ਤੋਂ ਵਿਸ਼ਵਾਸ ਟੁੱਟਦਾ ਜਾ ਰਿਹਾ ਹੈ। ਲੋਕ ਮੌਜੂਦਾ ਸਿਆਸੀ ਧਿਰਾਂ ਅਤੇ ਸਿਆਸਤਦਾਨਾਂ ਤੋਂ ਕਿਸੇ ਸੁਧਾਰ ਦੀ ਆਸ ਲਾਹ ਬੈਠੇ ਹਨ। ਲੋਕਤੰਤਰਿਕ ਕਦਰਾਂ ਕੀਮਤਾਂ ਨੂੰ ਥਾਂ-ਸਿਰ ਕਰਨ ਲਈ ਮੁਸ਼ਕਲ ਭਰੇ ਸਖ਼ਤ ਫ਼ੈਸਲੇ, ਸਮੇਂ ਦੀ ਲੋੜ ਹਨ। ਜਦੋਂ ਤੱਕ ਦੇਸ਼ ਦੀਆਂ ਸਿਆਸੀ ਧਿਰਾਂ ਆਪੋ-ਆਪਣੀਆਂ ਪਾਰਟੀਆਂ ਨੂੰ ਟੱਬਰਾਂ ਦੀ ਜਕੜ ਤੋੜ ਕੇ ਪਾਰਟੀ ਵਿੱਚ ਅੰਦਰੂਨੀ ਲੋਕਤੰਤਰ ਲਾਗੂ ਕਰਨ ਵੱਲ ਧਿਆਨ ਕੇਂਦਰਤ ਨਹੀਂ ਕਰਨਗੀਆਂ, ਅਪਰਾਧੀ ਲੋਕਾਂ ਦਾ ਸਿਆਸਤ ਵਿੱਚ ਦਾਖ਼ਲਾ ਬੰਦ ਨਹੀਂ ਕਰਨਗੀਆਂ, ਉਦੋਂ ਤਕ ਦੇਸ਼ ਵਿੱਚ ਕਿਸੇ ਸਿਆਸੀ, ਸਮਾਜੀ ਸੁਧਾਰ ਦੀ ਗੁੰਜਾਇਸ਼ ਨਹੀਂ ਹੈ।

ਅੱਜ ਦੇਸ਼ ਦੇ ਬੇਈਮਾਨ ਨੇਤਾ, ਭਾਵੇਂ ਉਹ ਕਿਸੇ ਵੀ ਧਿਰ ਜਾਂ ਦਲ ਵਿੱਚ ਬੈਠੇ ਹਨ, ਨਿਆਂਪਾਲਿਕਾ ਅਤੇ ਮੀਡੀਆ ਤੱਕ ਨੂੰ ਵੀ ਆਪਣੇ ਪੰਜੇ ਵਿੱਚ ਜਕੜਨ ਦੇ ਸਮਰੱਥ ਹੋ ਰਹੇ ਹਨ। ਇਹ ਦੇਸ਼ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।



# ਚੋਣ ਵਾਅਦੇ ਪੂਰੇ ਕਿਉਂ ਨਹੀਂ ਕਰਦੇ ਸਿਆਸਤਦਾਨ



**ਡਾ. ਸ਼ਿਆਮ ਸੁੰਦਰ ਦੀਪਤੀ**

ਹਰ ਸਰਕਾਰ ਜਦੋਂ ਆਪਣੇ ਆਖ਼ਰੀ ਚੋਣ ਵਰੇ ਵਿਚ ਦਾਖ਼ਲ ਹੁੰਦੀ ਹੈ ਤਾਂ ਉਸ ਸਾਲ ਦਾ ਬਜਟ ਲੋਕ ਲੁਭਾਉਣਾ, ਸਾਰੇ ਵਰਗਾਂ ਨੂੰ ਖ਼ੁਸ਼ ਕਰਨ ਵਾਲਾ ਹੁੰਦਾ ਹੈ। ਇਹ ਗੱਲ ਵੱਖਰੀ ਹੈ ਕਿ ਉਹ ਆਪਣੇ ਬਜਟ ਵਾਅਦੇ ਪੂਰੇ ਕਰਦੀ ਵੀ ਹੈ ਜਾਂ ਨਹੀਂ। ਲੋਕਾਂ ਕੋਲ ਹੁਕਮਰਾਨਾਂ ਦੇ ਮੈਨੀਫੈਸਟੋ ਦੇ ਵਾਅਦਿਆਂ ਦਾ ਸੱਚ-ਝੂਠ ਵੀ ਹੁੰਦਾ ਹੈ। ਪਿਛਲੇ ਲੰਬੇ ਸਮੇਂ ਤੋਂ ਸੱਤਾਧਾਰੀ ਪਾਰਟੀ, ਪਿਛਲੀ ਸਰਕਾਰ ਨੂੰ ਕੋਸਦੀ, ਗਾਲਾਂ ਕੱਢਦੀ ਆਈ ਹੈ ਕਿ ਉਸ ਨੂੰ ਖ਼ਜ਼ਾਨਾ ਖ਼ਾਲੀ ਮਿਲਿਆ ਹੈ ਅਤੇ ਫਿਰ ਅਗਲੇ ਘੱਟੋ-ਘੱਟ ਤਿੰਨ ਸਾਲਾਂ ਤੱਕ ਇਹੀ ਰੋਣਾ ਰੋਇਆ ਜਾਂਦਾ ਹੈ। ਹਰ ਆਖਰੀ ਵਰੇ ਪਤਾ ਨਹੀਂ ਕਿਹੜਾ ਅਲਾਦੀਨ ਦਾ ਚਿਰਾਗ ਰਗੜਿਆ ਜਾਂਦਾ ਹੈ ਜਾਂ ਰੱਬ ਮਿਹਰਬਾਨ ਹੋ ਕੇ ਛੱਪੜ ਪਾੜਦਾ ਹੈ ਕਿ ਸਰਕਾਰ ਦੋਹੀਂ ਹੱਥੀਂ ਗੱਫੇ ਵੰਡਣ ਲੱਗਦੀ ਹੈ।

ਇਕ ਰੁਝਾਨ ਇਹ ਵੀ ਦੇਖਣ ਨੂੰ ਮਿਲ ਰਿਹਾ ਹੈ, ਖ਼ਾਸ ਕਰ ਕੇ ਪੰਜਾਬ ਦੀ ਸਿਆਸਤ ਵਿਚ ਕਿ ਦੋ ਮੁੱਖ ਪਾਰਟੀਆਂ ਨੇ ਜਿਵੇਂ ਮਿਲ-ਬੈਠ ਕੇ ਇਹ ਫ਼ੈਸਲਾ ਕੀਤਾ ਹੋਵੇ ਕਿ ਇਕ ਵਾਰ ਤੁਸੀਂ ਅਤੇ ਇਕ ਵਾਰੀ ਅਸੀਂ ਹਕੂਮਤ ਕਰਨੀ ਹੈ। ਪੰਜ ਸਾਲ ਤੁਸੀਂ ਮੌਜਾਂ ਕਰੋ, ਪੰਜ ਸਾਲ ਸਾਨੂੰ ਕਰਨ ਦਿਉ। ਇੱਥੇ ਮੌਜ ਦਾ ਮਤਲਬ 'ਲੁੱਟੋ' ਸਮਝਿਆ ਜਾਵੇ।

ਵੈਸੇ ਵੀ ਮੌਜਾਂ ਲੁੱਟ ਦੇ ਸਹਾਰੇ ਹੀ ਹੁੰਦੀਆਂ ਹਨ। ਇਸ ਦਾ ਪਰਛਾਵਾਂ ਸਾਫ਼ ਦਿਸਦਾ ਹੈ ਕਿ ਲੋਕਪੱਖੀ ਕਾਰਜ, ਸਿਹਤ, ਸਿੱਖਿਆ, ਸੁਰੱਖਿਆ ਸਾਰੇ ਹੀ ਨਿਘਾਰ ਵੱਲ ਹਨ। ਕਿਸੇ ਵਕਤ ਮੂਹਰਲੀਆਂ ਕਤਾਰਾਂ ਵਿਚ ਰਹਿਣ ਵਾਲਾ ਸੂਬਾ ਪੰਜਾਬ ਅੱਜ ਦੇਸ਼ ਵਿਚ ੧੯ਵੇਂ ਨੰਬਰ 'ਤੇ ਹੈ। ਮੈਨੀਫੈਸਟੋ ਤਾਂ ਹਰ ਪਾਰਟੀ ਦੇ ਹੀ ਲੁਭਾਵਣੇ ਹੁੰਦੇ ਹਨ। ਉਹ ਤਾਂ ਭਵਿੱਖ ਲਈ ਇਕ ਵਾਅਦਾ ਪੱਤਰ ਹੁੰਦੇ ਹਨ। ਇਨ੍ਹਾਂ ਵਿਚ ਕਰਾਂਗੇ, ਕਰਾਂਗੇ, ਔਖੇ ਦਿਨ ਆਉਣਗੇ ਦਾ ਰਾਗ ਅਲਾਪਿਆ ਹੁੰਦਾ ਹੈ। ਅੱਗੋਂ ਆਉਣ ਨਾ ਆਉਣ।

ਇਹ ਮੈਨੀਫੈਸਟੋ ਆਉਂਦੇ ਵੀ ਚੋਣਾਂ ਤੋਂ ਕੁਝ ਦਿਨ ਪਹਿਲਾਂ ਹਨ। ਇਨ੍ਹਾਂ ਵਿਚ ਸੌਗਾਤਾਂ ਦੀ ਲੜੀ ਹੁੰਦੀ ਹੈ, ਪੂਰੇ ਸੁਪਨੇ ਦਿਖਾਏ ਜਾਂਦੇ ਹਨ। ਸਮਾਂ ਨਹੀਂ ਦਿੱਤਾ ਜਾਂਦਾ ਕਿ ਕਿਤੇ ਚਰਚਾ ਕਰਵਾਈ ਜਾ ਸਕੇ ਅਤੇ ਘੱਟੋ-ਘੱਟ ਇਕ ਅਹਿਮ ਸਵਾਲ ਤਾਂ ਪੁੱਛਿਆ ਜਾਵੇ ਕਿ ਇਨ੍ਹਾਂ ਸੌਗਾਤਾਂ ਲਈ ਪੈਸੇ ਕਿੱਥੋਂ ਆਉਣਗੇ? ਕਿਸੇ ਵੀ ਮੈਨੀਫੈਸਟੋ 'ਚ ਪੈਸੇ ਜੁਟਾਉਣ ਲਈ ਕੋਈ ਰੂਪ-ਰੇਖਾ ਨਹੀਂ ਹੁੰਦੀ। ਸ਼ਾਇਦ ਜਾਣਬੁੱਝ ਕੇ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਕੱਲ ਨੂੰ ਸੱਤਾ ਵਿਚ ਆ ਕੇ ਪਿਛਲੀ ਸਰਕਾਰ 'ਤੇ ਠੀਕਰਾ ਭੰਨਾਂਗੇ।

ਉਂਝ ਜੇ ਵਿਸ਼ਲੇਸ਼ਣ ਕਰੀਏ ਤਾਂ ਸਰਕਾਰਾਂ ਕੋਲ ਬਹੁਤ ਜ਼ਰੀਏ ਹੁੰਦੇ ਹਨ ਪੈਸੇ ਜੁਟਾਉਣ ਦੇ। ਖ਼ਜ਼ਾਨਾ ਕਦੇ ਖ਼ਾਲੀ ਨਹੀਂ ਹੁੰਦਾ। ਨੇਤਾਵਾਂ ਦੀ ਨੀਅਤ ਵਿਚ ਖੋਖਲਾਪਣ ਜ਼ਰੂਰ ਹੁੰਦਾ ਹੈ। ਉਹ ਨਾ ਦੂਰ-ਦ੍ਰਿਸ਼ਟੀ ਤੋਂ ਕੰਮ ਲੈਂਦੇ ਹਨ ਤੇ ਨਾ ਹੀ ਕਾਰਗੁਜ਼ਾਰੀ ਵਿਚ ਪਾਰਦਰਸ਼ਿਤਾ ਹੁੰਦੀ ਹੈ। ਇਹ ਨਹੀਂ ਹੈ ਕਿ ਯੂਨੀਵਰਸਿਟੀ ਪੱਧਰ ਦੇ ਆਰਥਿਕ ਮਾਹਿਰਾਂ ਕੋਲ ਖੋਜ ਆਧਾਰਿਤ ਸੁਝਾਵਨ ਸਲਾਹਾਂ ਨਹੀਂ ਹੁੰਦੀਆਂ ਪਰ ਇਨ੍ਹਾਂ ਦੀਆਂ ਖੋਜਾਂ ਦੀ ਯੋਗ ਵਰਤੋਂ ਨਹੀਂ ਕੀਤੀ ਜਾਂਦੀ। ਸਰਕਾਰ ਨੂੰ ਰੋਜ਼ਮਰਾ ਦੇ ਛੋਟੇ-ਮੋਟੇ ਟੈਕਸਾਂ ਤੋਂ ਪੈਸਾ ਇਕੱਠਾ ਹੁੰਦਾ ਹੈ।

ਨਾਲ ਹੀ ਵੱਡੇ ਰੂਪ ਵਿਚ ਤੇਲ/ਪੈਟਰੋਲ ਤੋਂ ਟੈਕਸ, ਸ਼ਰਾਬ ਅਤੇ ਉਸਾਰੀ ਦੇ ਕੰਮਾਂ ਤੋਂ ਵੱਡੀ ਮਾਤਰਾ ਵਿਚ ਟੈਕਸ ਇਕੱਠਾ ਹੁੰਦਾ ਹੈ ਅਤੇ ਹੋ ਸਕਦਾ ਹੈ ਪਰ ਸਰਕਾਰਾਂ ਦਾ ਨਿਸ਼ਾਨਾ ਆਪਣੇ ਲਈ ਵੋਟਾਂ ਜੁਟਾਉਣ ਦਾ ਹੁੰਦਾ ਹੈ।

ਉਹ ਅਮੀਰਾਂ ਤੋਂ ਵੱਧ ਟੈਕਸ ਨਾ ਇਕੱਠਾ ਕਰਦੀਆਂ ਹਨ ਤੇ ਨਾ ਹੀ ਟੈਕਸ ਲਗਾਉਂਦੀਆਂ ਹਨ, ਕਿਉਂਕਿ ਇਲੈਕਸ਼ਨ ਫੰਡ ਉਨ੍ਹਾਂ ਤੋਂ ਆਉਂਦਾ ਹੈ ਅਤੇ ਜਿੱਥੇ ਕਿਤੇ ਖਿੱਤਾ-ਖੇਤਰ ਤੋਂ ਵਿਰੋਧ ਦਾ ਸੁਰ ਭਾਰੂ ਹੋਣ ਦੀ ਸੰਭਾਵਨਾ ਹੁੰਦੀ ਹੈ, ਉੱਥੇ ਵੀ ਸਰਕਾਰਾਂ ਪਾਸਾ ਵੱਟਣ ਨੂੰ ਹੀ ਤਰਜੀਹ ਦਿੰਦੀਆਂ ਹਨ। ਇਸ ਤਰ੍ਹਾਂ ਸਭ ਸਿਆਸੀ ਪਾਰਟੀਆਂ ਕੰਮ ਚਲਾਉਣ, ਸਮਾਂ ਗੁਜ਼ਾਰਨ ਅਤੇ ਆਪਣਾ ਘਰ ਭਰਨ ਦੇ ਇਰਾਦੇ ਨਾਲ ਹੀ ਸੱਤਾ ਹਾਸਲ ਕਰਦੀਆਂ ਹਨ।

ਇਕ ਉਦਾਹਰਨ ਹੀ ਕਾਫ਼ੀ ਹੋਵੇਗੀ ਕਿ ਹਾਊਸ ਟੈਕਸ ਇਕ ਜ਼ਰੀਆ ਹੈ ਅਤੇ ਅੰਕੜੇ ਦੱਸਦੇ ਹਨ ਕਿ ਲੁਧਿਆਣਾ ਸ਼ਹਿਰ ਵਿਚ ਤਕਰੀਬਨ ਚਾਰ ਲੱਖ ਘਰ ਹਨ ਅਤੇ ਇਹ ਟੈਕਸ ਇੱਥੇ ਇਕ ਲੱਖ ਤੋਂ ਵੀ ਘੱਟ ਘਰਾਂ ਤੋਂ ਇਕੱਠਾ ਹੁੰਦਾ ਹੈ। ਦੂਸਰੇ ਪਾਸੇ ਰਾਜ ਦੀ ਮਾਲੀ ਹਾਲਤ ਦੀ ਗੱਲ ਜਦੋਂ ਵੀ ਆਉਂਦੀ ਹੈ, ਨਾਲ ਹੀ ਮਾਫ਼ੀਆ ਦਾ ਜ਼ਿਕਰ ਆਉਣਾ ਲਾਜ਼ਮੀ ਹੈ।

ਫਿਰ ਇਹ ਚਾਹੇ ਸ਼ਰਾਬ ਹੋਵੇ ਤੇ ਚਾਹੇ ਬਜਰੀ-ਰੇਤਾ। ਮੌਜੂਦਾ ਸਰਕਾਰ ਦੇ ਬਜਟ ਦੀ ਚਰਚਾ ਇਸ ਲਈ ਵੀ ਹੋ ਰਹੀ ਹੈ ਕਿਉਂਕਿ ਇਸ ਦੇ ਨਾਲ ਸਰਕਾਰ ਵੱਲੋਂ ਆਪਣੇ ਚੋਣ ਪ੍ਰਚਾਰ ਵਿਚ ਕੀਤੇ ਵਾਅਦੇ ਵੀ ਜੋੜੇ ਜਾ ਰਹੇ ਹਨ। ਸਰਕਾਰ ਨੇ ਦਾਅਵੇ ਤਾਂ ਬਹੁਤ ਕੀਤੇ ਸਨ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਕਿਸਾਨਾਂ ਦੀ ਕਰਜ਼ਾ ਮਾਫ਼ੀ, ਨਸ਼ਾ ਮੁਕਤ ਪੰਜਾਬ, ਘਰ-ਘਰ ਨੌਕਰੀ ਅਤੇ ਸਮਾਜਿਕ ਸੁਰੱਖਿਆ ਤਹਿਤ ਪੈਨਸ਼ਨ ਅਤੇ ਸ਼ਗਨ ਰਾਸ਼ੀ ਵਿਚ ਵਾਧਾ।

ਇਹ ਸਾਰੇ ਹੀ ਮੁੱਦੇ ਅਹਿਮ ਹਨ। ਲੋਕੀਂ ਸਰਕਾਰਾਂ ਤੋਂ ਇਹ ਆਸ ਵੀ ਕਰਦੇ ਹਨ ਤੇ ਸਰਕਾਰਾਂ ਦਾ ਮੂਲ ਫ਼ਰਜ਼ ਹੈ ਕਿ ਅਜਿਹੇ ਪਹਿਲੂਆਂ 'ਤੇ ਪਹਿਲਕਦਮੀ ਕਰਨ। ਇਹ ਸਾਰੇ ਹੀ ਮੁੱਦੇ ਰਾਜ ਦੀ ਅਰਥ ਵਿਵਸਥਾ ਨਾਲ ਜੁੜੇ ਹੋਏ ਹਨ। ਚੋਣ ਜਿੱਤਣ ਤੋਂ ਬਾਅਦ ਸਰਕਾਰ ਦੇ ਕਰਤਿਆਂ-ਧਰਤਿਆਂ ਨੂੰ ਲੱਗਦਾ ਹੈ ਕਿ ਪੰਜ ਸਾਲ ਦਾ ਸਮਾਂ ਹੈ, ਹੁਣ ਕਿਹੜਾ ਲੋਕਾਂ ਕੋਲ ਕੋਈ ਤਾਕਤ ਹੈ ਜੋ ਸਾਨੂੰ ਵਾਪਸ ਸੱਦ ਲੈਣਗੇ। ਨਾਲੇ ਇਹ ਵੀ ਇਕ ਧਾਰਨਾ ਹੈ ਕਿ ਜੇ ਹੁਣੇ ਹੀ ਕੁਝ ਕਰ ਦਿੱਤਾ ਤਾਂ ਪੰਜ ਸਾਲਾਂ ਬਾਅਦ ਜਦ ਫਿਰ ਵੋਟਾਂ ਲੈਣ ਜਾਵਾਂਗੇ, ਤਦ ਤਕ ਲੋਕ ਉਸ ਕੀਤੇ ਕੰਮ ਨੂੰ ਭੁੱਲ ਜਾਣਗੇ।

ਇਹ ਧਾਰਨਾ ਕੁਝ ਹੱਦ ਤਕ ਠੀਕ ਵੀ ਹੈ। ਸਰਕਾਰਾਂ ਦਾ ਧਿਆਨ ਸੱਤਾ 'ਚ ਆਉਂਦਿਆਂ ਪਹਿਲੇ ਦਿਨ ਤੋਂ ਹੀ ਕੁਰਸੀ ਨੂੰ ਕਾਇਮ ਰੱਖਣ ਵਿਚ ਰਹਿੰਦਾ ਹੈ, ਨਾ ਕਿ ਲੋਕਾਂ ਲਈ ਕੁਝ ਕੰਮ ਕਰ ਕੇ ਅਜਿਹਾ ਮਾਹੌਲ ਬਣਾਇਆ ਜਾਵੇ ਕਿ ਲੋਕ ਹੋਰ ਕਿਸੇ ਬਦਲ ਬਾਰੇ ਸੋਚਣ ਹੀ ਨਾ। ਸਾਰੀਆਂ ਰਾਜਨੀਤਕ ਪਾਰਟੀਆਂ ਨੇ ਲੋਕਾਂ ਨੂੰ ਇਸ ਰਾਹੇ ਪਾ ਦਿੱਤਾ ਹੈ ਕਿ ਚੋਣਾਂ ਤੋਂ ਕੁਝ ਦਿਨ ਪਹਿਲਾਂ ਖੁਆਓ-ਪਿਆਓ, ਕੰਬਲ, ਸਾੜ੍ਹੀਆਂ, ਭਾਂਡੇ ਜਾਂ ਇੱਥੇ ਤੱਕ ਕਿ ਨਕਦ ਪੈਸੇ ਵੰਡੋ ਤੇ ਵੋਟਾਂ ਖ਼ਰੀਦੋ।

ਗੱਲ ਚੱਲ ਰਹੀ ਹੈ ਬਜਟ ਦੀ। ਪੰਜ ਸਾਲਾ ਯੋਜਨਾਵਾਂ ਦੇਸ਼ ਦੀ ਜਮਹੂਰੀ ਰਾਜਨੀਤੀ ਦਾ ਹਿੱਸਾ ਹਨ। ਪਲੈਨਿੰਗ ਕਮਿਸ਼ਨ ਜਿਸ ਦਾ ਨਵਾਂ ਨਾਂ ਨੀਤੀ ਆਯੋਗ ਹੈ, ਇਸੇ ਤਰਜ਼ 'ਤੇ ਕੰਮ ਕਰਦਾ ਹੈ, ਵਿਉਂਤ ਬਣਾਉਣੀ ਤੇ ਦੂਰਦਰਸ਼ੀ ਹੋਣਾ। ਕਿਸੇ ਵੀ ਸਰਕਾਰ ਲਈ ਪੰਜ ਸਾਲ ਦਾ ਸਮਾਂ ਮਿੱਥਣ ਦਾ ਮਕਸਦ ਵੀ ਇਹੀ ਹੈ ਕਿ ਕੁਝ ਲੰਬੀਆਂ ਯੋਜਨਾਵਾਂ ਬਣਾਈਆਂ ਜਾਣ।

ਲੰਬੀ ਯੋਜਨਾ ਵਿਚ ਮਹੀਨਾ ਦਰ ਮਹੀਨਾ ਜਾਂ ਵਰੇਵਾਰ ਟੀਚੇ ਮਿੱਥੇ ਜਾਂਦੇ ਹਨ ਤੇ ਸਮੇਂ-ਸਮੇਂ ਮੁਲਾਂਕਣ ਕੀਤਾ ਜਾਂਦਾ ਹੈ। ਦੂਜੇ ਬੰਨੇ ਜਿੱਤਣ ਤੋਂ ਬਾਅਦ ਪੰਜ ਸਾਲ ਦੀ ਸੂਖਮ ਵਿਉਂਤਬੰਦੀ ਕੀਤੀ ਜਾਣੀ ਚਾਹੀਦੀ ਹੈ ਜੋ ਕਿ ਕੋਈ ਨਹੀਂ ਕਰਦਾ। ਸਵਾਲ ਇਹ ਹੈ ਕਿ ਸਰਕਾਰ ਦੇ ਆਖ਼ਰੀ ਬਜਟ ਨੂੰ ਚੋਣ ਬਜਟ ਕਿਉਂ ਕਿਹਾ ਜਾਂਦਾ ਹੈ? ਇੱਥੇ ਵੀ ਉਹੀ ਮਾਨਸਿਕਤਾ ਕੰਮ ਕਰਦੀ ਹੈ ਕਿ ਹੁਣ ਨੌਜਵਾਨਾਂ ਨੂੰ ਸਮਾਰਟ ਫੋਨ ਜਾਂ ਨੌਕਰੀ ਦਿਆਂਗੇ ਤਾਂ ਉਹ ਯਾਦ ਰੱਖਣਗੇ। ਟੀ ਵੀ 'ਤੇ ਬਹਿਸਾਂ ਹੋ ਰਹੀਆਂ ਹਨ। ਵਿਰੋਧੀ ਧਿਰ ਪੁੱਛਦੀ ਹੈ ਕਿ ਕਿੱਥੇ ਹੈ ਕੰਮ? ਜੇ ਕੀਤਾ ਹੋਵੇ ਤਾਂ ਨਜ਼ਰ ਕਿਉਂ ਨਹੀਂ ਆਉਂਦਾ? ਵਿਕਾਸ ਅਸਲ ਵਿਚ ਇਹ ਹੈ ਕਿ ਲੋਕੀਂ ਸਮਰੱਥ ਹੋਣ, ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਜੋਗੇ ਹੋਣ। ਬੁਢਾਪਾ ਜਾਂ ਵਿਧਵਾ ਪੈਨਸ਼ਨਾਂ ਦਾ ਆਪਣਾ ਮਹੱਤਵ ਹੈ ਪਰ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਜਾਂ ਕਿਸੇ ਕੰਮ ਦੀ ਮੁਹਾਰਤ ਨਾਲ ਲੈਸ ਕਰਨਾ ਵੱਖਰੀ ਗੱਲ ਹੈ। ਰੁਜ਼ਗਾਰ ਮੇਲੇ ਲਗਾਉਣੇ ਸਰਕਾਰ ਦੀ ਪ੍ਰਾਪਤੀ ਨਹੀਂ ਹੈ।

ਕੰਪਨੀਆਂ ਤਾਂ ਖ਼ੁਦ ਹੀ ਕਾਲਜਾਂ /ਯੂਨੀਵਰਸਿਟੀਆਂ 'ਚ ਪਹੁੰਚ ਜਾਂਦੀਆਂ ਹਨ। ਪੰਜਾਬ ਦੀ ਗੱਲ ਕਰੀਏ ਜਿੱਥੇ ਨਸ਼ਿਆਂ ਦੇ ਮੁੱਦੇ 'ਤੇ ਸਰਕਾਰ ਬਣੀ ਅਤੇ ਢਹਿ-ਢੇਰੀ ਹੋਈ। ਇੱਥੇ ਵੀ ਨੌਜਵਾਨਾਂ ਦੀ ਵਧੀਆ ਪੜ੍ਹਾਈ ਅਤੇ ਰੁਜ਼ਗਾਰ ਅਹਿਮ ਮੁੱਦੇ ਹਨ। ਦੂਸਰਾ ਪੱਖ ਹੈ ਰਾਜਾਂ ਦੇ ਕਰਜ਼ਾ ਲੈਣ ਦੀ ਹੱਦ ਨੂੰ ਵਧਾਉਣਾ।

ਅਰਥ ਸ਼ਾਸਤਰੀ ਕਹਿੰਦੇ ਹਨ ਕਿ ਕਰਜ਼ਾ ਵਿਕਾਸ ਦੇ ਵਾਧੇ, ਵਿਕਾਸ ਵੱਲ ਵੀ ਲੈ ਕੇ ਜਾ ਸਕਦਾ ਹੈ ਅਤੇ ਰੋਕ ਵੀ ਸਕਦਾ ਹੈ। ਕਰਜ਼ੇ ਨੂੰ ਯੋਜਨਾਬੱਧ ਢੰਗ ਨਾਲ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਜੇਕਰ ਕਰਜ਼ੇ ਦਾ ਵੱਡਾ ਹਿੱਸਾ ਲੋਕਾਂ ਨੂੰ ਖ਼ੁਸ਼ ਕਰਨ ਜਾਂ ਗ਼ੈਰ ਉਪਜਾਊ ਕਾਰਜਾਂ ਲਈ ਵਰਤਿਆ ਜਾਵੇਗਾ ਤਾਂ ਕਰਜ਼ੇ ਦੀ ਪੰਡ ਵੱਧਦੀ ਹੀ ਜਾਵੇਗੀ ਜਿਵੇਂ ਕਿ ਅਸੀਂ ਪੰਜਾਬ ਵਿਚ ਦੇਖ ਰਹੇ ਹਾਂ।

ਰਾਜ ਸਰਕਾਰਾਂ ਦਾ ਕੇਂਦਰ 'ਤੇ ਨਿਰਭਰ ਹੋਣਾ ਵੀ ਇਕ ਮਸਲਾ ਹੈ। ਖ਼ਾਸ ਤੌਰ 'ਤੇ ਹੁਣ ਨਵੇਂ ਜੀਐੱਸਟੀ ਨੂੰ ਲੈ ਕੇ। ਇਸ ਸਦਕਾ ਰਾਜ ਸਰਕਾਰਾਂ ਨੂੰ ਮੰਗਤਾ ਬਣਾ ਦਿੱਤਾ ਗਿਆ ਹੈ। ਰਾਜਨੀਤੀ ਵਿਚ ਆਇਆ ਇਕ ਨਵਾਂ ਪਹਿਲੂ 'ਡਬਲ ਇੰਜਣ ਦੀ ਸਰਕਾਰ' ਸਹੀ ਅਰਥਾਂ ਵਿਚ ਇਹ ਸੁਨੇਹਾ ਦੇਣਾ ਹੈ ਕਿ ਜੋ ਸੂਬਾ ਸਰਕਾਰ ਕੇਂਦਰ ਵਿਚ ਸੱਤਾ ਸੰਭਾਲ ਰਹੀ ਪਾਰਟੀ ਦੀ ਨਹੀਂ ਹੋਵੇਗੀ, ਉਸ ਨੂੰ ਫੰਡ ਨਹੀਂ ਮਿਲਣਗੇ ਜਾਂ ਸਰਕਾਰੀ ਯੋਜਨਾਵਾਂ ਵਿਚ ਉਸ ਦੀ ਅਣਦੇਖੀ ਕੀਤੀ ਜਾਵੇਗੀ।

ਇਹ ਅਸਿੱਧੇ ਤੌਰ 'ਤੇ ਦਬਾਅ ਹੈ ਅਤੇ ਦੇਸ਼ ਦੇ ਢਾਂਚੇ 'ਤੇ ਵੀ ਇਕ ਹਮਲਾ ਹੈ। ਹੌਲੀ-ਹੌਲੀ ਲੋਕਾਂ ਦੀ ਦਿਲਚਸਪੀ ਬਜਟ 'ਚੋਂ ਮੁੱਕ ਗਈ ਹੈ। ਮੈਨੀਫੈਸਟੋ ਤਾਂ ਚੋਣਾਂ ਲਈ ਹੁੰਦਾ ਹੈ, ਉੱਥੇ ਤਾਂ ਜਵਾਬਦੇਹੀ ਦੀ ਨਾ ਕੋਈ ਵਿਵਸਥਾ ਹੈ, ਨਾ ਹੀ ਕਾਨੂੰਨੀ ਦਾਅ-ਪੇਚ ਪਰ ਬਜਟ ਇਕ ਸਰਕਾਰੀ ਦਸਤਾਵੇਜ਼ ਹੈ। ਉੱਥੇ ਵੀ ਨਾ ਲੋਕਾਂ ਦੀ ਭਾਗੀਦਾਰੀ ਹੈ, ਨਾ ਹੀ ਸਰਕਾਰ ਦੀ ਜਵਾਬਦੇਹੀ ਜਦੋਂ ਕਿ ਇਹ ਕਾਨੂੰਨ ਰਾਹੀਂ ਚੁਣੌਤੀ ਦੇਣ ਵਾਲਾ ਹੋਣਾ ਚਾਹੀਦਾ ਹੈ।

# ਸਵਾਰਥੀ ਰਾਜਨੀਤੀ ਨੇ ਲੋਕਾਂ ਵਿਚੋਂ ਅਜ਼ਾਦੀ ਦਾ ਖ਼ਤਮ ਕੀਤਾ ਚਾਅ

**ਹਰਕੀਰਤ ਕੌਰ**

**੯੭੭੯੧੧੮੦੬੬**

ਅਜ਼ਾਦੀ ਤੋਂ ਪਹਿਲਾਂ ਦੇਸ਼ ਦੇ ਨੇਤਾਵਾਂ ਨੇ ਦੇਸ਼ ਵਾਸੀਆਂ ਨਾਲ ਵਾਅਦਾ ਕੀਤਾ ਸੀ ਕਿ ਤੁਸੀਂ ਸਾਨੂੰ ਸਾਥ ਦਿਓ, ਅਸੀਂ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਬਾਹਰ ਕੱਢ ਦਿਆਂਗੇ। ਅਜ਼ਾਦ ਭਾਰਤ ਵਿੱਚ ਸਭ ਲਈ ਰੋਟੀ, ਕੱਪੜੇ ਤੇ ਮਕਾਨ ਦਾ ਪ੍ਰਬੰਧ ਹੋਵੇਗਾ। ਨਾ ਕੋਈ ਮਾਲਕ ਹੋਵੇਗਾ ਤੇ ਨਾ ਹੀ ਕੋਈ ਨੌਕਰ ਹੋਵੇਗਾ। ਨਾ ਕੋਈ ਜ਼ਿਮੀਂਦਾਰ ਹੋਵੇਗਾ ਤੇ ਨਾ ਹੀ ਕੋਈ ਮੁਜ਼ਾਰਾ ਹੋਵੇਗਾ। ਨਾ ਕੋਈ ਉਚ ਹੋਵੇਗਾ ਤੇ ਨਾ ਹੀ ਕੋਈ ਨੀਚ ਹੋਵੇਗਾ ਸਭ ਸਮਾਨ ਹੋਣਗੇ। ਜਨਤਾ ਨੇ ਜਾਤ, ਮਜ਼ਬ, ਧਰਮ ਤੋਂ ਉੱਪਰ ਉੱਠ ਕੇ ਨੇਤਾਵਾਂ ਦਾ ਸਿਰਫ਼ ਸਾਥ ਨਹੀਂ ਬਲਕਿ ਕੁਰਬਾਨੀਆਂ ਵੀ ਦਿੱਤੀਆਂ।

ਦੇਸ਼ ਅਜ਼ਾਦ ਹੋ ਗਿਆ, ਸੱਤਾ ਬਦਲ ਗਈ। ਅਜ਼ਾਦੀ ਤੋਂ ਪਹਿਲਾਂ ਜੋ ਕੇਵਲ ਛੋਟੇ ਮੰਤਰੀ ਸਨ, ਉਹ ਵੱਡੇ ਸੰਪੂਰਨ ਸੱਤਾਧਾਰੀ ਬਣ ਗਏ। ਟਾਟਾ, ਬਿਰਲਾ, ਅੰਬਾਨੀ ਜੋ ਪਹਿਲਾਂ ਇਜਾਰੇਦਾਰ ਸਨ, ਉਹ ਸਮੰਤਸ਼ਾਹ ਅਤੇ ਪੂੰਜੀਵਾਦ ਬਣ ਗਏ। ਇਸ ਤਰਾਂ ਸੱਤਾ ਤਾਂ ਜ਼ਰੂਰ ਬਦਲੀ, ਪ੍ਰੰਤੂ ਮਾਲਕੀ ਨਹੀਂ ਬਦਲੀ। ਆਗੂਆਂ ਦੇ ਸੰਪੂਰਨ ਕ੍ਰਾਂਤੀ, ਗਰੀਬੀ ਹਟਾਓ ਅਤੇ ਦਲਿਤ ਮਜ਼ਦੂਰ, ਕਿਸਾਨ ਦੇ ਉਥਾਨ ਜਿਹੇ ਸਭ ਨਾਅਰੇ ਥੋਗਸ ਸਿੱਧ ਹੋਏ ਹਨ।

ਰਾਜਨੀਤੀ ਸਵਾਰਥ ਦੇ ਸਿਖਰ ਤੇ ਪੁੱਜ ਗਈ ਹੈ। ਸਮਾਜਿਕ ਅਤੇ ਆਰਥਿਕ ਸਮਾਨਤਾ ਸਥਾਪਿਤ ਕਰਨ ਦੀ ਬਜਾਏ, ਸਭ ਪਾਰਟੀਆਂ ਸਮਾਨ ਰੂਪ ਵਿੱਚ ਸਰਕਾਰ ਬਣਾਉਣ ਲਈ ਸਭ ਅਸੂਲ ਛਿੱਕੇ ਟੰਗ ਦਿੰਦੀਆਂ ਹਨ। ਮਜ਼ਬਵਾਦੀ, ਜਾਤੀਵਾਦੀ, ਡੇਰਾਵਾਦੀ , ਸਾਮੰਤਵਾਦੀ ਅਤੇ ਪੂੰਜੀਵਾਦੀ ਤੱਤ ਹੀ ਇਨਾਂ ਪਾਰਟੀਆਂ ਦਾ ਭਵਿੱਖ ਤੈਅ ਕਰਦੇ ਹਨ। ਰਾਜਨੀਤਕ ਲੋਕਾਂ ਅਧਿਕਾਰੀਆਂ ਅਤੇ ਪ੍ਰੋਹਿਤਾਂ ਦੀ ਇਸ ਸੋਚ ਨੇ ਇਖਲਾਕੀ ਕਦਰਾਂ-ਕੀਮਤਾਂ ਨੂੰ ਮਸਲ ਕੇ, ਜੀਵਨ ਵਿੱਚ ਭ੍ਰਿਸ਼ਟਾਚਾਰ ਤੇ ਅਨੈਤਿਕਤਾ ਨੂੰ ਆਧਾਰ ਬਣਾ ਲਿਆ ਹੈ। ਰਾਜਨੀਤਕ ਲੋਕ ਹੀ ਪੂੰਜੀਪਤੀਆਂ, ਸਰਮਾਏਦਾਰਾਂ, ਇਜ਼ਾਰੇਦਾਰਾਂ, ਸਮਗਲਰਾਂ, ਬਲੈਕ ਮਾਰਕੀਟੀਆਂ ਤੇ ਅਪਰਾਧੀਆਂ ਪਾਸੋਂ ਮੋਟੀਆਂ ਰਕਮਾਂ ਲੈ ਕੇ ਉਨਾਂ ਨੂੰ ਸ਼ਰਨ ਦਿੰਦੇ ਹਨ। ਲੀਡਰਾਂ, ਅਧਿਕਾਰੀਆਂ ਅਤੇ ਸਮਾਜ ਵਿਰੋਧੀ ਅਨਸਰਾਂ ਦੀ ਮਿਲੀਭੁਗਤ ਕਾਰਨ ਹੀ ਨੌਕਰਸ਼ਾਹੀ ਕਾਇਦੇ ਕਾਨੂੰਨਾਂ ਦੀਆਂ ਧੱਜੀਆਂ ਉਡਾ ਰਹੀ ਹੈ।

ਵਿੱਦਿਆ ਦੇ ਵਪਾਰੀਕਰਨ ਨੇ ਗਰੀਬ ਮਜ਼ਦੂਰ ਅਤੇ ਪਛੜੇ ਸਮਾਜ ਦਾ ਭਵਿੱਖ ਤਬਾਹ ਕਰ ਦਿੱਤਾ ਹੈ। ਉਹ ਪਬਲਿਕ ਤੇ ਕਾਨਵੈਂਟ ਸਕੂਲਾਂ ਵਿੱਚ ਬੱਚੇ ਭੇਜਣ ਤੋਂ ਅਸਮਰੱਥ ਹਨ। ਉਹ ਬੇਕਾਰ ਹੋ ਚੁੱਕੇ ਸਰਕਾਰੀ ਸਕੂਲਾਂ ਵਿੱਚ ਆਪਣੇ ਬੱਚਿਆਂ ਦਾ ਭਵਿੱਖ ਖ਼ਤਰੇ ਵਿੱਚ ਪਾਉਣ ਲਈ ਮਜ਼ਬੂਰ ਹਨ। ਸਰਕਾਰੀ ਸਕੂਲਾਂ ਵਿੱਚ ਨਾ ਲੋੜੀਦੇ ਕਮਰੇ ਅਤੇ ਨਾ ਹੀ ਪੜਾਉਣ ਲਈ ਅਧਿਆਪਕ ਅਤੇ ਸਹਾਇਕ ਸਮੱਗਰੀ ਹੈ। ਨੌਜਵਾਨ ਵਰਗ ਬੇਕਾਰੀ ਕਾਰਨ ਬੇਅਥਾਹ ਔਕੜਾਂ ਦੇ ਬਾਵਜੂਦ ਵੀ ਵਿਦੇਸ਼ਾਂ ਨੂੰ ਜਾਣ ਲਈ ਤਿਆਰ ਹਨ।

ਭ੍ਰਿਸ਼ਟਾਚਾਰ ਇਸ ਹੱਦ ਤੱਕ ਵੱਧ ਚੁੱਕਾ ਹੈ ਕਿ ਇਸ ਨੂੰ ਕਾਬੂ ਕਰਨਾ ਮੌਜੂਦਾ ਸਿਸਟਮ ਦੇ ਵੱਸ ਦੀ ਗੱਲ ਨਹੀਂ ਰਹੀ। ਸੈਂਟਰ ਫਾਰ ਮੀਡੀਆ ਸਟੱਡੀਜ਼ ਦੇ ਇੱਕ ਸਰਵੇਖਣ ਅਨੁਸਾਰ ਬੀਤੇ ਸਾਲਾਂ ਵਿੱਚ 21086 ਕਰੋੜ ਰੁਪਏ ਦੀ ਰਿਸ਼ਵਤ ਦਿੱਤੀ ਗਈ। ਵੱਖ ਵੱਖ ਦੇਸ਼ਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਦਾ ਪਤਾ ਲਾਉਣ ਵਾਲੀਆਂ ਏਜੰਸੀਆਂ ਵਿਚੋਂ ਕ੍ਰੈਡਿਟ ਰੇਟਿੰਗ ਏਜੰਸੀ ਦੁਆਰਾ ਤਿਆਰ ਕੀਤੇ ਗਏ ਪਾਰਦਰਸ਼ਤਾ ਅੰਤਰਰਾਸ਼ਟਰੀ ਭ੍ਰਿਸ਼ਟਾਚਾਰ ਸੂਚਕ ਅੰਕ ਅਨੁਸਾਰ ਭਾਰਤ ਸੰਸਾਰ ਦੇ ਸਭ ਤੋਂ ਭ੍ਰਿਸ਼ਟ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੈ। ਹਰ ਪਾਰਟੀ ਦਾ ਵੱਡਾ ਨੇਤਾ ਘਪਲਿਆਂ ਵਿੱਚ ਫਸਿਆ ਹੋਇਆ ਹੈ।

ਨਿੱਜੀਕਰਨ, ਵਿਸ਼ਵੀਕਰਨ ਅਤੇ ਉਦਾਰੀਕਰਨ ਸਦਕਾ ਭਾਰਤੀ ਸਮਾਜ ਵਿੱਚ ਗੈ.ਰ ਬਰਾਬਰੀ ਹੋਰ ਵੀ ਗਹਿਰੀ ਹੁੰਦੀ ਜਾ ਰਹੀ ਹੈ। ਜ਼ਿਆਦਾਤਰ ਲੋਕਾਂ ਕੋਲ ਨਾ ਤਾਂ ਰੁਜ਼ਗਾਰ ਹੈ ਤੇ ਨਾ ਹੀ ਆਪਣੀ ਸਥਿਤੀ ਨੂੰ ਸੁਧਾਰਨ ਦੇ ਮੌਕੇ ਜਾਂ ਸਾਧਨ ਹਨ। ਰਾਜਾਂ ਦੀ ਜਵਾਬਦੇਹੀ ਖਤਮ ਕੀਤੀ ਜਾ ਰਹੀ ਹੈ। ਚੋਣਾਂ ਸਮੇਂ ਸਭ ਪਾਰਟੀਆਂ ਦਲਿਤ ਗਰੀਬ ਮਜ਼ਦੂਰਾਂ ਦੇ ਮੁੱਦੇ ਇੱਕ ਦੂਜੇ ਤੋਂ ਵੱਧ ਕੇ ਉਭਾਰਦੀਆਂ ਹਨ ਪਰ ਵੋਟਾਂ ਬਟੋਰਨ ਤੋਂ ਬਾਅਦ ਸਭ ਪਾਰਟੀਆਂ ਇਨਾਂ ਮੁੱਦਿਆਂ ਨੂੰ ਅਣਗੌਲਿਆਂ ਕਰ ਦਿੰਦੀਆਂ ਹਨ। ਸਮੂਹ ਰਾਜਨੀਤਕ ਪਾਰਟੀਆਂ ਦੇਸ਼ ਜਾਂ ਸੰਵਿਧਾਨ ਦੇ ਸਿਧਾਂਤਾਂ ਨੂੰ ਤਰਜੀਹ ਨਹੀਂ ਦਿੰਦੀਆਂ, ਸਗੋਂ ਨੇਤਾ ਲੋਕ ਆਪਣੇ ਸਵਾਰਥਾਂ ਨੂੰ ਤਰਜ਼ੀਹ ਦਿੰਦੇ ਹਨ। ਗਰੀਬ, ਦਲਿਤ, ਮਜ਼ਦੂਰ, ਕਿਸਾਨ ਮੁਕਤੀ ਦਾ ਮੁੱਦਾ ਮਸਲਿਆਂ ਗਿਆ ਹੈ। ਇਸੇ ਕਰਕੇ ਲੋਕਾਂ ਵਿੱਚ ਅਜ਼ਾਦੀ ਪ੍ਰਤੀ ਕੋਈ ਚਾਅ ਨਹੀਂ ਰਿਹਾ। ਸਪੱਸ਼ਟ ਹੈ ਕਿ ਵਿਵਸਥਾ ਬਦਲੇ ਬਿਨਾਂ, ਭ੍ਰਿਸ਼ਟਾਚਾਰ ਭਸਮ ਨਹੀਂ ਹੋਵੇਗਾ।


## ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ



# ਸ਼ਹੀਦ-ਏ-ਆਜ਼ਮ ਦੀ ਯਾਦਗਾਰ 12 ਸਾਲਾਂ ’ਚ ਨਹੀਂ ਹੋ ਸਕੀ ਮੁਕੰਮਲ

## ✪ ਫਰਵਰੀ 2009 ਵਿਚ ਚਿਦੰਬਰਮ ਨੇ ਰੱਖਿਆ ਸੀ ਨੀਂਹ-ਪੱਥਰ ✪ ਪੰਜਾਬ ਸਰਕਾਰ ਵਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਹੁਸੈਨੀਵਾਲਾ ’ਚ ਸ਼ਰਧਾਂਜਲੀਆਂ



**ਬਘੇਲ ਸਿੰਘ ਪੱਤਰਕਾਰ**
**99142-58142**

ਆਜ਼ਾਦੀ ਦੇ 75ਵੇਂ ਵਰੇ ਪੰਜਾਬ ਸਰਕਾਰ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ’ਤੇ ਖਟਕੜ ਕਲਾਂ ਵਿਚ ਹਰ ਸਾਲ 23 ਮਾਰਚ ਨੂੰ ਸੂਬਾ ਪੱਧਰੀ ਸਮਾਗਮ ਕੀਤਾ ਜਾਂਦਾ ਹੈ। ਯਾਦ ਰਹੇ ਪਿਛਲੇ ਸਾਲ ਕੋਰੋਨਾ ਕਾਰਨ ਇੱਥੇ ਸੂਬਾ ਪੱਧਰੀ ਸਮਾਗਮ ਮੁਲਤਵੀ ਕਰ ਦਿੱਤਾ ਗਿਆ ਸੀ। ਜੇ ਗੱਲ ਕਰੀਏ ਸ਼ਹੀਦ ਭਗਤ ਸਿੰਘ ਨਗਰ ਦੇ ਜੱਦੀ ਪਿੰਡ ਖਟਕੜ ਕਲਾਂ ਸਥਿਤ ਯਾਦਗਾਰ ਦੀ ਤਾਂ ਪਿਛਲੇ ਸਾਲ ਕੋਰੋਨਾ ਕਾਰਨ ਮੰਦ ਗਤੀ ਨਾਲ ਚਲੇ ਕੰਮ ਕਾਰਨ ਇਸ ਸਾਲ ਤੱਕ ਪਹਿਲੇ ਪੜਾਅ ਦਾ ਕੰਮ ਮੁਕੰਮਲ ਨਹੀਂ ਹੋ ਸਕਿਆ। ਸ਼ਹੀਦ ਭਗਤ ਸਿੰਘ ਦੀ ਯਾਦਗਾਰ ਤੇ ਮਿਊਜ਼ੀਅਮ ਅੱਠ ਸਾਲ ਦੇ ਲੰਮੇ ਸਮੇਂ ਤੋਂ ਬਾਅਦ 18 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਇਆ ਸੀ। ਜ਼ਿਕਰਯੋਗ ਹੈ ਕਿ ਇਸ ਪ੍ਰਾਜੈਕਟ ਦੇ ਤਿੰਨ ਮੁੱਖ ਹਿੱਸੇ ਹਨ। ਪਹਿਲੇ ਹਿੱਸੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਮਿਊਜ਼ੀਅਮ ਵਿਚ ਸ਼ਹੀਦਾਂ ਵੱਲੋਂ ਜੰਗੇ ਅਜ਼ਾਦੀ ਨਾਲ ਸਬੰਧਤ ਚੀਜ਼ਾਂ ਹਨ, ਉੱਥੇ ਅਜ਼ਾਦੀ ਅੰਦੋਲਨ ਤੇ ਅਜ਼ਾਦੀ ਸੰਘਰਸ਼ੀ ਯੋਧਿਆਂ ਦੀਆਂ ਤਸਵੀਰਾਂ, ਦਸਤਾਵੇਜ਼ ਤੇ ਆਰਟ ਗੈਲਰੀ ਹੈ। ਮਹਾਰਾਜਾ ਰਣਜੀਤ ਸਿੰਘ ਦੀ ਰੋਪੜ ਸੰਧੀ ਦੀਆਂ ਤਸਵੀਰਾਂ, ਕੂਕਾ ਲਹਿਰ, ਕਾਮਾਗਾਟਾ ਮਾਰੂ ਦੀਆਂ ਤਸਵੀਰਾਂ, ਭਗਤ ਸਿਘ ਦੇ ਜਨਮ ਸਬੰਧੀ ਤਸਵੀਰਾਂ ਤੇ ਜਨਮ ਕੁੰਡਲੀ, ਲਾਹੌਰ ਨੈਸ਼ਨਲ ਕਾਲਜ, ਲਾਹੌਰ ਦਾ ਪੁਲਿਸ ਹੈੱਡਕੁਆਟਰ ਜਿੱਥੇ ਭਗਤ ਸਿੰਘ ਨੇ ਸਾਥੀਆਂ ਸਮੇਤ ਸਾਂਡਰਸ ਨੂੰ ਗੋਲੀ ਮਾਰੀ ਸੀ, ਲਾਹੌਰ ਰੇਲਵੇ ਸਟੇਸ਼ਨ ਤੋਂ ਪਹਿਚਾਣ ਬਦਲ ਕੇ ਹੈਟ ਪਹਿਨ ਕੇ ਉੱਥੋਂ ਬਚ ਕੇ ਬਾਹਰ ਆਉਣ ਦਾ ਮੰਜ਼ਰ, ਗੁਪਤ ਟਿਕਾਣੇ ’ਤੇ ਆਜ਼ਾਦੀ ਅੰਦੋਲਨ ਲਈ ਬਣਾਈ ਯੋਜਨਾ ਦਾ ਮਾਡਲ ਨਾਲ ਦਰਸਾਇਆ ਗਿਆ ਹੈ। ਇਸ ਮਿਊਜ਼ੀਅਮ ਵਿਚ ਅਜ਼ਾਦੀ ਘੁਲਾਟੀਏ ਗੇਟਵੇ ਬਣਾਇਆ ਗਿਆ ਹੈ, ਜਿਸ ਵਿਚ 32 ਇੰਚ ਦੀਆਂ 124 ਐੱਲਈਡੀ ਲਾਈਆਂ ਹਨ। 23 ਮਾਰਚ 2020 ਤੋਂ ਹੁਣ ਤੱਕ ਇਸ ਸਾਲ 5800 ਦੇ ਕਰੀਬ ਦਰਸ਼ਕਾਂ ਨੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਤੇ ਮਿਊਜ਼ੀਅਮ ਦੇ ਦਰਸ਼ਨ ਕੀਤੇ ਹਨ।

ਸ਼ਹੀਦ ਭਗਤ ਸਿੰਘ ਯਾਦਗਾਰ ਤੇ ਮਿਊਜ਼ੀਅਮ ਦੇ ਇੰਚਾਰਜ ਰਜਿੰਦਰ ਸਿੰਘ ਮੁਤਾਬਕ ਮਿਊਜ਼ਅਮ ਤੇ ਯਾਦਗਾਰ ਦੇ ਤਿੰਨ ਹਿੱਸੇ ਸਨ ਤੇ ਹਾਲੇ ਤਕ ਪਹਿਲਾ ਹਿੱਸਾ ਮੁਕੰਮਲ ਹੋਇਆ ਹੈ। ਉਨਾਂ ਕਿਹਾ ਕਿ ਦੂਸਰਾ ਤੇ ਤੀਸਰਾ ਹਿੱਸਾ ਮੁਕੰਮਲ ਕਰਨ ਦਾ ਫੈਸਲਾ ਵਿਭਾਗ ਨੇ ਕਰਨਾ ਹੈ, ਵਿਭਾਗ ਹੀ ਨਿਰਮਾਣ ਕਰਵਾਏਗਾ। ਪ੍ਰੋਜੈਕਟ ਅਨੁਸਾਰ ਦੂਜੇ ਹਿੱਸੇ ਵਿਚ ਭੂ ਦ੍ਰਿਸ਼ ਤੇ ਤੀਜੇ ਹਿੱਸੇ ਵਿਚ ਖੋਜ ਕੇਂਦਰ ਬਣੇਗਾ।

ਕੋਰੋਨਾ ਦੌਰ ਤੋਂ ਪਹਿਲਾ ਸ਼ਹੀਦਾਂ ਨਾਲ ਜੁੜੀਆਂ ਯਾਦਗਾਰਾਂ ਤੇ ਨਿਸ਼ਾਨੀਆਂ ਵੇਖਣ ਲਈ ਔਸਤਨ 9 ਹਜ਼ਾਰ ਲੋਕ ਰੋਜ਼ਾਨਾ ਆ ਰਹੇ ਸਨ। ਮਹੀਨਾ ਮਾਰਚ ਤੋਂ ਹੁਣ ਤਕ ਤਕਰੀਬਨ 62 ਹਜ਼ਾਰ ਸੈਲਾਨੀ ਮਿਊਜ਼ੀਅਮ ਵਿਚ ਆ ਚੁੱਕੇ ਸਨ। ਮਿਊਜ਼ੀਅਮ ਦੇ ਸੰਚਾਲਕ ਰਜਿੰਦਰ ਸਿੰਘ ਮੁਤਾਬਕ ਛੁੱਟੀ ਵਾਲੇ ਦਿਨਾਂ ਵਿਚ ਸੈਲਾਨੀਆਂ ਦੀ ਗਿਣਤੀ ਵੱਧ ਰਹੀ ਹੈ ਪਰ ਕੋਰੋਨਾ ਕਰ ਕੇ ਗਿਣਤੀ ਘੱਟਦੀ ਜਾ ਰਹੀ ਹੈ।

ਸ਼ਹੀਦ ਭਗਤ ਸਿੰਘ ਯਾਦਗਾਰ ਤੇ ਮਿਊਜ਼ੀਅਮ ਦੇ ਨਿਰਮਾਣ ਪ੍ਰੋਜੈਕਟ ਦਾ ਨੀਂਹ-ਪੱਥਰ ਫਰਵਰੀ 2009 ਵਿਚ ਉਦੋਂ ਦੇ ਕੇਂਦਰੀ ਮੰਤਰੀ ਪੀ ਚਿੰਦਬਰਮ ਨੇ ਰੱਖਿਆ ਸੀ। ਪ੍ਰਾਜੈਕਟ ਲਈ 16 ਕਰੋੜ ਪ੍ਰਵਾਨ ਕੀਤੇ ਗਏ ਸਨ। ਯਾਦਗਾਰ ਨੂੰ 11 ਏਕੜ ਜ਼ਮੀਨ ਵਿਚ ਦੋ ਸਾਲਾ ਵਿਚ ਬਣਾਇਆ ਜਾਣਾ ਸੀ ਪਰ ਸਰਕਾਰ ਦੀ ਲਾਪ੍ਰਵਾਹੀ ਕਾਰਨ ਇਹ ਪ੍ਰਾਜੈਕਟ 9ਵੇਂ ਸਾਲ ਵਿਚ ਜਾ ਕੇ ਮੁਕੰਮਲ ਹੋਇਆ ਸੀ।

ਉਦੋਂ ਦੇ ਸਥਾਨਕ ਸਰਕਾਰਾਂ ਮੰਤਰੀ ਨਵਜੋਤ ਸਿੰਘ ਸਿੱਧੂ ਨੇ 2017 ਵਿਚ ਇਸ ਪਾਰਕ ਦੇ ਬਿਜਲੀ ਦਾ ਬਿੱਲ ਦੀ ਅਦਾਇਗੀ ਆਪਣੇ ਅਖ਼ਤਿਆਰੀ ਫੰਡ ਵਿੱਚੋਂ ਕੀਤਾ ਸੀ। ਇਸ ਤੋਂ ਬਾਅਦ 23 ਮਾਰਚ 2018 ਨੂੰ ਪ੍ਰੋਜੈਕਟ ਬਣ ਕੇ ਤਿਆਰ ਹੋਇਆ ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਵਸ ’ਤੇ ਇਸ ਦਾ ਉਦਘਾਟਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੀਤਾ ਸੀ।

ਕੇਂਦਰ ਸਰਕਾਰ ਦੇ ਪ੍ਰੋਜੈਕਟ ਤਹਿਤ ਪਿੰਡ ਖਟਕੜ ਕਲਾਂ ਦੇ ਮੇਨ ਗੇਟ ਤੋਂ ਜੱਦੀ ਘਰ ਤਕ ਫੁੱਟਪਾਥ ‘ਤੇ ਨਿਰਮਾਣ ’ਤੇ 3.78 ਕਰੋੜ ਰੁਪਏ ਖ਼ਰਚੇ ਜਾ ਰਹੇ ਹਨ। ਇਹ ਕੰਮ ਇਕ ਸਾਲ ਵਿਚ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਤੇ ਕਰੀਬ 5-6 ਮਹੀਨੇ ਦਾ ਵਕਤ ਮੁਕੰਮਲ ਹੋ ਗਿਆ ਹੈ।

**ਕੈਪਟਨ ਸਰਕਾਰ ਵਲੋਂ ਸ਼ਰਧਾਂਜਲੀਆਂ**

ਜੇਲ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਫਿਰੋਜ਼ਪੁਰ ਦੇ ਹੁਸੈਨੀਵਾਲਾ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਅਤੇ ਕੁਲਬੀਰ ਜ਼ੀਰਾ ਦੀ ਅਗਵਾਈ ਵਿੱਚ ਟਰੈਕਟਰ ਮਾਰਚ ਕੱਢਿਆ ਗਿਆ। ਆਮ ਲੋਕਾਂ ਨੇ ਵੀ ਹੁਸੈਨੀਵਾਲਾ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

**ਮੋਦੀ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਸ਼ਰਧਾਂਜਲੀ ਭੇਟ ਕੀਤੀ। ਮੋਦੀ ਨੇ ਵੀਡੀਓ ਸਾਂਝਾ ਕਰਦਿਆਂ ਟਵੀਟ ਕੀਤਾ, ‘ਆਜ਼ਾਦੀ ਦੇ ਕ੍ਰਾਂਤੀਦੂਤ ਅਮਰ ਸ਼ਹੀਦ ਵੀਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਸ਼ਹੀਦ ਦਿਵਸ ’ਤੇ ਸਲਾਮ। ਮਾਂ ਭਾਰਤੀ ਦੇ ਇਨਾਂ ਮਹਾਨ ਸਪੂਤਾਂ ਦੀ ਕੁਰਬਾਨੀ ਦੇਸ਼ ਦੀ ਹਰ ਪੀੜੀ ਲਈ ਪ੍ਰੇਰਣਾ ਬਣੀ ਰਹੇਗੀ।’

**ਕੌਣ ਸੀ ਸ਼ਹੀਦ ਭਗਤ ਸਿੰਘ**

ਭਗਤ ਸਿੰਘ ਜਿਨਾਂ ਨੂੰ ਸਾਥੀਆਂ ਸਮੇਤ 23 ਮਾਰਚ 1931 ਨੂੰ ਫਾਂਸੀ ਲਗਾ ਦਿੱਤਾ ਸੀ। ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਜ਼ਿਲਾ ਲਾਇਲਪੁਰ ਦੇ ਪਿੰਡ ਬੰਗਾ (ਪੰਜਾਬ, ਮੌਜੂਦਾ ਪਾਕਿਸਤਾਨ) ਵਿਖੇ ਹੋਇਆ ਸੀ। ਆਪ ਦਾ ਜੱਦੀ ਘਰ ਅੱਜ ਵੀ ਭਾਰਤੀ ਪੰਜਾਬ ਦੇ ਨਵਾਂਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਜ਼ਿਲੇ ਦੇ ਪਿੰਡ ਖਟਕੜ ਕਲਾਂ ਵਿਖੇ ਸਥਿਤ ਹੈ। ਭਗਤ ਸਿੰਘ ਦੇ ਪਿਤਾ ਦਾ ਨਾਂ ਸਰਦਾਰ ਕਿਸ਼ਨ ਸਿੰਘ ਅਤੇ ਮਾਤਾ ਦਾ ਨਾਂ ਵਿਦਿਆਵਤੀ ਸੀ। ਭਗਤ ਸਿੰਘ ਦੀ ਸ਼ੁਰੂਆਤੀ ਤਾਲੀਮ ਲਾਇਲਪੁਰ ਦੇ ਜ਼ਿਲਾ ਬੋਰਡ ਪ੍ਰਾਇਮਰੀ ਸਕੂਲ ਵਿਖੇ ਹੋਈ। ਇਸ ਤੋਂ ਬਾਅਦ ਉਹ ਡੀਏਵੀ ਹਾਈ ਸਕੂਲ ਲਾਹੌਰ ਵਿੱਚ ਦਾਖ਼ਲ ਹੋ ਗਏ। ਸੰਨ 1923 ਵਿੱਚ ਉਨਾਂ ਲਾਹੌਰ ਦੇ ਨੈਸ਼ਨਲ ਕਾਲਜ ਵਿੱਚ ਦਾਖ਼ਲਾ ਲੈ ਲਿਆ । ਭਗਤ ਸਿੰਘ ਨੂੰ ਉਰਦੂ, ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਸੰਸਕ੍ਰਿਤ ਭਾਸ਼ਾਵਾਂ ਉੱਤੇ ਚੰਗੀ ਪਕੜ ਹਾਸਲ ਸੀ। ਆਪ ਲਾਹੌਰ ਦੇ ਨੈਸ਼ਨਲ ਕਾਲਜ ਦੀ ਪੜਾਈ ਛੱਡ ਕੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ ਹਿੱਸਾ ਬਣ ਕੇ ਕ੍ਰਾਂਤੀਕਾਰੀ ਸੰਗਠਨ ਨਾਲ ਜੁੜ ਗਏ।

ਕਾਕੋਰੀ ਟਰੇਨ ਡਾਕੇ ਦੇ ਮਾਮਲੇ ਵਿੱਚ ਭਗਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਨਾਲ ਹੀ ਉਨਾਂ ਉੱਤੇ ਲਾਹੌਰ ਦੇ ਦੁਸਹਿਰਾ ਮੇਲੇ ਮੌਕੇ ਬੰਬ ਧਮਾਕਾ ਕਰਨ ਦਾ ਵੀ ਦੋਸ਼ ਮੜ ਦਿੱਤਾ ਗਿਆ। ਕੁਝ ਸਮੇਂ ਬਾਅਦ ਚੰਗੇ ਵਿਵਹਾਰ ਕਾਰਨ ਜ਼ਮਾਨਤ ਦੀ ਭਾਰੀ ਰਕਮ ਦੇ ਇਵਜ਼ ਵਿੱਚ ਉਨਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਭਗਤ ਸਿੰਘ ਨੇ ਸੰਘਰਸ਼ ਜਾਰੀ ਰੱਖਦਿਆਂ ਦੇਸ਼ ਦੀ ਅਜ਼ਾਦੀ ਲਈ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਦੀ ਸਹੁੰ ਖਾਧੀ ਅਤੇ ਰਾਜਗੁਰੂ ਦੇ ਨਾਲ ਮਿਲ ਕੇ ਲਾਹੌਰ ਵਿੱਚ ਸਹਾਇਕ ਪੁਲਿਸ ਮੁਖੀ ਰਹੇ ਅੰਗਰੇਜ਼ ਅਧਿਕਾਰੀ ਜੇ ਪੀ ਸਾਂਡਰਸ ਨੂੰ ਮਾਰ-ਮੁਕਾਇਆ।ਆਪਣੇ ਇੱਕ ਹੋਰ ਕ੍ਰਾਂਤੀਕਾਰੀ ਸਾਥੀ ਬੁਟਕੇਸ਼ਵਰ ਦੱਤ ਨਾਲ ਮਿਲ ਕੇ ਆਪ ਨੇ ਨਵੀਂ ਦਿੱਲੀ ਦੀ ਸੈਂਟਰਲ ਅਸੈਂਬਲੀ ਦੇ ਸਭਾ ਹਾਲ ਵਿੱਚ 8 ਅਪ੍ਰੈਲ 1928 ਨੂੰ ਅੰਗਰੇਜ਼ ਸਰਕਾਰ ਨੂੰ ਜਗਾਉਣ ਲਈ ਬੰਬ ਅਤੇ ਪਰਚੇ ਸੁੱਟੇ। ਬੰਬ ਸੁੱਟਣ ਉਪਰੰਤ ਦੋਵਾਂ ਨੇ ਉੱਥੇ ਹੀ ਗ੍ਰਿਫ਼ਤਾਰੀ ਦੇ ਦਿੱਤੀ।

ਜੇਲ ਵਿੱਚ ਭਗਤ ਸਿੰਘ ਨੇ ਲਗਭਗ 2 ਸਾਲ ਗੁਜ਼ਾਰੇ। ਜੇਲ ਵਿੱਚ ਭਗਤ ਸਿੰਘ ਅਤੇ ਉਸ ਦੇ ਬਾਕੀ ਸਾਥੀਆਂ ਨੇ 64 ਦਿਨਾਂ ਤੱਕ ਭੁੱਖ ਹੜਤਾਲ ਕੀਤੀ ।ਭਗਤ ਸਿੰਘ ਅਤੇ ਉਸ ਦੇ ਸਾਥੀਆਂ ਉੱਤੇ ਲਾਹੌਰ ਵਿੱਚ ਸਾਂਡਰਸ ਦੇ ਕਤਲ, ਅਸੈਂਬਲੀ ਵਿੱਚ ਬੰਬ ਧਮਾਕਾ ਕਰਨ ਆਦਿ ਦੇ ਕੇਸ ਚੱਲੇ। ਸੱਤ ਅਕਤੂਬਰ 1930 ਨੂੰ ਟ੍ਰਿਬਿਊਨਲ ਦਾ ਫ਼ੈਸਲਾ ਜੇਲ ਵਿੱਚ ਪਹੁੰਚਿਆ ਜਿਸ ਅਨੁਸਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ, ਕਮਲਨਾਥ ਤਿਵਾੜੀ, ਵਿਜੈ ਕੁਮਾਰ ਸਿਨਹਾ, ਜੈਦੇਵ ਕਪੂਰ, ਸ਼ਿਵ ਵਰਮਾ, ਗਯਾ ਪ੍ਰਸਾਦ, ਕਿਸ਼ੋਰੀ ਲਾਲ ਅਤੇ ਮਹਾਵੀਰ ਸਿੰਘ ਨੂੰ ਉਮਰ ਕੈਦ, ਕੁੰਦਨ ਲਾਲ ਨੂੰ 7 ਅਤੇ ਪ੍ਰੇਮ ਦੱਤ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਗਈ। 23 ਮਾਰਚ ੧੯੩੧ ਨੂੰ ਭਗਤ ਸਿੰਘ ਅਤੇ ਉਨਾਂ ਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇ ਦਿੱਤੀ ਗਈ।

**ਸ਼ਹੀਦ ਭਗਤ ਸਿੰਘ ਦੇ ਵਿਚਾਰ**

ਭਗਤ ਸਿੰਘ ਇਨਕਲਾਬੀ ਹੋਣ ਦੇ ਨਾਲ ਨਾਲ ਮੌਲਿਕ ਚਿੰਤਕ ਵੀ ਸੀ। ਭਗਤ ਸਿੰਘ ਆਖਦੇ ਹਨ ਕਿ ‘ਇਹ ਗੱਲ ਪ੍ਰਸਿੱਧ ਹੈ ਕਿ ਮੈਂ ਦਹਿਸ਼ਤ-ਪਸੰਦ ਰਿਹਾ ਹਾਂ ਪਰ ਮੈਂ ਦਹਿਸ਼ਤ-ਪਸੰਦ ਨਹੀਂ ਹਾਂ। ਮੈਂ ਇਕ ਇਨਕਲਾਬੀ ਹਾਂ ਜਿਸ ਦੇ ਕੁਝ ਨਿਸ਼ਚਿਤ ਵਿਚਾਰ ਅਤੇ ਆਦਰਸ਼ ਹਨ ਅਤੇ ਜਿਸ ਦੇ ਸਾਹਮਣੇ ਇਕ ਲੰਮਾ ਪ੍ਰੋਗਰਾਮ ਹੈ। ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਅਸੀਂ ਬੰਬਾਂ ਅਤੇ ਪਿਸਤੌਲਾਂ ਨਾਲ ਲਾਭ ਪ੍ਰਾਪਤ ਨਹੀਂ ਕਰਾਂਗੇ। ਇਹ ਗੱਲ ਹਿੰਦੁਸਤਾਨ ਰਿਪਬਲਿਕਨ ਆਰਮੀ ਦੇ ਇਤਿਹਾਸ ਤੋਂ ਸਪੱਸ਼ਟ ਹੈ। ਨਿਰਾ ਬੰਬ ਸੁੱਟਣਾ ਨਾ ਸਿਰਫ਼ ਬੇਫ਼ਾਇਦਾ ਹੈ ਸਗੋਂ ਕਈ ਵਾਰ ਨੁਕਸਾਨਦੇਹ ਵੀ ਹੈ, ਇਸ ਦੀ ਜ਼ਰੂਰਤ ਕਿਸੇ ਖ਼ਾਸ ਹਾਲਤ ਵਿਚ ਪੈ ਸਕਦੀ ਹੈ। ਸਾਡਾ ਮੁੱਖ ਮਕਸਦ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਜਥੇਬੰਦ ਕਰਨਾ ਹੋਣਾ ਚਾਹੀਦਾ ਹੈ।’

ਤਿੰਨ ਫਰਵਰੀ ਨੂੰ ਬੰਗਾਲ ਦੇ ਨੌਜਵਾਨਾਂ ਨੇ ਜਿਸ ਜਥੇਬੰਦੀ ਤੇ ਜਾਗ੍ਰਿਤੀ ਦਾ ਸਬੂਤ ਦਿੱਤਾ, ਉਹ ਸਾਡੇ ਲਈ ਚਾਨਣ ਮੁਨਾਰਾ ਹੈ। ਦੂਜੇ ਪੰਜਾਬ ਆਪਣੀਆਂ ਬੇਮਿਸਾਲ ਕੁਰਬਾਨੀਆਂ ਅਤੇ ਬਲੀਦਾਨਾਂ ਦੇ ਬਾਵਜੂਦ ਰਾਜਸੀ ਤੌਰ ’ਤੇ ਪਛੜਿਆ ਹੋਇਆ ਸੂਬਾ ਮੰਨਿਆ ਜਾਂਦਾ ਹੈ, ਕਿਸ ਲਈ? ਇਸ ਕਰਕੇ ਕਿ ਅਸੀਂ ਇਕ ਯੋਧਿਆਂ ਦੀ ਕੌਮ ਵਿਚੋਂ ਤਾਂ ਹਾਂ, ਪਰ ਸਾਡੇ ਵਿਚ ਜਥੇਬੰਦੀ ਤੇ ਅਨੁਸ਼ਾਸਨ ਦੀ ਕਮੀ ਹੈ। ਅਸੀਂ ਜੋ ਕਿ ਪੁਰਾਤਨ ਸਮੇਂ ਦੀ ਟੈਕਸਿਲਾ ਦੀ ਯੂਨੀਵਰਸਿਟੀ ’ਤੇ ਮਾਣ ਕਰਦੇ ਹਾਂ, ਅੱਜ ਸਭਿਆਚਾਰ ਤੋਂ ਬਿਲਕੁਲ ਕੋਰੇ ਬੈਠੇ ਹਾਂ ਅਤੇ ਸਭਿਆਚਾਰ ਬਣਾਉਣ ਲਈ ਉੱਚ ਕੋਟੀ ਦੇ ਸਾਹਿਤ ਦੀ ਲੋੜ ਹੈ ਅਤੇ ਅਜਿਹਾ ਸਾਹਿਤ ਇਕ ਸਾਂਝੀ ਤੇ ਉਨਤ ਬੋਲੀ ਤੋਂ ਬਗ਼ੈਰ ਨਹੀਂ ਰਚਿਆ ਜਾ ਸਕਦਾ। ਅਫ਼ਸੋਸ ਕਿ ਸਾਡੇ ਪਾਸ ਇਨਾਂ ਵਿਚੋਂ ਕੁਝ ਵੀ ਨਹੀਂ।

ਦੂਸਰੀ ਪੰਜਾਬ ਸਟੂਡੈਂਟ ਯੂਨੀਅਨ ਦੀ ਕਾਨਫਰੰਸ 19-20 ਅਕਤੂਬਰ 1929 ਨੂੰ ਲਾਹੌਰ ਵਿਚ ਹੋਈ, ਉਸ ’ਤੇ ਇਹ ਸੰਦੇਸ਼ ਵਿਦਿਆਰਥੀਆਂ ਨੂੰ ਭੇਜਿਆ ਗਿਆ । ਇਹ 19 ਅਕਤੂਬਰ 1929 ਨੂੰ ਕਾਨਫਰੰਸ ਵਿਚ ਪੜ ਕੇ ਸੁਣਾਇਆ ਗਿਆ ਕਿ ਅਸੀਂ ਨੌਜਵਾਨਾਂ ਨੂੰ ਬੰਬ ਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਜ਼ਿਆਦਾ ਵੱਡੇ ਕੰਮ ਹਨ। ਆਉਣ ਵਾਲੇ ਲਾਹੌਰ ਸੈਸ਼ਨ ਵਿਚ ਕਾਂਗਰਸ ਦੇਸ਼ ਦੀ ਸੁਤੰਤਰਤਾ ਲਈ ਤਕੜੀ ਜੱਦੋ-ਜਹਿਦ ਦਾ ਐਲਾਨ ਕਰ ਰਹੀ ਹੈ। ਕੌਮੀ ਇਤਿਹਾਸ ਦੇ ਇਸ ਨਾਜ਼ੁਕ ਸਮੇਂ ਨੌਜਵਾਨ ਜਮਾਤ ਦੇ ਸਿਰਾਂ ਉੱਤੇ ਮਣਾਂ-ਮੂੰਹੀਂ ਜ਼ਿੰਮੇਵਾਰੀ ਦਾ ਭਾਰ ਆ ਜਾਂਦਾ ਹੈ। ਹੋਰ ਸਭ ਤੋਂ ਵੱਧ ਵਿਦਿਆਰਥੀ ਹੀ ਤਾਂ ਅਜ਼ਾਦੀ ਦੀ ਲੜਾਈ ਦੀਆਂ ਮੂਹਰਲੀਆਂ ਸਫ਼ਾਂ ਵਿਚ ਲੜਦੇ ਸ਼ਹੀਦ ਹੋਏ ਹਨ। ਕੀ ਭਾਰਤੀ ਨੌਜਵਾਨ ਇਸ ਪ੍ਰੀਖਿਆ ਦੇ ਸਮੇਂ ਓਹੀ ਸੰਜੀਦਾ ਇਰਾਦਾ ਵਿਖਾਉਣ ਤੋਂ ਝਿਜਕਣਗੇ?

ਫੈਕਟਰੀਆਂ ਵਿਚ ਕੰਮ ਕਰਦੇ ਲੱਖਾਂ ਮਜ਼ਦੂਰਾਂ ਕੋਲ ਝੁੱਗੀਆਂ ਤੇ ਪੇਂਡੂ ਝੌਂਪੜੀਆਂ ਵਿਚ ਨੌਜਵਾਨਾਂ ਨੇ ਇਨਕਲਾਬ ਦਾ ਸੁਨੇਹਾ, ਦੇਸ਼ ਦੇ ਹਰ ਕੋਨੇ ਕੋਨੇ ਵਿਚ ਪਹੁੰਚਾਉਣਾ ਹੈ। ਉਸ ਇਨਕਲਾਬ ਦਾ ਸੁਨੇਹਾ ਜਿਹੜਾ ਕਿ ਉਹ ਅਜ਼ਾਦੀ ਲਿਆਵੇ, ਜਿਸ ਵਿਚ ਆਦਮੀ ਦੇ ਹੱਥੋਂ ਆਦਮੀ ਦੀ ਲੁੱਟ-ਖਸੁੱਟ ਅਸੰਭਵ ਹੋ ਜਾਵੇਗੀ, ਕਿਉਂਕਿ ਆਮ ਤੌਰ ’ਤੇ ਪੰਜਾਬ ਨੂੰ ਰਾਜਨੀਤਕ ਤੌਰ ’ਤੇ ਪਛੜਿਆ ਸਮਝਿਆ ਜਾਂਦਾ ਹੈ, ਸੋ ਇਸ ਕਰਕੇ ਇੱਥੋਂ ਦੇ ਨੌਜਵਾਨਾਂ ’ਤੇ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ।

ਇਹੀ ਕਾਰਨ ਹੈ ਕਿ ਸਾਡੇ ਲੀਡਰ ਅੰਗਰੇਜ਼ਾਂ ਅੱਗੇ ਗੋਡੇ ਟੇਕਣਾ ਪਸੰਦ ਕਰਦੇ ਹਨ, ਬਜਾਏ ਕਿਸਾਨਾਂ ਅੱਗੇ ਝੁਕਣ ਦੇ। ਕੀ ਤੁਸੀਂ ਕਿਸੇ ਵੀ ਨੇਤਾ ਦਾ ਨਾਂ ਲੈ ਸਕਦੇ ਹੋ ਜਿਸ ਨੇ ਮਜ਼ਦੂਰਾਂ ਜਾਂ ਕਿਸਾਨਾਂ ਨੂੰ ਜਥੇਬੰਦ ਕਰਨ ਦੀ ਕੋਸ਼ਿਸ਼ ਕੀਤੀ ਹੋਵੇ। ਨਹੀਂ, ਉਹ ਖ਼ਤਰਾ ਮੁੱਲ ਨਹੀਂ ਲੈਣਗੇ। ਇਹੀ ਤਾਂ ਉਨਾਂ ਦੀ ਘਾਟ ਹੈ। ਇਸ ਕਰ ਕੇ ਮੈਂ ਕਹਿੰਦਾ ਹਾਂ ਕਿ ਉਹ ਸੰਪੂਰਨ ਆਜ਼ਾਦੀ ਨਹੀਂ ਚਾਹੁੰਦੇ। ਆਰਥਿਕ ਅਤੇ ਪ੍ਰਬੰਧਕੀ ਦਬਾਅ ਪਾ ਕੇ ਉਹ ਚੰਦ ਹੋਰ ਸੁਧਾਰ ਯਾਨੀ ਭਾਰਤੀ ਪੂੰਜੀਪਤੀਆਂ ਲਈ ਚੰਦ ਹੋਰ ਰਿਆਇਤਾਂ ਪ੍ਰਾਪਤ ਕਰਨਾ ਚਾਹੁਣਗੇ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਸ ਅੰਦੋਲਨ ਦਾ ਭੱਠਾ ਤਾਂ ਬੈਠੇਗਾ ਹੀ। ਸ਼ਾਇਦ ਕਿਸੇ ਨਾ ਕਿਸੇ ਸਮਝੌਤੇ ਨਾਲ ਜਾਂ ਅਜਿਹੀ ਕਿਸੇ ਚੀਜ਼ ਦੇ ਬਗ਼ੈਰ ਹੀ। ਨੌਜਵਾਨ ਵਰਕਰ ਜਿਹੜੇ ਪੂਰੀ ਤਨਦੇਹੀ ਨਾਲ ‘ਇਨਕਲਾਬ-ਜ਼ਿੰਦਾਬਾਦ’ ਦੇ ਨਾਅਰੇ ਲਗਾਉਂਦੇ ਹਨ, ਪੂਰੀ ਤਰਾਂ ਆਪ ਸੰਗਠਿਤ ਨਹੀਂ ਹਨ ਅਤੇ ਆਪਣੇ ਆਪ ਅੰਦੋਲਨ ਨੂੰ ਅੱਗੇ ਲਿਜਾਣ ਦੀ ਤਾਕਤ ਨਹੀਂ ਰੱਖਦੇ ਹਨ। ਅਸਲ ਵਿਚ ਸਾਡੇ ਵੱਡੇ ਲੀਡਰ, ਸਿਵਾਏ ਪੰਡਤ ਮੋਤੀ ਲਾਲ ਨਹਿਰੂ ਦੇ ਆਪਣੇ ਆਪ ’ਤੇ ਜ਼ਿੰਮੇਵਾਰੀ ਨਹੀਂ ਲੈਣਾ ਚਾਹੁੰਦੇ, ਇਹੀ ਕਾਰਨ ਹੈ ਕਿ ਉਹ ਘੜੀ-ਮੁੜੀ ਗਾਂਧੀ ਅੱਗੇ ਬਿਨਾਂ ਸ਼ਰਤ ਦੇ ਗੋਡੇ ਟੇਕ ਦਿੰਦੇ ਹਨ। ਉਨਾਂ ਦੀ ਰਾਏ ਵੱਖਰੀ ਹੋਣ ’ਤੇ ਵੀ ਉਹ ਕਦੇ ਪੂਰੀ ਤਨਦੇਹੀ ਨਾਲ ਮੁਖ਼ਾਲਫ਼ਤ ਨਹੀਂ ਕਰਦੇ ਅਤੇ ਮਤੇ ਮਹਾਤਮਾ ਕਰਕੇ ਹੀ ਪਾਸ ਕਰ ਦਿੱਤੇ ਜਾਂਦੇ ਹਨ। ਇਨਾਂ ਹਾਲਤਾਂ ਵਿਚ ਨੌਜਵਾਨ ਕਾਰਕੁਨਾਂ ਜਿਹੜੇ ਇਨਕਲਾਬ ਵਾਸਤੇ ਪੂਰੀ ਸੰਜੀਦਗੀ ਰੱਖਦੇ ਹਨ, ਨੂੰ ਮੈਂ ਚਿਤਾਵਨੀ ਦੇਣਾ ਚਾਹਾਂਗਾ ਕਿ ਔਖਾ ਸਮਾਂ ਆ ਰਿਹਾ ਹੈ।

ਅਸੀਂ ਤਾਂ ਸਾਫ਼ ਕਹਿੰਦੇ ਹਾਂ ਕਿ ਉਠੋ! ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉਠੋ! ਆਪਣਾ ਇਤਿਹਾਸ ਦੇਖੋ! ਗੁਰੂ ਗੋਬਿੰਦ ਸਿੰਘ ਦੀ ਫੌਜ ਦੀ ਅਸਲੀ ਤਾਕਤ ਤੁਹਾਡੀ ਸੀ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿਚ ਲਿਖੀਆਂ ਹੋਈਆਂ ਹਨ। ਅਸੀਂ ਜੋ ਨਿੱਤ ਸੇਵਾ ਕਰਕੇ ਕੌਮ ਦੇ ਸੁੱਖ ਵਿਚ ਵਾਧਾ ਕਰਕੇ ਅਤੇ ਜ਼ਿੰਦਗੀ ਮੁਮਕਨ ਬਣਾ ਕੇ ਇਕ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਸ ਨੂੰ ਅਸੀਂ ਲੋਕੀਂ ਨਹੀਂ ਸਮਝਦੇ ਇੰਤਕਾਲੇ ਅਰਾਜ਼ੀ ਐਕਟ ਦੇ ਮੁਤਾਬਕ ਤੁਸੀਂ ਪੈਸੇ ਇਕੱਠੇ ਕਰਕੇ ਵੀ ਜ਼ਮੀਨ ਨਹੀਂ ਖ਼ਰੀਦ ਸਕਦੇ। ਤੁਹਾਡੇ ’ਤੇ ਏਨਾ ਜ਼ੁਲਮ ਹੋ ਰਿਹਾ ਹੈ ਕਿ ਅਮਰੀਕਾ ਦੀ ਮਿਸ ਮੇਯੋ ਕਹਿੰਦੀ ਹੈ ਉਠੋ! ਆਪਣੀ ਤਾਕਤ ਪਛਾਣੋ। ਜਥੇਬੰਦ ਹੋ ਜਾਓ। ਅਸਲ ਵਿਚ ਤੇ ਤੁਹਾਡੇ ਆਪਣੇ ਯਤਨ ਕੀਤਿਆਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿਲ ਸਕੇਗਾ। ਅਜ਼ਾਦੀ ਦੀ ਖ਼ਾਤਰ ਅਜ਼ਾਦੀ ਚਾਹੁਣ ਵਾਲਿਆਂ ਨੂੰ ਯਤਨ ਕਰਨਾ ਚਾਹੀਦਾ ਹੈ। ਮਨੁੱਖ ਦੀ ਹੌਲੀ-ਹੌਲੀ ਕੁਝ ਇਹੋ ਜਿਹੀ ਆਦਤ ਹੋ ਗਈ ਹੈ ਕਿ ਆਪਣੇ ਵਾਸਤੇ ਤੇ ਉਹ ਹੱਕ ਮੰਗਣਾ ਚਾਹੁੰਦਾ ਹੈ ਪਰ ਜਿਨਾਂ ’ਤੇ ਉਸ ਦਾ ਆਪਣਾ ਦਬਦਬਾ ਹੋਵੇ, ਉਨਾਂ ਨੂੰ ਉਹ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ। ਇਸ ਕਰਕੇ ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਿਆ ਕਰਦੇ। ਜਥੇਬੰਦ ਹੋ ਕੇ ਆਪਣੇ ਪੈਰਾਂ ’ਤੇ ਖਲੋ ਕੇ ਸਾਰੇ ਸਮਾਜ ਨੂੰ ਚੈਲੰਜ ਕਰ ਦਿਓ। ਦੇਖੋ ਤਾਂ ਫੇਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਰਅਤ ਕਰ ਸਕੇਗਾ। ਨੌਕਰਸ਼ਾਹੀ ਦੇ ਝਾਂਸੇ ਵਿਚ ਵੀ ਨਾ ਆਉਣਾ। ਇਹ ਤੁਹਾਡੀ ਮਦਦ ਨਹੀਂ ਕਰਨਾ ਚਾਹੁੰਦੀ ਬਲਕਿ ਤੁਹਾਨੂੰ ਆਪਣਾ ਟੂਲ ਬਣਾਉਣਾ ਚਾਹੁੰਦੀ ਹੈ। ਇਹ ਸਰਮਾਏਦਾਰੀ ਨੌਕਰਸ਼ਾਹੀ ਤੁਹਾਡੀ ਗ਼ੁਲਾਮੀ ਤੇ ਗਰੀਬੀ ਦਾ ਮੁੱਖ ਕਾਰਨ ਹੈ। ਇਸ ਕਰਕੇ ਉਸ ਨਾਲ ਤੁਸੀਂ ਨਾ ਮਿਲਣਾ। ਉਸ ਦੀਆਂ ਚਾਲਾਂ ਕੋਲੋਂ ਬਚਣਾ। ਬਸ ਫੇਰ ਸਾਰਾ ਕੰਮ ਬਣ ਜਾਵੇਗਾ। ਤੁਸੀਂ ਅਸਲੀ ਕਿਰਤੀ ਹੋ! ਕਿਰਤੀਓ ਜਥੇਬੰਦ ਹੋ ਜਾਓ! ਤੁਹਾਡਾ ਕੁਝ ਨੁਕਸਾਨ ਨਹੀਂ ਹੋਵੇਗਾ। ਕੇਵਲ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ




# 'ਬੱਚਾ ਕੱਚੀ ਮਿੱਟੀ ਵਰਗਾ'

**ਹਰਫੂਲ ਭੁੱਲਰ ਮੰਡੀ ਕਲਾਂ**

ਕੁਦਰਤ ਨੇ ਇਨਸਾਨ ਨੂੰ ਪਹਿਲਾਂ ਬੱਚੇ ਦਾ ਰੂਪ ਦਿੱਤਾ, ਉਸ ਦਾ ਮਨ ਇਕ ਕੋਰੇ ਕਾਗਜ਼ ਵਾਂਗ ਇਸ ਜੱਗ ਨੂੰ ਦੇ ਦਿੱਤਾ । ਸਮਾਂ ਨਿਕਲਣ ਦੇ ਨਾਲ ਨਾਲ ਇਸ ਜੱਗ ਨੇ ਉਸ ਦੇ ਕੋਰੇ ਕਾਗ਼ਜ਼ ਉੱਤੇ ਆਪਣੀ ਛਾਪ ਛੱਡਣੀ ਸ਼ੁਰੂ ਕਰ ਦਿੱਤੀ ਤੇ ਇਸ ਤੋਂ ਬਾਅਦ ਹੀ ਅੱਗੇ ਚੰਗੇ ਮਾੜੇ ਇਨਸਾਨ ਬਣਨ ਦਾ ਰਾਹ ਸ਼ੁਰੂ ਹੋ ਜਾਂਦਾ ਹੈ ਤੇ ਇਸੇ ਰਾਹ ਉੱਤੇ ਚਲਦੇ ਹੋਏ ਕਦੇ ਉਹ ਕੁਦਰਤ ਦਾ ਬਣ ਜਾਂਦਾ ਹੈ ਤੇ ਕਦੇ ਕੁਦਰਤ ਤੋਂ ਬਾਹਰ ਹੋ ਕੇ ਕੁਝ ਸਮੇਂ ਲਈ ਆਪਣੇ ਆਪ ਨੂੰ ਅਜ਼ਾਦ ਸਮਝਦਾ ਹੈ, ਪਰ ਉਸ ਦੀ ਇਹ ਅਜ਼ਾਦੀ ਜਦੋਂ ਉਸ ਉੱਤੇ ਹੀ ਭਾਰੀ ਪੈ ਜਾਂਦੀ ਹੈ ਤਦ ਉਹ ਮੁੜ ਦੁਬਾਰਾ ਕੁਦਰਤ ਦੀ ਬੁੱਕਲ ਵਿੱਚ ਆ ਖਲੋਂਦਾ ਹੈ ।

**ਜੇ ਝੋਲੀ ਵੱਡੀ ਅੱਡੋਗੇ...ਤਾਂ ਹੀ,**
**ਦਾਤਾਂ ਵੱਡੀਆਂ ਮਿੱਲਣਗੀਆਂ !'**

ਬੱਚਿਆਂ ਵਾਂਗ ਹੱਸਣਾ, ਕਵੀਆਂ ਵਾਂਗ ਮਹਿਸੂਸ ਕਰਨਾ ਅਤੇ ਬਜ਼ੁਰਗਾਂ ਵਾਂਗ ਸੋਚਣਾ, ਇਹ ਕਿਸੇ ਕਿਸੇ ਦੇ ਹਿੱਸੇ ਆਉਂਦਾਂ ਹੈ। ਬਚਪਨ ਦੁਬਾਰਾ ਕਿੱਥੇ ਲੱਭ ਦੈ, ਇਸ ਮਾਸੂਮੀਅਤ ਵਿਚ ਚੰਦ ਮਾਮਾ ਹੁੰਦਾ, ਮਿੱਟੀ ਮਾਂ ਹੁੰਦੀ ਸੀ, ਕੋਠੇ ਮੋਰ ਹੁੰਦਾ ਸੀ, ਚਿੱੜੀ ਉੱਡ ਕਾਂ ਉੱਡ ਹੁੰਦਾ ਸੀ ਹੋਰ ਪਤਾ ਨਹੀਂ ਕੀ-ਕੀ ਹੁੰਦਾ ਸੀ, ਹੁਣ ਤੇ ਦਿਮਾਗ਼ਾਂ ਦੀਆਂ ਚੁਸਤ-ਚਲਾਕੀਆਂ ਦੇਖ ਮਨ ਪ੍ਰੇਸ਼ਾਨ ਜਾ ਰਹਿੰਦਾ, ਅਸਲ ਵਿਚ ਬਚਪਨ ਦੀ ਉਮਰ ਹੀ ਅਸਲ ਸ਼ਾਹੀ ਉਮਰ ਹੁੰਦੀ ਹੈ।



ਮੈਂ ਕਈਆਂ ਨੂੰ ਕਹਿੰਦੇ ਸੁਣਿਆ ਕਿ 'ਬੱਚਾ ਕੱਚੀ ਮਿੱਟੀ ਵਰਗਾ ਹੁੰਦਾ ਹੈ', ਮੈਂ ਇਸ ਗੱਲ ਨਾਲ ਸਹਿਮਤ ਨਹੀਂ, ਨਾਂ ਹੀ ਹੁਣ ਇਹ ਗੱਲ ਹਾਜ਼ਮ ਆਉਂਦੀ ਹੈ...ਕਿਉਂਕਿ ਕੱਚੀ ਮਿੱਟੀ ਇੱਕ ਬੇਜ਼ਾਨ ਪਦਾਰਥ ਹੈ, ਜਿਸ ਨੂੰ ਘੁਮਿਆਰ ਗੁੰਨ ਕੇ ਮਨਮਰਜ਼ੀ ਦੀ ਸ਼ਕਲ-ਸੂਰਤ ਦੇ ਸਕਦਾ ਹੈ। ਪਰ... ਦੂਜੇ ਪਾਸੇ ਬੱਚਿਆਂ ਅੰਦਰ ਜੀਵਨ, ਦਿਮਾਗ਼, ਭਵਿੱਖ, ਸੋਚ ਤੇ ਉਮੀਦਾਂ ਹੁੰਦੀਆਂ ਹਨ, ਸੋ ਬੱਚੇ ਦੁਨੀਆਂ ਵਿਚ ਵਿਚਰ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਆਪ ਕਰ ਸਕਦੇ ਹਨ। ਕਦੇਂ ਸਾਂਝੇ ਪਰਿਵਾਰਾਂ ਵਿਚ ਬੱਚਿਆਂ ਨੂੰ ਸੰਸਕਾਰਾਂ ਦਾ ਭੰਡਾਰ ਮਿਲਦਾ ਸੀ। ਹੁਣ ਸੰਯੁਕਤ ਪਰਿਵਾਰਾਂ ਦਾ ਤਾਂ ਤਕਰੀਬਨ ਭੋਗ ਹੀ ਪੈ ਚੁੱਕਿਆ ਹੈ। ਸੋ ਇਸ ਕਰਕੇ ਹੁਣ ਮਾਂ-ਬਾਪ ਦੀ ਬੱਚਿਆਂ ਪ੍ਰਤੀ ਜ਼ਿੰਮੇਵਾਰੀ ਕਈ ਗੁਣਾਂ ਵੱਧ ਗਈ ਹੈ। ਸਮੇਂ ਦੀ ਕਾਂਗਿਆਰੀ ਤੋਂ ਬੱਚਿਆਂ ਨੂੰ ਬਚਾਉਂਣ ਲਈ ਆਪਣੇ ਤਨ ਦੀ ਛੱਤਰੀ ਤਾਣੋਂ ਸੱਜਣ ਜੀ, ਇਨਾਂ ਨਾਲੋਂ ਮਹਿੰਗੀ ਸੌਗਾਤ ਕੋਈ ਹੋਰ ਨਹੀਂ...।

ਅੱਜ ਦੇ ਦਿਨ ਪਿਆਰ ਦੇ ਰੰਗਾਂ ਵਿਚ ਰੰਗੇ ਦੁਨੀਆਂ ਤੋਂ ਬੇਖ਼ਬਰ ਬੱਚੇ ਮੈਨੂੰ ਤਾਂ ਬਹੁਤ ਪ੍ਰਸੰਨ ਕਰਦੇ ਨੇ ਕਿਉਂਕਿ ਇਨਾਂ ਦਾ ਪਿਆਰ ਕਿਸੇ ਨੇਮ, ਧਰਮ ਜਾਂ ਕਾਨੂੰਨ ਨਹੀਂ ਮੰਨਦਾ ।ਬਚਪਨ ਦੇ ਪਿਆਰ ਵਿਚ ਮਾਰੂ ਬਹਿਸ ਸੰਭਵ ਨਹੀਂ ਹੁੰਦੀ, ਏਥੇ ਇਕ-ਦੂਜੇ ਨਾਲੋਂ ਵੱਧ ਚੜ ਕੇ ਸਹਿਮਤ ਹੋਣ ਦੀ ਜੱਦੋ-ਜਹਿਦ ਹੁੰਦੀ ਹੈ । ਉਮਰ ਕੋਈ ਵੀ ਹੋਵੇ ਮਨ ਤਾਂ ਪਿਆਰ ਲਈ ਸਦਾ ਹੀ ਵਿਲਕਦਾ ਹੈ । ਪਿਆਰ ਕਰਨ ਨਾਲ ਸਾਨੂੰ ਜੀਵਨ ਜਿਊਣ ਦੀ ਜਾਚ ਆਉਂਦੀ ਹੈ , ਦੂਆ ਹੈ ਹਰ ਜਿਊਂਦੇ ਜੀਅ ਨੂੰ ਪਿਆਰ ਕਰਨ ਦਾ ਸੁਚੱਜ ਤੇ ਢੰਗ ਆਵੇ । ਮੰਨਿਆ ਬੱਚਿਆਂ ਦਾ ਗਿਆਨ ਡੂੰਘਾ ਨਹੀਂ ਹੁੰਦਾ ਪਰ ਪਿਆਰ ਦੀ ਕੋਈ ਕੋਈ ਸੀਮਾ ਨਹੀਂ ਹੁੰਦੀ ।

ਮੈਂ ਸੋਚਦਾ ਵੱਡੇ ਹੋ ਕੇ ਆਪਣੇ-ਆਪ ਨੂੰ ਸਭ ਤੋਂ ਸਿਆਣਾ ਸਮਝ ਕੇ ਪਤਾ ਨਹੀਂ ਸਾਨੂੰ ਕੀ ਕੌਹੜ ਚਲਦਾ ਹੈ, ਅਸੀਂ ਬਿਨਾਂ ਕਾਰਨ ਹੀ ਦੂਜਿਆਂ ਨੂੰ ਆਪਣੇ ਦੁਸ਼ਮਣ ਖੁਦ ਹੀ ਮਿੱਥ ਲੈਂਦੇ ਹਾਂ ! ਹਰ ਸਮੇਂ ਪਿਆਰ ਦੇ ਰੰਗਾਂ ਨੂੰ ਸੁੱਟ ਕੇ, ਸ਼ਿਕਵੇ ਸ਼ਿਕਾਇਤਾਂ ਹੀ ਕੁੱਛੜ ਚੁੱਕੀ ਫਿਰਦੇ ਹਾਂ, ਕਿਨਾਂ ਚੰਗਾ ਹੋਵੇ ਜੇ ਸਾਡੇ ਹੱਥਾਂ ਵਿਚ ਵੀ ਪਿਆਰ ਦੇ ਰੰਗਾਂ ਨਾਲ ਭਰੀਆਂ ਪਿੰਚਕਾਰੀਆਂ ਹੋਣ 'ਤੇ ਪੂਰੇ ਸੰਸਾਰ ਨੂੰ ਮੁਹੱਬਤ ਦੇ ਰੰਗਾਂ ਵਿਚ ਰੰਗ ਦੇਈਏ ! ਅਧਿਕ ਪੂਜਾ-ਪਾਠ, ਵਧੇਰੀਆਂ ਅਰਦਾਸਾਂ ਕਰਨੀਆਂ ਕੋਈ ਸ਼ੁਭ ਸਗਨ ਨਹੀਂ , ਨਾਹੀ ਸਾਡੇ ਧਾਰਮਿਕ ਹੋਣ ਦਾ ਪ੍ਰਮਾਣ ਹੈ , ਸਗੋਂ ਸਾਡੀਆਂ ਕੀਤੀਆਂ ਕਾਲੀਆਂ ਕਰਤੂਤਾਂ ਕਰਕੇ ਸਾਡੇ ਵਧੇਰੇ ਡਰੇ ਹੋਣ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ । ਸੱਚਿਆਂ ਦੀ ਨੀਂਦ ਰੱਬ ਵੀ ਨਹੀਂ ਚੁਰਾ ਸਕਦਾ ਜੀ , ਉਨਾਂ ਦੀ ਸਦਾ ਹੋਲੀ , ਲੋਹੜੀ ਤੇ ਦੀਵਾਲੀ ਹੁੰਦੀ ਹੈ..ਅਜਿਹਾ ਸੁਭਾਅ ਵੀ ਉਸ ਕੁਦਰਤ ਦੀ ਦੇਣ ਹੈ ਜਿੱਥੇ ਉਸ ਕੋਰੇ ਕਾਗਜ਼ ਉੱਤੇ ਕੇਵਲ ਸੱਚ ਤੇ ਹਰਫਾਂ ਦੀ ਬਰਸਾਤ ਹੋਈ ਹੁੰਦੀ ਹੈ ।

## ਬਚਪਨ ਇੱਕ ਅਨਮੋਲ ਹੀਰਾ

ਇਹ ਬਚਪਨ ਹੈ ਇੱਕ ਅਨਮੋਲ ਹੀਰਾ
ਹੌਲੀ-ਹੌਲੀ ਹੱਥਾਂ ਵਿਚੋਂ ਖੁੰਝ ਜਾਵੇ।
ਬਚਪਨ ਬੀਤਿਆ ਆਈ ਜਵਾਨੀ,
ਬੰਦਾ ਕੰਮਕਾਰ ਵਿੱਚ ਰੁੱਝ ਜਾਵੇ ।
ਵਿੱਚ ਬੁਢਾਪੇ ਯਾਦ ਆਵੇ ਇਹ ਬਚਪਨ,
ਜਦੋਂ ਦਾਦੀ ਦੇ ਦੁਆਲੇ ਬਹਿ ਕੇ
ਸੁਣਦੇ ਸੀ ਕਹਾਣੀ ।
ਨਹੀਂ ਮੁੜ ਕੇ ਇਸ ਬਚਪਨ ਨੇ ਆਉਣਾ,
ਉਹ ਕਾਗ਼ਜ਼ ਦੀ ਕਿਸ਼ਤੀ ਤੇ ਮੀਂਹਾਂ ਦਾ
ਪਾਣੀ।

**ਮੀਤ**

ਕਿਸਾਨ ਦੇ ਪਿਤਾ ਦੀ ਪੋਤੀ ਉਮਰੋਂ ਬਾਲ ਹਾਂ ਮੈਂ,
ਹੱਕ ਲੈਣ ਲਈ ਆਪਣੇ ਦਾਦੇ ਦੇ ਨਾਲ ਹਾਂ ਮੈਂ।
ਮੇਰੇ ਪੁਰਖਿਆਂ ਦੀ ਜ਼ਰ ਜ਼ਮੀਨ ਕੌਣ ਖੋ ਕੇ ਲੈਜੂਗਾ,
ਚਾਹੇ ਨਿੱਕੀ ਹਾਂ ਪਰ ਤਲਵਾਰ ਤੇ ਇੱਕ ਢਾਲ ਹਾਂ ਮੈਂ।
ਇਹ ਕੌਮ ਯੋਧੇ ਸ਼ੇਰਾਂ ਦੀ ਜ਼ੁਲਮ ਜ਼ਰ ਨਹੀਂ ਸਕਦੀ,
ਜ਼ਬਰ ਨੂੰ ਖਤਮ ਕਰਨ ਵਾਲੀ ਐਸੀ ਭੁਚਾਲ ਹਾਂ ਮੈਂ।
ਡਰ ਜੰਗ ਦਾ ਨਾ ਠੰਡ ਦਾ ਨਾ ਡਰ ਜਹਾਨੋਂ ਜਾਣਦਾ,
ਵੈਰੀਆਂ ਦੇ ਲਈ 'ਸੰਧੂ' ਹਮੇਸ਼ਾ ਕਾਲ ਹਾਂ ਮੈਂ।

**ਸੁਰਜੀਤ ਸੰਧੂ**

## ਇਹ ਜੱਗ ਮਿੱਠਾ ਤੇ ਅਗਲਾ ਕਿਸਨੇ ਡਿਠਾ'

ਦਰਬੜ ਦਰਬੜ' ਸੁਣੀ ਨਾ ਜੀਹਨੇ ਰਿੱਝਦੇ ਸਾਗ ਦੀ
ਕੋਸੀ ਕੋਸੀ ਧੁੱਪ ਨਾ ਕਦੇ ਸੇਕੀ ਜੀਹਨੇ ਮਾਘ ਦੀ
ਬੈਲੈਂਸ ਜਾਂ ਬਣਾਕੇ ਠੂਣਾ ਨਾ ਲਿਆ ਸੁਹਾਗੇ ਦਾ
ਜੀਹਨੇ ਜਪੁਜੀ ਸਾਬ ਨਾ ਪੜਿਆ ਕਦੇ ਨਾਨਕ ਬਾਬੇ ਦਾ
ਕੈਂਚੀ ਸਿੱਖਦੇ ਚੈਨ 'ਚ ਜੀਹਦਾ ਪਜਾਮਾ ਅੜਿਆ ਨਾ
ਸਮਝੀਂ ਨਿੱਕਿਆ ਓਹੋ 'ਪੈਂਤੀ ਅੱਖਰੀ' ਪੜਿਆ ਨਾ........
ਫਰਕ ਜੇਹੜਾ ਨਾ ਜਾਣੇ ਨਰਮੇ ਅਤੇ ਕਪਾਹਾਂ ਦੇ
ਅਲਰਜੀ ਹੋਣ ਤੋਂ ਡਰਦਾ ਘੱਟੇ ਦੇਖਕੇ ਰਾਹਾਂ ਦੇ
ਅੰਕਲ, ਐਂਟੀ ਆਖੇ ਜੇਹੜਾ ਸਕੇ ਚਾਚੇ ਚਾਚੀਆਂ ਨੂੰ
ਸਕੂਲ ਵੇਲੇ ਨਾ ਖਾਧਾ ਜੀਹਨੇ ਸਲੇਟੀਆਂ ਗਾਚੀਆਂ ਨੂੰ
ਗਾਲੜ-ਟੁੱਕ ਖੇਡਦਿਆਂ ਜੇਹੜਾ ਨਿੰਮਾਂ ਤੇ ਚੜਿਆ ਨਾ
ਸਮਝੀਂ ਨਿੱਕਿਆ ਓਹੋ 'ਪੈਂਤੀ ਅੱਖਰੀ' ਪੜਿਆ ਨਾ........
ਬਹਿ ਸੱਥ 'ਚ ਬਾਬਿਆਂ ਕੋਲੇ ਜੀਹਨੇ ਸੇਕੀ ਧੂਣੀ ਨਾ
ਗਲੋਟਾ, ਤੱਕਲਾ, ਛਿੱਕੂ ਜਾਂ ਜੇਹੜਾ ਜਾਣੇ ਪੂਣੀ ਨਾ
ਸੂਈ ਕੰਧੂਈ, ਕਰੋਸ਼ੀਆ ਜਾਂ ਜਾਣੇ ਨਾ ਸਲਾਈਆਂ ਨੂੰ
ਮੱਲ, ਸੇਰੂ, ਜਾਂ ਨਾ ਜਾਣੇ ਮੰਜੇ ਦੀਆਂ ਬਾਹੀਆਂ ਨੂੰ
ਨਿੱਕੇ ਹੁੰਦਿਆਂ ਜੇਹੜਾ ਟਰੈਲੀ ਦੇ ਡਾਲੇ ਤੇ ਖੜਿਆ ਨਾ
ਸਮਝੀਂ ਨਿੱਕਿਆ ਓਹੋ 'ਪੈਂਤੀ ਅੱਖਰੀ' ਪੜਿਆ ਨਾ......
ਵਿੱਚ ਬਚਪਨ ਦੇ ਜੀਹਦੀ ਤੋਤੀ ਜਿੱਪ ਵਿਚ ਆਈ ਨਾ
ਚੜੇ ਜਵਾਨੀ ਤਾਂ ਜੀਹਨੇ ਕਿਤੇ ਗਰਾਰੀ ਪਾਈ ਨਾ
ਕਹੀ, ਕੁਹਾੜੀ ਤੰਗਲੀ ਜਾਂ ਜੰਦਰੇ ਨੂੰ ਪਛਾਣੇ ਨਾ
ਜੇਠ ਹਾੜ ਦੇ ਮੀਹਨੇ ਤੂਤਾਂ ਦੀਆਂ ਛਾਮਾਂ ਨੂੰ ਮਾਣੇ ਨਾ
ਲੀੜੇ ਲਾਹ ਜੇਹੜਾ ਮੋਟਰ ਦੀ ਕਦੇ ਖੇਲ ਵਿਚ ਵੜਿਆ ਨਾ
ਸਮਝੀਂ ਨਿੱਕਿਆ ਓਹੋ 'ਪੈਂਤੀ ਅੱਖਰੀ' ਪੜਿਆ ਨਾ.....
ਜਾਂ ਫਰਕ ਜੇ ਬਾਹਲਾ ਕਰਦਾ ਜੇਹੜਾ ਜਾਤਾਂ ਪਾਤਾਂ ਦੇ
'ਖੰਡ ਪਾਠਾਂ ਵੇਲੇ ਨਾ ਕੱਟੇ ਜੀਹਨੇ ਨੀਂਦਰੇ ਰਾਤਾਂ ਦੇ
ਚਿੱਬੜ, ਖੱਖੜੀ, ਫੁੱਟਾਂ ਜਾਂ ਪਛਾਣੇ ਨਾ ਹਦਵਾਣੇ ਨੂੰ
'ਯਾਰਾਂ' ਕੋਲ ਟਿਊਸ਼ਨ ਰੱਖਲਾ ਆਖੀਂ ਓਸ ਸਿਆਣੇ ਨੂੰ..
ਬਣ ਊਧਮ ਸਿੰਘ ਜੇਹੜਾ ਵੈਰੀ ਦੀ ਹਿੱਕ ਤੇ ਚੜਿਆ ਨਾ
ਸਮਝੀਂ ਨਿੱਕਿਆ ਓਹੋ 'ਪੈਂਤੀ ਅੱਖਰੀ' ਪੜਿਆ...

# 'ਧੀਆਂ ਤੇ ਪੁੱਤਰ ਹੱਸਦੇ ਵਿਹੜੇ ਦੀ ਰੌਣਕ'

**ਸਿੱਕੀ ਝੱਜੀ ਪਿੰਡ ਵਾਲਾ (ਇਟਲੀ)**

ਇਹ ਗੱਲ ਬਿਲਕੁਲ ਸੱਚ ਹੈ ਕਿ ਬੱਚੇ ਰੱਬ ਦਾ ਰੂਪ ਹੁੰਦੇ ਹਨ ਤੇ ਬੱਚਿਆਂ ਦੀ ਇੱਕ ਆਪਣੀ ਹੀ ਦੁਨੀਆਂ ਹੁੰਦੀ ਹੈ। ਮਾਂ ਦੀ ਗੋਦੀ ਦੇ ਨਿੱਘ ਤੋਂ ਲੈ ਕੇ ਪਿਤਾ ਦੀ ਉਂਗਲੀ ਫੜ ਕੇ ਤੁਰਨਾ ਸਿੱਖਣ ਤੱਕ ਬੱਚਾ ਅਣਭੋਲ ਹੁੰਦਾ ਹੈ। ਜਿਉਂ ਜਿਉਂ ਖੇਡਣ ਦੀ ਸਮਝ ਪੈਂਦੀ ਏ ਬੱਚਾ ਹੋਰ ਬੱਚਿਆਂ ਦੇ ਸੰਗ ਰਲ ਕੇ ਖੇਡਣ ਲੱਗ ਜਾਂਦਾ ਹੈ। ਬੱਚਿਆਂ ਦੇ ਇਸ ਬੇਫਿਕਰੇ ਸੰਸਾਰ ਨੂੰ ਹੀ ਬਚਪਨ ਕਿਹਾ ਜਾਂਦਾ ਹੈ।

ਹਰ ਘਰ ਦੀ ਰੌਣਕ ਬੱਚਿਆਂ ਨਾਲ ਹੀ ਸਭ ਕੁਝ ਚੰਗਾ ਲਗਦਾ ਹੈ। ਗੁੱਲੀ ਡੰਡਾ ਦੀ ਖੇਡ ਜੋ ਅੱਜ ਕੱਲ ਅਲੋਪ ਹੁੰਦੀ ਜਾ ਰਹੀ ਏ ਹੁਣ ਦੇ ਬੱਚੇ ਇਨਾਂ ਖੇਡਾਂ ਤੋਂ ਦੂਰ ਹੋ ਰਹੇ ਹਨ। ਕੱਚ ਦੀਆਂ ਗੋਲੀਆਂ ਜਿਸ ਨੂੰ ਕਈ ਲੋਕ ਵੰਟੇ ਵੀ ਆਖਦੇ ਹਨ ਬੱਚਿਆਂ ਲਈ ਇਹ ਇੱਕ ਤਰਾਂ ਦੇ ਸੋਨੇ ਦੇ ਸਿੱਕੇ ਹੀ ਹੁੰਦੇ ਹਨ। ਨਿੱਕੀ ਉਮਰੇ ਖੇਡੀ ਖੋ-ਖੋ ਤੇ ਲੁਕਣ ਮੀਚੀ ਕਦੋਂ ਕਿਹਦੇ ਬਚਪਨ ਨੂੰ ਬੀਤੇ ਵੇਲੇ ਵਿੱਚ ਤਬਦੀਲ ਕਰ ਦਿੰਦੀ ਹੈ, ਪਟੜੀ ਤੇ ਦੌੜਦੀ ਰੇਲ ਦੀ ਤਰਾਂ ਸਮੇਂ ਦਾ ਕੁਝ ਪਤਾ ਹੀ ਨਹੀਂ ਲਗਦਾ।

ਗਿੱਲੀ ਮਿੱਟੀ ਦੇ ਘਰ ਬਣਾ ਕੇ ਆਪਣੇ ਸੁਪਨਿਆਂ ਦੇ ਘਰ ਬਣਾਉਣ ਤੱਕ ਦੇ ਸਫਰ ਵਿਚ ਇੱਕ ਵਾਰ ਇਨਸਾਨ ਬਚਪਨ ਵਿੱਚ ਬਣਾਏ ਘਰ ਨੂੰ ਯਾਦ ਜ਼ਰੂਰ ਕਰਦਾ। ਅੱਜ ਕੱਲ ਦੇ ਬੱਚਿਆਂ ਤੇ ਪੜਾਈ ਦਾ ਬੋਝ ਹੀ ਨਿੱਕੀ ਉਮਰ ਵਿਚ ਇੰਨਾ ਕੁ ਪਾ ਦਿੱਤਾ ਜਾਂਦਾ ਕਿ ਖੇਡਣ ਦਾ ਵਕਤ ਉਸ ਕੋਲੋਂ ਇੰਝ ਕਹਿ ਲਓ ਕਿ ਜਿਵੇਂ ਕਿਸੇ ਨੇ ਖੋਹ ਹੀ ਲਿਆ ਹੋਵੇ। ਇਹ ਗੱਲ ਮੰਨਣਯੋਗ ਹੈ ਕਿ ਜੇਕਰ ਸਮੇਂ ਦੇ ਹਾਣੀ ਬਣ ਕੇ ਤੁਰਨਾ ਤਾਂ ਪੜੇ ਲਿਖੇ ਹੋਣਾ ਬਹੁਤ ਜ਼ਰੂਰੀ ਹੈ। ਇਸ ਪੜਾਈ ਲਿਖਾਈ ਦੇ ਸ਼ੁਰੂਆਤੀ ਦੌਰ ਵਿਚ ਖੇਡਣ ਦਾ ਵਕਤ ਬੱਚਿਆਂ ਨੂੰ ਦੇਣਾ ਚਾਹੀਦਾ ਹੈ ਤਾਂ ਜੋ ਬੱਚੇ ਦਾ ਦਿਮਾਗੀ ਸੰਤੁਲਨ ਬਣਿਆ ਰਹੇ ਜਿਸ ਦਾ ਸਿੱਧਾ ਅਸਰ ਸਰੀਰਕ ਤੰਦਰੁਸਤੀ 'ਤੇ ਨਿਰਭਰ ਕਰਦਾ ਹੈ।

ਮਿੱਟੀ ਦੇ ਖਿਡੌਣਿਆਂ ਨੇ ਪਲਾਸਟਿਕ ਦੇ ਖਿਡਾਉਣਿਆਂ ਦਾ ਰੂਪ ਲੈ ਲਿਆ। ਸਮੇਂ ਦੀ ਤਬਦੀਲੀ ਨੇ ਇਨਸਾਨ ਵਲੋਂ ਕੱਢੀਆਂ ਕਾਢਾ ਵੀਡੀਓ ਤੇ ਕੰਪਿਊਟਰ ਗੇਮਾਂ ਨੇ ਇੱਕ ਤਰਾਂ ਇੰਝ ਕਹਿ ਲਓ ਕਿ ਬੱਚਿਆਂ ਦਾ ਬਚਪਨ ਹੀ ਬਦਲ ਕੇ ਰੱਖ ਦਿੱਤਾ। ਬੱਚਿਆਂ ਦੀਆਂ ਅੱਖਾਂ ਤੇ ਇਸ ਨਾਲ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਜਿਸ ਲਈ ਕਿਤੇ ਨਾ ਕਿਤੇ ਮਾਪਿਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ। ਸਮੇਂ ਦਾ ਚੱਕਰ ਐਵੇਂ ਦਾ ਚੱਲ ਰਿਹਾ ਹੈ ਜਿਸ ਨੇ ਬਚਪਨ ਨੂੰ ਸਿਰਫ ਇਕ ਤਕਨੀਕੀ ਯੁੱਗ ਵਿੱਚ ਰਹਿਣ ਦੀ ਆਦਤ ਪਾ ਦਿੱਤੀ ਹੈ, ਲੋੜਾਂ ਦੀ ਪੂਰਤੀ ਲਈ ਇਨਸਾਨ ਆਪਣੀ ਜ਼ਿੰਦਗੀ ਵਿੱਚ ਏਨਾ ਜ਼ਿਆਦਾ ਮਸ਼ਰੂਫ ਹੋ ਗਿਆ ਹੈ ਕੀ ਉਸ ਨੂੰ ਆਪਣਾ ਆਲਾ ਦੁਆਲਾ ਵੀ ਨਜ਼ਰ ਨਹੀਂ ਆਉਂਦਾ ।ਐਵੇਂ ਦਾ ਹਾਲ ਹੀ ਉਸ ਬਚਪਨ ਨਾਲ ਹੋ ਰਿਹਾ ਹੈ ਜਿਸ ਨੇ ਅਜੇ ਜ਼ਿੰਦਗੀ ਦਾ ਸਫਰ ਵੀ ਸਹੀ ਢੰਗ ਨਾਲ ਤੈਅ ਕਰਨਾ ਸ਼ੁਰੂ ਨਹੀਂ ਕੀਤਾ । ਉਨਾਂ ਬੱਚਿਆਂ ਦੀ ਜ਼ਿੰਦਗੀ ਵੀ ਮੋਬਾਈਲ ਨੇ ਆਪਣੇ ਅੰਦਰ ਹੀ ਸਮਾ ਲਈ ਹੈ ਜਿਸ ਵਿੱਚ ਉਹ ਸਾਰਾ ਦਿਨ ਦੇਸ਼ ਦੁਨੀਆਂ ਦੀ ਸੈਰ ਘਰੇ ਬੈਠੇ ਹੀ ਕਰ ਲੈਂਦੇ ਹਨ ,ਇਸ ਨਾਲ ਉਨਾਂ ਦੀ ਸੋਚਣ ਸ਼ਕਤੀ ਤਾਂ ਵਧ ਜਾਂਦੀ ਹੈ ਪਰ ਉਨਾਂ ਦੀ ਮਾਨਸਿਕਤਾ ਵਿੱਚ ਆਪਣੇ ਆਲੇ ਦੁਆਲੇ ਕੀ ਵਿਚਰ ਰਿਹਾ ਹੈ ਉਸ ਤੋਂ




ਅਣਜਾਣ ਰਹਿ ਜਾਂਦੀ ਹੈ । ਇਸ ਅਣਜਾਣਪੁਣੇ ਵਿੱਚ ਹੀ ਬਚਪਨ ਦੀਆਂ ਸਰੀਰਿਕ ਖੇਡਾਂ ਖ਼ਤਮ ਹੋ ਜਾਂਦੀਆਂ ਹਨ । ਸੋ ਸਾਨੂੰ ਸਭ ਨੂੰ ਇਹ ਧਿਆਨ ਵਿੱਚ ਰੱਖਦੇ ਹੋਏ ਜੇਕਰ ਬੱਚਿਆਂ ਦਾ ਭਵਿੱਖ ਉਜਵਲ ਬਣਾਉਣਾ ਹੈ ਤਾਂ ਉਨਾਂ ਨੂੰ ਸਮੇਂ ਦੇ ਨਾਲ ਚੱਲਣਾ ਸਿਖਾਉਣਾ ਪੈਣਾ ਹੈ, ਪਰ ਇਸ ਦੇ ਨਾਲ ਹੀ ਉਨਾਂ ਨੂੰ ਕੁਦਰਤ ਦੇ ਰੰਗਾਂ ਦਾ ਨਿੱਘ ਮਾਨਣ ਦੀ ਵੀ ਸਲਾਹ ਦੇਣੀ ਪੈਣੀ ਹੈ ਜਿਸ ਵੀ ਉਹ ਆਪਣੀ ਮਾਨਸਿਕਤਾ ਤੇ ਸਰੀਰਕ ਸ਼ਕਤੀ ਨੂੰ ਵਧਾ ਕੇ ਆਪਣਾ ਜੀਵਨ ਇੱਕ ਸੁਚੱਜੇ ਢੰਗ ਨਾਲ ਬਤੀਤ ਕਰਨ ਤੇ ਧੀਆਂ ਅਤੇ ਪੁੱਤਰ ਹੱਸਦੇ ਵਿਹੜਿਆਂ ਦੀ ਰੌਣਕ ਸਦੈਵ ਸਮੇਂ ਖਿੜੇ ਮੱਥੇ ਰਹਿ ਕੇ ਆਪਣਾ ਜੀਵਨ ਖ਼ੁਸ਼ੀ ਨਾਲ ਜਿਉਣਾ ।

# ਮੋਹ ਪਿਆਰ ਦੀਆਂ ਤੰਦਾਂ

**ਕਰਨ ਬਰਾੜ ਹਰੀ ਕੇ ਕਲਾਂ**
+੬੧੪੩੦੮੫੦੦੪੫

ਮੇਰੇ ਨਾਨਕੇ ਸਾਡੇ ਨਾਲ ਦੇ ਪਿੰਡ ਹੀ ਆ 'ਭੁੱਟੀਆਲੇ', ਦੋਵਾਂ ਪਿੰਡਾਂ ਦੀਆਂ ਹੱਦਾਂ ਲਗਦੀਆਂ। ਸਾਡੇ ਖੇਤ ਨਾਨਕੇ ਪਿੰਡ ਦੇ ਅੱਧ ਤੱਕ ਪਹੁੰਚ ਜਾਂਦੇ, ਖੇਤੋਂ ਉੱਚੀ ਥਾਉਂ ਖੜ ਕੇ ਨਾਨਕਾ ਪਿੰਡ ਦਿਖਣ ਲੱਗ ਜਾਂਦਾ, ਕਈ ਵਾਰ ਕੰਮ ਦੀ ਰੁੱਤੇ ਮੇਰੇ ਮਾਮੇ ਬਾਪੂ ਨਾਲ ਖੇਤੋਂ ਹੀ ਕੰਮ ਕਰਾ ਕੇ ਆਪਣੇ ਪਿੰਡ ਮੁੜ ਜਾਂਦੇ। ਖ਼ੈਰ... ਜਦੋਂ ਮੇਰਾ ਬਾਪੂ ਸਰਪੰਚਾਂ ਦੀ ਸਭ ਤੋਂ ਛੋਟੀ ਕੁੜੀ ਨੂੰ ਵਿਆਹ ਕੇ ਲਿਆਇਆ ਤਾਂ ਸੁਘੜ ਸਿਆਣੀ ਨੇ ਆਉਂਦੇ ਹੀ ਸਾਰਾ ਘਰ ਸੰਭਾਲ ਲਿਆ। ਬੀਬੀ ਨਾਲ਼ੇ ਘਰ ਦਾ ਸਾਰਾ ਕੰਮ ਕਰਦੀ, ਨਾਲ ਮਾਲ ਡੰਗਰ ਸੰਭਾਲਦੀ, ਨਾਲ਼ੇ ਖੇਤ ਨਰਮਾ ਵੀ ਚੁਗਣ ਜਾਂਦੀ। ਬੀਬੀ ਬਾਪੂ ਨੇ ਬਿਨਾਂ ਆਪੇ ਦੀ ਪ੍ਰਵਾਹ ਕੀਤਿਆਂ ਅੰਤਾਂ ਦਾ ਕੰਮ ਕੀਤਾ ਘਰ ਸੰਭਾਲਿਆ ਕਬੀਲਦਾਰੀ ਸੰਭਾਲੀ ਜੋ ਹੁਣ ਤੱਕ ਜਾਰੀ ਆ ਕਦੇ ਨਾ ਥੱਕਣ ਵਾਲੇ ਦਰਵੇਸ਼ ਕਾਮੇ।

ਸਹੁਰੇ ਜਾਣ ਵੇਲੇ ਬਾਪੂ 5911 ਨੂੰ ਧੋ ਸਵਾਰ ਕੇ ਪੂਰਾ ਚਮਕਾ ਕੇ ਰੱਖਦਾ, ਸੀਟਾਂ ਸੂਟਾਂ ਸਾਫ਼ ਕਰਦਾ, ਨਵੀਂ ਗੱਦੀ ਰੱਖਦਾ ਸਹੁਰੀਂ ਜੋ ਜਾਣਾ ਹੁੰਦਾ ਸੀ ਬਰਾੜ ਸਾਹਬ ਨੇ। ਜਦੋਂ ਉਹ ਸਾਨੂੰ ਟਰੈਕਟਰ 'ਤੇ ਬਿਠਾ ਕੇ ਨਾਨਕੇ ਲੈਜਾਂਦਾ ਤਾਂ ਉਹਦੀ ਟੌਹਰ ਵੱਖਰੀ ਹੁੰਦੀ, ਬਾਪੂ ਦੇ ਡੱਬੀਦਾਰ ਚਾਦਰਾ, ਮੰਡੀਓਂ ਖੇਤੇ ਦੀ ਬਣੀ ਕੱਢਵੀਂ ਜੁੱਤੀ, ਬਾਬੂ ਦਰਜੀ ਤੋਂ ਸਵਾਇਆ ਚਿੱਟਾ ਕੁੜਤਾ, ਟੇਢੀ ਪੱਗ, ਖ਼ਤ ਕੱਢ ਕੇ ਰੱਖੀਆਂ ਕੁੰਢੀਆਂ ਮੁੱਛਾਂ ਬਾਪੂ ਮੈਨੂੰ ਜਵਾਂ ਨਵਾਬ ਲੱਗਦਾ। ਸਾਨੂੰ ਜਵਾਕਾਂ ਨੂੰ ਨਾਨਕੇ ਜਾਣ ਦਾ ਚਾਅ ਤਾਂ ਹੁੰਦਾ ਹੀ ਉੱਤੋਂ ਨਵੇਂ ਕੱਪੜੇ। ਬੀਬੀ ਵੀ ਪੇਕਿਆਂ ਦੇ ਚਾਅ 'ਚ ਨਵੇਂ ਸੂਟ ਵਿਚ ਉੱਡੀ ਫਿਰਦੀ। ਅਸੀਂ ਟਰੈਕਟਰ ਦੇ ਮਰਗਾੜਾਂ 'ਤੇ ਬੈਠੇ ਸਾਰੇ ਰਾਹ ਚੌੜ ਕਰਦੇ ਜਾਂਦੇ ਅੰਦਰ ਇੱਕ ਵੱਖਰਾ ਚਾਅ ਤੇ ਸਰੂਰ ਹੁੰਦਾ ਜਿਵੇਂ ਪਰੀਆਂ ਦੇ ਦੇਸ਼ ਚੱਲੇ ਹੋਈਏ। ਐਨਾ ਚਾਅ ਤੇ ਮੋਹ ਹੁੰਦਾ ਸੀ ਉਦੋਂ ਨਾਨਕੇ ਜਾਣ ਦਾ। ਬੀਬੀ ਵੀ ਪੇਕੇ ਜਾਂਦੀ ਬਾਹਲ਼ੀ ਖ਼ੁਸ਼ ਹੁੰਦੀ ਸਾਰੇ ਰਾਹ ਬਾਪੂ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਦੀ ਜਾਂਦੀ ਮੋਹ ਪਿਆਰ ਵਾਲੀਆਂ ਤੇ ਬਾਪੂ ਨੂੰ ਸਮਝਾਉਂਦੀ ਜਾਂਦੀ ਕਿ... 'ਵੇਖੀਂ ਵੀਂ ਬੋਲਦਾ ਨੀ ਉੱਥੇ ਜਾ ਕੇ ਬਾਹਲ਼ੀ ਨਾ ਪੀਵੀਂ ਆਪਣਾ ਖ਼ਿਆਲ ਰੱਖੀਂ ਮੇਰੀ ਇੱਜ਼ਤ ਦਾ ਸਵਾਲ ਆ।' ਉਦੋਂ ਬਾਪੂ ਦਾਰੂ ਪੀਂਦਾ ਹੁੰਦਾ ਸੀ ਹੁਣ ਤਾਂ ਖ਼ੈਰ ਅੰਮ੍ਰਿਤ ਛਕ ਲਿਆ। ਬਾਪੂ ਵਾਹ ਲੱਗਦੀ ਘਰੋਂ ਹੀ ਘਰਦੀ ਕੱਢੀ ਦੇ ਦੋ ਪੈੱਗ ਲਾ ਕੇ ਤੁਰਦਾ। ਪਰ ਬਾਪੂ ਦੀ ਸਿਫ਼ਤ ਸੀ ਕੇ ਉਹ ਨਾ ਪੀ ਕੇ ਖ਼ਰਾਬ ਹੁੰਦਾ ਨਾ ਡਿਗਦਾ ਢਹਿੰਦਾ ਨਾ ਮੰਦਾ ਚੰਗਾ ਬੋਲਦਾ ਸਗੋਂ ਵੱਧ ਪਿਆਰ ਕਰਦਾ, ਪੰਜ ਮੰਗੇ ਤੋਂ ਪੰਜਾਹ ਦਿੰਦਾ ਤੇ ਉਹ ਕਿਸੇ ਨੂੰ ਪਤਾ ਵੀ ਨਾ ਲੱਗਣ ਦਿੰਦਾ ਕਿ ਪੀਤੀ ਵੀ ਆ ਕਿ ਨਹੀਂ।

ਅੱਗੋਂ ਨਾਨਕਿਆਂ ਨੂੰ ਵੀ ਵਿਆਹ ਜਿੰਨੀ ਖ਼ੁਸ਼ੀ ਹੁੰਦੀ ਕਿ ਬਈ ਜਵਾਈ ਭਾਈ ਆਇਆ, ਉਦੋਂ ਜ਼ਮਾਨੇ ਹੀ ਐਸੇ ਸੀ ਘਰਦੇ ਤਾਂ ਘਰਦੇ ਸਗੋਂ ਆਂਢੀ ਗੁਆਂਢੀ ਵੀ ਆ ਕੇ ਸੁੱਖ ਸਾਂਦ ਪੁੱਛ ਜਾਂਦੇ, ਨਾਲ਼ੇ ਨਾਲ ਦੇ ਘਰ ਵਾਲਿਆਂ ਨੂੰ ਦੱਸ ਦਿੰਦੇ ਕਿ ਸੈਕਟਰੀ ਕਾ ਪਰਾਹੁਣਾ ਆਇਆ ਹਰੀਕਿਆਂ ਆਲਾ। ਬਾਪੂ ਦੀ ਸਾਰੇ ਜਵਾਈਆਂ ਨਾਲੋਂ ਵੱਧ ਟਹਿਲ ਸੇਵਾ ਹੁੰਦੀ, ਨਾਨਾ ਤਾਂ ਹੈਨੀ ਸੀ, ਨਾ ਹੀ ਮੈਂ ਵੇਖਿਆ, ਪਰ ਨਾਨੀ ਵਿਹੜੇ ਵਿਚ ਮੰਜਾ ਡਾਹ ਕੇ ਉੱਤੇ ਫੁੱਲਾਂ ਵਾਲੀ ਚਾਦਰ ਵਿਛਾ ਕੇ ਚਿੱਟਾ ਸਰਾਣਾ ਰੱਖਦੀ, ਕੋਲ ਸਟੂਲ ਤੇ ਪਾਣੀ ਵਾਲਾ ਜੱਗ ਤੇ ਗਲਾਸ ਪਿਆ ਹੁੰਦਾ। ਚਾਹ ਪਾਣੀ ਤੋਂ ਬਾਅਦ ਬੀਬੀ ਮਾਮੀ ਹੋਰਾਂ ਨਾਲ ਚੌਂਤਰੇ 'ਤੇ ਬੈਠੀ ਦੁੱਖ ਸੁੱਖ ਕਰ ਰਹੀ ਹੁੰਦੀ, ਮਾਮੇ ਹੋਰੀਂ ਬਾਪੂ ਦੇ ਕੋਲ ਗੱਲਾਂ ਮਾਰ ਰਹੇ ਹੁੰਦੇ, ਵਿੱਚੋਂ ਵਿਚਾਲੜਾ ਮਾਮਾ ਉੱਠਦਾ ਤੇ ਅੰਦਰੋਂ ਘਰਦੀ ਕੱਢੀ ਦੀ ਬੋਤਲ ਤੇ ਕੌਲੀ ਵਿਚ ਸਬਜ਼ੀ ਪਾ ਲਿਆਉਂਦਾ ਤੇ ਆਦਤਨ ਮਖੌਲੀਆ ਤੇ ਉੱਚੀ ਅਵਾਜ਼ ਵਿਚ ਬੋਲਦਾ... 'ਆਹ! ਲੈ ਬਰਾੜਾ ਆਜਾ ਕਰੀਏ ਤੇਰੀ ਜਾੜ ਕਰਾਰੀ, ਫੇਰ ਕਹੇਗਾ ਕਿ ਢਿੱਲੋਂਆਂ ਨੇ ਸੇਵਾ ਨੀ ਕੀਤੀ।




ਦੋ ਕੁ ਪੈੱਗਾਂ ਦੇ ਬਾਅਦ ਉਸਨੇ ਫਿਰ ਜਾਣ ਕੇ ਜਾਣਾ ਤੇ ਗੰਢਿਆਂ ਤੇ ਨੂਣ ਭੁੱਕ ਲਿਆਉਂਦਾ ਤੇ ਬਾਪੂ ਨੂੰ ਛੇੜਨ ਦੇ ਮਾਰੇ ਨੇ ਕਹਿਣਾ... 'ਕੋਈ ਨਾ ਬਰਾੜਾ ਸਬਰ ਰੱਖ ਐਵੇਂ ਨਾ ਕੁੱਕੜਾਂ ਆਲੇ ਖੁੱਡੇ ਵੱਲ ਦੇਖੀ ਜਾ ਘੜੀ-ਮੁੜੀ, ਠੰਢ ਰੱਖ ਬਰਾੜਾ ਠੰਢ ਰੱਖ ਮੁਰਗ਼ਾ ਵੀ ਬਣਾਵਾਂਗੇ।' ਅੱਗੋਂ ਬਾਪੂ ਨੇ ਆਪਣੀ ਸਦਾ-ਬਹਾਰ ਮੁਸਕਰਾਹਟ ਵਿਚ ਮਿੰਨਾ ਮਿੰਨਾ ਹੱਸੀ ਜਾਣਾ। ਬਾਪੂ ਸਾਡਾ ਸਹਿਜ ਮਤੇ ਆਲਾ ਬੰਦਾ ਗ਼ੁੱਸਾ ਨੀ ਕਰਦਾ ਕਿਸੇ ਦਾ ਵਾਹ ਲਗਦੀ, ਭਾਵੇਂ ਸਿਰ ਉੱਤੋਂ ਪਾਣੀ ਲੰਘ ਜਾਵੇ। ਮੈਂ ਵੇਖਿਆ ਮਾਮਿਆਂ ਨੇ ਬਾਪੂ ਨੂੰ ਅੰਤਾਂ ਦੀ ਹਲੀਮੀ ਤੇ ਪਿਆਰ ਨਾਲ ਬੁਲਾਉਣਾ ਹਮੇਸ਼ਾ ਬਰਾੜ ਸਾਹਬ, ਬਰਾੜ ਸਾਹਬ ਕਰਕੇ। ਸਾਰਿਆਂ ਨੇ ਬਾਪੂ ਦੇ ਕੋਲ ਬੈਠ ਕੇ ਸਿਆਣੀਆਂ ਤੇ ਚੰਗੀਆਂ ਗੱਲਾਂ ਕਰਨੀਆਂ ਰਿਸ਼ਤੇਦਾਰਾਂ ਦੀਆਂ ਬੱਚਿਆਂ ਦੀ ਪੜਾਈ ਦੀਆਂ ਫ਼ਸਲ ਬਾੜੀ ਦੀਆਂ ਹੋਰ ਜ਼ਮੀਨ ਬਣਾਉਣ ਦੀਆਂ ਕਿਥੇ ਕਿਵੇਂ ਕੀ ਕਰਨਾ, ਬਾਪੂ ਤੋਂ ਵੱਡਾ ਹੋਣ ਕਰਦੇ ਸਲਾਹਾਂ ਲੈਣੀਆਂ। ਬਾਪੂ ਦੀ ਰੱਜ ਕੇ ਸੇਵਾ ਕਰਨੀ ਅੱਗੇ ਪਿੱਛੇ ਤੁਰੇ ਫਿਰਨਾਂ, ਰੋਟੀ ਟੁੱਕ ਤੋਂ ਬਾਅਦ ਸਾਰਿਆਂ ਨੇ ਨਵੇਂ ਬਿਸਤਰੇ 'ਚ ਬਾਪੂ ਕੋਲ ਬੈਠਣਾ, ਵਿਚੇ ਗੱਲਾਂ, ਵਿਚੇ ਹਾਸੇ ਮਖ਼ੌਲ। ਅਸੀਂ ਸਾਰੇ ਜਵਾਕ ਰਲ ਕੇ ਭੱਜੇ ਫਿਰਦੇ ਖੇਡਦੇ ਫਿਰਦੇ ਕਿੰਨਾ ਚਾਅ ਹੁੰਦਾ ਸੀ, ਨਾ ਕੋਈ ਰੋਕ ਟੋਕ ਨਾ ਕੋਈ ਫ਼ਿਕਰ ਫ਼ਾਕਾ। ਮਾਮੀਆਂ ਵੀ ਖ਼ੁਸ਼ੀ ਵਿਚ ਬਿਨਾਂ ਮੱਥੇ ਵੱਟ ਪਾਏ ਭੱਜੀਆਂ ਫਿਰਦੀਆਂ, ਕਦੇ ਕੁਝ ਬਣਾ ਕੇ ਦਿੰਦੀਆਂ, ਕਦੇ ਕੁਝ। ਨਾਨੀ ਤੇ ਬੀਬੀ ਸੁੱਖ ਦੁੱਖ ਕਰਦੀਆਂ ਸਾਰੀ ਰਾਤ ਨਾ ਸੌਂਦੀਆਂ, ਵਿੱਚੇ ਕੋਈ ਮਾਮੀ ਵੀ ਨਾਲ ਆ ਕੇ ਰੌਲ ਲਾ ਜਾਂਦੀ। ਕੁੜੀਆਂ ਦੀਆਂ ਕਦੇ ਪੇਕੇ ਜਾ ਕੇ ਗੱਲਾਂ ਵੀ ਮੁੱਕੀਆਂ ਭਲਾਂ। ਨਾਨੀ ਦੀ ਦੇਸੀ ਘਿਓ ਪਾ ਕੇ ਕੁੱਟੀ ਚੂਰੀ ਹੱਲੇ ਵੀ ਯਾਦ ਆ। ਮੈਨੂੰ ਛੋਟੇ ਮਾਮੇ ਨਾਲ ਰੋਟੀ ਖਾਣ ਦੀ ਆਦਤ ਸੀ, ਸਾਡੀ ਬਾਟੀ ਵਿਚ ਸਬਜ਼ੀ ਘੱਟ ਤੇ ਮੱਖਣੀ ਵੱਧ ਹੁੰਦੀ ਤੇ ਨਾਨੀ ਰੋਟੀ ਬਾਅਦ ਵਿਚ ਰੱਖਦੀ ਤੇ ਮੱਖਣੀ ਪਹਿਲਾਂ ਪਾਉਂਦੀ। ਮੇਰੀ ਜ਼ਿੰਦਗੀ ਦੇ ਸਭ ਤੋਂ ਹਸੀਨ ਪਲ ਜੋ ਕਦੇ ਨੀਂ ਭੁੱਲ ਸਕਦੇ। ਜਦੋਂ ਵਾਪਸ ਆਉਣਾ ਤਾਂ ਮਨ ਉਦਾਸ ਹੋਣਾ ਰੋਂਦੇ ਆਉਣਾ, ਨਾਨੀ ਨੇ ਸਭ ਨੂੰ ਪੈਸੇ ਤੇ ਪਿਆਰ ਦੇਣਾ, ਅਸੀਸਾਂ ਦੀ ਝੜੀ ਲਾ ਦੇਣੀ, ਬੀਬੀ ਨੂੰ ਨਵਾਂ ਸੂਟ, ਘਰ ਦੇ ਕਢਾਏ ਬਿਸਕੁਟਾਂ ਦਾ ਪੀਪਾ, ਹੋਰ ਪਤਾ ਨੀ ਕੀ ਕੀ ਨਾਲ ਬੰਨ ਦਿੰਦੀ। ਜਾਂਦਿਆਂ ਤੋਂ ਨਾਲ ਖ਼ੁਸ਼ੀਆਂ ਦੀਆਂ ਹੁੰਦੀਆਂ ਤੇ ਮੁੜਦਿਆਂ ਤੋਂ ਪਿਆਰ ਤੇ ਮੋਹ ਦੀਆਂ ਪੰਡਾਂ ਭਰੀਆਂ ਹੁੰਦੀਆਂ ਪਵਿੱਤਰ ਰਿਸ਼ਤੇ। ਬੰਦੇ ਦੀ ਸ਼ਖਸੀਅਤ ਵਿਚ ਬਹੁਤ ਕੁਝ ਉਸ ਦੇ ਨਾਨਕਿਆਂ ਦਾ ਵੀ ਰਲਿਆ ਹੁੰਦਾ। ਭਾਵੇਂ ਜ਼ਮਾਨੇ ਬਦਲ ਗਏ ਬਹੁਤ ਕੁਝ ਬਦਲ ਗਿਆ ਦੁਨੀਆਦਾਰੀ ਰਿਸ਼ਤੇਦਾਰੀ ਦੇ ਰੰਗ ਢੰਗ ਬਦਲ ਗਏ ਪਰ ਵਾਹ ਲੱਗਦੀ ਨਾਨਕੇ ਨੀ ਬਦਲਦੇ ਤੇ ਰੱਬ ਕਰੇ ਕਿਸੇ ਦੇ ਕਦੇ ਬਦਲਣ ਵੀ ਨਾ। ਸਦਾ ਠੰਢੀ ਤੇ ਮਿੱਠੀ ਵਾ ਆਵੇ ਮੇਰੀ ਬੀਬੀ ਦੇ ਪੁਰਾਣੇ ਪਿੰਡੋਂ। ਐਨਾ ਪਿਆਰ ਤੇ ਸਤਿਕਾਰ ਦੇਖ ਕੇ ਕਈ ਵਾਰ ਅੱਖਾਂ ਭਰ ਆਉਂਦੀਆਂ, ਅਸੀਂ ਖ਼ੁਸ਼ਕਿਸਮਤ ਹਾਂ ਕਿ ਅਸੀਂ ਕਿੰਨਾ ਕੁਝ ਦੇਖਿਆ, ਹੰਢਾਇਆ ਨਹੀਂ ਤਾਂ ਬਦਲਦਾ ਜ਼ਮਾਨਾ ਸਾਡੇ ਬੱਚਿਆਂ ਕੋਲੋਂ ਬਹੁਤ ਕੁੱਝ ਖੋਹ ਰਿਹਾ ਤੇ ਸਾਨੂੰ ਪਤਾ ਵੀ ਨੀ ਲੱਗ ਰਿਹਾ।

# ਸਿੱਖੀ ਸਰੂਪ ਵਿਚ ਉੱਭਰਦਾ ਸਿਤਾਰਾ 'ਨਿਮਰਤ ਪ੍ਰਤਾਪ ਸਿੰਘ'

**ਸਰਬਜੀਤ ਕੌਰ ਸਰਬ**

ਅਕਸਰ ਇਹ ਸੁਣਿਆ ਜਾਂਦਾ ਹੈ ਕਿ, ਬੱਚੇ ਉਹ ਹੀ ਮੁਕਾਮ ਹਾਸਲ ਕਰਦੇ ਹਨ, ਜੋ ਉਨ੍ਹਾਂ ਦੇ ਮਾਂ ਬਾਪ ਨਿਸ਼ਚਿਤ ਕਰਦੇ ਨੇ, ਪਰ ਨਿਮਰਤ ਪ੍ਰਤਾਪ ਸਿੰਘ ਉੱਤੇ ਇਹ ਗੱਲ ਬਿਲਕੁਲ ਨਹੀਂ ਢੁੱਕਦੀ ਕਿਉਂਕਿ ਉਸ ਦੇ ਮਾਤਾ ਪਿਤਾ ਨੇ ਉਸ ਨੂੰ ਕਿਸੇ ਵੀ ਬੰਦਿਸ਼ ਵਿੱਚ ਨਹੀਂ ਰੱਖਿਆ । ਬਚਪਨ ਤੋਂ ਹੀ ਨਿਮਰਤ ਇਕ ਉੱਚ ਖਿਆਲਾਂ ਦੇ ਸੁਭਾਅ ਦਾ ਮਾਲਕ ਹੈ, ਤੇ ਇਹ ਸੁਭਾਅ ਹੀ ਉਸ ਨੂੰ ਪੰਜਾਬੀ ਫਿਲਮਾਂ ਅਤੇ ਮਿਊਜ਼ਿਕ ਦੀ ਇੰਡਸਟਰੀ ਵਿੱਚ ਲੈ ਆਇਆ ਜਿੱਥੇ ਅੱਜ ਦੇ ਦੌਰ ਵਿਚ ਉਹ ਇਕ ਚੰਗਾ ਨਾਮ ਖੱਟ ਰਿਹਾ ਹੈ । ਦੱਸਣਯੋਗ ਹੈ ਕਿ ਨਿਮਰਤ ਪ੍ਰਤਾਪ ਸਿੰਘ ਦੀ ਉਮਰ ਇਸ ਵੇਲੇ ਕੇਵਲ ਬਾਰਾਂ ਸਾਲ ਹੈ। 2013 ਤੋਂ ਨਿਮਰਤ ਪੰਜਾਬੀ ਫਿਲਮ ਇੰਡਸਟਰੀ ਦਾ ਸ਼ਿੰਗਾਰ ਬਣਿਆ ਹੋਇਆ ਹੈ । ਬਾਲ ਕਲਾਕਾਰ ਦੇ ਰੂਪ ਵਿੱਚ ਨਿਮਰਤ ਇਕ ਸਿੱਖੀ ਸਰੂਪ ਵਾਲੇ ਬੱਚੇ ਦੀ ਭੂਮਿਕਾ ਨਿਭਾਉਂਦਾ ਹੋਇਆ ਪੰਜਾਬੀ ਸਿਨਮਾ ਦੇ ਨਾਮਵਾਰ ਕਲਾਕਾਰਾਂ ਨਾਲ ਕੰਮ ਕਰ ਰਿਹਾ ਹੈ, ਜਿਨ੍ਹਾਂ ਵਿੱਚੋਂ ਦਲਜੀਤ ਦੋਸਾਂਝ, ਗਿੱਪੀ ਗਰੇਵਾਲ ਮੈਡਮ ਨਿਰਮਲ ਰਿਸ਼ੀ ਅਤੇ ਅਨੇਕਾਂ ਹੀ ਅਜਿਹੇ ਚਿਹਰੇ ਜੋ ਕਿਸੇ ਜਾਣ ਪਹਿਚਾਣ ਦੇ ਮੁਹਤਾਜ ਨਹੀਂ ਹਨ । ਜੇਕਰ ਗੱਲ ਨਿਮਰਤ ਪ੍ਰਤਾਪ ਸਿੰਘ ਦੀ ਸ਼ਖਸੀਅਤ ਦੀ ਕੀਤੀ ਜਾਵੇ ਤਾਂ ਉੱਚ ਵਿਚਾਰਾਂ ਦੇ ਨਾਲ ਨਾਲ ਪੜ੍ਹਾਈ ਵਿਚ ਅਵੱਲ ਅਤੇ ਖੇਡਾਂ ਵਿੱਚ ਵੀ ਚੰਗੀ ਰੁਚੀ ਰੱਖਦਾ ਹੈ । ਪਰਿਵਾਰਕ ਮੈਂਬਰਾਂ ਦੇ ਸਹਿਯੋਗ ਦੇ ਨਾਲ ਨਾਲ ਨਿਮਰਤ ਨੂੰ ਆਪਣੇ ਸਕੂਲ ਅਧਿਆਪਕਾਂ ਦਾ ਵੀ ਪੂਰਾ ਯੋਗਦਾਨ ਮਿਲ ਰਿਹਾ ਹੈ ਇਸ ਯੋਗਦਾਨ ਸਦਕਾ ਹੀ ਉਹ ਆਪਣੀ ਪੜ੍ਹਾਈ ਵਿਚ ਵੀ ਪਹਿਲੇ ਨੰਬਰ ਤੇ ਆ ਰਿਹਾ ਹੈ।



ਨਿਮਰਤ ਪ੍ਰਤਾਪ ਸਿੰਘ ਸਾਧਾਰਨ ਸਿੱਖ ਪਰਿਵਾਰ ਨਾਲ ਸਬੰਧ ਰੱਖਦਾ ਹੈ, ਉਸ ਦੇ ਪਰਿਵਾਰਕ ਪਿਛੋਕੜ ਵਿਚ ਕੋਈ ਵੀ ਫ਼ਿਲਮ ਇੰਡਸਟਰੀ ਜਾਂ ਮਿਊਜਿਕ ਨਾਲ ਨਹੀਂ ਜੁੜਿਆ ਹੋਇਆ ਪਰ ਉਸ ਦੇ ਇਸ ਕਲਾਕਾਰ ਬਣਨ ਦੇ ਸ਼ੌਂਕ ਅਤੇ ਲਗਨ ਵਿਚ ਉਸ ਦਾ ਪਰਿਵਾਰ ਹਮੇਸ਼ਾ ਉਸ ਦੇ ਨਾਲ ਚੱਲ ਰਿਹਾ ਹੈ । ਨਿਮਰਤ ਪ੍ਰਤਾਪ ਸਿੰਘ ਦੇ ਪਿਤਾ ਦਾ ਕਹਿਣਾ ਹੈ ਕਿ, ਜੇਕਰ ਇਨਸਾਨ ਦੀ ਸੋਚ ਸਹੀ ਰਹਿੰਦੀ ਹੈ ਤਾਂ ਉਹ ਕਿਸੇ ਵੀ ਖੇਤਰ ਨਾਲ ਸਬੰਧਿਤ ਹੋਵੇ ਉਹ ਆਪਣਾ ਨਾਮ ਰੁਸ਼ਨਾ ਲੈਂਦਾ ਹੈ ਪਰ ਉਨ੍ਹਾਂ ਨੇ ਨਾਲ ਇਹ ਵੀ ਕਿਹਾ ਕਿ ਕਿਸੇ ਵੀ ਖੇਤਰ ਵਿਚ ਉੱਚ ਮੁਕਾਮ ਹਾਸਲ ਕਰਨ ਦੇ ਲਈ ਸਾਨੂੰ ਸੰਘਰਸ਼ਸ਼ੀਲ ਹੋਣਾ ਪੈਂਦਾ ਹੈ ।ਇਕ ਸੰਘਰਸ਼ਸ਼ੀਲ ਇਨਸਾਨ ਹੀ ਆਪਣਾ ਭਵਿੱਖ ਰੁਸ਼ਨਾ ਸਕਦਾ ਹੈ । ਸੋ ਨਿਮਰਤ ਪ੍ਰਤਾਪ ਸਿੰਘ ਵੀ ਇਸ ਸਮੇਂ ਆਪਣੇ ਉਸ ਸੰਘਰਸ਼ਸ਼ੀਲ ਰਾਹ ਉੱਤੇ ਚੱਲ ਰਹੇ ਹਨ ਜੋ ਭਵਿਖ ਵਿੱਚ ਉਸ ਨੂੰ ਇਕ ਚੰਗੀ ਉਪਾਧੀ ਬਖਸ਼ ਸਕਦਾ ਹੈ ।

2013 ਤੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਹਰਭਜਨ ਸਿੰਘ ਭੱਜੀ ਦੇ ਬਚਪਨ ਜੂਨੀਅਰ ਭੱਜੀ ਨਾਲ ਕੀਤੀ । ਉਸ ਤੋਂ ਬਾਅਦ ਉਹ ਲਗਾਤਾਰ ਸ਼ੋਰਟ ਮੂਵੀ ,ਮਿਊਜ਼ਿਕ ਇੰਡਸਟਰੀ ਅਤੇ ਵੱਡੇ ਕਲਾਕਾਰਾਂ ਨਾਲ ਸਕ੍ਰੀਨ ਸ਼ੇਅਰ ਕਰ ਰਿਹਾ ਹੈ ,ਜਿਸ ਵਿੱਚ ਉਹ ਪੂਰੀ ਤਰ੍ਹਾਂ ਆਤਮ ਵਿਸ਼ਵਾਸੀ ਹੋ ਕੇ ਅਤੇ ਚੰਗੇ ਸਰੋਕਾਰਾਂ ਰਾਹੀਂ ਆਪਣਾ ਨਾਮ ਉੱਭਰਦੇ ਬਾਲ ਕਲਾਕਾਰਾਂ ਵਿੱਚ ਸ਼ਾਮਲ ਕਰ ਲਿਆ ਹੈ ।ਨਿਮਰਤ ਪ੍ਰਤਾਪ ਸਿੰਘ ਨੇ ਹੁਣ ਤਕ ਬਾਲ ਕਲਾਕਾਰਾਂ ਦੀ ਭੂਮਿਕਾ ਸਿੱਖੀ ਸਰੂਪ ਵਿਚ ਨਿਭਾਈ । ਇਹ ਭੂਮਿਕਾ ਉਸ ਨੇ ਅਰਦਾਸ 2, ਰੱਬ ਦਾ ਰੇਡੀਓ , ਜੱਟ ਜੇਮਸ ਬੌਂਡ , ਸੱਜਣ ਸਿੰਘ ਰੰਗਰੂਟ ਜਿਹੀਆਂ ਸਫ਼ਲ ਫ਼ਿਲਮਾਂ ਵਿੱਚ ਉਸ ਨੇ ਦ੍ਰਿੜ੍ਹ ਹੌਂਸਲੇ ਨਾਲ ਇਨ੍ਹਾਂ ਫਿਲਮਾਂ ਵਿੱਚ ਕੰਮ ਕੀਤਾ । ਇਸ ਤੋਂ ਇਲਾਵਾ ਨਿਮਰਤ ਪ੍ਰਤਾਪ ਸਿੰਘ ਨੇ ਸਮਾਜ ਨੂੰ ਸੇਧ ਦੇਣ ਵਾਲੀਆਂ ਛੋਟੀਆਂ ਫਿਲਮਾਂ ਵਿੱਚ ਵੀ ਆਪਣੀ ਸਿੱਖੀ ਸਰੂਪ ਵਾਲੀ ਭੂਮਿਕਾ ਨਿਭਾਈ ਜਿਸ ਵਿਚ ਰੱਖੜੀ, ਬਾਣੀ, ਪ੍ਰਛਾਵੇਂ , ਮੁੱਖ ਰੂਪ ਵਿੱਚ ਹਨ । ਇਹ ਅਜਿਹੀਆਂ ਸ਼ੌਟ ਮੂਵੀਜ਼ ਹਨ ਜੋ ਸਮਾਜ ਦੇ ਅੰਦਰ ਰਹਿੰਦੇ ਲੋਕਾਂ ਦੀਆਂ ਅੰਦਰੂਨੀ ਭਾਵਨਾਵਾਂ ਨੂੰ ਉਜਾਗਰ ਕਰਦੀਆਂ ਹਨ ,ਅਤੇ ਸਮਾਜ ਨੂੰ ਇਨ੍ਹਾਂ ਭਾਵਨਾਵਾਂ ਪ੍ਰਤੀ ਸੁਚੇਤ ਰਹਿਣ ਦੀ ਪ੍ਰੇਰਨਾ ਦਿੰਦੀਆਂ ਹਨ । ਆਉਣ ਵਾਲੀ ਅਗਾਮੀ ਫ਼ਿਲਮਾਂ,ਜੋੜੀ ਤੇ ਅਨਟਾਈਟਲਡ ਫ਼ਿਲਮ ਜੋ ਦਲਜੀਤ ਦੋਸਾਂਝ ਨਾਲ ,ਦਿੱਵੀਆ ਦੱਤਾ ਨਾਲ 'ਮਾਂ' ਫ਼ਿਲਮ ਜਿਸ ਨੂੰ ਡਰੈਕਟਰ ਕੀਤਾ ਏ ਬਲਜੀਤ ਸਿੰਘ ਦਿਉਲ ਨੇ ਇਸ ਤੋਂ ਇਲਾਵਾ ਕਾਲਾ ਸ਼ਹਿਰ ਤੇ ਹੋਰ ਅਨਟਾਈਟਲਡ ਫ਼ਿਲਮਾਂ ਨਾਮਵਰ ਕਲਾਕਾਰਾਂ ਤੇ ਚੰਗੇ ਪ੍ਰੋਡਕਸ਼ਨ ਨਾਲ ਆ ਰਹੀਆਂ ਹਨ । ਇਹ ਅਜਿਹੀਆਂ ਸ਼ੌਟ ਮੂਵੀਜ਼ ਹਨ ਜੋ ਸਮਾਜ ਦੇ ਅੰਦਰ ਰਹਿੰਦੇ ਲੋਕਾਂ ਦੀਆਂ ਅੰਦਰੂਨੀ ਭਾਵਨਾਵਾਂ ਨੂੰ ਉਜਾਗਰ ਕਰਦੀਆਂ ਹਨ ,ਅਤੇ ਸਮਾਜ ਨੂੰ ਇਨ੍ਹਾਂ ਭਾਵਨਾਵਾਂ ਪ੍ਰਤੀ ਸੁਚੇਤ ਰਹਿਣ ਦੀ ਪ੍ਰੇਰਨਾ ਦਿੰਦੀਆਂ ਹਨ ।

ਨਿਮਰਤ ਖੁਦ ਇਸ ਗੱਲ ਨੂੰ ਮਹਿਸੂਸ ਕਰਦਾ ਹੈ ਕਿ ਬੱਚਿਆਂ ਦੇ ਜੀਵਨ ਵਿਚ ਉਨ੍ਹਾਂ ਦੇ ਮਾਤਾ ਪਿਤਾ ਦੀ ਅਹਿਮ ਭੂਮਿਕਾ ਹੁੰਦੀ ਹੈ ਜੋ ਉਨ੍ਹਾਂ ਨੂੰ ਫਰਸ਼ ਤੋਂ ਲੈ ਕੇ ਆਕਾਸ਼ ਤੱਕ ਪਹੁੰਚਾ ਦਿੰਦੀ ਹੈ । ਜੇਕਰ ਹਰ ਮਾਤਾ ਪਿਤਾ ਆਪਣੇ ਬੱਚੇ ਦੀਆਂ ਭਾਵਨਾਵਾਂ ਨੂੰ ਸਾਹਮਣੇ ਰੱਖ ਕੇ ਉਸ ਦਾ ਕੈਰੀਅਰ ਤੈਅ ਕਰਦੇ ਹਨ ਤਾਂ ਬੱਚੇ ਖ਼ੁਦ ਵੀ ਉਸ ਕੰਮ ਪ੍ਰਤੀ ਆਪਣੀ ਦ੍ਰਿੜ ਇੱਛਾ ਜ਼ਾਹਿਰ ਕਰਦੇ ਹਨ । ਨਿਮਰਤ ਪ੍ਰਤਾਪ ਸਿੰਘ ਦੀਆਂ ਇਨ੍ਹਾਂ ਪ੍ਰਾਪਤੀਆਂ ਉੱਤੇ ਉਨ੍ਹਾਂ ਦੇ ਪਿਤਾ ਨੇ ਆਖਿਆ ਕਿ ਕੰਮ ਕੋਈ ਵੀ ਛੋਟਾ ਵੱਡਾ ਨਹੀਂ ਹੁੰਦਾ ਕੇਵਲ ਇਨਸਾਨ ਦੇ ਸੋਚਣ ਦਾ ਨਜਰੀਆ ਛੋਟਾ ਵੱਡਾ ਹੋ ਸਕਦਾ ਹੈ , ਪਰ ਨਿਮਰਤ ਨੂੰ ਇਹ ਹੀ ਸਿਖਾਇਆ ਗਿਆ ਹੈ ਕਿ ਕੋਈ ਵੀ ਛੋਟਾ ਜਾਂ ਵੱਡਾ ਕੰਮ ਮਿਲੇ ਉਸ ਨੂੰ ਆਪਣੀ ਪੂਰੀ ਲਗਨ ਨਾਲ ਕਰ ਕੇ ਸੱਚ ਦੀ ਕਿਰਤ ਕਰਨੀ ਹੈ । ਇਸੇ ਹੱਲਾਸ਼ੇਰੀ ਨੇ ਨਿਮਰਤ ਪਰਤਾਪ ਸਿੰਘ ਨੂੰ ਇਕ ਰਾਹ ਉੱਤੇ ਪਾ ਦਿੱਤਾ ਹੈ ਜਿਸ ਤੇ ਚੱਲ ਕੇ ਉਹ ਆਉਣ ਵਾਲੀ ਪੰਜਾਬੀ ਫਿਲਮ ਇੰਡਸਟਰੀ ਵਿੱਚ ਆਪਣੀ ਇਕ ਵੱਖਰੀ ਪਹਿਚਾਣ ਹਾਸਲ ਕਰੇ ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# ਪੱਛਮੀ ਬੰਗਾਲ 'ਚ ਮਮਤਾ ਬੈਨਰਜੀ ਤੇ ਮੋਦੀ ਵਿਚਾਲੇ ਦਿਲਚਸਪ ਚੋਣ ਮੁਕਾਬਲਾ

## ✪ ਮੁਢਲੇ ਚੋਣ ਸਰਵੇਖਣਾਂ ਅਨੁਸਾਰ ਤ੍ਰਿਣਮੂਲ ਕਾਂਗਰਸ ਦੀ ਬਣ ਸਕਦੀ ਹੈ ਸਰਕਾਰ ✪ ਕਿਸਾਨ ਅੰਦੋਲਨ ਵੀ ਆਪਣਾ ਪ੍ਰਭਾਵ ਬਣਾਉਣ ਲਈ ਕਰ ਰਿਹਾ ਜੱਦੋ-ਜਹਿਦ

**ਉਪਮਾ**

ਸੰਸਦ ਦੇ ਬਜਟ ਇਜਲਾਸ ਦਾ ਦੂਜਾ ਪੜਾਅ ਕੁਝ ਪਾਰਟੀਆਂ ਦੀ ਸੰਕੇਤਕ ਮੌਜੂਦਗੀ ਦਰਮਿਆਨ ਜਾਰੀ ਹੈ। 27 ਮਾਰਚ ਤੋਂ ਸ਼ੁਰੂ ਹੋ ਰਹੀਆਂ 4 ਰਾਜਾਂ ਅਤੇ ਇਕ ਕੇਂਦਰ ਸ਼ਾਸਤ ਪ੍ਰਦੇਸ਼ ਦੀਆਂ ਚੋਣਾਂ ਤੋਂ ਮੌਜੂਦਾ ਇਜਲਾਸ ਖ਼ਤਮ ਹੋਣ ਦੇ ਕਿਆਸ ਲਾਏ ਜਾ ਰਹੇ ਹਨ। ਬਜਟ ਇਜਲਾਸ ਹੋਣ ਕਾਰਨ ਸਰਕਾਰ ਦਾ ਸਾਰਾ ਧਿਆਨ ਛੇਤੀ ਤੋਂ ਛੇਤੀ ਆਪਣੇ ਵਿਧਾਨਤ ਕਾਰਜ ਮੁਕੰਮਲ ਕਰਵਾਉਣ ਵੱਲ ਹੈ, ਜਿਸ ਲਈ ਵਿਰੋਧੀ ਪਾਰਟੀਆਂ ਵੀ ਸਹਿਯੋਗ ਕਰ ਰਹੀਆਂ ਹਨ। ਇਨਾਂ ਸਾਰੀਆਂ ਰਸਮ ਅਦਾਇਗੀਆਂ ਦਰਮਿਆਨ ਸਰਕਾਰ, ਵਿਰੋਧੀ ਧਿਰਾਂ ਅਤੇ ਦੇਸ਼ ਦੀ ਜਨਤਾ ਦੀ ਨਜ਼ਰ ਇਨਾਂ 4 ਰਾਜਾਂ ਅਤੇ ਇਕ ਕੇਂਦਰ ਸ਼ਾਸਤ ਪ੍ਰਦੇਸ਼ ਪੱਛਮੀ ਬੰਗਾਲ, ਕੇਰਲ, ਆਸਾਮ, ਤਾਮਿਲਨਾਡੂ ਅਤੇ ਪੁਡੂਚੇਰੀ 'ਤੇ ਬਣੀ ਹੋਈ ਹੈ। ਇਨਾਂ ਰਾਜਾਂ ਵਿਚ ਭਾਜਪਾ ਤਾਮਿਲਨਾਡੂ, ਕੇਰਲ ਅਤੇ ਪੁਡੂਚੇਰੀ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ 'ਚ ਹੈ। ਅਸਾਮ ਵਿਚ ਮੁੜ ਸਰਕਾਰ ਬਣਾਉਣ ਲਈ ਜ਼ੋਰ ਲਾ ਰਹੀ ਹੈ ਅਤੇ ਪੱਛਮੀ ਬੰਗਾਲ ਨੂੰ ਆਪਣੀ ਅਣਖ ਦਾ ਸਵਾਲ ਬਣਾਈ ਬੈਠੀ ਹੈ।

ਦੂਜੇ ਪਾਸੇ ਆਪਣੀ ਹੋਂਦ ਤਲਾਸ਼ ਰਹੀ ਕਾਂਗਰਸ ਗੱਠਜੋੜ ਭਾਈਵਾਲਾਂ ਦੇ ਆਸਰੇ ਚੋਣਾਂ ਲੜ ਰਹੀ ਹੈ। ਕਾਂਗਰਸ ਤੋਂ ਵੱਧ ਧਿਆਨ ਸੂਬਾਈ ਸਿਆਸਤ ਦੀਆਂ ਮੋਹਰੀ ਪਾਰਟੀਆਂ ਖਿੱਚ ਰਹੀਆਂ ਹਨ। ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਦੇ ਅੱਗੇ ਚੁਣੌਤੀ ਆਪਣਾ ਕਿਲਾ ਬਚਾਉਣ ਦੀ ਹੈ ਜਦਕਿ ਕੇਰਲ ਵਿਚ ਖੱਬੇਪੱਖੀ ਫਰੰਟ ਆਪਣੇ ਇਕਲੌਤੇ ਸੱਤਾ ਵਾਲੇ ਰਾਜ ਨੂੰ ਖੁੱਸਣ ਤੋਂ ਬਚਾਉਣ ਲਈ ਹਰ ਹੀਲੇ ਯਤਨ ਕਰ ਰਿਹਾ ਹੈ। ਤਾਮਿਲਨਾਡੂ ਸਿਆਸਤ ਦੀਆਂ ਦੋਵੇਂ ਅਹਿਮ ਪਾਰਟੀਆਂ ਡੀ.ਐਮ.ਕੇ. ਅਤੇ ਏ.ਆਈ.ਏ. ਡੀ.ਐਮ.ਕੇ. ਪਹਿਲੀ ਵਾਰ ਆਪਣੇ ਕ੍ਰਿਸ਼ਮਾਈ ਆਗੂਆਂ ਦੀ ਗ਼ੈਰ-ਮੌਜੂਦਗੀ ਵਿਚ ਚੋਣ ਲੜ ਰਹੀਆਂ ਹਨ। ਡੀ.ਐਮ.ਕੇ. ਦੇ ਕਰੁਣਾਨਿਧੀ ਤਾਂ ਫਿਰ ਆਪਣੇ ਰਹਿੰਦੇ ਛੋਟੇ ਬੇਟੇ ਐਮ. ਸਟਾਲਿਨ ਦੀ ਤਾਜਪੋਸ਼ੀ ਕਰਕੇ ਪਾਰਟੀ ਦੀ ਅਗਵਾਈ ਦੇ ਰੇੜਕੇ ਨੂੰ ਖ਼ਤਮ ਕਰ ਗਏ ਸਨ ਜਦਕਿ ਏ.ਆਈ.ਏ.ਡੀ.ਐਮ.ਕੇ. ਤਾਂ ਹਾਲੇ ਜੈਲਲਿਤਾ ਤੋਂ ਬਾਅਦ ਵੀ ਖਲਾਅ ਵਿਚੋਂ ਹੀ ਨਹੀਂ ਨਿਕਲ ਸਕੀ ਹੈ ਤੇ ਪਾਰਟੀ ਦੀ ਅਗਵਾਈ ਦਾ ਮਸਲਾ ਅਜੇ ਦਬਿਆ ਹੋਇਆ ਹੈ। ਫਿਲਹਾਲ ਪਾਰਟੀ ਵਿਚ ਆਪਣੀ ਹਕੂਮਤ ਬਣਾਈ ਰੱਖਣ ਲਈ ਸੰਘਰਸ਼ਸ਼ੀਲ ਹੈ। ਮਮਤਾ ਦੀ ਚੁਣੌਤੀ 10 ਸਾਲਾਂ ਦੇ ਰਾਜ ਦੀ ਸੱਤਾ ਵਿਰੋਧੀ ਰੁਝਾਨ ਨੂੰ ਝੱਲਣ ਤੋਂ ਇਲਾਵਾ ਲਗਾਤਾਰ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਜਪਾ ਦਾ ਹੱਥ ਫੜ ਰਹੇ ਆਗੂਆਂ ਨਾਲ ਨਜਿੱਠਣ ਦੀ ਵੀ ਹੈ। 2017 ਵਿਚ ਭਾਜਪਾ 'ਚ ਸ਼ਾਮਲ ਹੋਏ ਮੁਕੁਲ ਰਾਏ ਤੋਂ ਹੋਈ ਸ਼ੁਰੂਆਤ ਤੋਂ ਲੈ ਕੇ ਆਪਣੇ ਵਫ਼ਾਦਾਰ ਸਿਪਾਹਸਲਾਰ ਸ਼ੁਭੇਂਦੂ ਅਧਿਕਾਰੀ ਤੱਕ ਦੀ ਵਿਦਾਈ ਵੇਖਣ ਵਾਲੀ ਤ੍ਰਿਣਮੂਲ ਕਾਂਗਰਸ ਕੋਲ ਅਜਿਹੇ ਆਗੂਆਂ ਦੀ ਕਾਫੀ ਲੰਮੀ ਅਤੇ ਹਾਲੇ ਤੱਕ ਚੱਲੀ ਆ ਰਹੀ ਸੂਚੀ ਹੈ। ਇਨਾਂ ਝਟਕਿਆਂ ਸਦਕਾ ਹੀ ਤ੍ਰਿਣਮੂਲ ਕਾਂਗਰਸ ਵਲੋਂ ਆਪਣੀ ਬਦਲਵੀਂ ਰਣਨੀਤੀ ਤਹਿਤ ਮਮਤਾ ਬੈਨਰਜੀ ਨੇ ਆਪਣੀ ਭਾਬਕੀਪੁਰ ਦੀ ਸੀਟ ਛੱਡ ਕੇ ਨੰਦੀਗ੍ਰਾਮ ਤੋਂ ਚੋਣ ਲੜਨ ਦਾ ਫ਼ੈਸਲਾ ਕੀਤਾ ਹੈ, ਜਿਥੇ ਉਨਾਂ ਦਾ ਮੁਕਾਬਲਾ ਸ਼ੁਭੇਂਦੂ ਅਧਿਕਾਰੀ ਨਾਲ ਹੋਣਾ ਹੈ। ਹੁਣ ਇਹ ਸਿਆਸੀ ਜੰਗ ਬੰਗਾਲੀ ਬਨਾਮ ਬਾਹਰਲੇ ਜਾਂ ਫਿਰ ਬੰਗਾਲ ਦੀ ਬੇਟੀ ਬਨਾਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚ ਤਬਦੀਲ ਹੋ ਰਹੀ ਹੈ ਕਿਉਂਕਿ ਪੱਛਮੀ ਬੰਗਾਲ 'ਚ ਭਾਜਪਾ ਇਕ ਵਾਰ ਫਿਰ ਮੋਦੀ ਕ੍ਰਿਸ਼ਮਾ ਦੇ ਜ਼ੋਰ 'ਤੇ ਵੀ ਚੋਣ ਲੜ ਰਹੀ ਹੈ।

ਤਿਕੋਣੀ ਜੰਗ ਹੋਣ ਦੇ ਬਾਵਜੂਦ ਵਿਹਾਰਕ ਤੌਰ 'ਤੇ ਇਹ ਭਾਜਪਾ ਅਤੇ ਤ੍ਰਿਣਮੂਲ ਕਾਂਗਰਸ ਦਰਮਿਆਨ ਹੀ ਜੰਗ ਹੈ ਜਿਸ ਵਿਚ ਤੀਜੀ ਧਿਰ ਵਜੋਂ ਕਾਂਗਰਸ, ਖੱਬੇਪੱਖੀ ਫਰੰਟ ਅਤੇ ਆਈ.ਐਸ.ਐਫ. ਹੈ, ਪਰ ਇਸ ਸੰਯੁਕਤ ਮੋਰਚੇ ਦੀ ਜੰਗ ਸੱਤਾ ਕਾਇਮ ਕਰਨ ਤੋਂ ਜ਼ਿਆਦਾ ਹੋਂਦ ਬਚਾਉਣ ਦੀ ਹੈ। ਹਾਲਾਂਕਿ ਪਿਛਲੀ ਵਿਧਾਨ ਸਭਾ ਵਿਚ ਕਾਂਗਰਸ 44 ਸੀਟਾਂ ਨਾਲ ਦੂਜੇ ਨੰਬਰ ਦੀ ਅਤੇ ਖੱਬੇਪੱਖੀ ਫਰੰਟ 33 ਸੀਟਾਂ ਨਾਲ ਤੀਜੀ ਵੱਡੀ ਪਾਰਟੀ ਬਣੀ ਸੀ। ਪਰ 2019 ਦੀਆਂ ਚੋਣਾਂ ਤੋਂ ਬਾਅਦ ਲਗਾਤਾਰ ਬਦਲਦੇ ਸਮੀਕਰਨਾਂ ਤੋਂ ਬਾਅਦ ਅਤੇ ਭਾਜਪਾ ਵਲੋਂ ਜਿੱਤ ਲਈ ਸਾਮ, ਦਾਮ, ਦੰਡ, ਭੇਤ ਦੀ ਨੀਤੀ ਅਖ਼ਤਿਆਰ ਕਰਨ ਤੋਂ ਬਾਅਦ ਚੋਣ ਮਾਹਿਰਾਂ ਵਲੋਂ ਕਾਂਗਰਸ ਅਤੇ ਖੱਬੇਪੱਖੀ ਪਾਰਟੀਆਂ ਦੀਆਂ ਸੀਟਾਂ ਵਿਚ ਹੋਰ ਕਮੀ ਦੀ ਪੇਸ਼ੀਨਗੋਈ ਕੀਤੀ ਜਾ ਰਹੀ ਹੈ।

ਮੁਢਲੇ ਚੋਣ ਸਰਵੇਖਣਾਂ 'ਚ ਤ੍ਰਿਣਮੂਲ ਕਾਂਗਰਸ ਦੇ ਸਰਕਾਰ ਬਣਾਉਣ ਦੇ ਦਾਅਵੇ ਕੀਤੇ ਗਏ ਹਨ। ਜ਼ਿਆਦਾਤਰ ਚੋਣ ਸਰਵੇਖਣਾਂ ਵਿਚ ਤ੍ਰਿਣਮੂਲ ਕਾਂਗਰਸ ਨੂੰ 145 ਤੋਂ 160 ਸੀਟਾਂ,



ਚਿਹਰਾ ਸੀ। ਪਾਰਟੀ ਵਲੋਂ ਸਭ ਤੋਂ ਪਹਿਲਾਂ ਸਾਰੀਆਂ ਸੀਟਾਂ ਲਈ ਪਾਰਟੀ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਗਿਆ ਜੋ ਕਿ ਕਿਤੇ ਨਾ ਕਿਤੇ ਨਤੀਜਾਕੁੰਨ ਫ਼ੈਸਲੇ ਲੈਣ ਦਾ ਅਸਿੱਧਾ ਸੁਨੇਹਾ ਵੀ ਦਿੰਦਾ ਹੈ।

ਤ੍ਰਿਣਮੂਲ ਕਾਂਗਰਸ ਤੋਂ ਉਲਟ ਭਾਜਪਾ ਵਲੋਂ ਮੁੱਖ ਮੰਤਰੀ ਦਾ ਚਿਹਰਾ ਨਹੀਂ ਐਲਾਨਿਆ ਗਿਆ। ਸਗੋਂ ਉਮੀਦਵਾਰਾਂ ਲਈ ਪੜਾਅ ਵਾਰ ਢੰਗ ਨਾਲ ਸੂਚੀਆਂ ਜਾਰੀ ਕੀਤੀਆਂ ਗਈਆਂ। ਤ੍ਰਿਣਮੂਲ ਕਾਂਗਰਸ ਸੰਸਦ ਮੈਂਬਰ ਮਹੂਆ ਮੋਇਤਰਾ ਨੇ ਇਸ ਰੁਝਾਨ 'ਤੇ ਤੰਜ਼ ਕਸਦਿਆਂ ਇਸ ਨੂੰ 'ਕਿਸ਼ਤਵਾਰ ਚੱਲਣ ਵਾਲਾ ਡਰਾਮਾ' ਕਰਾਰ ਦਿੱਤਾ ਹੈ। ਦੂਜਾ, ਪਾਰਟੀ ਵਲੋਂ ਉਮੀਦਵਾਰਾਂ ਦੀ ਸੂਚੀ ਵਿਚ 'ਬਾਹਰਲੇ' ਅਤੇ 'ਪੈਰਾਸ਼ੂਟ' ਉਮੀਦਵਾਰਾਂ ਦੇ ਨਾਵਾਂ 'ਤੇ ਵੀ ਕਾਰਜਕਰਤਾਵਾਂ ਵਿਚ ਭਾਰੀ ਨਾਰਾਜ਼ਗੀ ਨਜ਼ਰ ਆ ਰਹੀ ਹੈ, ਜਿਸ ਦਾ ਮੁਜ਼ਾਹਰਾ ਗ੍ਰਹਿ ਮੰਤਰੀ ਅਮਿਤ ਸ਼ਾਹ ਜੋ ਕਿ ਆਪ ਬੰਗਾਲ ਚੋਣ ਦੀ ਕਮਾਨ ਸੰਭਾਲ ਰਹੇ ਹਨ, ਨੂੰ ਜਨਤਕ ਤੌਰ 'ਤੇ ਝੱਲਣਾ ਪਿਆ। ਹਾਲਾਂਕਿ ਕੇਂਦਰ ਵਿਚ ਸੱਤਾ 'ਤੇ ਕਾਬਜ਼ ਪਾਰਟੀ ਵਲੋਂ ਫੌਰੀ ਤੌਰ 'ਤੇ ਇਸ ਦਾ 'ਡੈਮੇਜ ਕੰਟਰੋਲ' ਕੀਤਾ ਗਿਆ ਅਤੇ ਰਾਜ ਦੇ ਆਗੂਆਂ ਨੂੰ ਨਾਰਾਜ਼ ਸਥਾਨਕ ਆਗੂਆਂ ਦੇ 5-5 ਨੁਮਾਇੰਦਿਆਂ ਨਾਲ ਮਿਲ ਕੇ ਮੁੱਦੇ ਨੂੰ ਸੁਲਝਾਉਣ ਨੂੰ ਕਿਹਾ ਗਿਆ ਪਰ ਨਾਰਾਜ਼ਗੀ ਵਿਚ ਨੋਟਾ ਦਬਾਉਣ ਦੀ ਧਮਕੀ

ਭਾਜਪਾ ਸਭ ਤੋਂ ਵੱਡੀ ਮੁਸਲਮਾਨ ਅਬਾਦੀ ਵਾਲੇ ਸੂਬੇ 'ਚ ਸਰਕਾਰ ਬਣਾ ਸਕਦੀ ਹੈ ਤਾਂ ਪੱਛਮੀ ਬੰਗਾਲ ਵਿਚ ਕਿਉਂ ਨਹੀਂ? ਜਿਸ ਦਾ ਜਵਾਬ ਦੋਵਾਂ ਸੂਬਿਆਂ ਦਾ ਬੁਨਿਆਦੀ ਫ਼ਰਕ ਹੈ। ਅਸਾਮ ਵਿਚ ਭਾਜਪਾ ਦੀ ਗੱਠਜੋੜ ਸਰਕਾਰ ਹੈ। ਇਸ ਲਈ 30 ਫ਼ੀਸਦੀ ਵੋਟ ਹਿੱਸੇ ਨਾਲ ਵੀ ਉਹ ਉਥੇ ਸਰਕਾਰ ਬਣਾਉਣ ਵਿਚ ਕਾਮਯਾਬ ਹੋਈ ਸੀ, ਜਦਕਿ ਪੱਛਮੀ ਬੰਗਾਲ 'ਚ ਉਹ ਇਕੱਲੇ ਚੋਣ ਲੜ ਰਹੀ ਹੈ। ਮੁਸਲਮਾਨ ਵੋਟਾਂ ਨੂੰ ਧਿਆਨ 'ਚ ਰੱਖਦਿਆਂ ਹੀ ਸੰਯੁਕਤ ਮੋਰਚੇ ਵਿਚ ਆਈ.ਐਸ.ਐਫ. ਨੂੰ ਨਾ ਸਿਰਫ ਥਾਂ ਦਿੱਤੀ ਗਈ ਸਗੋਂ ਸੀਟਾਂ ਦੀ ਵੰਡ 'ਚ ਉਸ ਦੇ ਹਿੱਸੇ 37 ਸੀਟਾਂ ਵੀ ਆਈਆਂ ਜਦਕਿ ਖੱਬੇਪੱਖੀ ਫਰੰਟ 165 ਅਤੇ ਕਾਂਗਰਸ 92 ਸੀਟਾਂ 'ਤੇ ਚੋਣ ਲੜ ਰਹੀ ਹੈ।

ਪੱਛਮੀ ਬੰਗਾਲ 'ਚ ਇਕ ਅਹਿਮ ਤੱਥ ਗੁੱਝੇ ਜਾਂ ਘੁੰਨੇ ਭਾਵ 'ਮਿਊਟ' ਵੋਟਰਾਂ ਦਾ ਵੀ ਹੈ। ਚੋਣ ਮਾਹਿਰਾਂ ਮੁਤਾਬਿਕ ਤਕਰੀਬਨ 15 ਫ਼ੀਸਦੀ ਵੋਟਰ ਗੁੱਝੇ ਭਾਵ ਮਿਊਟ ਵੋਟਰ ਹਨ ਜੋ ਕਿਸ ਪਾਰਟੀ ਨੂੰ ਵੋਟ ਕਰਨਗੇ, ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ।

ਇਸ ਤੋਂ ਇਲਾਵਾ ਦੇਸ਼ ਵਿਆਪੀ ਮੁੱਦਾ ਬਣਿਆ ਕਿਸਾਨ ਅੰਦੋਲਨ ਵੀ ਪੱਛਮੀ ਬੰਗਾਲ ਵਿਚ ਆਪਣਾ ਪ੍ਰਭਾਵ ਬਣਾਉਣ ਦੀ ਜੱਦੋ-ਜਹਿਦ ਕਰ ਰਿਹਾ ਹੈ। ਕਿਸਾਨ ਸੰਘਰਸ਼ ਦੀ ਅਗਵਾਈ ਕਰ ਰਹੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ 10 ਮਾਰਚ ਤੋਂ ਸੂਬੇ ਵਿਚ ਥਾਂ-ਥਾਂ ਜਾ ਕੇ ਭਾਜਪਾ ਨੂੰ ਵੋਟ ਨਾ ਪਾਉਣ ਦੀ ਅਪੀਲ ਕਰ ਰਹੇ ਹਨ ਹਾਲਾਂਕਿ ਸੰਯੁਕਤ ਕਿਸਾਨ ਮੋਰਚੇ ਵਲੋਂ ਕਿਸੇ ਪਾਰਟੀ ਵਿਸ਼ੇਸ਼ ਦੀ ਹਮਾਇਤ ਨਹੀਂ ਕੀਤੀ ਜਾ ਰਹੀ ਪਰ ਖੇਤੀ ਨਾਲ ਸਬੰਧਤ 72 ਲੱਖ ਪਰਿਵਾਰਾਂ ਨੂੰ ਭਾਜਪਾ ਨੂੰ ਵੋਟ ਨਾ ਪਾਉਣ ਦੀ ਅਪੀਲ ਕੀਤੀ ਜਾ ਰਹੀ ਹੈ। ਪੰਜਾਬ, ਹਰਿਆਣਾ ਦੀਆਂ ਸਰਹੱਦਾਂ ਟੱਪ ਕੇ ਪੱਛਮੀ ਬੰਗਾਲ ਪਹੁੰਚਣ ਵਾਲੇ ਇਨਾਂ ਕਿਸਾਨ ਆਗੂਆਂ ਦੀ ਕਿੰਨੀ ਕੁ ਸੁਣਵਾਈ ਹੁੰਦੀ ਹੈ, ਇਸ ਦਾ ਆਉਣ ਵਾਲੇ ਸਮੇਂ 'ਚ ਹੀ ਪਤਾ ਲੱਗੇਗਾ।

ਦੂਜਾ, ਪੱਛਮੀ ਬੰਗਾਲ 'ਚ ਭਾਜਪਾ ਦੇ ਉਭਾਰ ਅਤੇ ਖੱਬੇਪੱਖੀ ਲਹਿਰ ਦੇ ਨਿਘਾਰ ਨੂੰ ਇਕੱਠੇ ਜੋੜ ਕੇ ਵੇਖਣਾ ਹੋਏਗਾ। ਅੰਕੜਿਆਂ ਦੇ ਪੱਖ ਤੋਂ ਵੇਖੀਏ ਤਾਂ 1969 ਦੀਆਂ ਵਿਧਾਨ ਸਭਾ ਚੋਣਾਂ ਤੋਂ ਲੈ ਕੇ 1996 ਤੱਕ ਖੱਬੇਪੱਖੀ ਫਰੰਟ ਅਤੇ ਕਾਂਗਰਸ ਪੱਛਮੀ ਬੰਗਾਲ ਸਿਆਸਤ ਦੇ ਦੋ ਮੁੱਖ ਥੰਮ ਸਨ। ਦੋਵਾਂ ਪਾਰਟੀਆਂ ਕੋਲ 40 ਫ਼ੀਸਦੀ ਵੋਟ ਹਿੱਸਾ ਰਿਹਾ। ਹੋਰਨਾਂ ਕਈ ਸੂਬਿਆਂ ਵਾਂਗ ਕਾਂਗਰਸ ਪੱਛਮੀ ਬੰਗਾਲ ਵਿਚ ਵੀ ਖੇਤਰੀ ਪਾਰਟੀਆਂ ਦੀ ਉਭਾਰ ਦੀ ਲਹਿਰ ਵਿਚ ਇਥੇ ਵੀ ਗੁਆਚਦੀ ਚਲੀ ਗਈ। ਕਾਂਗਰਸ ਤੋਂ ਖਫ਼ਾ ਹੋ ਕੇ ਬਣੀ ਪਾਰਟੀ ਤ੍ਰਿਣਮੂਲ ਕਾਂਗਰਸ ਨੇ 1999 ਵਿਚ 26 ਫ਼ੀਸਦੀ ਵੋਟ ਹਾਸਲ ਕੀਤੇ ਜੋ ਕਿ ਉਸ ਸਮੇਂ ਦੇ ਕਾਂਗਰਸ ਦੇ ਵੋਟ ਹਿੱਸੇ 13.3 ਫ਼ੀਸਦੀ ਤੋਂ ਦੁੱਗਣੇ ਸੀ। ਇਸ ਤੋਂ ਬਾਅਦ ਲਗਾਤਾਰ ਵਧਦਿਆਂ 2019 'ਚ ਤ੍ਰਿਣਮੂਲ ਕਾਂਗਰਸ ਦਾ ਇਹ ਅੰਕੜਾ 43.3 ਫ਼ੀਸਦੀ ਤੱਕ ਪਹੁੰਚ ਗਿਆ ਜਦਕਿ ਕਾਂਗਰਸ ਲਈ ਇਹ ਅੰਕੜਾ ਸੁੰਗੜ ਕੇ 5.6 ਫ਼ੀਸਦੀ ਰਹਿ ਗਿਆ।

ਮੌਜੂਦਾ ਹਾਲਾਤ 'ਤੇ ਨਜ਼ਰ ਮਾਰੀਏ ਤਾਂ ਮਹਾਰਾਸ਼ਟਰ ਵਿਚ ਭਾਜਪਾ ਦੀ ਗੱਠਜੋੜ ਭਾਈਵਾਲ ਸ਼ਿਵ ਸੈਨਾ ਅਤੇ ਬਿਹਾਰ ਵਿਚ ਆਰ.ਜੇ.ਡੀ. ਨੇ ਪੱਛਮੀ ਬੰਗਾਲ 'ਚ ਆਪਣਾ ਸਮਰਥਨ ਤ੍ਰਿਣਮੂਲ ਕਾਂਗਰਸ ਨੂੰ ਦਿੱਤਾ ਹੈ। ਸ਼ਿਵ ਸੈਨਾ ਨੇ ਤਾਂ 100 ਸੀਟਾਂ 'ਤੇ ਚੋਣ ਲੜਨ ਦਾ ਐਲਾਨ ਕਰਨ ਤੋਂ ਬਾਅਦ ਵੀ ਮਮਤਾ ਦੇ ਹੱਕ 'ਚ ਫ਼ੈਸਲਾ ਵਾਪਸ ਲੈ ਲਿਆ।

ਕਾਂਗਰਸ ਤ੍ਰਿਣਮੂਲ ਕਾਂਗਰਸ ਦੇ ਘਟਦੇ-ਵਧਦੇ ਅੰਕੜਿਆਂ ਵਾਂਗ ਹੀ ਭਾਜਪਾ ਅਤੇ ਖੱਬੇ-ਪੱਖੀ ਫਰੰਟ ਦਾ ਅੰਕੜਾ ਵੀ ਹੇਠਾਂ ਉੱਪਰ ਹੁੰਦਾ ਰਿਹਾ। 1989 'ਚ ਮਹਿਜ਼ 1.7 ਫ਼ੀਸਦੀ ਵੋਟ ਨਾਲ ਸੂਬਾਈ ਸਿਆਸਤ ਵਿਚ ਦਾਖ਼ਲ ਹੋਣ ਵਾਲੀ ਭਾਜਪਾ 2009 ਤੱਕ ਵੋਟ ਹਾਸਲ ਕਰਨ ਦੇ ਮਾਮਲੇ 'ਚ ਇਕਾਈ ਦਹਾਈ ਦੇ ਅੰਕੜਿਆਂ ਦੇ ਫੇਰ 'ਚ ਹੀ ਰਹੀ। ਪਰ 2014 'ਚ ਲੋਕ ਸਭਾ ਚੋਣਾਂ 'ਚ ਭਾਜਪਾ ਦੇ ਵੋਟ ਹਿੱਸੇ 'ਚ 10 ਫ਼ੀਸਦੀ ਦਾ ਉਛਾਲ ਆਇਆ ਅਤੇ ਪਾਰਟੀ ਦੇ ਹਿੱਸੇ 2 ਲੋਕ ਸਭਾ ਸੀਟਾਂ ਆਈਆਂ। 2019 'ਚ ਵੋਟ ਫ਼ੀਸਦੀ ਵਧ ਕੇ 40.3 ਫ਼ੀਸਦੀ ਹੋ ਗਿਆ ਅਤੇ 18 ਲੋਕ ਸਭਾ ਸੀਟਾਂ 'ਤੇ ਹਾਸਲ ਹੋਈਆਂ ਜਦਕਿ ਖੱਬੇਪੱਖੀ ਫਰੰਟ ਪਹਿਲੀ ਵਾਰ 7.5 ਫ਼ੀਸਦੀ ਦੇ ਇਕਹਿਰੇ ਅੰਕੜੇ 'ਤੇ ਪਹੁੰਚ ਗਿਆ।

70 ਫ਼ੀਸਦੀ ਹਿੰਦੂ ਆਬਾਦੀ ਵਾਲੇ ਸੂਬੇ 'ਚ ਭਾਜਪਾ ਦਾ ਉਚੇਚਾ ਧਿਆਨ ਹਿੰਦੂ ਵੋਟਾਂ ਵੱਲ ਹੀ ਹੈ। ਪਰ ਭਾਜਪਾ ਨੂੰ ਸਰਕਾਰ ਬਣਾਉਣ ਲਈ ਹਿੰਦੂ ਅਬਾਦੀ ਦੇ ਦੋ ਤਿਹਾਈ ਵੋਟਾਂ ਦੀ ਲੋੜ ਹੋਵੇਗੀ ਜਿਸ ਨੂੰ ਬਹੁਤ ਸੌਖੀ ਗੱਲ ਵੀ ਨਹੀਂ ਕਿਹਾ ਜਾ ਸਕਦਾ।

ਤੀਜਾ, ਤ੍ਰਿਣਮੂਲ ਕਾਂਗਰਸ ਦੇ ਆਗੂਆਂ ਦੀ ਨਾਰਾਜ਼ਗੀ ਅਤੇ ਰੁਖ਼ਸਤੀ ਵੀ ਸੂਬਾਈ ਚੋਣਾਂ ਦਾ ਅਹਿਮ ਮੁੱਦਾ ਬਣਿਆ ਹੋਇਆ ਹੈ।2017 'ਚ ਤ੍ਰਿਣਮੂਲ ਕਾਂਗਰਸ ਤੋਂ ਭਾਜਪਾ 'ਚ ਸ਼ਾਮਿਲ ਹੋਏ ਮੁਕੁਲ ਰਾਏ ਨੇ ਦਾਅਵਾ ਕੀਤਾ ਸੀ ਕਿ ਪਾਰਟੀ ਦੇ 40 ਅਹਿਮ ਆਗੂ ਉਨਾਂ ਨਾਲ ਸੰਪਰਕ ਵਿਚ ਹਨ। ਹਾਲੀਆ ਅਦਲਾ-ਬਦਲੀਆਂ ਨਾਲ ਦਾਅਵੇ ਦਾ ਇਹ ਅੰਕੜਾ ਤਾਂ ਪਾਰ ਹੋ ਹੀ ਗਿਆ ਹੈ।

**ਬਾਕੀ ਸਫ਼ਾ 29 'ਤੇ**

# ਪੱਛਮੀ ਬੰਗਾਲ 'ਚ ਭਾਜਪਾ ਨੂੰ ਲੱਗ ਸਕਦਾ ਏ ਝਟਕਾ, ਮਮਤਾ ਦਾ ਕਿਲ੍ਹਾ ਢਾਹੁਣਾ ਔਖਾ

**ਨਵੀਂ ਦਿੱਲੀ/ਏ.ਟੀ.ਨਿਊਜ਼:** ਪੱਛਮੀ ਬੰਗਾਲ 'ਚ ਇਸ ਮਹੀਨੇ ਦੇ ਅਖ਼ੀਰ ਵਿਚ ਵੋਟਾਂ ਪੈਣ ਜਾ ਰਹੀਆਂ ਹਨ। 27 ਮਾਰਚ ਤੋਂ ਰਾਜ ਵਿੱਚ ਅੱਠ ਗੇੜਾਂ 'ਚ ਵਿਧਾਨ ਸਭਾ ਚੋਣਾਂ ਕਰਵਾਈਆਂ ਜਾਣਗੀਆਂ। ਭਾਜਪਾ ਨੇ ਬੰਗਾਲ 'ਚ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਕਿਲੇ ਨੂੰ ਫ਼ਤਿਹ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਹੈ।

ਭਾਜਪਾ ਨੇ ਪੱਛਮੀ ਬੰਗਾਲ ਦੀ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਦੇ ਸ਼ੁਭੇਂਦੂ ਅਧਿਕਾਰੀ ਸਮੇਤ ਕਈ ਵੱਡੇ ਆਗੂਆਂ ਨੂੰ ਤੋੜ ਕੇ ਆਪਣੇ ਨਾਲ ਜੋੜੇ ਹਨ। ਭਾਜਪਾ ਦੇ ਕੇਂਦਰੀ ਮੰਤਰੀ ਵੀ ਚੋਣ ਮੁਹਿੰਮ ਵਿੱਚ ਲੱਗੇ ਹੋਏ ਹਨ।

**ਸਰਵੇਖਣ**

Cvoter ਵੱਲੋਂ ਕਰਵਾਏ ਗਏ 'ਓਪੀਨੀਅਨ ਪੋਲ' ਦੇ ਅੰਕੜਿਆਂ ਅਨੁਸਾਰ ਤ੍ਰਿਣਮੂਲ ਕਾਂਗਰਸ ਨੰਬਰ ਇੱਕ ਉੱਤੇ ਹੀ ਕਾਇਮ ਹੈ, ਜਦਕਿ ਭਾਜਪਾ ਨੰਬਰ ਦੋ ਦੀ ਪਾਰਟੀ ਵਜੋਂ ਉੱਭਰੀ ਹੈ। ਇਸ ਬਾਰੇ ਸਿਆਸੀ ਵਿਸ਼ਲੇਸ਼ਕ ਪ੍ਰਦੀਪ ਸਿੰਘ ਤੇ ਅਭੇ ਦੂਬੇ ਦੀ ਰਿਪੋਰਟ ਅਨੁਸਾਰ ਬੀਤੇ ਜਨਵਰੀ ਦੇ 'ਓਪੀਨੀਅਨ ਪੋਲ' ਵਿੱਚ ਤ੍ਰਿਣਮੂਲ ਕਾਂਗਰਸ ਦੇ 154 ਤੋਂ 162 ਸੀਟਾਂ ਜਿੱਤਣ ਦਾ ਅਨੁਮਾਨ ਲਾਇਆ ਗਿਆ ਸੀ। ਭਾਜਪਾ ਤਦ 98 ਤੋਂ 106 ਸੀਟਾਂ ਜਿੱਤਦੀ ਵਿਖਾਈ ਦੇ ਰਹੀ ਸੀ। ਕਾਂਗਰਸ ਤੇ ਖੱਬੀਆਂ ਪਾਰਟੀਆਂ ਦੇ ਗੱਠਜੋੜ ਨੂੰ 26 ਤੋਂ 34 ਸੀਟਾਂ ਮਿਲਦੀਆਂ ਦਿਸ ਰਹੀਆਂ ਸਨ। ਮਾਰਚ ਮਹੀਨੇ ਦੇ ਸਰਵੇਖਣ 'ਚ ਤ੍ਰਿਣਮੂਲ ਕਾਂਗਰਸ ਦੇ ਖਾਤੇ 150 ਤੋਂ 166 ਸੀਟਾਂ ਜਾਂਦੀਆਂ ਦਿਸ ਰਹੀਆਂ ਹਨ। ਭਾਜਪਾ ਦੇ ਖਾਤੇ 98 ਤੋਂ 114 ਸੀਟਾਂ ਪੈਣ ਦਾ ਅਨੁਮਾਨ ਹੈ, ਜਦਕਿ ਕਾਂਗਰਸ ਤੇ ਖੱਬੀਆਂ ਪਾਰਟੀਆਂ ਦੇ ਗੱਠਜੋੜ ਨੂੰ 23 ਤੋਂ 31 ਸੀਟਾਂ ਮਿਲ ਸਕਦੀਆਂ ਹਨ। ਪੱਛਮੀ ਬੰਗਾਲ ਦੀ 294 ਮੈਂਬਰੀ ਵਿਧਾਨ ਸਭਾ 'ਚ ਸਰਕਾਰ ਬਣਾਉਣ ਲਈ ਘੱਟੋ-ਘੱਟ 147 ਸੀਟਾਂ ਦੀ ਲੋੜ ਹੋਵੇਗੀ। ਇੰਝ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਦੀ ਹੀ ਸਰਕਾਰ ਬਣਦੀ ਦਿਸ ਰਹੀ ਹੈ। ਪਰ ਸਿਆਸੀ ਵਿਸ਼ਲੇਸ਼ਕ ਅਭੇ ਕੁਮਾਰ ਦੂਬੇ ਮੁਤਾਬਕ ਸੂਬੇ ਵਿੱਚ ਹਵਾ ਤ੍ਰਿਣਮੂਲ ਕਾਂਗਰਸ ਦੇ ਵਿਰੁੱਧ ਹੈ।

ਉਨਾਂ ਦੱਸਿਆ ਕਿ ਇਸ ਵੇਲੇ ਮਮਤਾ ਬੈਨਰਜੀ ਦੀ ਸਰਕਾਰ ਵਿਰੁੱਧ ਜ਼ਬਰਦਸਤ ਸੱਤਾ ਵਿਰੋਧੀ ਲਹਿਰ ਚੱਲ ਰਹੀ ਹੈ। ਅਜਿਹੇ ਹਾਲਾਤ ਤੋਂ ਸਿਰਫ਼ ਭਾਜਪਾ ਨੂੰ ਹੀ ਫ਼ਾਇਦਾ ਹੋਵੇਗਾ। ਸਿਆਸੀ ਮਾਹਿਰ ਪ੍ਰਦੀਪ ਸਿੰਘ ਦਾ ਕਹਿਣਾ ਹੈ ਕਿ ਬੰਗਾਲ ਵਿੱਚ ਭਾਜਪਾ ਕੇਵਲ ਤਦ ਹੀ ਮਜ਼ਬੂਤ ਹੋਵੇਗੀ, ਜਦੋਂ ਕਾਂਗਰਸ ਤੇ ਖੱਬਾ ਮੁਹਾਜ਼ ਹੋਰ ਕਮਜ਼ੋਰ ਹੋਵੇਗਾ।

# ਲਾਹੌਰ ਵਿਚ ਧਾੜਵੀਆਂ ਕੋਲੋਂ ਖੋਹੀ ਖਾਲਸਾ ਰਾਜ ਦੀ 'ਜ਼ਮਜ਼ਮਾ ਤੋਪ'

**ਅਵਤਾਰ ਸਿੰਘ**

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਭਾਰਤ ਵਿਚ ਮੁ.ਗਲੀਆ ਹਕੂਮਤ ਕਮਜ਼ੋਰ ਹੋਣ ਲੱਗੀ। ਇਕ ਪਾਸੇ ਦੇਸ਼ ਵਿਚ ਮਰਹੱਟਿਆਂ ਨੇ ਦੂਜੇ ਰਾਜਾਂ 'ਤੇ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ ਤੇ ਦੂਜੇ ਪਾਸੇ ਅ.ਫ਼.ਗਾਨ ਧਾੜਵੀ ਵੀ ਦੇਸ਼ ਨੂੰ ਲੁੱਟਣ ਤੁਰ ਪਏ। ਅਹਿਮਦ ਸ਼ਾਹ ਅਬਦਾਲੀ ਨੇ 1748 ਤੋਂ ਲਗਾਤਾਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਮੁ.ਗ਼ਲਾਂ ਦੇ ਕਮਜ਼ੋਰ ਹੋਣ ਕਰਕੇ ਉਸ ਨੂੰ ਕੋਈ ਰੋਕਣ ਵਾਲਾ ਨਹੀਂ ਸੀ। ਅਬਦਾਲੀ 1756 ਨੂੰ ਆਪਣੇ ਚੌਥੇ ਹਮਲੇ ਵਿਚ ਦਿੱਲੀ ਨੂੰ ਲੁੱਟ ਕੇ ਮਥੁਰਾ ਤੇ ਵ੍ਰਿੰਦਾਵਾਨ ਨੂੰ ਤਬਾਹ ਕਰਕੇ ਹਿੰਦੂਆਂ 'ਤੇ ਜ਼ੁਲਮ ਕਰ ਕੇ ਵਾਪਸ ਕਾਬਲ ਮੁੜ ਗਿਆ।

1761 ਵਿਚ ਅਬਦਾਲੀ ਨੂੰ ਜਦੋਂ ਭਾਰਤ ਵਿਚ ਮਰਹੱਟਿਆਂ ਦੀ ਵਧ ਰਹੀ ਤਾਕਤ ਦਾ ਪਤਾ ਲੱਗਾ ਤਾਂ ਉਸ ਨੇ ਇਨਾਂ ਨੂੰ ਸਬਕ ਸਿਖਾਉਣ ਲਈ ਤਿਆਰੀ ਕੀਤੀ। ਇਹ ਉਸ ਦਾ ਭਾਰਤ 'ਤੇ ਪੰਜਵਾਂ ਹਮਲਾ ਸੀ। ਕਾਬੁਲ ਤੋਂ ਆ ਕੇ ਲਾਹੌਰ ਕਾ.ਫ਼ੀ ਚਿਰ ਰੁਕਿਆ ਅਤੇ ਇਥੇ ਹੀ ਉਸ ਨੇ ਹਥਿਆਰ ਤਿਆਰ ਕਰਨ ਦਾ ਹੁਕਮ ਦਿੱਤਾ। ਇਹ ਕੰਮ ਉਸ ਨੇ ਆਪਣੇ ਵਜ਼ੀਰ ਸ਼ਾਹ ਵਲੀ ਖਾਂ ਨੂੰ ਸੌਂਪਿਆ। ਸ਼ਾਹ ਵਲੀ ਖਾਂ ਨੇ ਨਿੱਕੇ-ਵੱਡੇ ਸਭ ਤਰਾਂ ਦੇ ਹਥਿਆਰ ਬਣਵਾਏ। ਛੋਟੀਆਂ ਤੋਪਾਂ ਦੇ ਨਾਲ-ਨਾਲ ਉਸ ਨੇ ਜ਼ਮਜ਼ਮਾ ਤੋਪ ਅਤੇ ਇਕ ਹੋਰ ਤੋਪ ਤਿਆਰ ਕਰਵਾਈ (ਜਿਸ ਦਾ ਇਤਿਹਾਸ 'ਚ ਨਾਂਅ ਦਰਜ ਨਹੀਂ ਮਿਲਦਾ)।

ਇਹ ਤੋਪਾਂ ਉਸ ਨੇ ਲਾਹੌਰ ਦੇ ਹਿੰਦੂ ਅਤੇ ਸਿੱਖ ਪਰਿਵਾਰਾਂ ਕੋਲੋਂ ਜਜ਼ੀਏ ਦੇ ਰੂਪ ਵਿਚ ਪਿੱਤਲ ਅਤੇ ਚਾਂਦੀ ਇਕੱਠੀ ਕਰ ਕੇ ਸ਼ਾਹ ਨਜ਼ੀਰ ਨਾਂਅ ਦੇ ਇਕ ਪ੍ਰਸਿੱਧ ਕਾਰੀਗਰ ਦੀ ਦੇਖ-ਰੇਖ ਵਿਚ ਸੰਨ 1760 ਈ: ਵਿਚ ਤਿਆਰ ਕਰਵਾਈਆਂ। ਇਸ ਉਤੇ ਫ਼ਾਰਸੀ ਭਾਸ਼ਾ ਵਿਚ 'ਜ਼ਮਜ਼ਮਾ' ਉਕਰਿਆ ਹੋਇਆ ਹੈ। (ਜ਼ਮਜ਼ਮਾ ਨੂੰ ਫ਼ਾਰਸੀ ਵਿਚ ਗਰਜਣਾ ਕਹਿੰਦੇ ਹਨ ਅਤੇ ਇਹ ਨਾਂਅ ਅਬਦਾਲੀ ਨੇ ਖ਼ੁਦ ਰੱਖਿਆ ਸੀ।) ਇਸ ਤੋਪ ਦੇ ਅਗਲੇ ਪਾਸੇ ਕਾਰੀਗਰ ਦਾ ਨਾਂਅ 'ਨਾਜ਼ੀਰ ਸ਼ਾਹ ਬਾ ਹੁਕਮ ਸ਼ਾਹ ਵਲੀ ਖਾਂ' ਅਤੇ ਪਿਛਲੇ ਪਾਸੇ ਬਣਾਉਣ ਦੀ ਮਿਤੀ '1169 ਹਿਜ਼ਰੀ' (ਸਾਲ 1755-56) ਫ਼ਾਰਸੀ ਵਿਚ ਅੰਕਿਤ ਹੈ।

ਇਹ ਤੋਪ 14 ਫੁੱਟ ਸਾਢੇ ਚਾਰ ਇੰਚ ਲੰਬੀ ਅਤੇ ਇਸ ਦੀ ਨਾਲੀ ਦਾ ਸਾਢੇ 9 ਇੰਚ ਅੰਦਰਲਾ ਵਿਆਸ ਹੈ। ਇਹ ਉਸ ਸਮੇਂ ਵਿਚ ਉਪ ਮਹਾਦੀਪ ਦੀ ਸਭ ਤੋਂ ਵੱਡੀ ਤੋਪ ਸੀ। ਇਸ ਤੋਪ ਨੂੰ ਅਬਦਾਲੀ ਨੇ ਬਕਾਇਦਾ ਮਰਹੱਟਿਆਂ ਨਾਲ ਜੰਗ ਕਰਨ ਲਈ ਤਿਆਰ ਕਰਵਾਇਆ ਸੀ।

ਅਹਿਮਦ ਸ਼ਾਹ ਦਾ ਸਾਹਮਣਾ ਜਨਵਰੀ 1761 ਈ: ਵਿਚ ਮਰਹੱਟਿਆਂ ਨਾਲ ਪਾਣੀਪਤ ਦੇ ਸਥਾਨ 'ਤੇ ਹੋਇਆ। ਜ਼ਮਜ਼ਮਾ ਤੋਪ ਨੇ ਇਸ ਅਸਥਾਨ 'ਤੇ ਜਿਹੜਾ ਕਹਿਰ ਵਰਤਾਇਆ ਉਸ ਨੂੰ ਮਰਹੱਟੇ ਕਦੀ ਭੁੱਲ ਹੀ ਨਹੀਂ ਸਕਦੇ। ਜੰਗ ਦੇ ਮੈਦਾਨ ਵਿਚ ਇਸ ਤੋਪ ਨੇ ਮਰਹੱਟਿਆਂ ਨੂੰ ਜੜੋਂ ਪੁੱਟ ਕੇ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ। ਇਸ ਜੰਗ ਵਿਚ ਦੋਵਾਂ ਪਾਸਿਆਂ ਤੋਂ ਇਕ ਲੱਖ ਤੋਂ ਜ਼ਿਆਦਾ ਫੌਜੀ ਮਾਰੇ ਗਏ। ਮਰਹੱਟੇ ਇਹ ਜੰਗ ਹਾਰ ਗਏ। ਅਬਦਾਲੀ ਨੂੰ ਮਿਲੀ ਜਿੱਤ ਨੇ ਉਸ ਦਾ ਹੌਂਸਲਾ ਵਧਾਇਆ ਅਤੇ ਉਹ ਅੱਗੇ ਨਾਲੋਂ ਵੀ ਜ਼ਿਆਦਾ ਹਮਲਾਵਰ ਹੋ ਗਿਆ। ਅਬਦਾਲੀ ਇਕ ਵਾਰ ਖ਼ੂਬ ਲੁੱਟ ਮਾਰ ਕਰਦਾ ਹੋਇਆ ਵਾਪਸ ਕਾਬੁਲ ਨੂੰ ਜਾਣ ਵੇਲੇ ਉਹ ਇਸ ਤੋਪ ਨੂੰ ਆਪਣੇ ਗਵਰਨਰ ਖ਼ਵਾਜ਼ਾ ਉਬੇਦ ਕੋਲ ਲਾਹੌਰ ਛੱਡ ਗਿਆ ਕਿਉਂਕਿ ਇਹ ਭਾਰੀ ਹੋਣ ਕਰਕੇ ਕਾਬੁਲ ਨਾਲ ਨਹੀਂ ਲਿਜਾ ਸਕਿਆ। ਇਸ ਦੇ ਨਾਲ ਹੀ ਬਣਾਈ ਗਈ ਦੂਜੀ ਤੋਪ ਨੂੰ ਉਹ ਆਪਣੇ ਨਾਲ ਲਿਜਾ ਰਿਹਾ ਸੀ ਤਾਂ ਉਹ ਚਨਾਬ ਦਰਿਆ ਦੇ ਪਾਣੀ ਵਿਚ ਗੁੰਮ ਹੋ ਗਈ ਅਤੇ ਕਾਬੁਲ ਨਾ ਪੁੱਜ ਸਕੀ।



1762 ਈਸਵੀ ਵਿਚ ਭੰਗੀ ਮਿਸਲ ਦੇ ਹਰੀ ਸਿੰਘ ਭੰਗੀ ਨੇ ਲਾਹੌਰ ਦੇ ਗਵਰਨਰ ਖ਼ਵਾਜ਼ਾ ਉਬੇਦ ਨੂੰ ਜੰਗ ਵਿਚ ਹਰਾ ਕੇ ਹਥਿਆਰ ਅਤੇ ਗੋਲੀ ਸਿੱਕੇ ਦੇ ਨਾਲ ਨਾਲ ਜ਼ਮਜ਼ਮਾ ਤੋਪ ਵੀ ਖੋਹ ਲਈ।

ਉਸ ਤੋਂ ਬਾਅਦ ਇਸ ਤੋਪ ਦਾ ਨਾਂਅ ਬਦਲ ਕੇ ਭੰਗੀਆਂ ਦੀ ਤੋਪ ਪੈ ਗਿਆ। ਸਾਲ 1764 ਤੱਕ ਇਹ ਤੋਪ ਭੰਗੀ ਸਰਦਾਰ ਲਹਿਣਾ ਸਿੰਘ ਅਤੇ ਗੁੱਜਰ ਸਿੰਘ ਦੇ ਕਬਜ਼ੇ ਵਿਚ ਰਹੀ ਅਤੇ ਬਾਅਦ ਵਿਚ ਉਨਾਂ ਨੇ ਚੜਤ ਸਿੰਘ ਸ਼ੁਕਰਚੱਕੀਆ ਨੂੰ ਦੇ ਦਿੱਤੀ। ਚੜਤ ਸਿੰਘ ਇਸ ਜ਼ਮਜ਼ਮਾ ਤੋਪ ਨੂੰ ਆਪਣੇ ਕਿਲੇ ਗੁੱਜਰਾਂਵਾਲਾ ਲੈ ਗਿਆ।

ਚੱਠਿਆਂ ਦੇ ਪਖਤੂਨ ਭਰਾਵਾਂ ਅਹਿਮਦ ਖਾਨ ਅਤੇ ਪੀਰ ਮੁਹੰਮਦ ਨੇ ਇਹ ਤੋਪ ਸ: ਚੜਤ ਸਿੰਘ ਤੋਂ ਖੋਹ ਲਈ। ਬਾਅਦ ਵਿਚ ਇਸ ਤੋਪ ਦੀ ਮਾਲਕੀ ਪਿੱਛੇ ਦੋਵੇਂ ਚੱਠੇ ਭਰਾ ਲੜੇ ਅਤੇ ਲੜਾਈ ਵਿਚ ਅਹਿਮਦ ਖਾਨ ਦੇ ਦੋ ਅਤੇ ਪੀਰ ਮੁਹੰਮਦ ਦਾ ਇਕ ਪੁੱਤਰ ਮਾਰਿਆ ਗਿਆ। ਗੁੱਜਰ ਸਿੰਘ ਭੰਗੀ ਨੇ ਇਸ ਲੜਾਈ ਵਿਚ ਪੀਰ ਮੁਹੰਮਦ ਦੀ ਮਦਦ ਕੀਤੀ ਤੇ ਤੋਪ ਨੂੰ ਆਪਣੇ ਨਾਲ ਗੁਜਰਾਤ ਲੈ ਗਿਆ।

ਦੋ ਸਾਲ ਬਾਅਦ ਚੜਤ ਸਿੰਘ ਸ਼ੁਕਰਚੱਕੀਆ ਨੇ ਇਸ ਨੂੰ ਗੁਜ਼ਰ ਸਿੰਘ ਕੋਲੋਂ ਖੋਹ ਲਿਆ। ਚੜਤ ਸਿੰਘ ਕੋਲੋਂ ਇਸ ਨੂੰ ਮੁੜ ਚੱਠੇ ਪਖ਼ਤੂਨਾਂ ਨੇ ਖੋਹ ਲਿਆ। ਅਗਲੇ ਸਾਲ 1773 ਵਿਚ ਸਰਦਾਰ ਝੰਡਾ ਸਿੰਘ ਭੰਗੀ ਨੇ ਚੱਠਿਆਂ ਦੇ ਪਖ਼ਤੂਨਾਂ ਨੂੰ ਹਰਾ ਕੇ ਇਹ ਤੋਪ ਸ੍ਰੀ ਅੰਮ੍ਰਿਤਸਰ ਲੈ ਆਂਦੀ ਅਤੇ ਭੰਗੀਆ ਦੇ ਕਿਲੇ ਵਿਚ ਇਸ ਨੂੰ ਰੱਖਿਆ।

ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਜਿੱਤਣ ਵੇਲੇ ਇਸ ਤੋਪ 'ਤੇ ਕਬਜ਼ਾ ਕਰ ਲਿਆ। ਇਸ ਤੋਪ ਦੀ ਵਰਤੋਂ ਮਹਾਰਾਜਾ ਰਣਜੀਤ ਸਿੰਘ ਨੇ ਡਸਕਾ, ਕਸੂਰ, ਸੁਜਾਨਪੁਰ, ਵਜ਼ੀਰਾਬਾਦ ਅਤੇ ਮੁਲਤਾਨ ਦੀਆਂ ਜੰਗਾਂ ਵਿਚ ਕੀਤੀ। ਮੁਲਤਾਨ ਉਤੇ ਸੰਨ 1818 ਈ: ਦੀ ਮੁਹਿੰਮ ਵਿਚ ਇਸ ਦੀ ਵਰਤੋਂ ਸ਼ੇਰ-ਏ-ਪੰਜਾਬ ਨੇ ਕੀਤੀ ਜੋ ਕੇ ਬਹੁਤ ਸਫਲ ਤਾਂ ਨਹੀਂ ਰਹੀ ਅਤੇ ਪਰ ਇਸ ਤੋਪ ਦਾ ਨੁਕਸਾਨ ਵੀ ਬਹੁਤ ਹੋ ਗਿਆ। ਤਦ ਇਸ ਜ਼ਮਜ਼ਮਾ ਤੋਪ ਨੂੰ ਅਯੋਗ ਕਰਾਰ ਦੇ ਕੇ ਜੰਗ ਦੇ ਮੈਦਾਨਾਂ ਵਿਚੋਂ ਸੇਵਾ ਮੁਕਤ ਕਰਾਰ ਦੇ ਕੇ ਲਾਹੌਰ ਦੇ ਦਿੱਲੀ ਦਰਵਾਜ਼ੇ ਦੇ ਬਾਹਰ ਰੱਖ ਦਿੱਤਾ ਗਿਆ, ਜਿਥੇ ਇਹ ਸੰਨ 1860 ਈ: ਤੱਕ ਰਖੀ ਰਹੀ।

ਸੰਨ 1870 ਵਿਚ ਡਿਊਕ ਏਡਨਬਰਗ ਦੀ ਲਾਹੌਰ ਆਮਦ ਵੇਲੇ ਇਸ ਤੋਪ ਨੂੰ ਲਾਹੌਰ ਮਿਊਜ਼ੀਅਮ ਦੇ ਗੇਟ ਕੋਲ ਮਾਰਕੀਟ ਵਿਖੇ ਸਥਾਪਤ ਕਰ ਦਿੱਤਾ ਗਿਆ। ਕੋਹਿਨੂਰ ਹੀਰੇ ਦੇ ਵਾਂਗ ਇਸ ਤੋਪ ਨੂੰ ਹਾਸਲ ਕਰਨ ਲਈ ਬਹੁਤ ਸਾਰੇ ਕਤਲ ਹੋਏ। ਕਹਿੰਦੇ ਹਨ ਕਿ ਇਹ ਤੋਪ ਜਿਸ ਕੋਲ ਹੁੰਦੀ ਸੀ ਉਸ ਦੀ ਬਾਦਸ਼ਾਹੀ ਮੰਨੀ ਜਾਂਦੀ ਸੀ। ਸਿੱਖਾਂ ਦੀ ਅ.ਫ਼.ਗਾਨਾਂ ਉੱਤੇ ਜਿੱਤ ਦਾ ਪ੍ਰਤੀਕ ਅਤੇ ਜੰਗ ਦੇ ਮੈਦਾਨ ਵਿਚ ਭੜਥੂ ਪਾਉਣ ਵਾਲੀ ਜ਼ਮਜ਼ਮਾ ਤੋਪ ਇਸ ਵੇਲੇ ਲਾਹੌਰ ਦੇ ਮਾਲ ਰੋਡ ਵਿਖੇ ਸ਼ਾਂਤ ਖੜੀ ਹੈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# ਸੁਲਤਾਨਪੁਰ ਲੋਧੀ ਦੇ ਇਤਿਹਾਸਕ ਗੁਰੂਦੁਆਰੇ



**ਤਸਵਿੰਦਰ ਸਿੰਘ ਬੜੈਚ**
**ਮੋਬਾ-7527931887**

ਸੁਲਤਾਨਪੁਰ ਲੋਧੀ ਦੀ ਧਰਤੀ ਨੂੰ ਅਨੇਕਾਂ ਮਹਾਂਪੁਰਸ਼ਾਂ ਦੀ ਚਰਨ ਛੋਹ ਪ੍ਰਾਪਤ ਹੈ। ਇਹ ਬਹੁਤ ਪੁਰਾਣਾ ਤੇ ਵੱਡਾ ਸ਼ਹਿਰ ਹੈ। ਇਸ ਨਗਰ ਨੂੰ ਜਿੱਥੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ, ਉਥੇ ਪੰਜਵੇਂ ਗੁਰੂ ਅਰਜਨ ਦੇਵ ਜੀ, ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ, ਛੋਟੇ ਸਪੁੱਤਰ ਬਾਬਾ ਲਖਮੀ ਦਾਸ ਜੀ, ਮਾਤਾ ਸੁਲੱਖਣੀ ਜੀ ਅਤੇ ਬੇਬੇ ਨਾਨਕੀ ਜੀ ਦੀ ਵੀ ਚਰਨ ਛੋਹ ਪ੍ਰਾਪਤ ਹੈ। ਗੁਰੂ ਨਾਨਕ ਦੇਵ ਜੀ ਨੇ ਇਥੇ ਜੀਵਨ ਦੇ 14 ਸਾਲ ਤੋਂ ਵੱਧ ਸਮਾਂ ਬਤੀਤ ਕੀਤਾ। ਇਸ ਨਗਰੀ ਵਿੱਚ ਗੁਰੂ ਸਾਹਿਬਾਨਾਂ ਨਾਲ ਸਬੰਧਤ ਅਨੇਕਾਂ ਗੁਰਦੁਆਰੇ ਹਨ।

ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ ਦਾ ਇਹ ਪ੍ਰਮੁੱਖ ਗੁਰਦੁਆਰਾ ਸਾਹਿਬ ਹੈ, ਇਸ ਪਵਿੱਤਰ ਅਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਪਵਿੱਤਰ ਵੇਈਂ 'ਚ ਇਸ਼ਨਾਨ ਕਰ ਕੇ ਸਿਮਰਨ ਕਰਦੇ ਸਨ। ਇਸ ਅਸਥਾਨ 'ਤੇ ਬੇਰੀ ਦੀ ਦਾਤਨ ਜੋ ਗੁਰੂ ਜੀ ਨੇ ਨਦੀ ਕਿਨਾਰੇ ਗੱਡੀ ਸੀ ਉਹ ਅੱਜ ਬੇਰੀ ਦਾ ਬਹੁਤ ਵੱਡੇ ਰੁੱਖ ਦੇ ਰੂਪ 'ਚ ਇਥੇ ਮੌਜੂਦ ਹੈ। ਇਸੇ ਲਈ ਇਸ ਗੁਰਦੁਆਰਾ ਸਾਹਿਬ ਦਾ ਨਾਂਅ 'ਬੇਰ ਸਾਹਿਬ' ਹੈ। ਗੁਰੂ ਜੀ ਦੇ ਵੇਈਂ ਵਿੱਚ ਤਿੰਨ ਦਿਨ ਅਲੋਪ ਹੋਣ ਦੀ ਘਟਨਾ ਵੀ ਇਸ ਸਥਾਨ ਨਾਲ ਜੁੜੀ ਹੈ। ਇਸੇ ਗੁਰਦੁਆਰਾ ਸਾਹਿਬ 'ਚ ਪੁਰਾਤਨ ਬੇਰੀ ਦੇ ਕੋਲ ਭੋਰਾ ਸਾਹਿਬ ਹੈ ਜਿਥੇ ਬਿਰਾਜ ਕੇ ਗੁਰੂ ਨਾਨਕ ਦੇਵ ਜੀ ਭਗਤੀ ਕਰਿਆ ਕਰਦੇ ਸਨ। ਗੁਰਦੁਆਰਾ ਬੇਰ ਸਾਹਿਬ ਦੀ ਇਮਾਰਤ ਕਪੂਰਥਲਾ ਦੇ ਮਹਾਰਾਜਾ ਜਗਤਜੀਤ ਸਿੰਘ ਨੇ ਬਣਾਈ ਸੀ।

**ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ**

ਇਸ ਪਵਿੱਤਰ ਅਸਥਾਨ ਉੱਪਰ ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਮਹਾਰਾਜ ਵੇਈਂ ਨਦੀ ਵਿੱਚ ਤਿੰਨ ਦਿਨ ਅਲੋਪ ਰਹਿਣ ਤੋਂ ਬਾਅਦ ਪ੍ਰਗਟ ਹੋਏ ਅਤੇ ਉਨ੍ਹਾਂ ਨੇ 'ਨਾ ਕੋਈ ਹਿੰਦੂ, ਨਾ ਮੁਸਲਮਾਨ' ਦਾ ਸੰਦੇਸ਼ ਦਿੱਤਾ ਸੀ। ਇੱਥੇ ਹੀ ਮੂਲ ਮੰਤਰ ਦਾ ਉਚਾਰਨ ਹੋਇਆ। ਇਹ ਗੁਰਦੁਆਰਾ ਸਾਹਿਬ ਵੇਈਂ ਨਦੀ ਦੇ ਕੰਢੇ 'ਤੇ ਸਥਿਤ ਹੈ।

**ਗੁਰਦੁਆਰਾ ਸ੍ਰੀ ਸਿਹਰਾ ਸਾਹਿਬ**

ਇਹ ਗੁਰਦੁਆਰਾ ਸਾਹਿਬ, ਬੇਰ ਸਾਹਿਬ ਦੇ ਨੇੜੇ ਹੀ ਸਥਿਤ ਹੈ। ਇਹ ਉਹ ਪਵਿੱਤਰ ਅਸਥਾਨ ਹੈ ਜਿੱਥੇ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਪਣੇ ਸਪੁੱਤਰ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਵਿਆਹੁਣ ਜਾਂਦੇ ਹੋਏ ਰਾਤੀਂ ਏਥੇ ਬਿਰਾਜੇ ਸਨ ਅਤੇ ਸਵੇਰੇ ਇੱਥੋਂ ਹੀ ਸਿਹਰਾ ਬੰਦੀ ਕਰਕੇ ਡੱਲੇ ਪਧਾਰੇ ਸਨ। ਇਸੇ ਕਾਰਨ ਇਸ ਅਸਥਾਨ ਦਾ ਨਾਮ ਸਿਹਰਾ ਸਾਹਿਬ ਹੈ। ਇਸ ਗੁਰਦੁਆਰਾ ਸਾਹਿਬ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਦੀ ਧਰਮਸ਼ਾਲਾ ਵੀ ਕਹਿੰਦੇ ਹਨ।

**ਗੁਰਦੁਆਰਾ ਸ੍ਰੀ ਕੋਠੜੀ ਸਾਹਿਬ**

ਇਹ ਉਹ ਪਵਿੱਤਰ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹਿਸਾਬ-ਕਿਤਾਬ ਦੱਸਣ ਲਈ ਸੱਦਿਆ ਗਿਆ ਸੀ। ਜਦੋਂ ਮੋਦੀਖਾਨੇ ਵਿੱਚ ਗਬਨ ਦੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਤਾਂ ਗੁਰੂ ਨਾਨਕ ਦੇਵ ਜੀ ਨੂੰ ਲੇਖਾਕਾਰ ਜਨਰਲ ਜਾਦੋ ਰਾਏ ਨੇ ਆਪਣੇ ਘਰ ਬੁਲਾਇਆ ਅਤੇ ਹਿਸਾਬ-ਕਿਤਾਬ ਦੇਣ ਲਈ ਕਿਹਾ। ਜਦੋਂ ਹਿਸਾਬ ਦੀ ਜਾਂਚ ਪੜਤਾਲ ਕੀਤੀ ਗਈ ਤਾਂ ਇਹ ਪਾਇਆ ਗਿਆ ਕਿ ਹਕੂਮਤ ਖੁਦ ਗੁਰੂ ਜੀ ਦੇ 760 ਰੁਪਏ ਦੀ ਦੇਣਦਾਰ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਨਵਾਬ ਦੇ ਬੰਦਿਆਂ ਤੋਂ ਰਕਮ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਬੇਨਤੀ ਕੀਤੀ ਕਿ ਇਹ ਰਕਮ ਗਰੀਬਾਂ ਵਿੱਚ ਵੰਡ ਦਿੱਤੀ ਜਾਵੇ। ਗੁਰਦੁਆਰਾ ਕੋਠੜੀ ਸਾਹਿਬ ਉਸ ਸਥਾਨ 'ਤੇ ਸਥਿਤ ਹੈ।

**ਗੁਰਦੁਆਰਾ ਸ੍ਰੀ ਗੁਰੂ ਕਾ ਬਾਗ ਸਾਹਿਬ**

ਇਹ ਅਸਥਾਨ ਬੇਬੇ ਨਾਨਕੀ ਜੀ ਦਾ ਘਰ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਿਹਾਇਸ਼ੀ ਮਕਾਨ ਸੀ, ਇਸ ਅਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ



ਚੰਦ ਜੀ ਦਾ ਜਨਮ ਅਤੇ ਛੋਟੇ ਸਪੁੱਤਰ ਬਾਬਾ ਲਛਮੀ ਦਾਸ ਜੀ ਦਾ ਜਨਮ ਮਾਤਾ ਸੁਲੱਖਣੀ ਜੀ ਦੇ ਉਦਰ ਤੋਂ ਹੋਇਆ। ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਤਹਿਖਾਨੇ ਵਿੱਚ ਪੁਰਾਤਨ ਦੀਵਾਰ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਇਥੇ ਇਕ ਪੁਰਾਤਨ ਖੂਹ ਵੀ ਹੈ।

**ਗੁਰਦੁਆਰਾ ਸ੍ਰੀ ਅੰਤਰਯਾਮਤਾ ਸਾਹਿਬ**

ਇਹ ਗੁਰਦੁਆਰਾ ਬੇਰ ਸਾਹਿਬ ਤੋਂ ਥੋੜੀ ਹੀ ਦੂਰੀ 'ਤੇ ਸਥਿਤ ਹੈ। ਇਹ ਗੁਰਦੁਆਰਾ ਅੰਤਰਯਾਮਤਾ ਸਾਹਿਬ ਮਸਜਿਦ ਦੀ ਜਗਾ 'ਤੇ ਸਥਿਤ ਹੈ ਜਿਥੇ ਨਵਾਬ ਦੌਲਤ ਖਾਨ ਨੇ ਗੁਰੂ ਨਾਨਕ ਦੇਵ ਜੀ ਨੂੰ ਨਮਾਜ ਵਿੱਚ ਭਾਗ ਲੈਣ ਲਈ ਸੱਦਿਆ ਸੀ। ਗੁਰੂ ਨਾਨਕ ਦੇਵ ਜੀ ਇੱਕ ਪਾਸੇ ਖੜੇ ਰਹੇ ਅਤੇ ਉਨਾਂ ਨੇ ਇਹ ਮਹਿਸੂਸ ਕੀਤਾ ਕਿ ਕਾਜੀ ਨਮਾਜ ਦਾ ਕਾਰਜ ਸਿਰਫ ਰਸਮ ਵਜੋਂ ਹੀ ਕਰ ਰਹੇ ਹਨ, ਜਦੋਂ ਕਿ ਉਨਾਂ ਦਾ ਧਿਆਨ ਸੰਸਾਰਿਕ ਵਿਚਾਰ ਵਿੱਚ ਲੀਨ ਹੈ। ਜਦੋਂ ਗੁਰੂ ਜੀ ਨੂੰ ਪ੍ਰਸ਼ਨ ਕੀਤਾ ਕਿ ਤੁਸੀਂ ਪ੍ਰਾਥਨਾ ਵਿੱਚ ਭਾਗ ਕਿਉਂ ਨਹੀਂ ਲਿਆ ਤਾਂ ਗੁਰੂ ਜੀ ਨੇ ਨਵਾਬ ਨੂੰ ਨਮਾਜ ਦੌਰਾਨ ਸਹੀ ਤਰੀਕੇ ਨਾਲ ਧਿਆਨ ਲਗਾਉਣ ਦੀ ਨਸੀਹਤ ਦਿੱਤੀ। ਨਵਾਬ ਗੁਰੂ ਜੀ ਦੀ ਇਸ ਗੱਲ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਉਸ ਨੇ ਇਸ ਸਬੰਧੀ ਮਾਫੀ ਮੰਗੀ।

**ਗੁਰਦੁਆਰਾ ਸ੍ਰੀ ਹੱਟ ਸਾਹਿਬ**

ਇਸ ਪਾਵਨ ਪਵਿੱਤਰ ਅਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਮੋਦੀ ਦੀ ਨੌਕਰੀ ਕਰਦੇ ਰਹੇ, ਗਰੀਬਾਂ, ਸਾਧੂ-ਸੰਤਾਂ ਨੂੰ ਮੁਫਤ ਅਨਾਜ ਵੰਡਦੇ ਰਹੇ ਤੇ 'ਤੇਰਾ-ਤੇਰਾ' ਉਚਾਰਦੇ ਹੋਏ ਲੋੜਵੰਦਾਂ ਦੀ ਮਦਦ ਕਰਦੇ ਰਹੇ। ਵਿਰੋਧੀਆਂ ਵੱਲੋਂ ਦੌਲਤ ਖਾਨ ਲੋਧੀ ਪਾਸ ਸ਼ਿਕਾਇਤ ਕਰਨ 'ਤੇ ਮੋਦੀਖਾਨੇ ਦਾ ਹਿਸਬ ਕੀਤਾ ਗਿਆ ਤਾਂ ਗੁਰੂ ਜੀ ਨਿਰਦੋਸ਼ ਸਾਬਤ ਹੋਏ ਤੇ ਗੁਰੂ ਜੀ ਦੀ ਰਕਮ ਹਾਕਮ ਵੱਲ ਨਿਕਲੀ ਸੀ। ਗੁਰਦੁਆਰਾ ਸਾਹਿਬ ਅੰਦਰ ਗੁਰੂ ਸਾਹਿਬ ਦੇ ਮੁਬਾਰਕ ਹੱਥਾਂ ਦੀ ਛੋਹ ਪ੍ਰਾਪਤ 14 ਵੱਟੇ ਅੱਜ ਵੀ ਮੌਜੂਦ ਹਨ, ਜਿਨਾਂ ਨਾਲ ਉਹ ਅਨਾਜ ਤੋਲਦੇ ਸਨ।

**ਗੁਰਦੁਆਰਾ ਬੇਬੇ ਨਾਨਕੀ ਦਾ ਘਰ**

ਇਹ ਗੁਰਦੁਆਰਾ ਸਾਹਿਬ ਉਸ ਅਸਥਾਨ 'ਤੇ ਸੁਸ਼ੋਭਿਤ ਹੈ, ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਆ ਕੇ ਆਪਣੀ ਭੈਣ ਬੇਬੇ ਨਾਨਕੀ ਜੀ ਦੇ ਘਰ ਰਹੇ ਸਨ। ਇਥੇ ਬੇਬੇ ਨਾਨਕੀ ਜੀ ਦੇ ਘਰ ਦਾ ਪੁਰਾਤਨ ਖੂਹ ਵੀ ਮੌਜੂਦ ਹੈ।

ਇਸ ਤੋਂ ਇਲਾਵਾ ਗੁਰਦੁਆਰਾ ਸ੍ਰੀ ਰਬਾਬਸਰ ਸਾਹਿਬ, ਸੁਲਤਾਨਪੁਰ ਲੋਧੀ ਤੋਂ 10 ਕਿਲੋਮੀਟਰ ਦੂਰ ਪਿੰਡ ਭਰੋਆਣਾ ਵਿਖੇ ਸੁਭਾਇਮਾਨ ਹੈ। ਦੇਸ਼ ਵਿਦੇਸ਼ ਤੋਂ ਸੰਗਤ ਇਨਾਂ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਆਪਣਾ ਜੀਵਨ ਸਫਲ ਕਰਦੀ ਹੈ।



# ਨੌਜਵਾਨਾਂ ਲਈ ਪ੍ਰੇਰਣਾ ਸਥਲ : ਹੁਸੈਨੀਵਾਲਾ ਸਮਾਰਕ

**ਡਾ. ਸਤਿੰਦਰ ਸਿੰਘ (ਪੀ ਈ ਐਸ)**
**ਸਟੇਟ ਅਤੇ ਨੈਸ਼ਨਲ ਅਵਾਰਡੀ ਪ੍ਰਿੰਸੀਪਲ**

ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਨੇ ਅਜ਼ਾਦੀ ਦੇ ਸੰਘਰਸ਼ ਨੂੰ ਪ੍ਰਦਾਨ ਕੀਤੀ ਨਵੀਂ ਦਿਸ਼ਾ

ਸਤਲੁਜ ਦਰਿਆ ਦੇ ਵਗਦੇ ਪਾਣੀ ਦੀ ਮਧੁਰ ਅਵਾਜ਼, ਹਰਿਆ ਭਰਿਆ ਵਾਤਾਵਰਣ ਅਤੇ ਕੁਦਰਤ ਦੇ ਸੁਹੱਪਣ ਦੀ ਇਕ ਦਿਲ ਖਿੱਚਵੀਂ ਤਸਵੀਰ ਦੇਖਣ ਨੂੰ ਮਿਲਦੀ ਹੈ ਵਿਸ਼ਵ ਪ੍ਰਸਿੱਧ ਸ਼ਹੀਦੀ ਸਮਾਰਕ ਹੁਸੈਨੀ ਵਾਲਾ। ਜੋ ਹਿੰਦ-ਪਾਕਿ ਸਰਹੱਦ 'ਤੇ ਸਤਲੁਜ ਦਰਿਆ ਦੇ ਕੰਢੇ ਉੱਪਰ ਫਿਰੋਜ਼ਪੁਰ ਸ਼ਹਿਰ ਤੋਂ 12 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਹੁਸੈਨੀਵਾਲਾ ਪਿੰਡ ਦਾ ਨਾਮ ਮੁਸਲਮਾਨ ਪੀਰ ਬਾਬਾ ਗੁਲਾਮ ਹੁਸੈਨ ਦੇ ਨਾਮ 'ਤੇ ਰੱਖਿਆ ਗਿਆ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਹੁਸੈਨੀ ਵਾਲਾ ਦੇਸ਼ ਦੇ ਵਪਾਰ ਦਾ ਮੁੱਖ ਕੇਂਦਰ ਸੀ। 1887 ਵਿੱਚ ਸਤਲੁਜ ਦਰਿਆ 'ਤੇ ਇਤਿਹਾਸਕ ਪੁਲ ਕੈਸਰ ਏ ਹਿੰਦ ਬਣਨ ਨਾਲ ਅਤੇ ਬਾਅਦ ਵਿਚ ਜਲਦੀ ਹੀ ਰੇਲ ਲਿੰਕ ਜੁੜਨ ਨਾਲ ਇਸ ਸਥਾਨ ਤੋਂ ਅਫ਼ਗਾਨਿਸਤਾਨ ਤੋਂ ਲੈ ਕੇ ਪੂਰੇ ਉੱਤਰ ਭਾਰਤ ਤੱਕ ਵਪਾਰ ਦਾ ਧੁਰਾ ਬਣ ਗਿਆ। ਅੰਗਰੇਜ਼ ਹਕੂਮਤ ਵੱਲੋਂ ਬਣਵਾਇਆ ਇਹ ਵਿਲੱਖਣ ਕਿਸਮ ਦਾ ਦੂਹਰਾ ਪੁਲ ਉਸ ਸਮੇਂ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ ਹੈ। ਇਸ ਦੇ ਹੇਠਲੇ ਹਿੱਸੇ ਤੇ ਰੇਲ ਗੱਡੀ ਲੰਘਦੀ ਸੀ ਅਤੇ ਉੱਪਰ ਸੜਕੀ ਆਵਾਜਾਈ ਚਲਦੀ ਸੀ। ਪੁਲ ਦੀ ਬਦੌਲਤ ਇਹ ਇਲਾਕਾ ਵਪਾਰਕ ਪੱਖੋਂ ਬੇਹੱਦ ਖ਼ੁਸ਼ਹਾਲ ਬਣ ਗਿਆ ਸੀ। ਇਸ ਪੁਲ ਦੇ ਮਜ਼ਬੂਤ 27 ਪਿੱਲਰ ਅੱਜ ਵੀ ਮੌਜੂਦ ਹਨ।

ਦੇਸ਼ ਦੀ ਵੰਡ ਤੋਂ ਬਾਅਦ 1971 ਦੀ ਹਿੰਦ-ਪਾਕਿ ਜੰਗ ਤੱਕ ਇਹ ਵਪਾਰ ਬਾਖ਼ੂਬੀ ਚੱਲਦਾ ਰਿਹਾ। ਪਾਕਿਸਤਾਨ ਵਾਲੇ ਪਾਸੇ ਤੋਂ ਗੰਡਾ ਸਿੰਘ ਚੈੱਕਪੋਸਟ ਅਤੇ ਹਿੰਦੁਸਤਾਨ ਦੀ ਹੁਸੈਨੀਵਾਲਾ ਚੈੱਕ ਪੋਸਟ ਤੋਂ ਅੰਗੂਰ, ਅਨਾਰ, ਚਮੜਾ, ਡਰਾਈ ਫਰੂਟ ਅਤੇ ਹੋਰ ਲੋੜੀਂਦੇ ਸਮਾਨ ਦਾ ਖ਼ੂਬ ਅਦਾਨ ਪ੍ਰਦਾਨ ਹੁੰਦਾ ਸੀ, ਜਿਸ ਕਾਰਨ ਇਸ ਇਲਾਕੇ ਦੇ ਲੋਕ ਆਰਥਿਕ ਪੱਖੋਂ ਖ਼ੁਸ਼ਹਾਲ ਸਨ। ਪ੍ਰੰਤੂ 1971 ਤੋਂ ਵਪਾਰ ਬੰਦ ਹੋਣ ਨਾਲ ਹੀ ਇਲਾਕੇ ਦੇ ਵਿਕਾਸ ਦੇ ਰਸਤੇ ਵੀ ਬੰਦ ਹੋਣ ਲੱਗੇ ਅਤੇ ਇਹ ਇਲਾਕਾ ਦੇਸ਼ ਦੇ ਪਿਛੜੇ ਇਲਾਕਿਆਂ ਵਿੱਚ ਸ਼ੁਮਾਰ ਹੋਣ ਲੱਗਿਆ, ਅੱਜ ਦੇਸ਼ ਦਾ ਸਭ ਤੋਂ ਪੁਰਾਣਾ ਜ਼ਿਲ੍ਹਾ ਫ਼ਿਰੋਜ਼ਪੁਰ ਦੇਸ਼ ਦੇ 100 ਸਭ ਤੋਂ ਪਛੜੇ ਜ਼ਿਲ੍ਹਿਆਂ ਵਿੱਚ ਸ਼ੁਮਾਰ ਹੈ। ਹੁਸੈਨੀ ਵਾਲਾ ਦੇ ਨਾਲ ਲੱਗਦੇ 15 ਪਿੰਡਾਂ ਦੇ ਲੋਕਾਂ ਦੀ ਆਰਥਿਕ ਅਤੇ ਸਮਾਜਿਕ ਹਾਲਤ ਬੇਹੱਦ ਕਮਜ਼ੋਰ ਹੈ।

ਹੁਸੈਨੀਵਾਲਾ ਦਾ ਨਾਮ ਉਸ ਵਕਤ ਦੇਸ਼ ਦੇ ਹਰ ਨਾਗਰਿਕ ਦੀ ਜੁਬਾਨ 'ਤੇ ਪਹੁੰਚਿਆ ਜਦੋਂ 23 ਮਾਰਚ 1931 ਨੂੰ ਦੇਸ਼ ਦੇ ਮਹਾਨ ਸੁਤੰਤਰਤਾ ਸੈਨਾਨੀ ਸ਼ਹੀਦ ਏ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਲਾਹੌਰ ਦੀ ਕੇਂਦਰੀ ਜੇਲ ਵਿੱਚ ਨਿਸ਼ਚਿਤ ਸਮੇਂ ਤੋਂ ਇਕ ਦਿਨ ਪਹਿਲਾਂ ਫਾਂਸੀ ਲਗਾ ਕੇ ਚੋਰੀ ਛੁਪੇ ਇਸ ਸਥਾਨ 'ਤੇ ਲਿਆ ਕੇ ਬਿਨਾਂ ਕਿਸੇ ਰਸਮਾਂ ਦੇ ਅੰਤਿਮ ਸਸਕਾਰ ਕਰਕੇ ਅੱਧ ਸੜੀਆਂ ਲਾਸ਼ਾਂ ਨੂੰ ਸਤਲੁਜ ਦਰਿਆ ਵਿੱਚ ਵਹਾਅ ਦਿੱਤਾ। ਅੰਗਰੇਜ਼ ਹਕੂਮਤ ਇਨਾਂ ਮਹਾਨ ਕ੍ਰਾਂਤੀਕਾਰੀਆਂ ਦਾ ਖ਼ੁਰਾਖੋਜ ਮਿਟਾਉਣਾ ਚਾਹੁੰਦੀ ਸੀ। ਪ੍ਰੰਤੂ ਇਹ ਮਹਾਨ ਯੋਧੇ ਦੇਸ਼ ਦੀ ਅਜ਼ਾਦੀ ਦੀ ਲਹਿਰ ਦੇ ਅਜਿਹੇ ਹੀਰੇ ਬਣ ਕੇ ਉੱਭਰੇ ਕਿ ਅੱਜ ਵੀ ਵੱਡੀ ਗਿਣਤੀ ਵਿੱਚ ਲੋਕ ਇਨਾਂ ਦੇ ਸ਼ਹੀਦੀ ਸਮਾਰਕਾਂ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਪਹੁੰਚਦੇ ਹਨ। 23 ਮਾਰਚ ਦੇ ਦਿਨ ਇਸ ਪਵਿੱਤਰ ਅਸਥਾਨ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਦੇਸ਼ ਦੇ ਵੱਖ-ਵੱਖ ਕੋਨੇ ਤੋਂ ਲੋਕ ਪਹੁੰਚਦੇ ਹਨ। ਵੱਖ-ਵੱਖ ਨੌਜਵਾਨ ਜਥੇਬੰਦੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਖੇਡ ਮੇਲੇ, ਖ਼ੂਨਦਾਨ ਕੈਂਪ, ਪ੍ਰਦਰਸ਼ਨੀਆਂ, ਨਾਟਕ ਅਤੇ ਜਾਗਰੂਕਤਾ ਰੈਲੀਆ ਦਾ ਆਯੋਜਨ ਕੀਤਾ ਜਾਂਦਾ ਹੈ। ਸਰਕਾਰ ਵੱਲੋਂ ਵੀ ਸ਼ਹੀਦਾਂ ਦੀ ਯਾਦ ਵਿੱਚ ਰਾਜ ਪੱਧਰੀ ਸਮਾਗਮ ਹਰ ਸਾਲ ਕਰਵਾਇਆ ਜਾਂਦਾ ਹੈ।

ਹਿੰਦ ਪਾਕਿ ਬਟਵਾਰੇ ਸਮੇਂ ਇਹ ਇਤਿਹਾਸਕ ਸਥਾਨ ਪਾਕਿਸਤਾਨ ਕੋਲ ਚਲਾ ਗਿਆ ਸੀ। ਪ੍ਰੰਤੂ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਭਾਰਤ ਸਰਕਾਰ ਵੱਲੋਂ 17 ਜਨਵਰੀ 1961 ਨੂੰ ਦੋਹਾਂ ਦੇਸ਼ਾਂ ਵਿਚ ਹੋਏ ਸਮਝੌਤੇ ਤਹਿਤ ਫ਼ਾਜ਼ਿਲਕਾ ਦੇ ਨਾਲ ਲੱਗਦੇ ਸੁਲੇਮਾਨਕੀ ਦੇ 12 ਪਿੰਡ ਦੇ ਕੇ ਬਦਲੇ ਵਿੱਚ ਇਹ ਇਤਿਹਾਸਕ ਸਥਾਨ ਪ੍ਰਾਪਤ ਕੀਤਾ ਅਤੇ ਇਥੇ ਯਾਦਗਾਰ ਬਣਾਈ ਗਈ। ਇਸ ਕੌਮੀ ਯਾਦਗਾਰ ਦਾ ਨੀਹ ਪੱਥਰ 23 ਮਾਰਚ 1965 ਨੂੰ ਉਸ ਸਮੇਂ ਦੇਸ਼ ਦੇ ਰੱਖਿਆ ਮੰਤਰੀ ਸ਼੍ਰੀ ਵਾਈ. ਬੀ. ਚਵਾਨ ਵੱਲੋਂ ਰੱਖਿਆ ਗਿਆ ਸੀ ਅਤੇ ਇਸ ਯਾਦਗਾਰ ਦਾ ਉਦਘਾਟਨ 23 ਮਾਰਚ 1968 ਨੂੰ ਪੰਜਾਬ ਦੇ ਮੁੱਖ ਮੰਤਰੀ ਸ.ਲਛਮਣ ਸਿੰਘ ਗਿੱਲ ਵੱਲੋਂ ਕਰਕੇ ਦੇਸ਼ ਨੂੰ ਸਮਰਪਿਤ ਕੀਤੀ। 1971 ਦੀ ਹਿੰਦ-ਪਾਕਿ ਜੰਗ ਸਮੇਂ ਵੀ ਇਸ ਸਥਾਨ ਦਾ ਬਹੁਤ ਨੁਕਸਾਨ ਹੋਇਆ। ਇਸ ਦਾ ਪੁਨਰਨਿਰਮਾਣ ਕਰਨ ਉਪਰੰਤ 23 ਮਾਰਚ 1973 ਨੂੰ ਦੁਬਾਰਾ ਸ਼ੁਰੂ ਹੋਈ। ਸਮਾਰਕ ਦੇ ਬਿਲਕੁਲ ਨਾਲ ਕੇਸਰ ਏ ਹਿੰਦ ਪੁਲ ਦੇ ਗੇਟ ਦੀ ਇਤਿਹਾਸਕ ਉਚੀ ਇਮਾਰਤ ਹੈ, ਜਿਸ ਉਪਰ 1965 ਅਤੇ 1971 ਦੀ ਜੰਗ ਦੌਰਾਨ ਲੱਗੀਆਂ ਗੋਲੀਆਂ, ਰਾਕਟ ਅਤੇ ਬੰਬਾਂ ਕਾਰਨ ਹੋਏ ਨੁਕਸਾਨ ਦੇ ਨਿਸ਼ਾਨ ਮੌਜੂਦ ਹਨ। ਇਸ ਇਤਿਹਾਸਕ ਇਮਾਰਤ ਦੀ ਜੇ ਜਲਦ ਸੰਭਾਲ ਨਾ ਕੀਤੀ ਗਈ ਤਾਂ ਇਹ ਆਪਣੀ ਹੋਂਦ ਗਵਾ ਸਕਦੀ ਹੈ।

ਹੁਸੈਨੀ ਵਾਲਾ ਸਮਾਰਕ ਦੀ ਮਹੱਤਤਾ ਨੂੰ ਦੇਖਦੇ ਹੋਏ ਇਸ ਦੇ ਸੁੰਦਰੀਕਰਨ ਲਈ ਉਘੇ ਲੇਖਕ ਸਵ. ਸ਼੍ਰੀ ਕੁਲਦੀਪ ਨਯੱਅਰ ਮੈਂਬਰ ਰਾਜ ਸਭਾ ਵੱਲੋਂ ਆਪਣੇ ਅਖਤਿਆਰੀ ਕੋਟੇ ਦੀ ਇੱਕ ਸਾਲ ਦੀ ਪੂਰੀ ਗ੍ਰਾਂਟ 2 ਕਰੋੜ ਰੁਪਏ ਇਥੇ ਖਰਚ ਕਰਵਾਈ ਜਿਸ ਨਾਲ ਬੇਹੱਦ ਖ਼ੂਬਸੂਰਤ ਵਿਸ਼ਾਲ ਪਾਰਕ ਦਾ ਨਿਰਮਾਣ ਵੀ ਕਰਵਾਇਆ ਗਿਆ।

ਸਮਾਧੀ ਸ਼੍ਰੀ ਬੀ ਕੇ ਦੱਤ: ਸ਼ਹੀਦ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਦੇ ਨੇੜਲੇ ਸਾਥੀ ਸ਼੍ਰੀ ਬੁਟਕੇਸ਼ਵਰ ਦੱਤ ਜਿਨਾਂ ਨੇ ਭਗਤ ਸਿੰਘ ਜੀ ਦੇ ਨਾਲ ਹੀ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਿਆ ਸੀ। 20 ਸਾਲ ਦੀ ਸਖ਼ਤ ਸਜ਼ਾ ਅੰਡੇਮਾਨ ਨਿਕੋਬਾਰ ਦੀ ਜੇਲ ਵਿੱਚ ਕੱਟਣ ਵਾਲੇ ਮਹਾਨ ਸੁਤੰਤਰਤਾ ਸੈਨਾਨੀ ਨੇ ਦੇਸ਼ ਦੀ ਸੁਤੰਤਰਤਾ ਲਈ ਘੋਰ ਤਸੀਹੇ ਸਹੇ ਅਤੇ ਬੁਰੇ ਹਾਲਾਤਾਂ ਦਾ ਸਾਹਮਣਾ ਕੀਤਾ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਵੀ ਇਸ ਮਹਾਨ ਸਪੂਤ ਦੀ ਹਾਲਤ ਤਰਸਯੋਗ ਹੀ ਰਹੀ, 28 ਜੁਲਾਈ 1965 ਨੂੰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ ਅਤੇ ਉਸ ਦੀ ਇੱਛਾ ਅਨੁਸਾਰ ਉਨਾਂ ਦਾ ਅੰਤਿਮ ਸੰਸਕਾਰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸਮਾਧੀ ਦੇ ਨਜ਼ਦੀਕ ਹੁਸੈਨੀ ਵਾਲਾ ਵਿਖੇ ਕੀਤਾ ਗਿਆ। ਜਿੱਥੇ ਅੱਜ ਉਨਾਂ ਦੀ ਯਾਦਗਾਰ ਮੌਜੂਦ ਹੈ।

ਸਮਾਧੀ ਪੰਜਾਬ ਮਾਤਾ : ਸ਼ਹੀਦ ਭਗਤ ਸਿੰਘ ਦੀ ਮਾਤਾ ਬੀਬੀ ਵਿੱਦਿਆਵੰਤੀ ਜਿਨਾਂ ਨੂੰ ਭਾਰਤ ਸਰਕਾਰ ਨੇ 1973 ਵਿੱਚ ਪੰਜਾਬ ਮਾਤਾ ਦੇ ਖ਼ਿਤਾਬ ਨਾਲ ਨਿਵਾਜਿਆ ਗਿਆ, ਦੀ ਯਾਦਗਾਰ ਵੀ ਹੁਸੈਨੀਵਾਲਾ ਵਿਖੇ ਮੌਜੂਦ ਹੈ। ਮਾਤਾ ਜੀ ਦੀ ਇੱਛਾ ਅਨੁਸਾਰ ਉਨਾਂ ਦਾ ਅੰਤਿਮ ਸੰਸਕਾਰ ਜੂਨ 1975 ਨੂੰ ਇਸੇ ਸਥਾਨ 'ਤੇ ਕੀਤਾ ਗਿਆ ਸੀ। ਇਸ ਪਵਿੱਤਰ ਸਥਾਨ 'ਤੇ ਪਹੁੰਚਣ ਵਾਲੇ ਲੋਕ ਜਿੱਥੇ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਦੀ ਯਾਦਗਾਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ, ਉੱਥੇ ਪੰਜਾਬ ਮਾਤਾ ਜੀ ਦੀ ਯਾਦਗਾਰ 'ਤੇ ਪੂਰੇ ਸਤਿਕਾਰ ਨਾਲ ਸਿਰ ਝੁਕਾਉਂਦੇ ਹਨ।




ਬੀਕਾਨੇਰ ਗੰਗ ਕਨਾਲ (ਗੰਗ ਨਹਿਰ)

ਹੁਸੈਨੀਵਾਲਾ ਹੈੱਡ-ਵਰਕਸ ਤੋਂ ਉਹ ਇਤਿਹਾਸਕ ਬੀਕਾਨੇਰ ਗੰਗ ਕਨਾਲ ਨਹਿਰ ਨਿਕਲਦੀ ਹੈ, ਜਿਸ ਦਾ ਨੀਂਹ ਪੱਥਰ 1925 ਨੂੰ ਬੀਕਾਨੇਰ ਦੇ ਮਹਾਰਾਜਾ ਗੰਗਾ ਸਿੰਘ ਵੱਲੋਂ ਹੁਸੈਨੀਵਾਲਾ ਵਿਖੇ ਰੱਖਿਆ ਗਿਆ ਸੀ। ਇਹ ਨਹਿਰ ਰਾਜਸਥਾਨ ਦੀ ਪਹਿਲੀ ਸਿੰਚਾਈ ਪਰਿਯੋਜਨਾ ਸੀ ਅਤੇ ਦੇਸ਼ ਦੀਆਂ ਸਭ ਤੋਂ ਪੁਰਾਣੀਆਂ ਅਤੇ ਵਿਕਸਿਤ ਪਰਿਯੋਜਨਾ ਵਿਚੋਂ ਇਕ ਹੈ। ਇਸ ਨਹਿਰ ਨੂੰ ਜਿੱਥੇ ਗੰਗਾਨਗਰ (ਰਾਜਸਥਾਨ) ਇਲਾਕੇ ਦੀ ਜੀਵਨ ਰੇਖਾ ਅਤੇ ਆਰਥਿਕ ਖ਼ੁਸ਼ਹਾਲੀ ਦਾ ਆਧਾਰ ਕਿਹਾ ਜਾਂਦਾ ਹੈ ਉੱਥੇ ਫ਼ਿਰੋਜ਼ਪੁਰ ਵਾਸੀਆਂ ਲਈ ਇਸ ਦੀ ਬੇਹੱਦ ਇਤਿਹਾਸਕ ਮਹੱਤਤਾ ਹੈ। ਇਤਿਹਾਸਕਾਰਾਂ ਅਨੁਸਾਰ ਗੰਗ ਕਨਾਲ ਨਹਿਰ ਦੇ ਕਾਰਨ ਬੀਕਾਨੇਰ ਦੇ ਸ਼ਾਸਕਾਂ ਨੇ ਦੇਸ਼ ਦੀ ਵੰਡ ਸਮੇਂ ਫ਼ਿਰੋਜ਼ਪੁਰ ਨੂੰ ਪਾਕਿਸਤਾਨ ਵਿੱਚ ਜਾਣ ਤੋਂ ਰੋਕਣ ਲਈ ਅਣਥੱਕ ਯਤਨ ਕੀਤੇ ਅਤੇ ਰੈੱਡਕਲਿਫ ਲਾਈਨ ਦੁਬਾਰਾ ਨਿਰਧਾਰਤ ਅਤੇ ਫ਼ਿਰੋਜ਼ਪੁਰ ਪਾਕਿਸਤਾਨ ਵਿਚ ਜਾਣ ਤੋਂ ਬਚ ਗਿਆ।

ਹੁਸੈਨੀ ਵਾਲਾ ਸਾਂਝੀ ਚੈਕ ਪੋਸਟ ਤੇ ਰੀਟ੍ਰੀਟ ਸਮਾਰੋਹ ਦਾ ਨਜ਼ਾਰਾ

ਹੁਸੈਨੀਵਾਲਾ ਸ਼ਹੀਦੀ ਸਮਾਰਕ ਤੋਂ ਲਗਭਗ ਇੱਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੁਸੈਨੀਵਾਲਾ ਸਾਂਝੀ ਚੈੱਕ ਪੋਸਟ ਅਤੇ ਪਾਕਿਸਤਾਨ ਦੀ ਚੈੱਕ ਪੋਸਟ ਗੰਡਾ ਸਿੰਘ ਵਾਲਾ ਉਪਰ ਹਰ ਰੋਜ਼ ਸ਼ਾਮ ਨੂੰ ਜਦੋਂ ਸੂਰਜ ਛਿਪਣ ਦਾ ਸਮਾਂ ਹੁੰਦਾ ਹੈ ਤਾਂ ਵੱਖਰਾ ਹੀ ਨਜ਼ਾਰਾ ਦੇਖਣ ਨੂੰ ਮਿਲਦਾ ਹੈ ਦੋਵਾਂ ਦੇਸ਼ਾਂ ਦੇ ਹਜ਼ਾਰਾਂ ਦਰਸ਼ਕ ਇਸ ਸਮਾਰੋਹ ਦਾ ਹਿੱਸਾ ਬਣਦੇ ਹਨ। ਫ਼ਿਰੋਜ਼ਪੁਰ ਵਿੱਚ ਕੋਈ ਵੀ ਸਨਮਾਨਤ ਸ਼ਖ਼ਸੀਅਤ, ਸਰਕਾਰੀ ਮਹਿਮਾਨ, ਆਮ ਲੋਕਾਂ ਦੇ ਰਿਸ਼ਤੇਦਾਰ, ਮਿੱਤਰ ਜਾਂ ਸੈਲਾਨੀਆਂ ਦੀ ਫ਼ਿਰੋਜ਼ਪੁਰ ਯਾਤਰਾ ਹੁਸੈਨੀਵਾਲਾ ਰੀਟਰੀਟ ਸਮਾਰੋਹ ਦੇਖੇ ਬਿਨਾਂ ਅਧੂਰੀ ਹੀ ਮੰਨੀ ਜਾਂਦੀ ਹੈ। ਜ਼ੀਰੋ ਲਾਈਨ 'ਤੇ ਸਥਿਤ ਇਸ ਸਾਂਝੀ ਚੈੱਕ ਪੋਸਟ ਤੇ ਸੀਮਾ ਸੁਰੱਖਿਆ ਬਲ (ਬੀ ਐਸ ਐਫ) ਦੇ ਜਵਾਨਾਂ ਅਤੇ ਪਾਕਿਸਤਾਨੀ ਰੇਂਜਰਾਂ ਵੱਲੋਂ ਸ਼ਾਮ ਨੂੰ ਸਾਂਝੇ ਤੌਰ 'ਤੇ ਦੋਵਾਂ ਦੇਸ਼ਾਂ ਦਾ ਕੌਮੀ ਝੰਡਾ ਉਤਾਰਨ ਦੀ ਰਸਮ ਪੂਰੀ ਇੱਜ਼ਤ, ਸਨਮਾਨ ਅਤੇ ਪ੍ਰੋਟੋਕੋਲ ਅਨੁਸਾਰ 40 ਮਿੰਟ ਦੀ ਰੀਟਰੀਟ ਸੈਰੇਮਨੀ ਕੀਤੀ ਜਾਂਦੀ ਹੈ। ਬੀ.ਐਸ .ਐਫ ਦੇ ਜਵਾਨਾਂ ਵੱਲੋਂ ਸਮਾਰੋਹ ਦੌਰਾਨ ਤਾਕਤ, ਜੋਸ਼, ਦੇਸ਼ ਭਗਤੀ ਅਤੇ ਬਹਾਦਰੀ ਦਾ ਜਜ਼ਬਾ ਪੈਦਾ ਕਰਨ ਦੀ ਵਿਲੱਖਣ ਉਦਾਹਰਣ ਪੇਸ਼ ਕੀਤੀ ਜਾਂਦੀ ਹੈ। ਜਵਾਨਾਂ ਦੀ ਹਰ ਕਾਰਵਾਈ, ਭਾਰੀ ਬੂਟਾਂ ਦੀ ਖੜਕਖੜਾਹਟ ਅਤੇ ਉਸ ਮੌਕੇ ਉਨਾਂ ਦੇ ਚਿਹਰੇ ਦੇ ਹਾਵ ਭਾਵ ਹਜ਼ਾਰਾਂ ਦਰਸ਼ਕਾਂ ਦੀਆਂ ਖ਼ੂਬ ਤਾੜੀਆਂ ਬਟੋਰਦੇ ਹਨ। ਬੀ. ਐੱਸ. ਐਫ. ਦੀ ਚੌਕੀ ਤੋਂ ਚਲਦੇ ਦੇਸ਼ ਭਗਤੀ ਦੇ ਗੀਤ, ਦਰਸ਼ਕਾਂ ਦੇ ਹੱਥ ਵਿਚ ਲਹਿਰਾਉਂਦੇ ਰਾਸ਼ਟਰੀ ਝੰਡੇ ਅਤੇ ਭਾਰਤ ਮਾਤਾ ਕੀ ਜੈ ਅਤੇ ਦੇਸ਼ ਭਗਤੀ ਦੇ ਜੋਸ਼ੀਲੇ ਨਾਅਰੇ ਸਮੁੱਚੇ ਮਾਹੌਲ ਨੂੰ ਅਜਿਹਾ ਦੇਸ਼ ਭਗਤੀ ਦੇ ਵਿਚ ਰੰਗਦੇ ਹਨ ਕਿ ਦੇਖਣ ਵਾਲਾ ਇਸ 40 ਮਿੰਟ ਦੇ ਸਮਾਰੋਹ ਨੂੰ ਹਮੇਸ਼ਾ ਲਈ ਯਾਦ ਰੱਖਦਾ ਹੈ।

ਅਜਾਇਬ ਘਰ

ਇਸ ਸਥਾਨ 'ਤੇ ਬਣਿਆ ਅਜਾਇਬ ਘਰ ਸੀਮਾ ਸੁਰੱਖਿਆ ਬਲ ਦੇ ਸੁਨਹਿਰੀ ਇਤਿਹਾਸ ਨੂੰ ਸੁਚੱਜੇ ਢੰਗ ਨਾਲ ਦਰਸਾਉਂਦਾ ਹੈ। ਸ਼ਹੀਦ ਭਗਤ ਸਿੰਘ ਦੀ ਉਹ ਪਿਸਤੌਲ ਜਿਸ ਨਾਲ ਲਾਹੌਰ ਵਿਚ ਪੁਲਿਸ ਅਫ਼ਸਰ ਜਾਹਨ ਸਾਂਡਰਸ ਨੂੰ ਮਾਰਿਆ ਸੀ, ਇਸ ਅਜਾਇਬਘਰ ਵਿੱਚ ਵਿਸ਼ੇਸ਼ ਖਿੱਚ ਦਾ ਕੇਂਦਰ ਹੈ, ਜਿਸ ਨੂੰ ਦੇਖਣ ਲਈ ਲੋਕ ਦੂਰ ਦੁਰਾਡੇ ਤੋਂ ਆਉਂਦੇ ਹਨ।

ਸ਼ਾਨ ਏ ਹਿੰਦ ਗੇਟ :

ਇਸ ਚੈੱਕ ਪੋਸਟ ਤੇ 42 ਫੁੱਟ ਲੰਬਾ, 91 ਫੁੱਟ ਚੌੜਾ ਅਤੇ 56 ਫੁੱਟ ਉੱਚਾ ਸ਼ਾਨ ਏ ਹਿੰਦ ਗੇਟ ਇਸ ਅਸਥਾਨ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦਾ ਹੈ। ਗੇਟ ਤੋਂ ਪਹਿਲਾਂ ਹੁਣੇ ਹੁਣੇ ਲਗਾਇਆ 165 ਫੁੱਟ ਉਚਾ ਦੇਸ਼ ਦਾ ਰਾਸ਼ਟਰੀ ਝੰਡਾ ਵੀ ਸੈਲਾਨੀਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਦਾ ਹੈ। ਇਸ ਸਥਾਨ ਦਾ ਕੁਦਰਤੀ ਸੁਹੱਪਣ, ਵੰਨ ਸੁਵੰਨੇ ਦਰੱਖਤਾਂ ਦੀ ਹਰਿਆਲੀ ਮਨਮੋਹਕ ਨਜ਼ਾਰਾ ਪੇਸ਼ ਕਰਦੀ ਹੈ।

1965 ਅਤੇ 1971 ਦੀ ਹਿੰਦ-ਪਾਕ ਜੰਗ ਦੇ ਸ਼ਹੀਦਾ ਦੀ ਯਾਦਗਾਰ :

ਇਸ ਸਥਾਨ 'ਤੇ 1971 ਦੀ ਹਿੰਦ ਪਾਕਿ ਜੰਗ ਮੌਕੇ 15 ਪੰਜਾਬ ਬਟਾਲੀਅਨ ਜਿਸ ਨੂੰ ਪਹਿਲਾਂ ਪਟਿਆਲਾ ਬਟਾਲੀਅਨ ਕਿਹਾ ਜਾਂਦਾ ਸੀ ਦੇ ਬਹਾਦਰ ਜਵਾਨਾਂ ਦੇ ਬਲੀਦਾਨ ਨੂੰ ਸਮਰਪਿਤ ਇਕ ਜੰਗੀ ਯਾਦਗਾਰ ਦਾ ਵੀ ਨਿਰਮਾਣ 2006 ਵਿੱਚ ਕੀਤਾ ਗਿਆ ਹੈ। 04 ਅਤੇ 04 ਦਸੰਬਰ 1971 ਦੀ ਰਾਤ ਜੰਗ ਮੌਕੇ 15 ਪੰਜਾਬ ਬਟਾਲੀਅਨ ਦੀਆਂ ਸਿਰਫ 02 ਕੰਪਨੀਆਂ ਨੇ ਦੁਸ਼ਮਣ ਦੀ 5000 ਤੋਂ ਵੱਧ ਫੌਜ ਅਤੇ 15 ਟੈਂਕਾਂ ਦਾ ਬਹਾਦਰੀ ਅਤੇ ਹੌਂਸਲੇ ਨਾਲ ਮੁਕਾਬਲਾ ਕੀਤਾ ਅਤੇ ਦੇਸ਼ ਦੀ ਸੁਰੱਖਿਆ ਪੱਖੋਂ ਬੇਹੱਦ ਮਹੱਤਵਪੂਰਨ, ਸਤਲੁਜ ਹੈੱਡਵਰਕਸ ਦੀ ਰੱਖਿਆ ਕਰਦਿਆਂ 02 ਅਫ਼ਸਰਾਂ ਅਤੇ 53 ਜਵਾਨਾਂ ਨੇ ਦੇਸ਼ ਦੀ ਖਾਤਰ ਕੁਰਬਾਨੀ ਦਿੱਤੀ। ਇਸ ਸਥਾਨ 'ਤੇ ਸ਼ਹੀਦ ਹੋਣ ਵਾਲੇ ਮੇਜਰ ਕੰਵਲਜੀਤ ਸਿੰਘ ਅਤੇ ਮੇਜਰ ਐੱਸ.ਪੀ.ਐਸ ਵੜੈਚ ਦੀਆਂ ਲੱਗੀਆਂ ਖ਼ੂਬਸੂਰਤ ਤਸਵੀਰਾਂ ਨੌਜਵਾਨਾਂ ਵਿੱਚ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਦੀਆਂ ਹਨ।

ਇਸ ਦੇ ਨਾਲ ਹੀ 1965 ਦੀ ਜੰਗ ਮੌਕੇ ਇਸ ਸਥਾਨ 'ਤੇ ਦੇਸ਼ ਖ਼ਾਤਰ ਜਾਨ ਕੁਰਬਾਨ ਕਰਨ ਵਾਲੇ ਸ਼ਹੀਦ ਜਵਾਨਾਂ ਅਤੇ 1956 ਵਿੱਚ ਪਾਕਿਸਤਾਨ ਵੱਲੋਂ ਹੁਸੈਨੀਵਾਲਾ ਸਥਾਨ 'ਤੇ ਕੀਤੇ ਅਚਾਨਕ ਹਮਲੇ ਨੂੰ ਬਹਾਦਰੀ ਨਾਲ ਪਛਾੜਨ ਵਾਲੇ ਬਹਾਦਰ ਜਵਾਨਾਂ ਦੀ ਯਾਦਗਾਰ ਵੀ ਇੱਥੇ ਹੀ ਸਥਾਪਿਤ ਕੀਤੀ ਗਈ ਹੈ।

**ਹੁਸੈਨੀਵਾਲਾ ਰੇਲਵੇ ਸਟੇਸ਼ਨ:**

ਹੁਸੈਨੀਵਾਲਾ ਹੈੱਡ ਵਰਕਸ ਦੇ ਨਜ਼ਦੀਕ ਸਤਲੁਜ ਦਰਿਆ ਦੇ ਕੰਢੇ ਤੇ ਇਤਿਹਾਸਕ ਹੁਸੈਨੀਵਾਲਾ ਰੇਲਵੇ ਸਟੇਸ਼ਨ (ਟਿਕਟ ਖਿੜਕੀ) ਮੌਜੂਦ ਹੈ। ਇਸ ਦੀ ਵਿਲੱਖਣਤਾ ਇਹ ਹੈ ਕਿ ਇੱਥੇ ਸਾਲ ਵਿੱਚ ਸਿਰਫ਼ 02 ਦਿਨ ਹੀ ਰੇਲ ਗੱਡੀ ਚੱਲਦੀ ਹੈ 23 ਮਾਰਚ ਨੂੰ ਸ਼ਹੀਦੀ ਸਮਾਗਮ ਅਤੇ 13 ਅਪ੍ਰੈਲ ਨੂੰ ਵਿਸਾਖੀ ਦੇ ਮੇਲੇ ਮੌਕੇ, ਬਾਕੀ ਸਾਰਾ ਸਾਲ ਇਹ ਸਟੇਸ਼ਨ ਬੰਦ ਰਹਿੰਦਾ ਹੈ ਅਤੇ ਸਟੇਸ਼ਨ ਦੀ ਥਾਂ 'ਤੇ ਸਿਰਫ ਟਿਕਟ ਖਿੜਕੀ ਹੀ ਮੌਜੂਦ ਹੈ, ਜੋ ਸਾਲ ਵਿੱਚ ਸਿਰਫ ਦੋ ਦਿਨ ਹੀ ਖੁੱਲਦੀ ਹੈ। ਇਹ ਉਹ ਰੇਲਵੇ ਸਟੇਸ਼ਨ ਹੈ, ਜਿੱਥੇ ਦੇਸ਼ ਦੀ ਵੰਡ ਤੋਂ ਪਹਿਲਾਂ ਖ਼ੂਬ ਰੌਣਕ ਰਹਿੰਦੀ ਸੀ। ਸਿੰਜਾਈ ਵਿਭਾਗ ਦੀ ਬਹੁਤ ਵੱਡੀ ਵਰਕਸ਼ਾਪ ਇਸ ਸਥਾਨ 'ਤੇ ਹੋਣ ਕਾਰਨ ਕਸੂਰ, ਲਾਹੌਰ ਅਤੇ ਹੋਰ ਨਜ਼ਦੀਕ ਲੱਗਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿਚ ਮੁਲਾਜ਼ਮ ਇਸ ਸਟੇਸ਼ਨ ਤੇ ਆਉਂਦੇ ਜਾਂਦੇ ਸਨ। ਵਪਾਰਕ ਪੱਖ ਤੋਂ ਵੀ ਇਹ ਸਟੇਸ਼ਨ ਬਹੁਤ ਵਿਕਸਿਤ ਸੀ। ਪ੍ਰੰਤੂ ਅੱਜ ਹੁਸੈਨੀਵਾਲਾ ਰੇਲਵੇ ਸਟੇਸ਼ਨ ਅਤੇ ਹੁਸੈਨੀਵਾਲਾ ਵਰਕਸ਼ਾਪ ਦੋਵਾਂ ਦਾ ਸਿਰਫ਼ ਨਾਮ ਹੀ ਬਚਿਆ ਹੈ।

ਵਰਕਸ਼ਾਪ ਦਾ ਨਾਮੋ ਨਿਸ਼ਾਨ ਮਿਟ ਚੁੱਕਿਆ ਹੈ। ਸਿੰਜਾਈ ਵਿਭਾਗ ਦਾ ਸਤਲੁਜ ਦਰਿਆ ਦੇ ਕੰਢੇ 'ਤੇ ਰਮਣੀਕ ਸਥਾਨ ਤੇ ਕੁਝ ਸਮਾਂ ਪਹਿਲਾਂ ਤੱਕ ਇੱਕ ਰੈਸਟ ਹਾਊਸ ਵੀ ਚੰਗੀ ਹਾਲਤ ਵਿੱਚ ਸੀ, ਹੁਣ ਉਹ ਵੀ ਬੰਦ ਹੋ ਚੁੱਕਾ ਹੈ। ਇਸ ਸਥਾਨ ਨੂੰ ਜੇ ਸੈਰਗਾਹ ਵਜੋਂ ਵਿਕਸਿਤ ਕੀਤਾ ਜਾਵੇ ਤਾਂ ਸੈਲਾਨੀਆਂ ਦੀ ਖਿੱਚ ਦਾ ਬਹੁਤ ਵੱਡਾ ਕੇਂਦਰ ਬਣ ਸਕਦਾ ਹੈ। ਵਾਹਗਾ ਬਾਰਡਰ ਅੰਮ੍ਰਿਤਸਰ ਦੀ ਤਰਾਂ ਜੇ ਹੁਸੈਨੀਵਾਲਾ ਬਾਰਡਰ ਵੀ ਵਪਾਰ ਅਤੇ ਆਮ ਲੋਕਾਂ ਲਈ ਖੋਲ ਦਿੱਤਾ ਜਾਵੇ ਤਾਂ ਚੜਦੇ ਪੰਜਾਬ ਅਤੇ ਲਹਿੰਦੇ ਪੰਜਾਬ ਦੇ ਲੋਕਾਂ ਦਾ ਮਿਲਣ ਜਿਥੇ ਦੋਹਾਂ ਦੇਸ਼ ਵਿੱਚ ਸ਼ਾਂਤੀ ਦੀ ਨਵੀਂ ਮਿਸਾਲ ਪੈਦਾ ਕਰ ਸਕਦਾ ਹੈ, ਉਥੇ ਆਰਥਿਕ ਪੱਖੋਂ ਪਛੜੇ ਸਰਹੱਦੀ ਖੇਤਰ ਆਰਥਿਕਤਾ ਨੂੰ ਬਹੁਤ ਵੱਡਾ ਹੁਲਾਰਾ ਮਿਲ ਸਕਦਾ ਹੈ।

ਹਰ ਸਾਲ 23 ਮਾਰਚ ਨੂੰ ਸ਼ਹੀਦੀ ਸਮਾਗਮ ਮੌਕੇ ਅਤੇ ਚੋਣਾਂ ਮੌਕੇ ਬਾਰਡਰ ਖੋਲਣ ਦਾ ਮੁੱਦਾ ਉਠਦਾ ਜ਼ਰੂਰ ਹੈ, ਪਰ ਦੋਹਾਂ ਪਾਸੇ ਤੋਂ ਕਿਸੇ ਵੀ ਕਿਸਮ ਦੀ ਪਹਿਲਕਦਮੀ ਧਰਾਤਲ 'ਤੇ ਨਜ਼ਰ ਨਹੀਂ ਆਉਂਦੀ। ਪ੍ਰੰਤ ਇਲਾਕੇ ਦੇ ਆਮ ਲੋਕ ਅਕਸਰ ਹੀ ਚਰਚਾ ਜ਼ਰੂਰ ਇਸ ਉਮੀਦ ਨਾਲ ਕਰਦੇ ਹਨ, ਕਿ ਇਹ ਸਰਹੱਦ ਇੱਕ ਦਿਨ ਜ਼ਰੂਰ ਖੁੱਲੇਗੀ ਅਤੇ ਚੜਦੇ ਅਤੇ ਲਹਿੰਦੇ ਪੰਜਾਬ ਦਾ ਮੇਲ ਹੋਵੇਗਾ।



# ਕਿਸਾਨ ਯੂਨੀਅਨ ਨੇਤਾਵਾਂ ਤੇ ਸਿੱਖ ਨੌਜਵਾਨਾਂ ਵਿੱਚ ਏਕਤਾ ਦੀ ਵਧੀ ਸੰਭਾਵਨਾ

## ਸ਼ਹੀਦ ਨਵਰੀਤ ਸਿੰਘ ਦੇ ਦਾਦਾ ਹਰਦੀਪ ਸਿੰਘ ਡਿਬਡਿਬਾ ਨੇ ਸੰਭਾਲਿਆ ਮੋਰਚਾ

**ਜਲੰਧਰ/ਏ.ਟੀ.ਨਿਊਜ਼:** ਕਿਸਾਨ ਸੰਘਰਸ਼ ਵਿਚ ਸ਼ਹੀਦ ਨਵਰੀਤ ਸਿੰਘ ਦੇ ਦਾਦਾ ਨੇ ਕਿਸਾਨ ਯੂਨੀਅਨ ਲੀਡਰਾਂ ਤੇ ਸਿੱਖ ਨੌਜਵਾਨਾਂ ਵਿਚ ਏਕਤਾ ਦੀ ਜਿੰਮੇਵਾਰੀ ਸੰਭਾਲ ਲਈ ਹੈ। ਉਨਾਂ ਦਾ ਕਹਿਣਾ ਸੀ ਕਿ ਇਹ ਏਕਤਾ ਜਲਦੀ ਹੋ ਜਾਵੇਗੀ ਤੇ ਸਿੱਖ ਨੌਜਵਾਨ ਵੱਡੇ ਇਕੱਠਾਂ ਵਿਚ ਦਿੱਲੀ ਮੋਰਚੇ ਵਿਚ ਸ਼ਾਮਲ ਹੋਣਗੇ। ਉਨਾਂ ਦਾ ਕਹਿਣਾ ਸੀ ਕਿ ਕਿਸਾਨ ਆਗੂ ਆਪਣੀਆਂ ਗਲਤੀਆਂ ਵੀ ਸਵੀਕਾਰ ਚੁੱਕੇ ਹਨ। 26 ਜਨਵਰੀ ਦੀ ਟਰੈਕਟਰ ਪ੍ਰੇਡ ਦੀਆਂ ਘਟਨਾਵਾਂ ਦਾ ਸ਼ਿਕਾਰ ਹੋਏ 22 ਸਾਲਾ ਨਵਰੀਤ ਸਿੰਘ ਦੇ ਦਾਦਾ ਸ: ਹਰਦੀਪ ਸਿੰਘ ਡਿਬਡਿਬਾ ਨੇ ਕਿਹਾ ਹੈ ਕਿ ਸਰਕਾਰ ਤੇ ਇਸ ਦੇ ਹਮਾਇਤੀ ਮੀਡੀਏ ਨੇ ਉਸ ਦਿਨ ਦਿੱਲੀ ਵਿਚ ਕਿਸਾਨ ਹਿੰਸਾ ਦਾ ਅਜਿਹਾ ਝੂਠਾ ਹੋ ਹੱਲਾ ਖੜਾ ਕੀਤਾ ਕਿ ਕਿਸਾਨ ਲੀਡਰਸ਼ਿਪ ਤੇ ਪੰਜਾਬ ਦੀ ਸਮੁੱਚੀ ਸਿਆਸੀ ਲੀਡਰਸ਼ਿਪ ਵੀ ਓਸੇ ਵਹਿਣ ’ਚ ਵਹਿ ਤੁਰੀ। ਜਦਕਿ ਇਸ ਵੇਲੇ ਲੋੜ ਇਹ ਸੀ ਕਿ ਉਸ ਦਿਨ ਹੋਈ ਸਰਕਾਰੀ ਹਿੰਸਾ ਵਿਰੁੱਧ ਇਕਜੁੱਟ ਹੋ ਕੇ ਆਵਾਜ਼ ਉਠਾਈ ਜਾਂਦੀ ਤੇ ਸ਼ਿਕਾਰ ਕਿਸਾਨਾਂ ਦੀ ਡੱਟ ਕੇ ਮਦਦ ਕੀਤੀ ਜਾਂਦੀ। ਉਨਾਂ ਕਿਹਾ ਕਿ ਕਿਸਾਨਾਂ ਉਪਰ ਝੂਠੇ ਕੇਸ ਪਾਏ ਗਏ ਹਨ।ਸ. ਡਿਬਡਿਬਾ ਨੇ ਕਿਹਾ ਕਿ ਸਰਕਾਰੀ ਹਿੰਸਾ ਦਾ ਸਭ ਤੋਂ ਵਧੇਰੇ ਸ਼ਿਕਾਰ ਮੇਰਾ ਪੋਤਾ ਹੋਇਆ ਜਿਸ ਨੂੰ ਪੁਲਿਸ ਨੇ ਗੋਲੀ ਦਾ ਨਿਸ਼ਾਨਾ ਬਣਾਇਆ। ਉਨਾਂ ਕਿਹਾ ਕਿ ਮੈਨੂੰ ਤਾਂ ਸ਼ੁਰੂ ਤੋਂ ਹੀ ਪੁਲਿਸ ਗੋਲੀ ਨਾਲ ਨਵਰੀਤ ਦੇ ਮਾਰੇ ਜਾਣ ਬਾਰੇ ਕੋਈ ਸ਼ੰਕਾ ਨਹੀਂ ਸੀ ਪਰ ਬਰਤਾਨੀਆ ਦੇ ਗ੍ਰਹਿ ਵਿਭਾਗ ਨਾਲ ਜੁੜੇ ਪ੍ਰਸਿੱਧ ਫੋਰੈਂਸਿਕ ਮਾਹਿਰ ਡਾ. ਬੇਜ਼ਲ ਪ੍ਰਡਿਓ ਵਲੋਂ ਪੋਸਟ ਮਾਰਟਮ ਦੀ ਰਿਪੋਰਟ ਤੇ ਲਾਸ਼ ਦੀ ਵੀਡੀਓਗ੍ਰਾਫ਼ੀ ਦੇਖਣ ਤੋਂ ਬਾਅਦ ਇਹ ਮੌਤ ਗੋਲੀ ਲੱਗਣ ਨਾਲ ਹੋਣ ਦੇ ਕੀਤੇ ਦਾਅਵੇ ਨੇ ਉਨਾਂ ਦੇ ਸ਼ੰਕਿਆਂ ਦੀ ਪੁਸ਼ਟੀ ਕਰ ਦਿੱਤੀ ਹੈ। ਉਨਾਂ ਨੇ ਕਿਹਾ ਕਿ ਅਸੀਂ ਇਸ ਵੇਲੇ ਕਿਸੇ ਆਗੂ ਦੀ ਨੁਕਤਾਚੀਨੀ ਕਰਕੇ ਸੰਘਰਸ਼ ਵਿਚ ਭੰਬਲਭੂਸਾ ਨਹੀਂ ਪੈਦਾ ਕਰਨਾ ਚਾਹੁੰਦੇ, ਸਗੋਂ ਸਾਡੀ ਸਮੂਹ ਕਿਸਾਨ ਲੀਡਰਸ਼ਿਪ ਤੇ ਸਿਆਸੀ ਜਮਾਤ ਨੂੰ ਇਹ ਅਪੀਲ ਹੈ ਕਿ ਸਰਕਾਰ ਵਲੋਂ ਦਿੱਲੀ ਹਿੰਸਾ ’ਚ ਫੈਲਾਏ ਭਰਮ ਨੂੰ ਤੋੜ ਤੇ ਸਰਕਾਰੀ ਹਿੰਸਾ ਦਾ ਸ਼ਿਕਾਰ ਹੋਣ ਵਾਲੇ ਸਭਨਾਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਉਨਾਂ ਦੀ ਡਟ ਕੇ ਹਮਾਇਤ ਕਰਨ। ਬਾਬਾ ਹਰਦੀਪ ਸਿੰਘ ਦਾ ਕਹਿਣਾ ਸੀ ਕਿ ਨਵਰੀਤ ਸਿੰਘ ਦੀ ਸ਼ਹਾਦਤ ਤੋਂ ਬਾਅਦ ਗੁਰੂ ਸਾਹਿਬਾਨ ਨੇ ਉਨਾਂ ਨੂੰ ਕਿਸਾਨ ਏਕਤਾ ਦੀ ਜਿੰਮੇਵਾਰੀ ਸੌਂਪੀ ਹੈ। ਉਨਾਂ ਦਾਅਵਾ ਕੀਤਾ ਕਿ ਕਿਸਾਨ ਜਿੱਤ ਕੇ ਵਾਪਸ ਜਾਣਗੇ। ਉਨਾਂ ਦੇਸ਼-ਵਿਦੇਸ ਵਿਚ ਵਸਦੇ ਪੰਜਾਬੀਆਂ ਤੇ ਪ੍ਰਵਾਸੀ ਖਾਲਸਾ ਜੀ ਨੂੰ ਅਪੀਲਾਂ ਕਰਦਿਆਂ ਕਿਹਾ ਕਿ ਉਹ ਮੋਰਚੇ ਨੂੰ ਸਫਲ ਕਰਨ ਲਈ ਵੱਧ ਤੋਂ ਵੱਧ ਸਹਿਯੋਗ ਦੇਣ। ਉਨਾਂ ਕਿਹਾ ਕਿ ਮਿਲ ਕੇ ਚਲਾਂਗੇ ਸਫਲ ਹੋਵਾਂਗੇ। ਉਨਾਂ ਇਹ ਵੀ ਕਿਹਾ ਕਿ ਸਭ ਸਿੱਖ ਨੌਜਵਾਨ ਮੈਨੂੰ ਆਪਣੇ ਨਵਰੀਤ ਵਾਂਗ ਪੋਤਰੇ ਜਾਪਦੇ ਹਨ। ਸਿੱਖ ਨੌਜਵਾਨ ਤੇ ਸਿੱਖ ਜਗਤ ਵਿਚ ਹਰਦੀਪ ਸਿੰਘ ਡਿਬਡਬਾ ਆਪਣੀ ਸਹਿਜ ਅਵਸਥਾ, ਮਿਸ਼ਰੀ ਵਰਗੇ ਬੋਲਾਂ ਕਾਰਨ ਇਕ ਲੀਡਰ ਵਜੋਂ ਸਵੀਕਾਰ ਹੋ ਰਿਹਾ ਹੈ। ਵੱਡੀ ਗੱਲ ਇਹ ਹੈ ਕਿ ਉਹ ਅੰਮ੍ਰਿਤਧਾਰੀ ਸਿੱਖ ਹਨ। ਕਿਸਾਨ ਲੀਡਰਾਂ ਵਿਚ ਇਸ ਕਰਕੇ ਸਵੀਕਾਰ ਯੋਗ ਹਨ, ਕਿਉਂਕਿ ਉਹ ਉਹਨਾਂ ਦੀ ਲੀਡਰਸ਼ਿਪ ਨੂੰ ਕਾਇਮ ਰੱਖਣਾ ਚਾਹੁੰਦੇ ਹਨ ਤੇ ਉਨਾਂ ਲਈ ਚੁਣੌਤੀ ਨਹੀਂ ਹਨ। ਬਾਬਾ ਹਰਦੀਪ ਸਿੰਘ ਡਿਬਡਿਬਾ ਨੇ ਕਿਹਾ ਕਿ ਅਸੀਂ ਕੇਂਦਰ ਨਾਲ ਆਪਣੀ ਖੇਤੀ ਲਈ ਹੱਕਾਂ ਅਤੇ ਭਵਿੱਖ ਸਮੇਤ ਨਸਲਾਂ ਲਈ ਲੜਾਈ ਲੜ ਰਹੇ ਹਾਂ ਪਰ ਇਸ ਨੂੰ ਰੋਕਣ ਲਈ ਸਰਕਾਰ ਹਰ ਸਾਜ਼ਿਸ਼ ਰਚ ਰਹੀ ਹੈ। ਜਿਸ ਲਈ ਅਸੀਂ ਹੋਸ਼ ਤੇ ਜੋਸ਼ ਦੇ ਸੁਮੇਲ ਨੂੰ ਇੱਕ ਥਾਂ ਮਿਲਾ ਕੇ ਹੀ ਸਫ਼ਲ ਹੋਵਾਂਗੇ। ਉਨਾਂ ਕਿਹਾ ਕਿ ਭਾਵੇਂ ਬਜ਼ੁਰਗਾਂ ਤੇ ਨੌਜਵਾਨਾਂ ਸਮੇਤ ਹਰ ਵਰਗ ਲੜਾਈ ਵਿਚ ਨਾਲ ਹੈ ਪਰ ਪਿੱਛੇ ਕੁਝ ਗਲਤ ਫਹਿਮੀਆਂ ਨਾਲ ਧੜੇਬੰਦੀ ਪੈਦਾ ਹੋਣ ਕਾਰਨ ਨੌਜਵਾਨੀ ਵੰਡੀ ਗਈ ਸੀ। ਇਸ ਲਈ ਓਹ ਪੰਜਾਬ ਵਿਚ ਹਰ ਥਾਂ ਜਾ ਕੇ ਨੌਜਵਾਨਾਂ ਨੂੰ ਲੜ ਰਹੇ ਬਜ਼ੁਰਗ ਆਗੂਆਂ ਨਾਲ ਖੜੇ ਹੋਣ ਲਈ ਪ੍ਰੇਰਿਤ ਕਰ ਰਹੇ ਹਨ, ਕਿਉਂਕਿ ਸਾਰੇ ਮਸਲਿਆਂ ਦਾ ਹੱਲ ਕਿਸਾਨੀ ਸੰਘਰਸ਼ ਦੀ ਜਿੱਤ ਨਾਲ ਹੀ ਸੰਭਵ ਹੈ। ਉਨਾਂ ਦਸਿਆ ਕਿ 4 ਫਰਵਰੀ ਨੂੰ ਉੱਤਰ ਪ੍ਰਦੇਸ਼ ਦੇ ਰਾਮਪੁਰ ਜ਼ਿਲੇ ਦੇ ਡਿਬਡਿਬਾ ਪਿੰਡ ਵਿਚ ਨਵਰੀਤ ਦੀ ਸ਼ਹਾਦਤ ਬਾਰੇ ਅਰਦਾਸ ਤੋਂ ਬਾਅਦ, ਰਾਮਪੁਰ ਤੋਂ ਗਾਜ਼ੀਪੁਰ ਸਰਹੱਦ




ਨੂੰ ਸਮਰਪਿਤ ਨਵਰੀਤ ਨੂੰ ਸਮਰਪਿਤ ਮਾਰਚ ਕੱਢਿਆ ਗਿਆ। ਉਦੋਂ ਤੋਂ ਹੀ ਉਹ ਸਿਰਫ਼ ਇਕ ਰਾਤ ਲਈ ਘਰ ਗਏ ਹਨ ਅਤੇ ਉਹ ਵੀ ਜਦੋਂ ਰਾਕੇਸ਼ ਟਿਕੈਤ ਨੇ ਰੁਦਰਪੁਰ ਵਿਚ ਰੈਲੀ ਕੀਤੀ ਸੀ। ਉਨਾਂ ਨੇ ਹੁਣ ਤੱਕ ਸਮਾਂ ਨਵਰੀਤ ਦੀ ਸ਼ਹੀਦੀ ਯਾਦ ਬਾਰੇ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਅਤੇ ਮੋਰਚੇ ਨੂੰ ਮਜ਼ਬੂਤ ਕਰਨ ਲਈ ਮੀਟਿੰਗਾਂ ਕਰਨ ਲਈ ਪੰਜਾਬ ਭਰ ਵਿਚ ਵੱਖ-ਵੱਖ ਥਾਵਾਂ ’ਤੇ ਬਿਤਾਇਆ ਹੈ।

ਮੈਨੂੰ ਲੱਗਦਾ ਹੈ ਕਿ ਨਵਰੀਤ ਦੀ ਸ਼ਹੀਦੀ ਨੇ ਮੋਰਚੇ ਪ੍ਰਤੀ ਮੇਰੀ ਜ਼ਿੰਮੇਵਾਰੀ ਵਧਾ ਦਿੱਤੀ ਹੈ। ਮੈਂ ਨੌਜਵਾਨਾਂ ਨੂੰ ਮੋਰਚਾ ਅਤੇ ਇਸ ਦੀ ਲੀਡਰਸ਼ਿਪ ਨਾਲ ਡਟ ਕੇ ਖੜੇ ਹੁੰਦੇ ਹੋਏ ਦੇਖਣਾ ਚਾਹੁੰਦਾ ਹਾਂ ਤਾਂ ਕਿ ਅਸੀਂ ਤਿੰਨ ਬਿੱਲ ਰੱਦ ਕਰਨ ਅਤੇ ਐਮਐਸਪੀ ਲਈ ਕਾਨੂੰਨੀ ਵਿਵਸਥਾ ਕਰਵਾਉਣ ਲਈ ਇਹ ਲੜਾਈ ਜਿੱਤ ਸਕੀਏ। ਉਨਾਂ ਕਿਹਾ ਕਿ ਮੈਂ ਮੋਰਚੇ ਦੇ ਅੰਦਰ ਵੱਡੇ ਆਪਾ-ਵਿਰੋਧਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਇਸ ਲਹਿਰ ਦੀ ਮੁੱਖ ਤਾਕਤ ਸਿੱਖ ਹੈ ਅਤੇ ਕੁਝ ਕਿਸਾਨ ਨੇਤਾਵਾਂ ਦੇ 26 ਜਨਵਰੀ ਦੇ ਬਿਆਨਾਂ ਤੋਂ ਬਾਅਦ ਉਨਾਂ ਨੂੰ ਮਾਨਸਿਕ ਸੱਟ ਲੱਗੀ ਸੀ। ਸਾਨੂੰ ਏਕਤਾ ਦੀ ਲੋੜ ਹੈ। ਮੈਂ ਸਾਰੀ ਕੁੜੱਤਣ ਨੂੰ ਖਤਮ ਕਰਨ ਅਤੇ ਵੱਖ-ਵੱਖ ਕਿਸਾਨ ਆਗੂਆਂ ਤੇ ਨੌਜਵਾਨ ਲੀਡਰਾਂ ਨਾਲ ਬਕਾਇਦਾ ਗੱਲ ਕਰਕੇ ਕਿਸੇ ਵੀ ਗਲਤਫਹਿਮੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ, ਚਾਹੇ ਉਹ ਕਿਸਾਨ ਯੂਨੀਅਨਾਂ ਹੋਣ, ਭਾਵੇਂ ਉਹ ਖੱਬੇ-ਪੱਖੀ, ਸਿੱਖ ਗਰੁੱਪ ਹੋਣ। ਕਿਸਾਨ ਮੋਰਚਾ ਦੇ ਸਭ ਤੋਂ ਪ੍ਰਮੁੱਖ ਆਗੂਆਂ ਵਿੱਚੋਂ ਇੱਕ ਡਾ.ਦਰਸ਼ਨ ਪਾਲ ਜੋ ਕਿ ਖੱਬੇ-ਪੱਖੀ ਵੀ ਹਨ, ਰਿਕਾਰਡ ’ਤੇ ਇਹ ਕਹਿੰਦੇ ਆ ਰਹੇ ਹਨ ਕਿ ਸਿੱਖ ਨਾ ਕੇਵਲ ਕਿਸਾਨ ਅੰਦੋਲਨ ਦੀ ਰੀੜ ਦੀ ਹੱਡੀ ਹਨ, ਸਗੋਂ ਇਨਾਂ ਦੇ ਸਹਿਯੋਗ ਨਾਲ ਮੋਰਚਾ ਜਿਤਾਂਗੇ। ਇਸ ਨਾਲ ਬਹੁਤ ਸਾਰਾ ਉਸਾਰੂ ਪ੍ਰਭਾਵ ਪਿਆ ਅਤੇ ਜ਼ਿਆਦਾਤਰ ਕਿਸਾਨ ਨੇਤਾ ਚਾਹੁੰਦੇ ਹਨ ਕਿ ਸਾਰੀ ਕੁੜੱਤਣ ਖਤਮ ਹੋ ਜਾਵੇ। ਉਨਾਂ ਨੇ ਪਿਛਲੇ ਕੁਝ ਦਿਨਾਂ ਵਿੱਚ ਵੀ ਇਨਾਂ ਮਸਲਿਆਂ ’ਤੇ ਗੱਲ ਕੀਤੀ ਹੈ, ਜਦਕਿ ਨੌਜਵਾਨਾਂ ਦਾ ਹੁੰਗਾਰਾ ਸਕਾਰਾਤਮਕ ਰਿਹਾ ਹੈ ਅਤੇ ਉਨਾਂ ਨੇ ਚੰਗਾ ਹੁੰਗਾਰਾ ਵੀ ਦਿੱਤਾ ਹੈ।

ਬਾਬਾ ਹਰਦੀਪ ਸਿੰਘ ਦਾ ਕਹਿਣਾ ਹੈ ਕਿ ਪੋਤਰੇ ਨਵਰੀਤ ਸਿੰਘ ਦੀ ਸ਼ਹਾਦਤ ਨੇ ਕਿਸਾਨੀ ਮੋਰਚੇ ਪ੍ਰਤੀ ਮੇਰੀ ਜ਼ਿੰਮੇਵਾਰੀ ਵਧਾ ਦਿੱਤੀ ਹੈ। ਇਹ ਪ੍ਰਗਟਾਵਾ ਜਿਹੇ ਪ੍ਰੈੱਸ ਕਲੱਬ ਜਲੰਧਰ ਵਿਚ ਗੱਲਬਾਤ ਕਰਦਿਆਂ ਕੀਤਾ।

ਹਰਦੀਪ ਸਿੰਘ ਡਿਬਡਿਬਾ ਨੇ ਕਿਹਾ ਕਿ ਉਨਾਂ ਵੱਲੋਂ ਨੌਜਵਾਨਾਂ ਤੇ ਕਿਸਾਨੀ ਮੋਰਚੇ ਵਿਚਾਲੇ ਇੱਕਜੁਟਤਾ ਨੂੰ ਮਜ਼ਬੂਤ ਕਰਨ ਹਿੱਤ ਕੀਤੇ ਜਾ ਰਹੇ ਉਪਰਾਲਿਆਂ ਤਹਿਤ 25 ਮਾਰਚ ਨੂੰ ‘ਸ਼ਹੀਦ ਨਵਰੀਤ ਸਿੰਘ ਨੌਜਵਾਨ-ਕਿਸਾਨ ਏਕਤਾ ਇੱਕਜੁਟਤਾ ਮਾਰਚ’ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ 24 ਮਾਰਚ ਨੂੰ ਸ਼ਹੀਦ ਨਵਰੀਤ ਸਿੰਘ ਨਮਿਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅਰਦਾਸ ਹੋ ਜਾਵੇਗੀ। 25 ਮਾਰਚ ਵਾਲੇ ਦਿਨ ਇਹ ਇੱਕਜੁਟਤਾ ਮਾਰਚ ਸਵੇਰੇ 9.30 ਵਜੇ ਮੋਗੇ ਤੋਂ ਬੀਬੀ ਕਾਹਨ ਕੌਰ ਵਾਲੇ ਗੁਰਦੁਆਰਾ ਸਾਹਿਬ ਤੋਂ ਅਰਦਾਸ ਉਪਰੰਤ ਰਵਾਨਾ ਹੋਵੇਗਾ।

ਇਸ ਮਾਰਚ ਵਿਚ ਸ਼ਮੂਲੀਅਤ ਕਰਨ ਵਾਲੇ ਨੌਜਵਾਨਾਂ ਦਾ ਵੱਡਾ ਕਾਫਲਾ ਮੋਗੇ ਨੇੜੇ ਅਜੀਤਵਾਲ ਮੰਡੀ ਵਿਖੇ ਇਕੱਤਰ ਹੋਵੇਗਾ ਤੇ ਇਸੇ ਥਾਂ ਤੋਂ ਕਾਫਿਲੇ ਦਾ ਹਿੱਸਾ ਬਣੇਗਾ। ਇਹ ਇੱਕਜੁਟਤਾ ਮਾਰਚ 12 ਵਜੇ ਲੁਧਿਆਣਾ ਵੇਰਕਾ ਪਲਾਂਟ ਵਿਖੇ ਪਹੁੰਚੇਗਾ ਜਿੱਥੇ ਸੰਗਤਾਂ ਇਸ ਮਾਰਚ ਦਾ ਸਵਾਗਤ ਕਰਨਗੀਆਂ ਤੇ ਇੱਥੋਂ ਨੌਜਵਾਨਾਂ ਦਾ ਇਕ ਹੋਰ ਕਾਫਿਲਾ ਮਾਰਚ ’ਚ ਸ਼ਾਮਿਲ ਹੋਵੇਗਾ। ਇਸ ਤੋਂ ਬਾਅਦ ਇਹ ਮਾਰਚ ਖੰਨਾ, ਸਰਹੰਦ ਤੇ ਰਾਜਪੁਰਾ ਹੁੰਦਾ ਹੋਇਆ 3 ਵਜੇ ਸ਼ੰਭੂ ਬੈਰੀਅਰ ਪਹੁੰਚੇਗਾ, ਜਿੱਥੇ ਨੌਜਵਾਨਾਂ ਦੇ ਹੋਰ ਕਾਫਿਲੇ ਇਸ ਮਾਰਚ ’ਚ ਸ਼ਾਮਲ ਹੋਣਗੇ।

ਸ਼ੰਭੂ ਤੋਂ ਚੱਲ ਕੇ ਇਹ ਮਾਰਚ ਅੰਬਾਲਾ, ਕੁਰੂਕਸ਼ੇਤਰ, ਕਰਨਾਲ, ਪਾਣੀਪਤ ਤੇ ਸੋਨੀਪਤ ਰਾਹੀਂ ਹੁੰਦੇ ਹੋਏ ਕੁੰਡਲੀ-ਸਿੰਘੂ ਬਾਰਡਰ ਦੇ ਕਿਸਾਨ ਮੋਰਚੇ ਵਿਖੇ ਪਹੁੰਚੇਗਾ, ਜਿੱਥੇ ਮੋਰਚੇ ਵਿੱਚ ਸ਼ਮੂਲੀਅਤ ਕਰ ਰਹੇ ਕਿਸਾਨ ਤੇ ਆਗੂ ਮਾਰਚ ਦਾ ਸਵਾਗਤ ਕਰਨਗੇ। ਉਥੇ ਅਰਦਾਸ ਉਪਰੰਤ ਮਾਰਚ ਦੀ ਸਮਾਪਤੀ ਹੋਵੇਗੀ। ਇਸ ਮੌਕੇ ਉਨਾਂ ਨਾਲ ਜਗਜੀਤ ਸਿੰਘ ਗਾਬਾ ਪ੍ਰਧਾਨ ਪ੍ਰਬੰਧਕ ਕਮੇਟੀ ਗੁਰਦੁਆਰਾ ਨੌਵੀਂ ਪਾਤਸ਼ਾਹੀ, ਗੁਰਬਚਨ ਸਿੰਘ, ਸੁਖਦੇਵ ਸਿੰਘ ਫਗਵਾੜਾ ਅਲਾਇੰਸ ਆਫ ਸਿੱਖ ਆਰਗੇਨਾਈਜੇਸ਼ਨ, ਪਰਮਜੀਤ ਸਿੰਘ ਗਾਜ਼ੀ, ਜੋਗਿੰਦਰਪਾਲ ਸਿੰਘ ਖਾਲਸਾ ਆਦਿ ਹਾਜ਼ਰ ਸਨ। ਬਾਕੀ ਸਮੁੱਚੀ ਗੱਲ ਬਾਬਾ ਹਰਦੀਪ ਸਿੰਘ ਦੀ ਚੇਤਨਾ ਉਪਰ ਨਿਰਭਰ ਕਰੇਗੀ ਕਿ ਇਹ ਕਿੰਨਾ ਕੁ ਸਫਲ ਹੁੰਦੇ ਹਨ। ਹਾਲੇ ਬਹੁਤ ਸਾਰੇ ਸੁਆਲ ਸਮੇਂ ਦੇ ਗਰਭ ਵਿਚ ਹਨ।

# ਲਾਲ ਕਿਲ੍ਹੇ ’ਤੇ ਖ਼ਾਲਸਾਈ ਝੰਡਾ ਝੁਲਾਉਣ ਵਾਲੇ ਜੁਗਰਾਜ ਸਿੰਘ ਦੇ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ ਦਿੱਲੀ ਪੁਲਿਸ

## ਜੁਗਰਾਜ ਸਿੰਘ ਦੇ ਪਰਿਵਾਰ ਦਾ ਹਰ ਪੱਖੋਂ ਸਾਥ ਦੇਵੇ ਖ਼ਾਲਸਾ ਪੰਥ - ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

**ਅੰਮ੍ਰਿਤਸਰ /ਏ.ਟੀ.ਨਿਊਜ਼:** ਲਾਲ ਕਿਲੇ ’ਤੇ ਖ਼ਾਲਸਾਈ ਝੰਡਾ ਝੁਲਾਉਣ ਵਾਲੇ ਸਿੱਖ ਨੌਜਵਾਨ ਜੁਗਰਾਜ ਸਿੰਘ ਦੇ ਪਿਤਾ ਭਾਈ ਬਲਦੇਵ ਸਿੰਘ ਖ਼ਾਲਸਾ ਨੇ ਕਿਹਾ ਦਿੱਲੀ ਪੁਲਿਸ ਵਾਰ-ਵਾਰ ਉਨਾਂ ਦੇ ਘਰ ਗੇੜੇ ਮਾਰ ਰਹੀ ਹੈ ਤੇ ਜੁਗਰਾਜ ਸਿੰਘ ਬਾਰੇ ਸਖ਼ਤੀ ਨਾਲ ਪੁੱਛਗਿੱਛ ਕਰ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਹੋਏ ਇੱਕ ਸਮਾਗਮ ’ਚ ਜੁਗਰਾਜ ਸਿੰਘ ਦੇ ਪਿਤਾ ਭਾਈ ਬਲਦੇਵ ਸਿੰਘ ਖ਼ਾਲਸਾ ਅਤੇ ਉਨਾਂ ਦੇ ਪਰਿਵਾਰ ਦਾ ਪੰਥਕ ਜਥੇਬੰਦੀਆਂ ਵੱਲੋਂ ਸਨਮਾਨ ਕੀਤਾ ਗਿਆ। ਉੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੁਗਰਾਜ ਸਿੰਘ ਦੇ ਪਿਤਾ ਭਾਈ ਬਲਦੇਵ ਸਿੰਘ ਖ਼ਾਲਸਾ ਨੇ ਕਿਹਾ ਕਿ 26 ਜਨਵਰੀ ਵਾਲੇ ਦਿਨ ਤੋਂ ਬਾਅਦ ਜੁਗਰਾਜ ਸਿੰਘ ਅਜੇ ਤੱਕ ਘਰ ਨਹੀਂ ਆਇਆ, ਉਹ ਕਿੱਥੇ ਅਤੇ ਕਿਸ ਹਾਲਤ ਵਿਚ ਹੈ, ਇਸ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ। ਉਨਾਂ ਕਿਹਾ ਕਿ 26 ਜਨਵਰੀ ਵਾਲੇ ਦਿਨ ਤੋਂ ਹੀ ਮੈਂ ਅਤੇ ਸਾਡਾ ਪਰਿਵਾਰ ਘਰੋਂ ਆਸੇ ਪਾਸੇ ਹੋ ਕੇ ਗੁਜ਼ਾਰਾ ਕਰ ਰਿਹਾ ਹੈ ਅਤੇ ਹੁਣ ਅਸੀਂ ਦੋ ਮਹੀਨਿਆਂ ਬਾਅਦ ਘਰ ਵਾਪਸ ਮੁੜੇ ਹਾਂ। ਉਨਾਂ ਕਿਹਾ ਕਿ ਜਦ ਸਾਡਾ ਪਰਿਵਾਰ ਆਪਣੇ ਜੱਦੀ ਘਰ ਤੋਂ ਬਾਹਰ ਸੀ ਤਾਂ ਪਿੱਛੋਂ ਜੁਗਰਾਜ ਸਿੰਘ ਦੇ ਦਾਦਾ ਜੀ ਨੂੰ ਦਿੱਲੀ ਪੁਲਿਸ ਵੱਲੋਂ ਬੇਹੱਦ ਤੰਗ ਪ੍ਰੇਸ਼ਾਨ ਕੀਤਾ ਗਿਆ। ਉਹਨਾਂ ਕਿਹਾ ਕਿ ਦਿੱਲੀ ਪੁਲਿਸ



ਵੱਲੋਂ ਮੇਰੇ ਬਾਰੇ ਵੀ ਵਾਰ ਵਾਰ ਪੁੱਛਿਆ ਜਾ ਰਿਹਾ ਹੈ ਤੇ ਸਾਨੂੰ ਖ਼ਦਸ਼ਾ ਹੈ ਕਿ ਉਹ ਸਾਨੂੰ ਵੀ ਗ੍ਰਿਫਤਾਰ ਕਰ ਸਕਦੀ ਹੈ। ਉਨਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਵੀ ਅਜੇ ਤੱਕ ਸਾਡੀ ਕੋਈ ਸਾਰ ਨਹੀਂ ਲਈ ਅਤੇ ਨਾ ਹੀ ਸਾਡੇ ਘਰ ਕੋਈ ਕਿਸਾਨ ਆਗੂ ਪਹੁੰਚਿਆ ਹੈ ਅਤੇ ਨਾ ਹੀ ਕਿਸੇ ਨੇ ਕੋਈ ਫੋਨ ਹੀ ਕੀਤਾ ਹੈ। ਉਨਾਂ ਕਿਹਾ ਕਿ ਸਾਨੂੰ ਨਿਰਾਸ਼ਤਾ ਹੈ, ਕਿ ਸਾਡਾ ਪੁਤਰ ਮੋਰਚੇ ਵਿੱਚ ਗਿਆ ਤਾਂ ਕਿਸਾਨ ਜੱਥੇਬੰਦੀਆਂ ਦੇ ਸੱਦੇ ’ਤੇ ਸੀ। ਉਨਾਂ ਕਿਹਾ ਕਿ ਸਾਨੂੰ ਆਪਣੇ ਪੁੱਤਰ ਜੁਗਰਾਜ ਸਿੰਘ ਉੱਤੇ ਬੜਾ ਮਾਣ ਹੈ, ਉਸ ਨੇ ਕੁਝ ਵੀ ਗਲਤ ਨਹੀਂ ਕੀਤਾ ਬਲਕਿ ਕਾਲ਼ੇ ਖੇਤੀ ਕਾਨੂੰਨਾਂ ਵਿਰੁੱਧ ਰੋਹ ਅਤੇ ਰੋਸ ਵਜੋਂ ਲਾਲ ਕਿਲੇ ’ਤੇ ਨਿਸ਼ਾਨ ਸਾਹਿਬ ਝੁਲਾਇਆ ਹੈ। ਉਹਨਾਂ ਕਿਹਾ ਕਿ ਜੁਗਰਾਜ ਸਿੰਘ ਆਪਣੇ ਪਿੰਡ ਦੇ ਗੁਰਦੁਆਰੇ ਵਿਚ ਵੀ ਨਿਸ਼ਾਨ ਸਾਹਿਬ ਦਾ ਚੋਲਾ ਚੜਾਉਣ ਦੀ ਸੇਵਾ ਕਰਦਾ ਸੀ। ਉਨਾਂ ਕਿਹਾ ਕਿ ਨਿਸ਼ਾਨ ਸਾਹਿਬ ਸਾਡੇ ਧਰਮ ਦਾ ਨਿਸ਼ਾਨ ਹੈ, ਸਾਡਾ ਕੌਮੀ ਝੰਡਾ ਹੈ। ਉਨਾਂ ਕਿਹਾ ਕਿ ਨਿਸ਼ਾਨ ਸਾਹਿਬ ਨੂੰ ਖ਼ਾਲਿਸਤਾਨ ਦਾ ਝੰਡਾ ਕਹਿ ਕੇ ਜਾਣ ਬੁੱਝ ਕੇ ਭਾਰਤ ਦੇ ਲੋਕਾਂ ਨੂੰ ਸਾਡੀ ਕੌਮ ਦੇ ਵਿਰੁੱਧ ਉਕਸਾਇਆ ਜਾ ਰਿਹਾ ਹੈ ਅਤੇ ਜੁਗਰਾਜ ਸਿੰਘ ਨੂੰ ਅੱਤਵਾਦੀ, ਵੱਖਵਾਦੀ ਤੇ ਦਹਿਸ਼ਤਗਰਦ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਇਹ ਨਿਸ਼ਾਨ ਸਾਹਿਬ ਤਾਂ ਗੁਰਦੁਆਰਿਆਂ ਅਤੇ ਬਾਰਡਰਾਂ ’ਤੇ ਵੀ ਝੂਲਦਾ ਹੈ ਤੇ ਇਹ ਨਿਸ਼ਾਨ ਸਾਹਿਬ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹੈ ਅਤੇ ਕੋਰੋਨਾ ਕਾਲ ਸਮੇਂ ਇਨਾਂ ਨਿਸ਼ਾਨ ਸਾਹਿਬ ਵਾਲਿਆਂ ਸਿੱਖਾਂ ਨੇ ਹੀ ਲੰਗਰ ਲਾ ਕੇ ਪੂਰੇ ਦੇਸ਼ ਦਾ ਢਿੱਡ ਭਰਿਆ ਸੀ। ਉਨਾਂ ਕਿਹਾ ਕਿ ਜੁਗਰਾਜ ਸਿੰਘ ਨੇ ਲਾਲ ਕਿਲੇ ਤੇ ਨਿਸ਼ਾਨ ਸਾਹਿਬ ਝੁਲਾਅ ਕੇ ਅਠਾਰਵੀਂ ਸਦੀ ਦਾ ਇਤਿਹਾਸ ਸਿਰਜਿਆ ਹੈ, ਹੁਣ ਉਹ ਪੰਥ ਦਾ ਹੈ ਇਸ ਲਈ ਤਖ਼ਤਾਂ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਅਤੇ ਪੰਥਕ ਜਥੇਬੰਦੀਆਂ ਨੂੰ ਵੀ ਸਾਡਾ ਸਾਥ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਕੁਝ ਜਥੇਬੰਦੀਆਂ ਜਦ ਸਾਡੇ ਘਰ ਆਈਆਂ ਓਦੋਂ ਅਸੀਂ ਘਰ ਨਹੀਂ ਸੀ, ਉਹ ਜੁਗਰਾਜ ਸਿੰਘ ਦੇ ਦਾਦਾ ਜੀ ਦੀ ਹੌਸਲਾ ਅਫ਼ਜਾਈ ਕਰਕੇ ਗਏ ਸਨ। ਉਨਾਂ ਕਿਹਾ ਕਿ ਜੁਗਰਾਜ ਸਿੰਘ ਨੂੰ ਦਿੱਲੀ ਪੁਲਿਸ ਦੇ ਜ਼ੁਲਮ ਤਸ਼ੱਦਦ ਤੋਂ ਬਚਾਉਣ ਲਈ ਕਿਸਾਨ ਜਥੇਬੰਦੀਆਂ ਅਤੇ ਪੰਥਕ ਜਥੇਬੰਦੀਆਂ ਕੋਈ ਹੰਭਲਾ ਮਾਰਨ। ਉਨਾਂ ਦਾ ਪੁੱਤਰ ਅਜੇ ਰੂਪੋਸ਼ ਹੈ, ਜਥੇਬੰਦੀਆਂ ਵਧੀਆ ਵਕੀਲਾਂ ਨਾਲ ਗੱਲ ਕਰਕੇ ਉਸ ਦੀ ਬਾਹਰੋ-ਬਾਹਰ ਜ਼ਮਾਨਤ ਕਰਵਾਉਣ। ਉਨਾਂ ਨਾਲ ਇਸ ਮੌਕੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੀ ਮੌਜੂਦ ਸਨ ਜਿਨਾਂ ਨੇ ਪਰਿਵਾਰ ਦਾ ਹਰ ਪੱਖੋਂ ਸਾਥ ਦੇਣ ਦਾ ਭਰੋਸਾ ਦਿੱਤਾ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਅੱਜ ਜੁਗਰਾਜ ਸਿੰਘ ਦੇ ਪਰਿਵਾਰ ਦਾ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨ ਕਰਨਾ ਬੇਹੱਦ ਜ਼ਰੂਰੀ ਸੀ। ਉਨਾਂ ਕਿਹਾ ਕਿ ਜਦ ਅਸੀਂ ਪਰਸੋਂ ਜੁਗਰਾਜ ਸਿੰਘ ਦੇ ਘਰ ਗਏ ਤਾਂ ਅਸੀਂ ਮਹਿਸੂਸ ਕੀਤਾ ਕਿ ਉਨਾਂ ਦਾ ਪਰਿਵਾਰ ਉਡੀਕ ਰਿਹਾ ਸੀ, ਕੋਈ ਜਥੇਬੰਦੀ ਜਾਂ ਗੁਰਸਿੱਖ ਉਨਾਂ ਦੇ ਘਰ ਆਵੇ ਤੇ ਉਨਾਂ ਦਾ ਸਹਾਰਾ ਬਣੇ। ਉਨਾਂ ਕਿਹਾ ਕਿ ਅਸੀਂ ਜੁਗਰਾਜ ਸਿੰਘ ਦੇ ਪਰਿਵਾਰ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੇ ਹਾਂ।

# ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਵਸ ਸਮਾਪਤ

# 'ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਵਿਸ਼ੇਸ਼ ਝਾਤ'



ਰਵਨਜੋਤ ਕੌਰ ਸਿੱਧੂ ਰਾਵੀ, ਜੱਬੋਵਾਲ

ਭਗਤ ਸਿੰਘ ਦਾ ਹਿੰਦੋਸਤਾਨ ਕੇਵਲ ਭਾਰਤ ਦੀਆਂ ਹੱਦਾਂ ਤਕ ਸੀਮਤ ਨਹੀਂ ਸੀ। ਅਜੋਕਾ ਪਾਕਿਸਤਾਨ ਤੇ ਬੰਗਲਾਦੇਸ਼ ਵੀ ਇਸ ਦਾ ਹਿੱਸਾ ਸਨ। ਸੰਨ ਸੰਤਾਲੀ ਤੋਂ ਪਹਿਲਾਂ ਤੇ ਉਸ ਤੋਂ ਪਿੱਛੋਂ ਇਸ ਦੀ ਵਾਗਡੋਰ ਕਿਸੇ ਕੋਲ ਵੀ ਰਹੀ ਹੋਵੇ, ਪੱਛਮੀ ਭਾਰਤ ਦਾ ਐਮ.ਕੇ. ਗਾਂਧੀ, ਉੱਤਰ ਦਾ ਭਗਤ ਸਿੰਘ ਤੇ ਪੂਰਬ ਦਾ ਸੁਭਾਸ਼ ਚੰਦਰ ਬੋਸ ਇਸ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਵਾਲੇ ਉੱਘੇ ਪਾਤਰ ਕਹੇ ਜਾ ਸਕਦੇ ਹਨ। ਸੁਤੰਤਰ ਪਾਕਿਸਤਾਨੀ, ਭਾਰਤੀ ਤੇ ਬੰਗਲਾਦੇਸ਼ੀ ਉਨਾਂ ਦੇ ਰਿਣੀ ਹਨ। ਭਾਵੇਂ ਤਿੰਨ ਦੀਆਂ ਤਿੰਨੋਂ ਹਸਤੀਆਂ ਦਾ ਯੋਗਦਾਨ ਲਾਸਾਨੀ ਹੈ, ਉੱਤਰ ਵਿਚ ਮਾਣ ਦਾ ਸਿਹਰਾ ਭਗਤ ਸਿੰਘ ਦੇ ਸਿਰ ਬੱਝਦਾ ਹੈ। ਭਾਵੇਂ ਤਿੰਨਾਂ ਦਾ ਅੰਤ ਦੁਖਦਾਈ ਹੋਇਆ, ਪਰ ਸ਼ਹੀਦ-ਏ-ਆਜ਼ਮ ਵਜੋਂ ਜਾਣੇ ਜਾਣ ਦਾ ਗੌਰਵ ਕੇਵਲ ਭਗਤ ਸਿੰਘ ਦੇ ਹਿੱਸੇ ਆਇਆ।

ਆਓ ਹੁਣ ਸ਼ਹੀਦ ਭਗਤ ਸਿੰਘ ਦੇ ਜੀਵਨ 'ਤੇ ਝਾਤ ਮਾਰਦੇ ਹਾਂ ਜੀ, ਜਦੋਂ ਸਰਦਾਰ ਭਗਤ ਸਿੰਘ ਵਰਗੇ ਪੁੱਤ ਪੈਦਾ ਹੁੰਦੇ ਹਨ ਤਾਂ ਉਹ ਆਪਣੇ ਪਰਿਵਾਰ ਦੇ ਨਾਲ-ਨਾਲ ਕੌਮ ਅਤੇ ਦੇਸ਼ ਦਾ ਨਾਂ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਵਿਚ ਲਿੱਖ ਜਾਂਦੇ ਹਨ।

ਜਨਮ ਅਤੇ ਮਾਤਾ ਪਿਤਾ-ਸਰਦਾਰ ਭਗਤ ਸਿੰਘ ਦਾ ਜਨਮ ਜੱਟ ਸਿੰਘ ਸੰਧੂ ਪਰਿਵਾਰ ਪਿਤਾ ਸਰਦਾਰ ਕਿਸ਼ਨ ਸਿੰਘ ਅਤੇ ਮਾਤਾ ਵਿਦਿਆਵਤੀ ਦੀ ਕੁੱਖੋਂ 28 ਸਤੰਬਰ 1907 ਨੂੰ ਚੱਕ ਨੰਬਰ 105 ਪਿੰਡ ਬੰਗਾ ਤਹਿਸੀਲ ਜੜਵਾਲਾਂ ਜ਼ਿਲਾ ਲਾਇਲਪੁਰ (ਪਾਕਿਸਤਾਨ) ਵਿਖੇ ਹੋਇਆ। ਭਗਤ ਸਿੰਘ ਦਾ ਜੱਦੀ ਪਿੰਡ ਖਟਕੜ ਕਲਾਂ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ 'ਨਵਾਂ ਸ਼ਹਿਰ' (ਪੰਜਾਬ) ਵਿਚ ਸਥਿਤ ਹੈ। ਸ਼ਹੀਦ ਭਗਤ ਸਿੰਘ ਨਗਰ ਦਾ ਪਹਿਲਾਂ ਨਾਮ ਨਵਾਂ ਸ਼ਹਿਰ ਸੀ, ਪਰ ਹੁਣ ਇਸ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ ਉੱਤੇ ਸ਼ਹੀਦ ਭਗਤ ਸਿੰਘ ਨਗਰ ਰੱਖ ਦਿੱਤਾ ਗਿਆ ਹੈ। ਸਰਦਾਰ ਭਗਤ ਸਿੰਘ ਨੂੰ ਅਜ਼ਾਦੀ ਦੀ ਗੁੜਤੀ ਪਰਿਵਾਰ ਵਲੋਂ ਹੀ ਮਿਲੀ ਸੀ। ਆਪ ਦੇ ਦਾਦਾ ਜੀ ਸਰਦਾਰ ਅਰਜਨ ਸਿੰਘ ਇਕ ਵਾਹੀਕਾਰ ਦੇ ਨਾਲ-ਨਾਲ ਯੂਨਾਨੀ ਹਿੰਮਤ ਦੇ ਮਾਹਿਰ ਸਨ। ਸਰਦਾਰ ਭਗਤ ਸਿੰਘ ਦੇ ਪਿਤਾ ਅਤੇ ਚਾਚੇ ਕਰਤਾਰ ਸਿੰਘ ਸਰਾਭਾ ਅਤੇ ਹਰਦਿਆਲ ਦੀ ਅਗਵਾਈ ਵਿੱਚ ਭਾਰਤ ਦੀ ਸੁਤੰਤਰਤਾ ਲਈ ਸਰਗਰਮ ਗਦਰ ਪਾਰਟੀ ਦੇ ਮੈਂਬਰ ਸਨ। ਅਜੀਤ ਸਿੰਘ ਨੂੰ ਅੰਗਰੇਜ਼ ਸਰਕਾਰ ਨੇ ਅਦਾਲਤੀ ਮਾਮਲਿਆਂ ਤਹਿਤ ਕੈਦ ਕੀਤਾ ਹੋਇਆ ਸੀ ਜਦੋਂ ਕਿ ਜੇਲ ਵਿੱਚੋਂ ਰਿਹਾ ਕੀਤੇ ਜਾਣ ਤੋਂ ਬਾਅਦ 1910 ਵਿੱਚ ਲਾਹੌਰ ਵਿੱਚ ਦੂਜੇ ਚਾਚੇ ਸਵਰਨ ਸਿੰਘ ਦੀ ਮੌਤ ਹੋ ਗਈ ਸੀ।

ਸਿੱਖਿਆ- ਭਗਤ ਸਿੰਘ ਦੀ ਮੁੱਢਲੀ ਸਿੱਖਿਆ ਲਾਇਲਪੁਰ, (ਹੁਣ ਪਾਕਿਸਤਾਨ ਵਿੱਚ) ਦੇ ਜ਼ਿਲਾ ਬੋਰਡ ਪ੍ਰਾਇਮਰੀ ਸਕੂਲ ਵਿੱਚ ਹੋਈ। ਬਾਅਦ ਵਿੱਚ ਉਹ ਡੀ.ਏ.ਵੀ. ਹਾਈ ਸਕੂਲ ਲਾਹੌਰ ਵਿੱਚ ਦਾਖਲ ਹੋ ਗਿਆ। ਅੰਗਰੇਜ਼ ਇਸ ਸਕੂਲ ਨੂੰ 'ਰਾਜ ਵਿਰੋਧੀ ਸਰਗਰਮੀਆਂ ਦੀ ਨਰਸਰੀ' ਕਹਿੰਦੇ ਸਨ। ਭਗਤ ਸਿੰਘ ਭਾਵੇਂ ਰਵਾਇਤੀ ਕਿਸਮ ਦਾ ਪੜ੍ਹਾਕੂ ਤਾਂ ਨਹੀਂ ਸੀ ਪਰ ਉਹ ਵੱਖ-ਵੱਖ ਤਰਾਂ ਦੀਆਂ ਕਿਤਾਬਾਂ ਪੜਦਾ ਰਹਿੰਦਾ ਸੀ। ਉਰਦੂ ਵਿੱਚ ਉਸ ਨੂੰ ਮੁਹਾਰਤ ਹਾਸਲ ਸੀ ਤੇ ਉਹ ਇਸੇ ਭਾਸ਼ਾ ਵਿੱਚ ਆਪਣੇ ਪਿਤਾ ਕਿਸ਼ਨ ਸਿੰਘ ਨੂੰ ਖ਼ਤ ਲਿਖਦਾ ਹੁੰਦਾ ਸੀ। ਉਸਦੀ ਉਮਰ ਦੇ ਬਹੁਤ ਸਾਰੇ ਸਿੱਖ ਵਿਦਿਆਰਥੀਆਂ ਵਾਂਗ ਭਗਤ ਸਿੰਘ ਨੇ ਲਾਹੌਰ ਦੇ ਖਾਲਸਾ ਹਾਈ ਸਕੂਲ ਵਿੱਚ ਦਾਖਲਾ ਨਹੀਂ ਲਿਆ। ਉਸ ਦੇ ਦਾਦੇ ਨੇ ਇਸ ਸਕੂਲ ਦੇ ਅਧਿਕਾਰੀਆਂ ਦੀ ਬ੍ਰਿਟਿਸ਼ ਸਰਕਾਰ ਪ੍ਰਤੀ ਵਫ਼ਾਦਾਰੀ ਨੂੰ ਸਵੀਕਾਰ ਨਹੀਂ ਕੀਤਾ। ਉਸ ਦੀ ਬਜਾਏ ਭਗਤ ਸਿੰਘ ਨੂੰ ਆਰਿਆ ਸਮਾਜੀ ਸੰਸਥਾ ਦਯਾਨੰਦ ਐਂਗਲੋ ਵੈਦਿਕ ਹਾਈ ਸਕੂਲ ਵਿੱਚ ਦਾਖਲਾ ਦਵਾਇਆ ਗਿਆ।1921 'ਚ ਭਗਤ ਸਿੰਘ ਨੇ ਆਪਣੀ ਦਸਵੀਂ ਕਲਾਸ ਦੀ ਪੜਾਈ ਅੱਧ ਵਿਚਾਲੇ ਛੱਡ ਦਿੱਤੀ ਅਤੇ ਨਾ-ਮਿਲਵਰਤਣ ਲਹਿਰ ਵਿਚ ਸਰਗਰਮ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਸੰਨ 1921-1922 ਈ: ਵਿਚ ਲਾਹੌਰ ਵਿਖੇ ਦੇਸ਼ ਭਗਤਾਂ ਦੁਆਰਾ ਨੈਸ਼ਨਲ ਕਾਲਜ ਬਣਾਇਆ ਗਿਆ ਜਿਸ ਵਿਚ ਭਗਤ ਸਿੰਘ ਨੂੰ ਇੱਕ ਕਠਿਨ ਪ੍ਰੀਖਿਆ ਪਾਸ ਕਰਕੇ ਕਾਲਜ ਦੇ ਪਹਿਲੇ ਸਾਲ ਵਿਚ ਦਾਖਲਾ ਮਿਲ ਗਿਆ। ਜਿੱਥੇ ਉਹ ਨਾਟ-ਕਲਾ ਸੋਸਾਇਟੀ ਵਰਗੀਆਂ ਪਾਠਕ੍ਰਮ ਤੋਂ ਬਾਹਰਲ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗਾ। 1923 ਵਿੱਚ ਉਸ ਨੇ ਪੰਜਾਬ ਹਿੰਦੀ ਸਾਹਿਤ ਸੰਮੇਲਨ ਦੁਆਰਾ ਕਰਵਾਇਆ ਇੱਕ ਨਿਬੰਧ ਮੁਕਾਬਲਾ ਜਿੱਤਿਆ, ਜਿਸ ਵਿੱਚ ਉਸ ਨੇ ਪੰਜਾਬ ਦੀਆਂ ਸਮੱਸਿਆਵਾਂ ਬਾਰੇ ਲਿਖਿਆ ਸੀ।

ਜਲਿਆਂ ਵਾਲਾ ਬਾਗ—1919 ਈ: ਵਿਚ ਜਲਿਆਂ ਵਾਲਾ ਬਾਗ ਦੇ ਖ਼ੂਨੀ ਸਾਕੇ ਦਾ ਸਰਦਾਰ ਭਗਤ ਸਿੰਘ ਦੇ ਮਨ 'ਤੇ ਬਹੁਤ ਡੂੰਘਾ ਅਸਰ ਪਿਆ। ਉਹ ਇਸ ਘਟਨਾ ਤੋਂ ਦੂਜੇ ਦਿਨ ਜਲਿਆਂ ਵਾਲੇ ਬਾਗ ਅੰਮ੍ਰਿਤਸਰ ਗਏ ਅਤੇ ਖੂਨ ਨਾਲ ਭਿੱਜੀ ਮਿੱਟੀ ਲੈ ਕੇ ਵਾਪਸ ਆ ਗਏ। ਇਸ ਘਟਨਾ ਨੇ ਉਨਾਂ ਦੇ ਮਨ ਵਿਚ ਅੰਗਰੇਜ਼ਾਂ ਦੇ ਪ੍ਰਤੀ ਨਫ਼ਰਤ ਭਰ ਦਿੱਤੀ। ਫਰਵਰੀ 1921 ਨੂੰ ਨਨਕਾਣਾ ਸਾਹਿਬ ਗੁਰਦੁਆਰੇ ਦੇ ਮੋਰਚੇ ਨੇ ਭਗਤ ਸਿੰਘ ਦੇ ਮਨ 'ਤੇ ਡੂੰਘੀ ਛਾਪ ਛੱਡੀ। 20 ਫਰਵਰੀ 1921 ਨੂੰ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਬਹੁਤ ਸਾਰੇ ਨਿਰਦੋਸ਼ ਲੋਕਾਂ ਦੀ ਹੱਤਿਆ ਦੇ ਖ਼ਿਲਾਫ਼ ਪ੍ਰਦਰਸ਼ਨਕਾਰੀਆਂ ਦਾ ਸਵਾਗਤ ਕੀਤਾ।

ਨਾਮਿਲਵਰਤਨ ਅੰਦੋਲਨ ਵਾਪਸ ਲੈਣ ਤੋਂ ਬਾਅਦ ਭਗਤ ਸਿੰਘ ਮਹਾਤਮਾ ਗਾਂਧੀ ਦੇ ਅਹਿੰਸਾ ਦੇ ਦਰਸ਼ਨ ਤੋਂ ਨਿਰਾਸ਼ ਹੋ ਗਿਆ। ਗਾਂਧੀ ਦੇ ਫੈਸਲੇ ਤੋਂ ਬਾਅਦ ਪੇਂਡੂਆਂ ਦੁਆਰਾ 1922 ਵਿੱਚ ਚੌਰੀ ਚੌਰਾ ਕਾਂਡ ਵਿੱਚ ਪੁਲਿਸ ਵਾਲਿਆਂ ਦੇ ਕਤਲ ਹੋਏ। ਭਗਤ ਸਿੰਘ ਨੇ ਨੌਜਵਾਨ ਇਨਕਲਾਬੀ ਲਹਿਰ ਵਿੱਚ ਹਿੱਸਾ ਲਿਆ ਅਤੇ ਭਾਰਤ ਵਿੱਚੋਂ ਬ੍ਰਿਟਿਸ਼ ਸਰਕਾਰ ਦੇ ਹਿੰਸਕ ਵਿਰੋਧ ਦੀ ਵਕਾਲਤ ਕਰਨੀ ਸ਼ੁਰੂ ਕਰ ਦਿੱਤੀ।

ਵਿਆਹ—1923 ਵਿਚ ਹੀ ਘਰਦਿਆਂ ਵਲੋਂ ਵਿਆਹ ਲਈ ਜ਼ੋਰ ਪਾਉਣ 'ਤੇ ਸਰਦਾਰ ਭਗਤ ਸਿੰਘ ਨੇ ਘਰ ਛੱਡ ਦਿੱਤਾ ਅਤੇ ਕਾਨਪੁਰ ਚਲੇ ਗਏ। ਅਸਲ 'ਚ ਉਹ ਆਪਣਾ ਵਿਆਹ ਲਾੜੀ ਮੌਤ ਨਾਲ ਕਰਾਉਣਾ ਚਾਹੁੰਦੇ ਸਨ। ਇੱਕ ਚਿੱਠੀ ਵਿਚ, ਜੋ ਉਹ ਪਿੱਛੇ ਛੱਡ ਗਿਆ ਸੀ, ਉਸ ਵਿੱਚ ਉਸ ਨੇ ਲਿਖਿਆ:

ਮੇਰਾ ਜੀਵਨ ਸਭ ਤੋਂ ਉੱਤਮ ਕਾਰਨ, ਦੇਸ਼ ਦੀ ਆਜ਼ਾਦੀ, ਲਈ ਸਮਰਪਿਤ ਹੋ ਗਿਆ ਹੈ, ਇਸ ਲਈ, ਕੋਈ ਅਰਾਮ ਜਾਂ ਦੁਨਿਆਵੀ ਇੱਛਾ ਹੁਣ ਮੈਨੂੰ ਲੁਭਾ ਨਹੀਂ ਸਕਦੀ।ਕਾਨਪੁਰ ਵਿਚ ਸਰਦਾਰ ਭਗਤ ਸਿੰਘ ਨੇ ਆਪਣਾ ਨਾਮ ਬਲਵੰਤ ਸਿੰਘ ਰੱਖ ਕੇ ਕੁਝ ਦੇਰ ਪ੍ਰਤਾਪ ਪ੍ਰੈੱਸ 'ਚ ਕੰਮ ਕੀਤਾ। 1925 'ਚ ਦਾਦੀ ਦੀ ਬੀਮਾਰੀ ਕਾਰਨ ਉਨਾਂ ਨੂੰ ਵਾਪਸ ਲਾਹੌਰ ਵਿਖੇ ਆਪਣੇ ਪਿੰਡ ਆਉਣਾ ਪਿਆ। ਭਗਤ ਸਿੰਘ ਦੀ ਦਾਦੀ ਭਗਤ ਸਿੰਘ ਨੂੰ ਭਾਗਾਂਵਾਲਾ ਕਹਿ ਕੇ ਬੁਲਾਉਂਦੀ ਸੀ।

ਇਨਕਲਾਬੀ ਗਤੀਵਿਧੀਆਂ-13 ਮਾਰਚ 1923 ਵਿੱਚ ਨੌਜਵਾਨਾਂ ਦੇ ਸਮਾਜਵਾਦੀ ਵਿਚਾਰਧਾਰਕ ਸੰਗਠਨ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ।ਜੋ ਕਿ ਇਨਕਲਾਬੀ ਗਤੀਵਿਧੀਆਂ ਲਈ ਇਕ ਖੁੱਲਾ ਮੰਚ ਸੀ। ਇਸ ਸਭਾ ਵਿਚ ਭਗਤ ਸਿੰਘ ਨੇ ਜਨਰਲ ਸਕੱਤਰ ਦੀ ਭੂਮਿਕਾ ਨਿਭਾਈ।ਇਸ ਸਭਾ ਦੀ ਪਹਿਲੀ ਕਾਨਫਰੰਸ 11-12-13 ਅਪ੍ਰੈਲ 1924 ਨੂੰ ਹੋਈ। ਉਹ ਹਿੰਦੁਸਤਾਨੀ ਰਿਪਬਲਿਕਨ ਐਸੋਸੀਏਸ਼ਨ ਵਿੱਚ ਵੀ ਸ਼ਾਮਲ ਹੋ ਗਿਆ।ਜਿਸ ਵਿੱਚ ਚੰਦਰ ਸ਼ੇਖਰ ਆਜ਼ਾਦ, ਰਾਮ ਪ੍ਰਸਾਦ ਬਿਸਮਿਲ ਅਤੇ ਅਸ਼ਫ਼ਾਕਉਲਾ ਖ਼ਾਨ ਪ੍ਰਮੁੱਖ ਲੀਡਰ ਸਨ। ਮਈ 1923 ਵਿੱਚ ਲਾਹੌਰ ਵਿੱਚ ਹੋਏ ਇੱਕ ਬੰਬ ਧਮਾਕੇ ਵਿੱਚ ਸ਼ਾਮਲ ਹੋਣ ਦੇ ਕਾਰਨ ਉਸ ਨੂੰ ਮਈ 1927 ਵਿੱਚ ਗ੍ਰਿਫਤਾਰ ਕਰ ਲਿਆ। ਉਸ ਨੂੰ ਗ੍ਰਿਫਤਾਰੀ ਤੋਂ ਪੰਜ ਹਫ਼ਤਿਆਂ ਬਾਅਦ 60 ਹਜ਼ਾਰ ਰੁਪਏ ਦੀ ਜ਼ਮਾਨਤ 'ਤੇ ਰਿਹਾ ਕੀਤਾ ਗਿਆ।

30 ਅਕਤੂਬਰ 1928 ਵਿੱਚ ਬ੍ਰਿਟਿਸ਼ ਸਰਕਾਰ ਨੇ ਭਾਰਤ ਵਿੱਚ ਸਿਆਸੀ ਸਥਿਤੀ ਬਾਰੇ ਰਿਪੋਰਟ ਦੇਣ ਲਈ ਸਾਈਮਨ ਕਮਿਸ਼ਨ ਦੀ ਸਥਾਪਨਾ ਕੀਤੀ। ਕੁਝ ਭਾਰਤੀ ਸਿਆਸੀ ਪਾਰਟੀਆਂ ਨੇ ਕਮਿਸ਼ਨ ਦਾ ਬਾਈਕਾਟ ਕੀਤਾ ਕਿਉਂਕਿ ਇਸ ਵਿੱਚ ਕੋਈ ਵੀ ਭਾਰਤੀ ਮੈਂਬਰ ਨਹੀਂ ਸੀ ਅਤੇ ਦੇਸ਼ ਭਰ ਵਿੱਚ ਵਿਰੋਧ ਵੀ ਸਨ। ਜਦੋਂ ਇਹ ਕਮਿਸ਼ਨ 30 ਅਕਤੂਬਰ 1928 ਨੂੰ ਲਹੌਰ ਪਹੁੰਚਿਆ ਤਾਂ ਲਾਲਾ ਲਾਜਪਤ ਰਾਏ



ਦੀ ਅਗਵਾਈ ਵਿੱਚ ਲੋਕਾਂ ਨੇ ਇਸਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਪੁਲਿਸ ਭੀੜ ਨੂੰ ਭਜਾਉਣ ਦੀ ਕੋਸ਼ਿਸ਼ ਕਰਦੀ ਰਹੀ, ਪਰ ਭੀੜ ਹਿੰਸਕ ਹੋ ਗਈ। ਇਸ ਵਿਰੋਧ ਵਿੱਚ ਭਾਗ ਲੈਣ ਵਾਲਿਆਂ 'ਤੇ ਅੰਗਰੇਜ਼ ਸੁਪਰਡੈਂਟ ਅਫ਼ਸਰ ਸਕਾਟ ਨੇ ਲਾਠੀਚਾਰਜ ਕਰਨ ਦਾ ਹੁਕਮ ਦੇ ਦਿੱਤਾ। ਇਸ ਲਾਠੀਚਾਰਜ ਨਾਲ ਜ਼ਖ਼ਮੀ ਹੋਣ ਕਰਕੇ ਲਾਲਾ ਲਾਜਪਤ ਰਾਏ ਦੀ ਦਿਲ ਦਾ ਦੌਰਾ ਪੈਣ ਕਾਰਨ 17 ਨਵੰਬਰ 1928 ਨੂੰ ਮੌਤ ਹੋ ਗਈ। ਡਾਕਟਰਾਂ ਨੂੰ ਲੱਗਿਆ ਕਿ ਉਸ ਦੀ ਮੌਤ ਸੱਟਾਂ ਕਰਕੇ ਹੋਈ ਹੈ। ਜਦੋਂ ਇਹ ਮਾਮਲਾ ਯੂਨਾਈਟਿਡ ਕਿੰਗਡਮ ਦੀ ਸੰਸਦ ਵਿੱਚ ਉਠਾਇਆ ਗਿਆ ਤਾਂ ਬ੍ਰਿਟਿਸ਼ ਸਰਕਾਰ ਨੇ ਰਾਏ ਦੀ ਮੌਤ ਵਿੱਚ ਕੋਈ ਭੂਮਿਕਾ ਨਹੀਂ ਮੰਨੀ। ਭਗਤ ਐੱਚ.ਆਰ.ਏ. ਦਾ ਇੱਕ ਪ੍ਰਮੁੱਖ ਮੈਂਬਰ ਸੀ ਅਤੇ 1928 ਵਿੱਚ ਇਸਦਾ ਨਾਂ ਬਦਲ ਕੇ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਕਰਨ ਲਈ ਸ਼ਾਇਦ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਸੀ।ਐਚ.ਐਸ.ਆਰ.ਏ. ਨੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਦੀ ਸਹੁੰ ਖਾਧੀ। ਸਿੰਘ ਨੇ ਸਕਾਟ ਨੂੰ ਮਾਰਨ ਲਈ ਸ਼ਿਵਰਾਮ ਰਾਜਗੁਰੂ, ਸੁਖਦੇਵ ਥਾਪਰ ਅਤੇ ਚੰਦਰ ਸ਼ੇਖਰ ਆਜ਼ਾਦ ਵਰਗੇ ਕ੍ਰਾਂਤੀਕਾਰੀਆਂ ਨਾਲ ਮਿਲ ਕੇ ਯੋਜਨਾ ਉਲੀਕੀ। ਹਾਲਾਂਕਿ, ਪਛਾਣਨ ਦੀ ਗਲਤੀ ਕਾਰਨ, ਉਨਾਂ ਨੇ ਜੋਹਨ ਪੀ. ਸਾਂਡਰਸ, ਜੋ ਸਹਾਇਕ ਪੁਲਿਸ ਅਧਿਕਾਰੀ ਸੀ, ਨੂੰ ਗੋਲੀ ਮਾਰ ਦਿੱਤੀ, ਜਦੋਂ ਉਹ 17 ਦਸੰਬਰ 1928 ਨੂੰ ਲਾਹੌਰ ਵਿਖੇ ਜ਼ਿਲਾ ਪੁਲਿਸ ਹੈੱਡਕੁਆਰਟਰ ਛੱਡ ਰਿਹਾ ਸੀ।

**ਅਸੈਂਬਲੀ ਵਿੱਚ ਬੰਬ ਸੁੱਟਣ ਘਟਨਾ**

ਸ਼ਹੀਦ ਭਗਤ ਸਿੰਘ ਖੂਨ-ਖਰਾਬੇ ਦੇ ਬਿਲਕੁਲ ਹੱਕ 'ਚ ਨਹੀਂ ਸਨ। ਉਸ ਨੇ ਪਬਲਿਕ ਦੀ ਸੁਰੱਖਿਆ ਲਈ ਬਿਲ ਅਤੇ ਟਰੇਡ ਡਿਸਪਿਊਟਸ ਬਿਲ ਦੇ ਖਿਲਾਫ ਅਸੈਂਬਲੀ ਵਿਚ ਨਕਲੀ ਬੰਬ ਸੁੱਟ ਕੇ ਅੰਗਰੇਜ਼ੀ ਹਕੂਮਤ ਦਾ ਵਿਰੋਧ ਕਰਨਾ ਚਾਹਿਆ। ਇਸ ਲਈ ਸਰਦਾਰ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ 8 ਅਪ੍ਰੈਲ 1929 ਨੂੰ ਕੇਂਦਰੀ ਅਸੈਂਬਲੀ ਦੇ ਸੈਂਟਰਲ ਹਾਲ ਵਿਚ ਖਾਲੀ ਥਾਂ 'ਤੇ ਨਕਲੀ ਬੰਬ ਸੁੱਟਿਆ ਅਤੇ ਪਰਚੇ ਸੁੱਟਦੇ ਹੋਏ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਏ। ਸਾਰਾ ਹਾਲ ਧੂੰਏਂ ਨਾਲ ਭਰ ਗਿਆ ਉਹ ਚਾਹੁੰਦੇ ਤਾਂ ਉੱਥੋਂ ਭੱਜ ਸਕਦੇ ਸਨ। ਪਰ ਉਨਾਂ ਨੇ ਆਪਣੀ ਇੱਛਾ ਨਾਲ ਪੁਲਿਸ ਨੂੰ ਗ੍ਰਿਫਤਾਰੀ ਦਿੱਤੀ। ਜਦੋਂ ਭਗਤ ਸਿੰਘ ਨੂੰ ਨਕਲੀ ਬੰਬ ਸੁੱਟਣ ਬਾਰੇ ਪੁੱਛਿਆ ਗਿਆ ਤਾਂ ਉਨਾਂ ਨੇ ਉੱਤਰ ਦਿੱਤਾ ਕਿ ਉਨਾਂ ਦਾ ਉਦੇਸ਼ ਕਿਸੇ ਨੂੰ ਜਾਨੀ ਨੁਕਸਾਨ ਪਹੁੰਚਾਉਣਾ ਨਹੀਂ ਸੀ ਸਗੋਂ ਸੱਤ-ਸਮੁੰਦਰ ਪਾਰ ਬੈਠੀ ਬੋਲ਼ੀ ਸਰਕਾਰ ਦੇ ਕੰਨ ਖੋਲਣਾ ਸੀ। ਇਨਕਬਾਲ ਜ਼ਿੰਦਾਬਾਦ ਦਾ ਨਾਅਰਾ ਪਹਿਲੀ ਵਾਰ ਸ਼ਹੀਦ ਭਗਤ ਸਿੰਘ ਨੇ ਦਿੱਤਾ ਸੀ, ਜੋ ਅੱਗੇ ਚੱਲ ਕੇ ਸਾਰੇ ਦੇਸ਼ ਦਾ ਨਾਅਰਾ ਬਣ ਗਿਆ।ਮਈ ਵਿੱਚ ਮੁੱਢਲੀ ਸੁਣਵਾਈ ਤੋਂ ਬਾਅਦ, ਮੁਕੱਦਮਾ ਜੂਨ ਦੇ ਪਹਿਲੇ ਹਫ਼ਤੇ ਵਿੱਚ ਸ਼ੁਰੂ ਹੋਇਆ ਸੀ। 12 ਜੂਨ ਨੂੰ ਦੋਵਾਂ ਨੂੰ 'ਗ਼ੈਰ-ਕਾਨੂੰਨੀ ਅਤੇ ਬਦਨੀਤੀ ਢੰਗ ਨਾਲ ਕੁਦਰਤ ਦੇ ਵਿਸਫੋਟ ਕਾਰਨ ਜੀਵਨ ਨੂੰ ਖ਼ਤਰੇ ਪਾਉਣ' ਲਈ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਦੱਤ ਦੀ ਸੁਣਵਾਈ ਅਸਫ ਅਲੀ ਨੇ, ਜਦ ਕਿ ਸਿੰਘ ਨੇ ਖੁਦ ਦੀ ਸੁਣਵਾਈ ਕੀਤੀ ਸੀ।ਅਸੈਂਬਲੀ ਬੰਬ ਕੇਸ ਦੀ ਸਜ਼ਾ ਤੋਂ ਬਾਅਦ ਸਰਦਾਰ ਭਗਤ ਸਿੰਘ ਨੂੰ ਮੀਆਂਵਾਲੀ ਜੇਲ ਅਤੇ ਬੀ.ਕੇ. ਦੱਤ ਨੂੰ ਕੇਂਦਰੀ ਜੇਲ ਲਾਹੌਰ ਵਿਚ ਬੰਦ ਕਰ ਦਿੱਤਾ ਗਿਆ।

**ਸਾਂਡਰਸ ਕੇਸ ਦੀ ਕਾਰਵਾਈ**

ਸਾਂਡਰਸ ਕਤਲ ਦੇ ਕੇਸ ਦਾ ਮੁਕੱਦਮਾ 10 ਜੁਲਾਈ 1929 ਈ: ਨੂੰ ਜੇਲ ਵਿਚ ਹੀ ਵਿਸ਼ੇਸ਼ ਮੈਜਿਸਟ੍ਰੇਟ ਦੀ ਅਦਾਲਤ 'ਚ ਸ਼ੁਰੂ ਕੀਤਾ ਗਿਆ। ਇਸ ਮਾਮਲੇ 'ਚ 25 ਵਿਅਕਤੀ ਨਾਮਜ਼ਦ ਕੀਤੇ ਗਏ ਸਨ। ਇਨਕਲਾਬੀਆਂ ਨੇ ਇਸ ਮੁਕੱਦਮੇ ਪ੍ਰਤੀ ਕੋਈ ਖਾਸ ਗੰਭੀਰਤਾ ਨਹੀਂ ਦਿਖਾਈ। ਇਸ ਤਰਾਂ ਲੱਗਦਾ ਸੀ ਕਿ ਜਿਵੇਂ ਉਨਾਂ ਦਾ ਮਕਸਦ ਸਿਰਫ ਫਾਂਸੀ ਚੜਨ ਤੱਕ ਹੀ ਸੀਮਿਤ ਸੀ। ਸਰਦਾਰ ਭਗਤ ਸਿੰਘ ਤੇ ਉਨਾਂ ਦੇ ਸਾਥੀਆਂ ਦੇ ਮਾਮਲੇ ਦੀ ਕਾਰਵਾਈ ਲਈ ਇਕ ਟ੍ਰਿਬਿਊਨਲ ਗਠਿਤ ਕੀਤੀ ਗਈ ਜਿਸ ਦੇ ਤਿੰਨ ਜੱਜ ਮੈਂਬਰ ਸਨ। ਇਸ ਟ੍ਰਿਬਿਊਨਲ ਨੇ 7 ਅਕਤੂਬਰ 1930 ਨੂੰ ਫੈਸਲਾ ਸੁਣਾਉਂਦੇ ਹੋਏ ਭਗਤ ਸਿੰਘ, ਸੁਖਦੇਵ ਥਾਪਰ ਅਤੇ ਸ਼ਿਵਰਾਮ ਰਾਜਗੁਰੂ ਨੂੰ ਫਾਂਸੀ ਦੀ ਸਜ਼ਾ ਸੁਣਾਈ। ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਲਾਉਣ ਦੀ ਮਿਤੀ 24 ਮਾਰਚ, 1931 ਮੁਕਰਰ ਕੀਤੀ ਗਈ ਸੀ।

**ਜੇਲ ਦੀ ਸਖ਼ਤ ਜ਼ਿੰਦਗੀ**

ਭਗਤ ਸਿੰਘ ਜੇਲ ਦੀ ਸਖ਼ਤ ਜ਼ਿੰਦਗੀ ਦੇ ਆਦੀ ਹੋ ਗਏ ਸਨ। ਉਨਾਂ ਦੀ ਕੋਠੜੀ ਨੰਬਰ 14 ਦਾ ਫਰਸ਼ ਪੱਕਾ ਨਹੀਂ ਸੀ, ਉਸ 'ਤੇ ਘਾਹ ਉੱਗਿਆ ਹੋਇਆ ਸੀ। ਉਸ ਵਿਚ ਬੱਸ ਇੰਨੀ ਕੁ ਥਾਂ ਸੀ ਕਿ ਉਨਾਂ ਦਾ 5 ਫੁੱਟ 10 ਇੰਚ ਦਾ ਸਰੀਰ ਮੁਸ਼ਕਲ ਨਾਲ ਆ ਸਕੇ।ਭਗਤ ਸਿੰਘ ਨੂੰ ਫਾਂਸੀ ਤੋਂ ਦੋ ਘੰਟੇ ਪਹਿਲਾਂ ਉਨਾਂ ਦੇ ਵਕੀਲ ਪ੍ਰਾਣ ਨਾਥ ਮਹਿਤਾ ਉਨਾਂ ਨੂੰ ਮਿਲਣ ਆਏ। ਮਹਿਤਾ ਨੇ ਬਾਅਦ ਵਿੱਚ ਲਿਖਿਆ ਕਿ ਭਗਤ ਸਿੰਘ ਆਪਣੀ ਛੋਟੀ ਜਿਹੀ ਕੋਠੜੀ ਵਿਚ ਪਿੰਜਰੇ 'ਚ ਬੰਦ ਸ਼ੇਰ ਵਾਂਗ ਚੱਕਰ ਲਾ ਰਹੇ ਸਨ।

**ਸਰਦਾਰ ਭਗਤ ਸਿੰਘ ਨਾਸਤਿਕ ਹੋਣਾ**

1930-31 ਵਿੱਚ ਜਦੋਂ ਜੇਲ ਵਿੱਚ ਰਹਿੰਦੇ ਹੋਏ ਭਗਤ ਸਿੰਘ ਦਾ ਸੰਪਰਕ ਇੱਕ ਸਾਥੀ ਕੈਦੀ ਰਣਧੀਰ ਸਿੰਘ ਅਤੇ ਇੱਕ ਸਿੱਖ ਨੇਤਾ ਨਾਲ ਹੋਇਆ, ਜਿਸ ਨੇ ਬਾਅਦ ਵਿੱਚ ਅਖੰਡ ਕੀਰਤਨੀ ਜਥਾ ਸਥਾਪਤ ਕੀਤਾ। ਭਗਤ ਸਿੰਘ ਦੇ ਨਜ਼ਦੀਕੀ ਸਾਥੀ ਸ਼ਿਵ ਵਰਮਾ ਅਨੁਸਾਰ, ਜਿਸ ਨੇ ਬਾਅਦ ਵਿੱਚ ਲਿਖਤਾਂ ਨੂੰ ਸੰਗਠਿਤ ਅਤੇ ਸੰਪਾਦਿਤ ਕੀਤਾ, ਰਣਧੀਰ ਸਿੰਘ ਨੇ ਭਗਤ ਸਿੰਘ ਨੂੰ ਪ੍ਰਮਾਤਮਾ ਦੀ ਹੋਂਦ ਦਾ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਅਤੇ ਅਸਫਲ ਹੋਣ 'ਤੇ ਉਸਦੀ ਅਲੋਚਨਾ ਕੀਤੀ 'ਤੂੰ ਮਸ਼ਹੂਰ ਹੈਂ ਅਤੇ ਤੇਰੇ ਅੰਦਰ ਹਉਮੈ ਹੈ ਜੋ ਤੇਰੇ ਅਤੇ ਰੱਬ ਦੇ ਵਿਚਕਾਰ ਇੱਕ ਕਾਲੇ ਪਰਦੇ ਵਾਂਗ ਹੈ।' ਇਸਦੇ ਜਵਾਬ ਵਿੱਚ, ਭਗਤ ਸਿੰਘ ਨੇ 'ਮੈਂ ਨਾਸਤਿਕ ਕਿਉਂ ਹਾਂ' ਲੇਖ ਲਿਖਿਆ ਕਿ ਉਸਦੀ ਨਾਸਤਿਕਤਾ ਘਮੰਡ ਤੋਂ ਪੈਦਾ ਨਹੀਂ ਹੋਈ। ਇਸ ਲੇਖ ਵਿੱਚ ਉਸ ਨੇ ਆਪਣੇ ਵਿਸ਼ਵਾਸਾਂ ਬਾਰੇ ਲਿਖਿਆ ਅਤੇ ਕਿਹਾ ਕਿ ਉਹ ਸਰਬ ਸ਼ਕਤੀਮਾਨ ਵਿੱਚ ਦ੍ਰਿੜ ਵਿਸ਼ਵਾਸੀ ਸੀ, ਪਰ ਉਹ ਦੂਸਰਿਆਂ ਵਾਂਗ ਮਿੱਥ ਅਤੇ ਕਲਪਨਾਵਾਂ ਤੇ ਵਿਸ਼ਵਾਸਾਂ ਵੀ ਨਹੀਂ ਕਰ ਸਕਦਾ। ਉਸ ਨੇ ਇਸ ਤੱਥ ਨੂੰ ਸਵੀਕਾਰ ਕੀਤਾ ਕਿ ਧਰਮ ਨੇ ਮੌਤ ਨੂੰ ਅਸਾਨ ਬਣਾ ਦਿੱਤਾ ਹੈ, ਪਰ ਇਹ ਵੀ ਕਿਹਾ ਹੈ ਕਿ ਗੈਰ-ਭਰੋਸੇਯੋਗ ਦਰਸ਼ਨ ਮਨੁੱਖ ਦੀ ਕਮਜ਼ੋਰੀ ਦੀ ਨਿਸ਼ਾਨੀ ਹੈ।

ਪ੍ਰਮਾਤਮਾ ਦੀ ਉਤਪਤੀ ਦੇ ਸਬੰਧ ਵਿਚ, ਮੇਰਾ ਵਿਚਾਰ ਇਹ ਹੈ ਕਿ ਆਦਮੀ ਨੇ ਆਪਣੀ ਕਲਪਨਾ ਵਿਚ ਪ੍ਰਮਾਤਮਾ ਤੱਦ ਨੂੰ ਬਣਾਇਆ ਜਦੋਂ ਉਸ ਨੇ ਆਪਣੀਆਂ ਕਮਜ਼ੋਰੀਆਂ, ਸੀਮਾਵਾਂ ਅਤੇ ਕਮਜ਼ੋਰੀਆਂ ਦਾ ਅਹਿਸਾਸ ਕੀਤਾ। ਇਸ ਤਰਾਂ ਉਨਾਂ ਨੇ ਸਾਰੇ ਮੁਸ਼ਕਲ ਹਾਲਾਤਾਂ, ਜੀਵਨ ਵਿੱਚ ਵਾਪਰਨ ਵਾਲੇ ਸਾਰੇ ਖ਼ਤਰਿਆਂ ਦਾ ਸਾਹਮਣਾ ਕਰਨ ਲਈ ਅਤੇ ਖੁਸ਼ਹਾਲੀ ਅਤੇ ਸੰਪੰਨਤਾ ਵਿੱਚ ਆਪਣੇ ਵਿਸਫੋਟ ਨੂੰ ਰੋਕਣ ਲਈ ਮਾਪਿਆਂ ਵਾਲੀ ਉਦਾਰਤਾ ਨਾਲ ਕਲਪਨਾ ਦੇ ਵੱਖੋ-ਵੱਖਰੇ ਰੰਗਾਂ ਵਿੱਚ ਰੰਗਿਆ ਹੋਇਆ ਹੈ। ਬਾਕੀ ਸਫ਼ਾ 31 'ਤੇ

# ਪੂੰਜੀਪਤੀ ਦੇਸ਼ ਨੂੰ ਖ਼ਰੀਦ ਰਹੇ ਹਨ ਜੇਕਰ ਸਭ ਕੁਝ ਇਹਨਾਂ ਦੇ ਹੱਥਾਂ ਵਿੱਚ ਚਲਿਆ ਗਿਆ ਤਾਂ ਫਿਰ ਭਾਰਤ ਆਜ਼ਾਦ ਦੇਸ਼ ਨਹੀਂ ਰਹੇਗਾ

## ਕਿਸਾਨ ਅੰਦੋਲਨ ਦਾ ਜੁਝਾਰੂ ਜਥੇਦਾਰ ਗੁਰਨਾਮ ਸਿੰਘ ਚਢੂਨੀ ਨਾਲ ਗੱਲਬਾਤ

**ਅੰਮ੍ਰਿਤਸਰ ਟਾਈਮਰ ਬਿਊਰੋ**

ਗੁਰਨਾਮ ਸਿੰਘ ਚਢੂਨੀ ਦਾ ਕਹਿਣਾ ਹੈ ਕਿ ਕਿਸਾਨ ਅੰਦੋਲਨ ਹੁਣ 'ਸਿਰਫ਼ ਕਿਸਾਨਾਂ ਦਾ ਨਹੀਂ ਰਿਹਾ ਅਤੇ ਹਰੇਕ ਤਬਕੇ ਤੱਕ ਫ਼ੈਲ ਚੁੱਕਿਆ ਹੈ।ਸ਼ਾਂਤਮਈ ਤਰੀਕੇ ਨਾਲ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਸਾਡੀਆਂ ਮੰਗਾਂ ਮੰਨੀਆਂ ਨਹੀਂ ਜਾਂਦੀਆਂ। ਸਾਲ 20 24 ਤੱਕ ਸਾਨੂੰ ਇਹ ਚਲਾਉਣਾ ਪਿਆ ਤਾਂ ਅਸੀਂ ਇਸ ਨੂੰ ਲੈ ਕੇ ਜਾਵਾਂਗੇ।' ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਕਿਸਾਨਾਂ ਨੂੰ ਦਿੱਲੀ ਦੇ ਬਾਰਡਰਾਂ ਉੱਪਰ ਬੈਠੇ ਕਿਸਾਨਾਂ ਨੂੰ ਤਿੰਨ ਮਹੀਨੇ ਤੋਂ ਵਧੇਰੇ ਸਮਾਂ ਹੋ ਚੁੱਕਿਆ ਹੈ। ਅਜਿਹੇ ਵਿੱਚ ਸਵਾਲ ਉੱਠ ਰਹੇ ਹਨ ਕਿ ਇਸ ਅਰਸੇ ਦੌਰਾਨ ਅੰਦੋਲਨ ਨੇ ਕੀ ਹਾਸਲ ਕੀਤਾ ਹੈ ਅਤੇ ਇਸ ਅੰਦੋਲਨ ਦਾ ਭਵਿੱਖ ਕੀ ਹੋਵੇਗਾ? ਚਢੂਨੀ ਨੇ ਇਸ ਸਬੰਧ ਵਿਚ ਦਲੀਲ ਨਾਲ ਜੁਆਬ ਦਿਤੇ ਹਨ।ਪੇਸ਼ ਹੈ ਗੱਲਬਾਤ ਦੇ ਮੁੱਖ ਅੰਸ਼।

**ਸਵਾਲ - ਤਿੰਨ ਮਹੀਨੇ ਬਾਅਦ ਕਿਸਾਨ ਅੰਦੋਲਨ ਨੂੰ ਕਿਸ ਤਰਾਂ ਦੇਖ ਰਹੇ ਹੋ ?**

ਜਵਾਬ – ਇਹ ਅੰਦੋਲਨ ਕਿਸਾਨਾਂ ਤੋਂ ਸ਼ੁਰੂ ਹੋਇਆ ਸੀ, ਅੱਜ ਬੁੱਧੀਜੀਵੀ, ਅਧਿਕਾਰੀ ਅਤੇ ਸਮਾਜ ਦੇ ਹੋਰਨਾਂ ਵਰਗਾਂ ਤੱਕ ਫੈਲ ਗਿਆ ਹੈ। ਵਿਦੇਸ਼ਾਂ ਵਿੱਚ ਵੀ ਇਸ ਦੀ ਗੂੰਜ ਹੈ, ਇਹ ਅੰਦੋਲਨ ਦੀ ਉਪਲਬਧੀ ਹੈ। ਦੂਜੀ ਗੱਲ ਬੀਜੇਪੀ ਅਤੇ ਹੋਰ ਰਾਜਨੀਤਿਕ ਪਾਰਟੀਆਂ ਨੇ ਸਾਡੇ ਦਰਮਿਆਨ ਜਾਤੀਵਾਦ ਅਤੇ ਧਰਮ ਦੀ ਫੁੱਟ ਪਾਈ ਸੀ, ਉਹ ਖ਼ਤਮ ਹੋ ਗਈ ਹੈ, ਭਾਈਚਾਰਾ ਮੁੜ ਤੋਂ ਕਾਇਮ ਹੋ ਗਿਆ ਹੈ। ਇੱਥੇ ਲੰਗਰ ਸਾਰੇ ਇੱਕ ਥਾਂ ਉੱਤੇ ਬੈਠ ਕੇ ਖਾ ਰਹੇ ਹਨ ਬਿਨਾਂ ਕਿਸੇ ਫ਼ਰਕ ਦੇ।

ਹੁਣ ਗੱਲ ਸਾਡੀਆਂ ਮੰਗਾਂ ਦੀ, ਸਰਕਾਰ ਅੜੀ ਹੋਈ ਹੈ ਅਤੇ ਉਹ ਚਾਹੁੰਦੀ ਹੈ ਕਿ ਕਿਸਾਨ ਥੱਕ ਕੇ ਅਤੇ ਅੱਕ ਇੱਥੋਂ ਚਲੇ ਜਾਣਗੇ ਪਰ ਅਸੀਂ ਪਹਿਲਾਂ ਹੀ ਛੇ ਮਹੀਨੇ ਦੀ ਤਿਆਰੀ ਨਾਲ ਇੱਥੇ ਆਏ ਹਾਂ। ਸਾਨੂੰ ਸਰਕਾਰ ਦੇ ਰਵੀਏ ਦਾ ਪਤਾ ਸੀ, ਇਸ ਕਰ ਕੇ ਸਾਨੂੰ ਅਜੇ ਕਰੀਬ ਤਿੰਨ ਮਹੀਨੇ ਹੋਏ ਹਨ ਅਤੇ ਢਾਈ ਮਹੀਨੇ ਹੋਰ ਬੈਠਣ ਦੀ ਸਾਡੀ ਸਮਰੱਥ ਹੈ।

**ਸਵਾਲ - ਕੀ ਢਾਈ ਮਹੀਨੇ ਬਾਅਦ ਸਰਕਾਰ ਤੁਹਾਡੀਆਂ ਮੰਗਾਂ ਮੰਨ ਲਵੇਗੀ ?**

ਜਵਾਬ – ਦੇਖੋ ਜੇਕਰ ਸਰਕਾਰ ਨੇ ਇਸ ਸਮੇਂ ਤੱਕ ਮੰਗਾਂ ਉੱਤੇ ਗ਼ੌਰ ਨਹੀਂ ਕੀਤਾ ਤਾਂ ਵੀ ਅਸੀਂ ਇੱਥੇ ਜਾਣ ਵਾਲੇ ਨਹੀਂ ਹਾਂ। ਜਿਵੇਂ ਬੀਜੇਪੀ ਬੋਲ ਰਹੀ ਹੈ ਕਿ ਸਾਨੂੰ ਪਾਕਿਸਤਾਨ, ਚੀਨ ਤੋਂ ਬਹੁਤ ਫ਼ੰਡ ਆ ਰਿਹਾ ਹੈ, ਤਾਂ ਫਿਰ ਸਾਨੂੰ ਇੱਥੋਂ ਜਾਣ ਦੀ ਕੀ ਲੋੜ ਹੈ। ਘਰ ਜਾ ਕੇ ਵੀ ਅਸੀਂ ਬੈਠਣਾ ਹੀ ਹੈ ਫਿਰ ਇੱਥੇ ਬੈਠਣ ਵਿੱਚ ਕੀ ਫ਼ਰਕ ਪੈਂਦਾ ਹੈ।

**ਸਵਾਲ - ਅੰਦੋਲਨ ਦਾ ਭਵਿੱਖ ਕੀ ਹੈ ?**

ਜਵਾਬ – ਸ਼ਾਂਤਮਈ ਤਰੀਕੇ ਨਾਲ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਸਾਡੀਆਂ ਮੰਗਾਂ ਮੰਨੀਆਂ ਨਹੀਂ ਜਾਂਦੀਆਂ। ਸਾਲ 2024 ਤੱਕ ਸਾਨੂੰ ਇਹ ਚਲਾਉਣਾ ਪਿਆ ਤਾਂ ਅਸੀਂ ਇਸ ਨੂੰ ਲੈ ਕੇ ਜਾਵਾਂਗੇ।

**ਸਵਾਲ - 2024 ਤੱਕ ਹੀ ਕਿਉਂ ?**

ਜਵਾਬ – 2024 ਵਿੱਚ ਦੇਸ਼ ਵਿੱਚ ਆਮ ਚੋਣਾਂ ਹਨ, ਜੇਕਰ ਸਰਕਾਰ ਉਦੋਂ ਤੱਕ ਮੰਨਦੀ ਹੈ ਤਾਂ ਠੀਕ ਹੈਠ ਨਹੀਂ ਇਸ ਨੂੰ ਸੱਤਾ ਤੋਂ ਬਾਹਰ ਕਰਾਂਗੇ। ਜੇਕਰ ਕੋਈ ਨਵੀਂ ਸਰਕਾਰ ਸੱਤਾ ਵਿੱਚ ਆ ਕੇ ਕਾਨੂੰਨ ਬਦਲਦੀ ਹੈ ਤਾਂ ਠੀਕ ਹੈ ਨਹੀਂ ਤਾਂ ਇਹ ਅੰਦੋਲਨ ਚਲਦਾ ਰਹੇਗਾ।

**ਸਵਾਲ - ਜੇਕਰ ਨਵੀਂ ਸਰਕਾਰ ਨੇ ਵੀ ਮੰਗਾਂ ਨਹੀਂ ਮੰਨੀਆਂ ਤਾਂ ?**

ਜਵਾਬ – ਮੇਰੇ ਖ਼ਿਆਲ ਨਾਲ ਮੰਗਾਂ ਵੱਲ ਜ਼ਰੂਰ ਗ਼ੌਰ ਹੋਵੇਗਾ ਕਿਉਂਕਿ ਜੇਕਰ ਅਜਿਹਾ ਨਹੀਂ ਹੋਇਆ ਅਤੇ ਜੇਕਰ ਅੰਦੋਲਨ 2024 ਤੱਕ ਜਾਵੇਗਾ ਤਾਂ ਇਨਾਂ ਚੋਣਾਂ ਵਿੱਚ ਸਭ ਤੋਂ ਵੱਡਾ ਮੁੱਦਾ ਕਿਸਾਨੀ ਹੋਵੇਗਾ।

**ਸਵਾਲ -ਕੀ ਇਸ ਅੰਦੋਲਨ ਤੋਂ ਕੋਈ ਰਾਜਨੀਤਿਕ ਦਲ ਪੈਦਾ ਹੋਵੇਗਾ?**

ਜਵਾਬ – ਅੰਦੋਲਨ ਵਿੱਚੋਂ ਰਾਜਨੀਤਿਕ ਦਲ ਪਹਿਲਾਂ ਨਿਕਲੇ ਹਨ ਪਰ ਇੱਥੇ ਕੁਝ ਹੋਵੇਗਾ, ਇਸ ਉੱਤੇ ਮੈ ਅਜੇ ਕੁਝ ਨਹੀਂ ਕਹਿ ਸਕਦਾ। ਫ਼ਿਲਹਾਲ ਸਾਡਾ ਮਕਸਦ ਅੰਦੋਲਨ ਕਰਨਾ ਹੈ, ਇਸ ਨੂੰ ਅੱਗੇ ਲੈ ਕੇ ਜਾਣਾ ਹੈ ਅਤੇ ਸਰਕਾਰ ਤੋਂ ਮੰਗਾਂ ਮਨਾਉਣਾ ਹੈ।

**ਸਵਾਲ -ਗਰਮੀ ਦੇ ਮੌਸਮ ਵਿਚ ਕੀ ਬੰਦੋਬਸਤ ਇੱਥੇ ਕਰ ਰਹੇ ਹੋ**

ਜਵਾਬ – ਦੇਖੋ ਇਹ ਅੰਦੋਲਨ ਗਰਮੀ ਵਿੱਚ ਹੀ ਸ਼ੁਰੂ ਹੋਇਆ ਸੀ। ਹੁਣ ਗਰਮੀ ਆ ਰਹੀ ਹੈ ਕਿਸਾਨ ਇਸ ਦਾ ਬੰਦੋਬਸਤ ਕਰ ਰਹੇ ਹਨ। ਕਿਸਾਨ ਆਪਣੀ ਜੇਬ ਦੇ ਮੁਤਾਬਕ ਏ ਸੀ ਵੀ ਲਗਾਉਣਗੇ, ਪੱਖਿਆਂ ਅਤੇ ਕੂਲਰਾਂ ਦਾ ਬੰਦੋਬਸਤ ਵੀ ਕਰਨਗੇ। ਸੜਕ ਉੱਤੇ ਅਸੀਂ



ਬੈਠੇ ਹਾਂ ਤਾਪਮਾਨ ਵਧੇਗਾ, ਸੜਕ ਗਰਮ ਹੋਵੇਗੀ ਉੱਪਰ ਤੋਂ ਧੁੱਪ ਹੋਵੇਗੀ, ਪਰ ਕਿਸਾਨ ਇਸ ਨੂੰ ਬਰਦਾਸ਼ਤ ਕਰਨਗੇ।

**ਸਵਾਲ - ਹਰਿਆਣਾ ਸਰਕਾਰ ਵਿਧਾਨ ਸਭਾ ਵਿੱਚ ਵਿਸ਼ਵਾਸ ਮਤ ਹਾਸਲ ਕਰ ਗਏ ਇਸ ਉੱਤੇ ਤੁਹਾਡੀ ਹੁਣ ਕੀ ਟਿੱਪਣੀ ਹੈ ?**

ਜਵਾਬ – ਹਰਿਆਣਾ ਸਰਕਾਰ ਵਿਧਾਨ ਵਿੱਚ ਤਾਂ ਮਤ ਹਾਸਲ ਕਰ ਗਈ ਪਰ ਉਹ ਕਿਸਾਨਾਂ ਅਤੇ ਜਨਤਾ ਦਾ ਵਿਸ਼ਵਾਸ ਗੁਆ ਚੁੱਕੀ ਹੈ।

**ਸਵਾਲ - ਸਰਕਾਰ ਨੇ ਕਈ ਤਜਵੀਜ਼ਾਂ ਤੁਹਾਨੂੰ ਦਿੱਤੀਆਂ ਹਨ ਕਿਉਂ ਨਹੀਂ ਤੁਸੀਂ ਸਰਕਾਰ ਉੱਤੇ ਭਰੋਸਾ ਕਰ ਰਹੇ ?**

ਜਵਾਬ – ਵਿਸ਼ਵਾਸ ਦੁਨੀਆ ਵਿੱਚ ਸਭ ਤੋਂ ਵੱਡੀ ਚੀਜ਼ ਹੈ, ਜੇਕਰ ਇਹ ਖ਼ਤਮ ਹੋ ਗਿਆ ਤਾਂ ਇਨਸਾਨ ਦੇ ਕੋਲ ਕੁਝ ਨਹੀਂ ਬਚਦਾ। ਪ੍ਰਧਾਨ ਮੰਤਰੀ ਜੀ ਉੱਤੋਂ ਲੋਕਾਂ ਦਾ ਵਿਸ਼ਵਾਸ ਖ਼ਤਮ ਹੋ ਗਿਆ ਹੈ। ਹੁਣ ਤਜਵੀਜ਼ਾਂ ਦੀ ਗੱਲ ਜੋ ਸਰਕਾਰ ਨੇ ਸਾਨੂੰ ਭੇਜੀਆਂ ਹਨ, ਉਹ ਮੰਨਣ ਦੇ ਯੋਗ ਨਹੀਂ ਹੈ। ਸਰਕਾਰ ਆਖ ਰਹੀ ਹੈ ਕਿ ਡੇਢ ਸਾਲ ਤੱਕ ਕਾਨੂੰਨ ਸਸਪੈਂਡ ਕਰ ਦਿੰਦੇ ਹਾਂ, ਕੀ ਅਸੀਂ ਇਸ ਤੋਂ ਬਾਅਦ ਫਿਰ ਅੰਦੋਲਨ ਕਰਾਂਗੇ।

ਦੂਜੀ ਗੱਲ ਜਦੋਂ ਕਿਸਾਨ ਨੇ ਨਵੇਂ ਕਾਨੂੰਨ ਮੰਗੇ ਹੀ ਨਹੀਂ ਤਾਂ ਫਿਰ ਸਰਕਾਰ ਇਨਾਂ ਨੂੰ ਲਾਗੂ ਕਿਉਂ ਕਰ ਰਹੀ ਹੈ। ਇਹ ਕਾਨੂੰਨ ਸਾਡੇ ਉੱਤੇ ਥੋਪੇ ਜਾ ਰਹੇ ਹਨ । ਇਕੱਲਾ ਕਿਸਾਨ ਹੀ ਨਹੀਂ ਸਗੋਂ ਮਜ਼ਦੂਰ ਵੀ ਇਸ ਅੰਦੋਲਨ ਦੇ ਹੱਕ ਵਿੱਚ ਹੈ।ਸਰਕਾਰ ਖੇਤੀਬਾੜੀ ਨੂੰ ਐਗਰੋ ਬਿਜ਼ਨਸ ਬਣਾ ਕੇ ਕਾਰਪੋਰੇਟ ਦੇ ਹੱਥ ਵਿੱਚ ਦੇਣਾ ਚਾਹੁੰਦੀ ਹੈ। 60 ਫ਼ੀਸਦੀ ਲੋਕਾਂ ਦਾ ਰੋਜ਼ਗਾਰ ਇਸ ਨਾਲ ਜੁੜਿਆ ਹੋਇਆ ਹੈ ਜੇਕਰ ਇਹ ਕਾਰਪੋਰੇਟ ਦੇ ਹੱਥਾਂ ਵਿੱਚ ਚਲੇ ਗਿਆ ਤਾਂ ਦੇਸ਼ ਭੁੱਖ ਮਰੇਗਾ ਅਤੇ ਇਹ ਦੇਸ਼ ਨੂੰ ਬਚਾਉਣ ਦਾ ਸਵਾਲ ਹੈ।

**ਸਵਾਲ- ਕੀ ਕਿਸਾਨ ਆਗੂਆਂ ਨੇ ਲੋਕਾਂ ਨੂੰ ਅੰਦੋਲਨ ਤੋਂ ਜ਼ਿਆਦਾ ਉਮੀਦਾਂ ਨਹੀਂ ਦਿਖਾ ਦਿੱਤੀਆਂ, ਜਿਸ ਤੋਂ ਹੁਣ ਤੁਹਾਨੂੰ ਵੀ ਪਿੱਛੇ ਹਟਣਾ ਔਖਾ ਹੋ ਰਿਹਾ ਹੈ ?**

ਜਵਾਬ – ਸਾਨੂੰ ਇਸ ਤੋਂ ਕੋਈ ਦਿੱਕਤ ਨਹੀਂ ਹੈ, ਅਸੀਂ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹਾਂ।

**ਸਵਾਲ - ਤੁਸੀਂ ਸਰਕਾਰ ਤੋਂ ਆਖ਼ਰ ਚਾਹੁੰਦੇ ਕੀ ਹੈ ?**

ਜਵਾਬ – ਅਸੀਂ ਸਪਸ਼ਟ ਤੌਰ ਉੱਤੇ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣਾ ਚਾਹੁੰਦੇ ਹਾਂ। ਜੇਕਰ ਸਰਕਾਰ ਅਜਿਹਾ ਕਰਦੀ ਹਾਂ ਤਾਂ ਇਸ ਨਾਲ ਉਸ ਨੂੰ ਨੁਕਸਾਨ ਦੀ ਥਾਂ ਫ਼ਾਇਦਾ ਹੀ ਹੋਵੇਗਾ।

ਗੱਲ ਹੁਣ ਕਾਨੂੰਨ ਤੱਕ ਹੀ ਸੀਮਤ ਨਹੀਂ ਹੈ, ਇਨਾਂ ਕਾਨੂੰਨ ਤੋਂ ਪਹਿਲਾਂ ਵੀ ਕਿਸਾਨ-ਮਜ਼ਦੂਰ ਦੀ ਜ਼ਿੰਦਗੀ ਆਸਾਨ ਨਹੀਂ ਸੀ।

ਪਿਛਲੇ 20 ਸਾਲਾਂ ਤੋਂ ਕਿਸਾਨ ਸਿਰਫ਼ ਕਰਜ਼ੇ ਦੇ ਕਾਰਨ ਹੀ ਖੁਦਕੁਸ਼ੀਆਂ ਕਰ ਰਹੇ ਗਏ ਹਨ। ਕਾਨੂੰਨ ਰੱਦ ਹੋਣ ਨਾਲ ਵੀ ਕਿਸਾਨੀ ਸੰਕਟ ਖ਼ਤਮ ਨਹੀਂ ਹੋਵੇਗਾ ਪਰ ਇਸ ਨਾਲ ਸਮੱਸਿਆਵਾਂ ਸਮਾਪਤ ਹੋਣ ਦੀ ਉਮੀਦ ਲੋਕਾਂ ਵਿੱਚ ਜ਼ਰੂਰ ਪੈਦਾ ਹੋਵੇਗੀ।

ਪੂੰਜੀਪਤੀ ਦੇਸ਼ ਨੂੰ ਖ਼ਰੀਦ ਰਹੇ ਹਨ ਜੇਕਰ ਸਭ ਕੁਝ ਇਨਾਂ ਦੇ ਹੱਥਾਂ ਵਿੱਚ ਚਲਿਆ ਗਿਆ ਤਾਂ ਫਿਰ ਭਾਰਤ ਆਜ਼ਾਦ ਦੇਸ਼ ਨਹੀਂ ਰਹੇਗਾ।

**ਸਵਾਲ - ਤੁਸੀਂ ਪੱਛਮੀ ਬੰਗਾਲ ਕਿਉਂ ਜਾ ਰਹੇ ਹੋ, ਜੇਕਰ ਉੱਥੋਂ ਦੇ ਚੋਣ ਨਤੀਜੇ ਤੁਹਾਡੇ ਮੁਤਾਬਕ ਨਾ ਆਏ ਤਾਂ ਇਸ ਦਾ ਅਸਰ ਅੰਦੋਲਨ ਉੱਤੇ ਨਹੀਂ ਪਵੇਗਾ ?**

ਜਵਾਬ – ਇਹ ਲੜਾਈ ਹੈ ਦੋਵਾਂ ਧਿਰਾਂ ਵਿੱਚ ਇੱਕ ਦਾ ਨੁਕਸਾਨ ਹੋ ਸਕਦਾ ਹੈ, ਸਾਡਾ ਵੀ ਅਤੇ ਬੀਜੇਪੀ ਦਾ ਵੀ। ਸਾਡਾ ਕੰਮ ਹੈ ਲੜਨਾ ਜੋ ਅਸੀਂ ਕਰ ਰਹੇ ਹਾਂ ਬਾਕੀ ਫਲ ਤਾਂ ਉੱਪਰ ਵਾਲੇ ਨੇ ਦੇਣਾ ਹੈ।

**ਸਵਾਲ - ਤੁਸੀਂ ਬੀਜੇਪੀ ਦੇ ਆਗੂਆਂ ਨੂੰ ਹਰਿਆਣਾ ਦੇ ਪਿੰਡਾਂ ਵਿੱਚ ਕਿਉਂ ਨਹੀਂ ਦਾਖਲ ਹੋਣ ਦੇ ਰਹੇ ?**

ਜਵਾਬ- ਅਸੀਂ 70 ਸਾਲਾਂ ਤੋਂ ਰਾਜਨੀਤਿਕ ਆਗੂਆਂ ਨੂੰ ਵੋਟ ਦਿੰਦੇ ਆ ਰਹੇ ਹਾਂ, ਅਸੀਂ ਸਿਰਫ਼ ਇੱਕ ਵਾਰ ਇਹਨਾਂ ਨੂੰ ਆਪਣੇ ਹੱਕ ਵਿੱਚ ਹੋਕਾ ਦੇਣ ਦੀ ਅਪੀਲ ਕੀਤੀ, ਉਹ ਵੀ ਆਪਣੇ ਲਈ ਨਹੀਂ ਸਗੋਂ ਦੇਸ਼ ਅਤੇ ਲੋਕਾਂ ਦੇ ਲਈ ਪਰ ਇਨਾਂ ਨੇ ਇੱਕ ਵਾਰ ਵੀ ਸਾਡੀ ਹਮਾਇਤ ਨਹੀਂ ਕੀਤੀ।

ਫਿਰ ਇਹ ਸਾਡੇ ਕੀ ਲਗਦੇ ਹਨ, ਕਿਉਂ ਅਸੀਂ ਇਨਾਂ ਨੂੰ ਪਿੰਡਾਂ ਵਿੱਚ ਵੜਨ ਦੇਈਏ। ਮੈਂ ਹਰਿਆਣਾ ਦੇ ਲੋਕਾਂ ਨੂੰ ਵਧਾਈ ਦਿੰਦਾ ਹਾਂ ਕਿ ਇਹ ਆਗੂਆਂ ਨੂੰ ਭਜਾ ਰਹੇ ਹਨ। ਬੱਸ ਸਾਰਿਆਂ ਨੂੰ ਇੱਕ ਹੀ ਅਪੀਲ ਹੈ ਕਿ ਕਿਸੇ ਨੂੰ ਗ਼ਲਤ ਨਾ ਬੋਲਣ।

# ਫਜ਼ੂਲ ਦੀਆਂ ਰਸਮਾਂ ਨੇ ਖੁਸ਼ੀਆਂ ਤੋਂ ਸੱਖਣੇ ਕਰ ਦਿੱਤੇ ਵਿਆਹ



**ਹਰਕੀਰਤ ਕੌਰ**
੯੭੭੯੧੧੮੦੬੬

**ਵਿਰਸਾ**

ਸ਼ਾਦੀ, ਵਿਆਹ ਕਹਿਣ ਨੂੰ ਤਾਂ ਸਿਰਫ਼ ਦੋ ਜਾਂ ਤਿੰਨ ਅੱਖਰਾਂ ਦਾ ਸ਼ਬਦ ਹੈ, ਪ੍ਰੰਤੂ ਇਸ ਦਾ ਅਰਥ ਬੜਾ ਡੂੰਘਾ ਹੈ। ਇਹ ਇੱਕ ਪਵਿੱਤਰ ਸਮਾਜਿਕ ਰਸਮ ਹੈਂ, ਜਿਸ ਰਾਹੀਂ ਦੋ ਰੂਹਾਂ ਦਾ ਮਿਲਣ ਹੁੰਦਾ ਹੈ। ਹਿੰਦੁਸਤਾਨ ਦੇ ਪੁਰਾਣੇ ਰੀਤੀ ਰਿਵਾਜ਼ ਘੋਖਣ ਤੇ ਪਤਾ ਲਗਦਾ ਹੈ ਕਿ ਪਹਿਲਾਂ ਵਿਆਹ ਬੜੇ ਚਾਅ ਨਾਲ ਕੀਤੇ ਜਾਂਦੇ ਸਨ। ਲੜਕੇ ਦੇ ਵਿਆਹ ਸਮੇਂ ਉਸ ਦੀ ਮਾਂ ਪਿੰਡ ਦੀਆਂ ਸੱਤ ਸੁਹਾਗਣਾਂ ਨੂੰ ਆਪਣੇ ਘਰੇ ਇੱਜ਼ਤ ਨਾਲ ਰੋਟੀ ਦਾ ਸੱਦਾ ਦਿੰਦੀ ਸੀ ਅਤੇ ਸੁਹਾਗਣਾਂ ਤੋਂ ਅਨਾਜ਼ ਦੇ ਦਾਣਿਆਂ ਦੀਆਂ ਸੱਤ ਸੱਤ ਮੁੱਠੀਆਂ ਭਰਵਾ ਭਰਵਾ ਘਰ ਵਿੱਚ ਵਿਸ਼ੇਸ਼ ਤੌਰ ਤੇ ਰੱਖੀਆਂ ਸੱਤ ਚੱਕੀਆਂ ਵਿੱਚ ਦਾਣੇ ਪੁਆ ਆਟਾ ਪਿਸਾਉਣ ਦਾ ਕੰਮ ਆਰੰਭ ਕਰਵਾਇਆ ਜਾਂਦਾ ਸੀ। ਪੁਰਾਣੇ ਸਮਿਆਂ ਵਿੱਚ ਲੜਕੀ ਵਾਲਿਆਂ ਵੱਲੋਂ ਸਾਹੇ ਦੀ ਚਿੱਠੀ ਤੇ ਨਿਸ਼ਾਨੀ ਵੱਜੋਂ ਕੇਸਰ ਛਿੜਕਿਆ ਹੁੰਦਾ ਸੀ, ਇਹ ਚਿੱਠੀ ਲਾੜੇ ਦੇ ਪਰਿਵਾਰ ਵਾਲਿਆਂ ਨੂੰ ਬਤੌਰ ਸ਼ੁੱਭ ਰਸਮ ਭੇਜੀ ਜਾਂਦੀ ਸੀ। ਇਹ ਵਿਆਹ ਦੀ ਸ਼ੁਰੂਆਤ ਦਾ ਪਵਿੱਤਰ ਸ਼ਗਨ ਮੰਨਿਆ ਜਾਂਦਾ ਸੀ। ਉਨਾਂ ਦਿਨਾਂ ਵਿੱਚ ਬਰਾਤ ਤਿੰਨ ਤਿੰਨ, ਚਾਰ ਚਾਰ ਦਿਨ ਰਹਿੰਦੀ ਸੀ, ਸਾਰਾ ਪਿੰਡ ਉਸ ਦੀ ਇੱਜ਼ਤ ਭਾਵ ਸੇਵਾ ਕਰਦਾ, ਬਰਾਤੀਆਂ ਤੇ ਫੁੱਲਾਂ ਦੀ ਵਰਖਾ ਕੀਤੀ ਜਾਂਦੀ, ਉਨਾਂ ਨੂੰ ਜ਼ਮੀਨ ਤੇ ਪੰਗਤਾਂ ਵਿੱਚ ਬਿਠਾ ਕੇ ਘਿਉ ਸ਼ੱਕਰ ਖਾਣ ਨੂੰ ਦਿੱਤੀ ਜਾਂਦੀ, ਰੰਗ ਤਮਾਸ਼ੇ ਹੁੰਦੇ। ਪਹਿਲਾਂ ਸ਼ਾਦੀ ਵਾਲੀ ਕੁੜੀ ਨੂੰ ਸਾਰੇ ਪਿੰਡ ਦੀ ਧੀ ਸਮਝਿਆ ਜਾਂਦਾ ਸੀ। ਸਾਰਾ ਪਿੰਡ ਰਲ ਮਿਲ ਵਿਆਹ ਵਿੱਚ ਹਿੱਸਾ ਲੈਂਦਾ ਸੀ, ਪਿੰਡ ਵਿਚੋਂ ਦੁੱਧ, ਘਿਉ ਸਾਂਝਾ ਇਕੱਠਾ ਹੋ ਜਾਂਦਾ। ਪੁਰਾਣੇ ਸਮਿਆਂ ਵਿੱਚ ਲਾੜੇ ਵਾਲਿਆਂ ਦੀ ਤਰਫੋਂ ਸਿਹਰਾ ਪੜਨ ਦਾ ਰਿਵਾਜ਼ ਹੁੰਦਾ ਸੀ, ਜਿਸ ਨੂੰ ਸੁਣ ਕੇ ਲੜਕੇ ਦੇ ਰਿਸ਼ਤੇਦਾਰ ਉਸ ਦੇ ਸਿਰ ਤੋਂ ਰੁਪਏ ਵਾਰ ਵਾਰ ਸਿਹਰਾ ਪੜਨ ਵਾਲੇ ਨੂੰ ਦਿੰਦੇ ਸਨ। ਪਰ ਅੱਜ ਕੱਲ ਪੈਸੇ ਦੀ ਲੋੜ ਤੇ ਝੂਠੇ ਵਿਖਾਵੇ, ਲੈਣ ਦੇਣ ਦੇ ਰਿਵਾਜ਼ਾਂ ਤੇ ਝੂਠੀ ਸ਼ਾਨ ਨੇ ਵਿਆਹ ਦੇ ਅਰਥ ਹੀ ਬਦਲ ਕੇ ਰੱਖ ਦਿੱਤੇ ਹਨ। ਅੱਜ ਵਿਆਹ ਦੇ ਸਮਾਗਮ ਘਰਾਂ ਦੀਆਂ ਬਰੂਹਾਂ ਤੋਂ ਨਿਕਲ ਹੋਟਲਾਂ, ਮੈਰਿਜ ਪੈਲਿਸਾਂ ਵਿੱਚ ਚਲੇ ਗਏ ਹਨ। ਇਹ ਗੱਲ ਤਾਂ ਠੀਕ ਹੈ ਕਿ ਸਮੇਂ ਦੇ ਨਾਲ ਨਾਲ ਦੁਨੀਆਂ ਬਦਲ ਗਈ ਹੈ। ਲੋਕੀਂ ਲੱਖਾਂ ਕਰੋੜਾਂ ਰੁਪਏ ਲਗਾ ਕੇ ਮਹਿੰਗੀਆਂ ਤੋਂ ਮਹਿੰਗੀਆਂ ਸ਼ਾਦੀਆਂ ਕਰ ਰਹੇ ਹਨ, ਪਰ ਮੇਰੇ ਖਿਆਲ ਨਾਲ ਇਸ ਚੱਲ ਰਹੇ ਨਵੇਂ ਰਿਵਾਜ਼ਾਂ ਨਾਲ ਆਪਸੀ ਪਿਆਰ ਘੱਟ ਰਿਹਾ ਹੈ। ਪੈਸੇ ਦੀ ਦੌੜ, ਖੋਖਲੀ ਸ਼ਾਨ ਤੇ ਹਉਮੈ ਕਾਰਨ ਰਿਸ਼ਤੇ ਨਹੀਂ ਨਿਭ ਰਹੇ। ਵਿਆਹਾਂ ਵਿੱਚ ਹੁੰਦੀ ਫਜ਼ੂਲ ਦੀ ਖਰਚੇਬਾਜ਼ੀ ਗਰੀਬ ਤੇ ਮੱਧਵਰਗੀ ਲੋਕਾਂ ਉੱਪਰ ਬੇਲੋੜੀਆਂ ਚੀਜ਼ਾਂ ਜਾਂ ਰਸਮਾਂ ਦਾ ਬੋਝ ਵਧਾ ਦਿੰਦੀ ਹੈ। ਅਜਿਹੇ ਲੋਕ ਆਮ ਹੀ ਦੇਖਣ ਨੂੰ ਮਿਲ ਜਾਂਦੇ ਹਨ ਜੋ ਫੋਕੀ ਵਾਹ ਵਾਹ ਲਈ ਵਿਆਹ ਕਰਨ ਲਈ ਕਰਜ਼ਾ ਤੱਕ ਚੁੱਕ ਲੈਂਦੇ ਹਨ। ਬੀਤੇ ਸਾਲ ਕਰੋਨਾ ਮਹਾਂਮਾਰੀ ਕਾਰਨ ਇੱਕ ਬਹੁਤਾਤ ਵਿਆਹ ਬਿਨਾ ਕਿਸੇ ਖਰਚੇ ਤੇ ਬੇਲੋੜੇ ਰਿਵਾਜ਼ਾਂ ਤੋਂ ਬਿਨਾ ਹੋਏ, ਜਿਸ ਰਾਹੀਂ ਸਮਾਜ ਵਿੱਚ ਇੱਕ ਬਹੁਤ ਸੋਹਣਾ ਸੁਨੇਹਾ ਗਿਆ ਕਿ ਬੇਲੋੜੇ ਖਰਚੇ ਤੋਂ ਬਚ ਕੇ ਵੀ ਅਸੀਂ ਵਿਆਹ ਵਰਗੇ ਪ੍ਰੋਗਰਾਮ ਕਰ ਸਕਦੇ ਹਾਂ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਸਾਡੇ ਕੋਲ ਦਿਖਾਵਾ ਅਤੇ ਫੋਕੀ ਵਾਹ ਵਾਹ ਤੋਂ ਇਲਾਵਾ ਕੁਝ ਵੀ ਨਹੀਂ ਹੈ। ਵਿਆਹਾਂ ਉੱਪਰ ਹੁੰਦੀ ਫਜ਼ੂਲਖਰਚੀ ਸਮਾਜ ਉੱਪਰ ਤਾਂ ਬੁਰਾ ਅਸਰ ਕਰਦੀ ਹੀ ਹੈ ਨਾਲ ਦੀ ਨਾਲ ਘਰ ਦੇ ਵੱਡੇ ਮੈਂਬਰਾਂ ਲਈ ਚਿੰਤਾਵਾਂ, ਪ੍ਰੇਸ਼ਾਨੀਆਂ ਅਤੇ ਮਾਨਸਿਕ ਰੋਗਾਂ ਦੀ ਜੜ ਵੀ ਸਾਬਤ ਹੁੰਦੀ ਹੈ। ਵਿਆਹਾਂ ਉੱਪਰ ਚੱਲਣ ਵਾਲੇ ਡੀ.ਜੇ ਦੇ ਸ਼ੋਰ ਪ੍ਰਦੂਸ਼ਣ ਨੂੰ ਫੈਲਾਉਣ ਵਿੱਚ ਆਪਣਾ ਬਹੁਤ ਵੱਡਾ ਹਿੱਸਾ ਪਾਉਂਦੇ ਹਨ। ਇਸ ਤੋਂ ਇਲਾਵਾ ਹਥਿਆਰਾਂ ਦੀ ਕੀਤੀ ਜਾਣ ਵਾਲੀ ਬੇਲੋੜੀ ਵਰਤੋਂ ਵੀ ਕੁਝ ਚੰਗੇ ਸੰਕੇਤ ਨਹੀਂ ਦਿੰਦੀ। ਵਿਆਹ ਵਿੱਚ ਚੱਲਣ ਵਾਲੀਆਂ ਗੋਲੀਆਂ ਕਾਰਨ ਬਹੁਤ ਸਾਰੇ ਖੁਸ਼ੀਆਂ ਦੇ ਦਿਨ ਮਾਤਮ ਵਿੱਚ ਤਬਦੀਲ ਹੋਏ ਹਨ।

ਸਾਡਾ ਪੰਜਾਬੀ ਸੱਭਿਆਚਾਰ ਸਾਦਗੀ ਦਾ ਪ੍ਰਤੀਕ ਹੈ, ਇਸੇ ਲਈ ਪੰਜਾਬੀ ਸੱਭਿਆਚਾਰ ਦੁਨੀਆਂ ਦਾ ਵਿਲੱਖਣ ਸੱਭਿਆਚਾਰ ਹੈ। ਹਰ ਖੁਸ਼ੀ ਗਮੀ, ਤਿਉਹਾਰ ਮੇਲੇ ਆਦਿ ਦੀਆਂ ਰਸਮਾਂ ਪੰਜਾਬੀ ਸੱਭਿਆਚਾਰ ਦਾ ਹੀ ਹਿੱਸਾ ਹਨ। ਫੋਕੀਆਂ ਸ਼ਾਨਾਂ ਤੇ ਵਾਹ ਵਾਹ ਬਦਲੇ ਆਪਣੇ ਸੱਭਿਆਚਾਰ ਦੀ ਸਾਦਗੀ ਤੇ ਸੰਜੀਦਗੀ ਨੂੰ ਢਾਹ ਨਾ ਲਾਈਏ। ਵਿਆਹਾਂ ਵਿੱਚ ਸਾਦਗੀ ਤੇ ਆਪਣਾਪਣ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਝੂਠੇ ਦਿਖਾਵੇ ਤੇ ਫੋਕੀਆਂ ਰਸਮਾਂ ਤੋਂ ਉੱਪਰ ਉੱਠ ਰਿਸ਼ਤਿਆਂ ਵਿੱਚ ਪਿਆਰ ਤੇ ਸਨੇਹ ਦੀ ਭਾਜੀ ਪਾਈ ਜਾਵੇ।

# ... ਤੇ ਕੰਧ ਬੋਲ ਪਈ

ਮਨਦੀਪ ਰਿੰਪੀ

ਸੋਨੀਆ ਦੀ ਬੰਦ ਮੁੱਠੀ ਅੱਜ ਸਭ ਦੇ ਸਾਹਮਣੇ ਖੁੱਲ ਗਈ। ਜਿਸ ਮੁੱਠੀ ਵਿਚ ਉਹ ਆਪਣੇ ਹਉਕਿਆਂ, ਹਾਵਿਆਂ, ਨਿੱਤ ਦੇ ਕਲੇਸ਼ ਨੂੰ ਬੰਦ ਕਰੀ ਬੈਠੀ ਸੀ। ਉਸ ਨੇ ਅੱਜ ਤੀਕ ਕਦੇ ਗੁਆਂਢ ਨੂੰ ਵੀ ਪਤਾ ਨਹੀਂ ਸੀ ਲੱਗਣ ਦਿੱਤਾ ਕਿ ਕਮਰੇ ਦੀਆਂ ਚਾਰ ਕੰਧਾਂ ਅੰਦਰ ਉਸ ਨਾਲ ਕੀ ਬੀਤਦੀ ਹੈ। ਅਰਮਾਨ ਨਿੱਕੀ ਨਿੱਕੀ ਗੱਲ ’ਤੇ ਸੋਨੀਆ ’ਤੇ ਹੱਥ ਚੁੱਕਣ ਦਾ ਆਦੀ ਹੋ ਗਿਆ, ਪਰ ਸੋਨੀਆ ਨੇ ਕਦੇ ਕਿਸੇ ਕੋਲ ਭਾਫ਼ ਨਹੀਂ ਕੱਢੀ। ਕਮਰੇ ’ਚੋਂ ਹਮੇਸ਼ਾ ਹੱਸਦੀ ਹੀ ਬਾਹਰ ਆਉਂਦੀ। ਪਤਾ ਨਹੀਂ ਕਿਹੜੀ ਮਿੱਟੀ ਦੀ ਬਣੀ ਹੋਈ ਹੈ ? ਉਹ ਆਪਣਾ ਮਨ ਹਲਕਾ ਕਰਨ ਲਈ ਕੰਧਾਂ ਨਾਲ ਗੱਲਾਂ ਕਰਦੀ ਰਹਿੰਦੇ। ਸਾਹਮਣੇ ਵਾਲੀ ਕੰਧ ’ਤੇ ਉਨਾਂ ਦੇ ਵਿਆਹ ਦੀ ਵੱਡੀ ਸਾਰੀ ਫੋਟੋ ਲਟਕਦੀ ਹੈ। ਇਸ ਨੂੰ ਦੇਖ ਕੇ ਉਹ ਸੋਚਦੀ ਕਿ ਇਹ ਹੀ ਉਸ ਦੀ ਜ਼ਿੰਦਗੀ ਦੇ ਖ਼ੁਸ਼ੀ ਦੇ ਪਲ ਸਨ ਜਿਸ ਨਾਲ ਉਸ ਦੇ ਮਾਪਿਆਂ ਤੇ ਭੈਣ ਭਰਾ ਦੀਆਂ ਖ਼ੁਸ਼ੀਆਂ ਜੁੜੀਆਂ ਹੋਈਆਂ ਹਨ। ਸੱਜੇ ਪਾਸੇ ਵਾਲੀ ਕੰਧ ਦਾ ਨਾਂ ਰਾਣੋ ਅਤੇ ਖੱਬੇ ਪਾਸੇ ਵਾਲੀ ਕੰਧ ਦਾ ਨਾਂ ਦੀਪੀ ਹੈ। ਰਾਣੋ ਤੇ ਦੀਪੀ ਉਸ ਦੀਆਂ ਬਚਪਨ ਦੀਆਂ ਪੱਕੀਆਂ ਸਹੇਲੀਆਂ ਦੇ ਨਾਂ ਹਨ। ਜਦੋਂ ਉਹ ਇਨਾਂ ਕੰਧਾਂ ਵੱਲ ਵੇਖਦੀ ਤਾਂ ਉਸ ਨੂੰ ਲੱਗਦਾ ਜਿਵੇਂ ਮੁੜ ਆਪਣਾ ਬਚਪਨ ਹੰਢਾ ਰਹੀ ਹੋਵੇ। ਦਰਵਾਜ਼ੇ ਵਾਲੀ ਕੰਧ ਦਾ ਨਾਂ ਮੁਸਕਾਨ ਰੱਖਿਆ ਕਿਉਂਕਿ ਕਮਰੇ ਅੰਦਰ ਉਹ ਕਦੇ ਹੱਸਦੀ ਕਦੇ ਰੋਂਦੀ, ਪਰ ਜਦੋਂ ਦਰਵਾਜ਼ੇ ਰਾਹੀਂ ਬਾਹਰ ਆਉਂਦੀ ਤਾਂ ਬੁੱਲਾਂ ’ਤੇ ਇੰਝ ਮੁਸਕਾਨ ਧਰ ਲੈਂਦੀ ਜਿਵੇਂ ਬਹੁਤ ਖ਼ੁਸ਼ ਹੋਵੇ।

ਉਸ ਦੀ ਮਾਂ ਨੇ ਵਿਦਾ ਕਰਨ ਵਾਲੇ ਉਸ ਨੂੰ ਇਕੋ ਗੱਲ ਆਖੀ ਸੀ, ‘ਧੀਏ ! ਧੀਆਂ ਸਹੁਰੇ ਘਰ ਜਾ ਕੇ ਮਾਪਿਆਂ ਦੀ ਇੱਜ਼ਤ ਬਣਾਉਂਦੀਆਂ ਨੇ। ਤੂੰ ਵੀ ਸਾਡੀ ਇੱਜ਼ਤ ਬਣਾਈ ਰੱਖੀਂ।’ ਆਪਣੀ ਮਾਂ ਦੇ ਇਨਾਂ ਸ਼ਬਦਾਂ ਨੂੰ ਉਹ ਅੱਜ ਵੀ ਆਪਣੇ ਮਨ ਅੰਦਰ ਸਾਂਭੀ ਬੈਠੀ ਹੈ। ਸੋਨੀਆ ਖ਼ੁਦ ਨੂੰ ਤੇ ਆਪਣੇ ਸਹੁਰੇ ਪਰਿਵਾਰ ਨੂੰ ਖ਼ੁਸ਼ ਰੱਖਣ ਦੀ ਹਰ ਕੋਸ਼ਿਸ਼ ਕਰਦੀ। ਕਦੇ ਕਦਾਈਂ ਦੀਪੀ ਦਾ ਫੋਨ ਆਉਂਦਾ ਜੋ ਕੈਨੇਡਾ ਵਿਆਹੀ ਹੋਈ ਹੈ। ਇਕ ਦਿਨ ਦੀਪੀ ਦਾ ਫੋਨ ਆਇਆ ਤਾਂ ਸੱਸ ਬੁੜਬੁੜ ਕਰਨ ਲੱਗੀ, ‘ਪਤਾ ਨਹੀਂ ਕੀਹਦੇ ਨਾਲ ਗੱਲਾਂ ਮਾਰਦੀ ਰਹਿੰਦੀ ?’ ਸੋਨੀਆ ਨੇ ਝੱਟ ਆਪਣੀ ਸੱਸ ਨੂੰ ਫੋਨ ਫੜਾ ਦਿੱਤਾ, ‘ਆਹ ਲਓ... ਮੰਮੀ ਜੀ, ਗੱਲ ਕਰੋ। ਮੇਰੀ ਸਹੇਲੀ ਐ। ਕੈਨੇਡਾ ਤੋਂ ਫੋਨ ਕਰਦੀ ਐ।’ ਸੋਨੀਆ ਦੀ ਸੱਸ ਮੂੰਹ ਦੀ ਮਿੱਠੀ ਸੀ। ‘ਕੀ ਹਾਲ ਐ ਧੀਏ ? ਹੋਰ ਬਾਲ ਬੱਚੇ ਰਾਜੀ ਖ਼ੁਸ਼ੀ !’ ਕਿੰਨੀ ਦੇਰ ਮਿਸ਼ਰੀ ਵਰਗੇ ਬੋਲ ਉਸ ਦੀ ਸੱਸ ਦੀ ਜੀਭ ’ਤੇ ਨੱਚਦੇ ਟੱਪਦੇ ਰਹੇ। ਸੋਨੀਆ ਹੈਰਾਨ ਹੋ ਕੇ ਕੋਲ ਖੜੀ ਸੋਚ ਰਹੀ ਸੀ ਕਿ ਕਾਸ਼ ! ਮੇਰੇ ਨਾਲ ਵੀ ਕਦੇ ਇਹ ਇੰਨੀਆਂ ਮਿੱਠੀਆਂ ਗੱਲਾਂ ਕਰਨ। ਦੀਪੀ ਉਸ ਦੀ ਸੱਸ ਨਾਲ ਗੱਲਾਂ ਕਰ ਬਹੁਤ ਖ਼ੁਸ਼ ਹੋਈ ਅਤੇ ਸੋਨੀਆ ਨੂੰ ਆਖਣ ਲੱਗੀ, ‘ਤੇਰੀ ਸੱਸ ਤਾਂ ਬਹੁਤ ਚੰਗੀ ਏ।’ ਸੋਨੀਆ ਨੇ ਕਿਹਾ, ‘ਹਾਂ, ਸੱਚੀਂ। ਮੈਨੂੰ ਬਹੁਤ ਪਿਆਰ ਕਰਦੇ ਮੰਮੀ ਜੀ। ਕਦੇ ਮੈਨੂੰ ਮੇਰੀ ਮਾਂ ਦੀ ਯਾਦ ਨਹੀਂ ਆਉਣ ਦਿੰਦੇ। ਇੰਝ ਲੱਗਦਾ ਜਿਵੇਂ ਇਹ ਮੇਰਾ ਪੇਕਾ ਘਰ ਹੀ ਹੈ।’ ਭਾਵੇਂ ਸੱਸ ਉਸ ਲਈ ਹਮੇਸ਼ਾ ਹੀ ਜੀਭ ’ਤੇ ਭਖਦੇ ਅੰਗਿਆਰ ਧਰੀ ਰੱਖਦੀ ਸੀ, ਪਰ ਸੋਨੀਆ ਨੇ ਫਿਰ ਵੀ ਕਦੇ ਮੱਥੇ ਤਿਊੜੀ ਨਹੀਂ ਸੀ ਪਾਈ ਸਗੋਂ ਆਪਣੀ ਸੱਸ ਨੂੰ ਖ਼ੁਸ਼ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕਰਦੀ। ਵਿਆਹ ਸਮੇਂ ਸੋਨੀਆ ਦੇ ਮਾਪਿਆਂ ਨੇ ਆਪਣੀ ਹੈਸੀਅਤ ਮੁਤਾਬਿਕ ਦਾਜ ਦਿੱਤਾ। ਉਸ ਦਾ ਪਿਤਾ ਡਾਕੀਆ ਸੀ ਤੇ ਡਾਕੀਏ ਦੀ ਆਮਦਨ ਤਾਂ ਸਭ ਨੂੰ ਪਤਾ ਹੀ ਹੈ। ਸੋਨੀਆ ਤੋਂ ਛੋਟੇ ਦੋ ਭੈਣ ਭਰਾ ਸਨ ਜੋ ਅਜੇ ਪੜਦੇ ਹੀ ਸਨ। ਉਸ ਦੀ ਮਾਂ ਸ਼ਕਰ ਰੋਗ ਦੀ ਮਰੀਜ਼ ਸੀ ਜੋ ਮਿੰਟਾਂ ਵਿੱਚ ਮੰਜੇ ’ਤੇ ਪੈ ਜਾਂਦੀ। ਉਸ ਦੀ ਦਵਾਈ ਪਿਛਲੇ ਛੇ



ਸੱਤ ਸਾਲਾਂ ਤੋਂ ਲਗਾਤਾਰ ਚੱਲ ਰਹੀ ਸੀ। ਅਜਿਹੇ ਹਾਲਾਤ ਵਿਚ ਬੜੀ ਮੁਸ਼ਕਿਲ ਨਾਲ ਵਿਆਹ ਕੀਤਾ ਸੀ ਸੋਨੀਆ ਦੇ ਮਾਪਿਆਂ ਨੇ।

ਜਿਸ ਦਿਨ ਸੋਨੀਆ ਵਿਆਹ ਕੇ ਆਈ ਉਸੇ ਰਾਤ ਸੱਸ ਨੇ ਕਿਹਾ, ‘ਕਿੰਨੇ ਕੁ ਭਰਾ ਨੇ ਮੇਰੇ ? ਤੇਰੇ ਪਿਓ ਤੋਂ ਮੇਰੇ ’ਕੱਲੇ ਕਾਰੇ ਭਰਾ ਲਈ ਕੁਝ ਨਾ ਸਰਿਆ। ਅੱਜ ਕੱਲ ਤਾਂ ਮਰਿਆ ਤੋਂ ਮਰਿਆ ਵੀ ਮੁੰਦੀ ਪਾਉਂਦਾ ਮਾਮੇ ਨੂੰ। ਕਿੰਨਾ ਚਾਅ ਸੀ ਮੇਰੇ ਪੇਕਿਆਂ ਨੂੰ ਅਰਮਾਨ ਦੇ ਵਿਆਹ ਦਾ। ਵਿਚਾਰੇ ਕਿੰਨੇ ਦਿਨ ਨੱਠ-ਭੱਜ ਕਰਦੇ ਰਹੇ। ਤੇਰੇ ਪਿਉ ਨੇ ਤਾਂ ਮਿੰਟਾਂ ’ਚ ਬੇਇੱਜ਼ਤੀ ਕਰ ਦਿੱਤੀ ਮੇਰੇ ਪੇਕਿਆਂ ਦੀ। ਮੈਨੂੰ ਨਾ ਪਾਉਂਦੇ ਵਾਲੀਆਂ। ਮੈਂ ਕਿਹੜਾ ਮਰਨ ਲੱਗੀ ਸੀ। ਲੋਕਾਚਾਰੀ ਮਾੜੀ ਮੋਟੀ ਤਾਂ ਸ਼ਰਮ ਕਰ ਲੈਂਦੇ। ਜ਼ਰੂਰੀ ਵਿਆਹ ਕਰਨਾ ਸੀ ? ਸਾਨੂੰ ਦੱਸ ਦਿੰਦੇ... ਅਸੀਂ ਚੁੰਨੀ ਚੜਾ ਕੇ ਲੈ ਆਉਂਦੇ।’ ਸੋਨੀਆ ਚੁੱਪਚਾਪ ਸੁਣਦੀ ਰਹੀ। ਉਸ ਦਿਨ ਤੋਂ ਲੈ ਕੇ ਅੱਜ ਤੱਕ ਉਹ ਆਪਣੇ ਅੰਦਰ ਸਭ ਕੌੜਾ ਕੁਸੈਲਾ ਦੱਬੀ ਜਾ ਰਹੀ ਹੈ। ਅਰਮਾਨ ਵੀ ਸੋਨੀਆ ਨੂੰ ਮਾਮੇ ਨੂੰ ਮੁੰਦੀ ਨਾ ਪਾਉਣ ਕਾਰਨ ਵੱਧ ਘੱਟ ਬੋਲਦਾ ਰਹਿੰਦਾ, ਪਰ ਉਹ ਹਮੇਸ਼ਾ ਅਣਸੁਣਿਆ ਕਰ ਛੱਡਦੀ। ਉਹ ਘਰ ਤੇ ਬਾੜੇ ਦੇ ਸਾਰੇ ਕੰਮ ਭੱਜ ਭੱਜ ਕਰਦੀ। ਮੱਝਾਂ, ਗਾਵਾਂ ਨੂੰ ਪੱਠੇ ਪਾਉਣੇ, ਧਾਰਾਂ ਕੱਢਣੀਆਂ, ਪਾਥੀਆਂ ਪੱਥਣੀਆਂ... ਸਾਰੇ ਕੰਮ ਸਿੱਖ ਲਏ ਸੀ ਉਸ ਨੇ। ਸੱਸ ਦੇ ਗੋਡਿਆਂ ਵਿਚ ਦਰਦ ਕਾਰਨ ਉਹ ਕਦੇ ਵੀ ਉਸ ਨੂੰ ਕੋਈ ਕੰਮ ਨਾ ਕਰਨ ਦਿੰਦੀ। ਉਸ ਦੀ ਸੱਸ ਕੋਲ ਕੋਈ ਨਾ ਕੋਈ ਗੁਆਂਢਣ ਆ ਕੇ ਬੈਠੀ ਰਹਿੰਦੀ ਤੇ ਸੋਨੀਆ ਘਰ ਆਈਆਂ ਬੀਬੀਆਂ ਨੂੰ ਕਦੇ ਬਗੈਰ ਚਾਹ ਪੀਤਿਆਂ ਨਹੀਂ ਸੀ ਜਾਣ ਦਿੰਦੀ ਜਿਸ ਕਾਰਨ ਸਾਰੀਆਂ ਉਸ ਦੀਆਂ ਸਿਫ਼ਤਾਂ ਕਰਦੀਆਂ।

ਜਦੋਂ ਸਮਾਂ ਮਿਲਦਾ ਸੋਨੀਆ ਆਪਣੇ ਕਮਰੇ ਵਿਚ ਕੰਧਾਂ ਨਾਲ ਗੱਲਾਂ ਕਰਦੀ। ਇਉਂ ਆਪਣੇ ਮਨ ਦੀ ਸਾਰੀ ਭੜਾਸ ਕੱਢ ਲੈਂਦੀ। ਕਈ ਵਾਰ ਸੱਸ ਜਦੋਂ ਉਸ ਨੂੰ ਕਮਰੇ ’ਚ ਬੋਲਦੀ ਸੁਣਦੀ ਤਾਂ ਦੱਬੇ ਪੈਰੀਂ ਜਾ ਕੇ ਵੇਖਦੀ ਤਾਂ ਡਰ ਜਾਂਦੀ। ਉਸ ਨੂੰ ਲੱਗਣ ਲੱਗਾ ਜਿਵੇਂ ਸੋਨੀਆ ਨੂੰ ਕੋਈ ਕਸਰ ਹੈ। ਉਹ ਆਪਣੀਆਂ ਗੁਆਂਢਣਾਂ ਕੋਲ ਵੀ ਇਹੋ ਗੱਲਾਂ ਕਰਦੀ, ‘ਮੇਰੀ ਨੂੰਹ ਤਾਂ ’ਕੱਲੀ ਬੋਲੀ ਜਾਂਦੀ ਐ... ਖ਼ਬਰੇ ਕਿਹੜੀ ਚੁੜੇਲ ਚਿੰਬੜੀ ਹੋਈ ਐ ਇਹਨੂੰ ? ਨਾਲੇ ਦੋ ਸਾਲ ਹੋ ਚੱਲੇ ਵਿਆਹ ਨੂੰ... ਇਹਦੇ ਬਾਅਦ ਦੀਆਂ ਆਈਆਂ ਸਾਰੀਆਂ ਮਾਵਾਂ ਬਣ ਗਈਆਂ। ਜੇ ਮੈਂ ਅਰਮਾਨ ਜਾਂ ਉਹਦੇ ਪਿਓ ਨੂੰ ਕੁਝ ਕਹਾਂ ਤਾਂ ਮੈਨੂੰ ਖਾਣ ਨੂੰ ਪੈਂਦੇ ਨੇ। ਮੇਰਾ ਵੀ ਜੀਅ ਕਰਦਾ ਪੋਤੇ ਪੋਤੀਆਂ ’ਚ ਖੇਡਾਂ।’ ਜੇਕਰ ਅੱਗੋਂ ਕੋਈ ਗੁਆਂਢਣ ਸਲਾਹ ਦਿੰਦੀ ਕਿ ਕਿਸੇ ਚੰਗੇ ਡਾਕਟਰ ਨੂੰ ਦਿਖਾਓ ਤਾਂ ਅੱਗੋਂ ਸੱਸ ਕਹਿੰਦੀ, ‘ਨੀ ਤੈਨੂੰ ਕੀ ਪਤਾ ? ਡਾਕਟਰੀ ਇਲਾਜ ਨਈ... ਇਹਨੂੰ ਤਾਂ ਕਸਰ ਏ... ਕਸਰ... ਤਾਂ ਹੀ ਕੰਧਾਂ ਨਾਲ ਗੱਲਾਂ ਕਰਦੀ... ਮੈਂ ਕਈ ਵਾਰ ਦੇਖੀ ਐ।” ਇਕ ਗੁਆਂਢਣ ਨੇ ਸਲਾਹ ਦਿੱਤੀ, ‘... ਧਾਰਮਿਕ ਸਥਾਨ ’ਤੇ ਲੈ ਜਾਓ ਉੱਥੇ ਸਭ ਪਤਾ ਲੱਗ ਜਾਊ।’ ਗੁਆਂਢਣ ਦੀ ਇਹ ਸਲਾਹ ਉਸ ਦੀ ਸੱਸ ਦੇ ਮਨ ਅੰਦਰ ਘਰ ਕਰ ਗਈ।

ਉਹ ਉੱਥੇ ਚੱਲਣ ਲਈ ਅਰਮਾਨ ’ਤੇ ਜ਼ੋਰ ਪਾਉਣ ਲੱਗੀ। ਭਾਵੇਂ ਅਰਮਾਨ ਇਨਾਂ ਗੱਲਾਂ ਨੂੰ ਨਹੀਂ ਸੀ ਮੰਨਦਾ, ਪਰ ਮਾਂ ਦੀ ਜ਼ਿੱਦ ਅੱਗੇ ਉਸ ਨੂੰ ਝੁਕਣਾ ਹੀ ਪਿਆ ਤੇ ਇਕ ਦਿਨ ਐਤਵਾਰ ਨੂੰ ਤੜਕਸਾਰ ਉਹ ਧਾਰਮਿਕ ਸਥਾਨ ਲਈ ਤੁਰ ਪਏ। ਉੱਥੇ ਪਹੁੰਚ ਸਾਰੇ ਗੱਡੀ ’ਚੋਂ ਬਾਹਰ ਆ ਗਏ, ਪਰ ਸੋਨੀਆ ਗੱਡੀ ਵਿਚ ਹੀ ਬੈਠੀ ਰਹੀ। ਸੱਸ ਬੋਲੀ, ‘ਚੱਲ ਸੋਨੀਆ, ਧਾਰ ਹੇਠੋਂ ਲੰਘੀਏ... ਕਹਿੰਦੇ ਸਾਰੇ ਦੁੱਖ ਕੱਟੇ ਜਾਂਦੇ ਨੇ।’ ਸੋਨੀਆ ਬੋਲੀ, ‘ਮੰਮੀ ਜੀ, ਰੁਕ ਜਾਓ ਥੋੜੀ ਦੇਰ... ਮੈਂ ਸਫ਼ਰ ਕਰਕੇ ਬਹੁਤ ਥੱਕ ਗਈ ਹਾਂ। ਮੇਰਾ ਅਜੇ ਜੀਅ ਨੀ ਕਰਦਾ ਤੁਰਨ ਨੂੰ।’ ਉਸ ਦੀ ਸੱਸ ਆਪਣੀ ਗੁਆਂਢਣ ਭੋਲੀ ਤੇ ਅਰਮਾਨ ਨੂੰ ਉੱਚੀ ਉੱਚੀ ਆਵਾਜ਼ਾਂ ਮਾਰਨ ਲੱਗੀ, ‘ਭੋਲੀ ਏਧਰ ਆ... ਅਰਮਾਨ... ਓ ਮੁੰਡਿਆ ਭੱਜ ਕੇ ਆ।’ ਸੋਨੀਆ ਉਸ ਦੇ ਮੂੰਹ ਵੱਲ ਟਿਕਟਿਕੀ ਲਗਾਈ ਵੇਖੀ ਜਾ ਰਹੀ ਸੀ ਕਿ ਮੰਮੀ ਜੀ ਨੂੰ ਕੀ ਹੋਇਆ ? ਜਦੋਂ ਅਰਮਾਨ ਤੇ ਭੋਲੀ ਕੋਲ ਆਏ ਤਾਂ ਬੋਲੀ, ‘ਫੜੋ ਇਹਨੂੰ, ਦੇਖਿਆ ਮੈਂ ਕਿਹਾ ਸੀ ਨਾ ਅਸਰ ਹੇਠ ਐ... ਆਪੇ ਦੇਖ ਲਓ। ਕਹਿੰਦੀ ਮੇਰਾ ਜੀਅ ਨਹੀਂ ਕਰਦਾ ਧਾਰ ਹੇਠ ਜਾਣ ਨੂੰ। ਏਦਾਂ ਦੀਆਂ ਚੀਜ਼ਾਂ ਈ ਰੋਕਦੀਆਂ ਹੁੰਦੀਆਂ... ਮੈਨੂੰ ਤਾਂ ਬੇਵਕੂਫ਼ ਸਮਝਦੇ ਓ। ਆਪੇ ਦੇਖ ਲਉ... ਹੁਣ ਫੜੋ ਦੋਵੇਂ ਬਾਹਾਂ ਤੋਂ।’ ਸੱਸ ਦੀਆਂ ਗੱਲਾਂ ਸੁਣ ਉਹ ਫਟਾਫਟ ਗੱਡੀ ’ਚੋਂ ਬਾਹਰ ਆ ਗਈ ਤੇ ਬੋਲੀ, ‘ਚੱਲੋ ਮੰਮੀ ਜੀ... ਮੈਨੂੰ ਕੁਝ ਨਹੀਂ ਹੋਇਆ।’ ਉਸ ਨੂੰ ਆਪਣੀ ਸੱਸ ਦੇ ਭੋਲ਼ੇਪਣ ’ਤੇ ਤਰਸ ਵੀ ਆਵੇ ਤੇ ਹਾਸਾ ਵੀ, ਪਰ ਇਕ ਗੱਲ ਚੰਗੀ ਹੋਈ ਕਿ ਸੱਸ ਦੇ ਮਨ ਦਾ ਵਹਿਮ ਨਿਕਲ ਗਿਆ। ਸੋਨੀਆ ਭਾਵੇਂ ਅੰਦਰੋਂ ਕਿੰਨੀ ਹੀ ਦੁਖੀ ਸੀ, ਪਰ ਹਰ ਕੋਈ ਇਹ ਸੋਚਦਾ ਸੀ ਕਿ ਉਹ ਬਹੁਤ ਖ਼ੁਸ਼ ਹੈ। ਅਰਮਾਨ ਦੇ ਕੌੜੇ ਸ਼ਬਦਾਂ ਦੇ ਘੁੱਟ ਵੀ ਉਹ ਮਿੱਠਾ ਜਲ ਸਮਝ ਕੇ ਪੀ ਜਾਂਦੀ। ਕਦੇ ਕਿਸੇ ਸਾਹਮਣੇ ਉਸ ਨੂੰ ਨੀਵਾਂ ਨਹੀਂ ਸੀ ਹੋਣ ਦਿੰਦੀ।

ਪਰ ਅੱਜ ਇੰਝ ਲੱਗ ਰਿਹਾ ਸੀ ਜਿਵੇਂ ਕੰਧਾਂ ਨਾਲ ਗੱਲਾਂ ਕਰਦੀ ਕਰਦੀ ਉਹ ਖ਼ੁਦ ਵੀ ਕੰਧ ਬਣ ਗਈ ਹੋਵੇ। ਉਹ ਵਿਹੜੇ ਵਿਚ ਹੇਠਾਂ ਫਰਸ਼ ’ਤੇ ਗੁੰਮ-ਸੁੰਮ ਬੈਠੀ ਪਤਾ ਨਹੀਂ ਕਿਹੜੇ ਖ਼ਿਆਲਾਂ ’ਚ ਡੁੱਬਦੀ ਜਾ ਰਹੀ ਸੀ। ਆਸਮਾਨ ਉਸ ਨੂੰ ਹਨੇਰੇ ਵਰਗਾ ਕਾਲਾ ਜਾਪ ਰਿਹਾ ਸੀ ਤੇ ਧਰਤੀ ਜਿਵੇਂ ਤੇਜ਼ ਤੇਜ਼ ਘੁੰਮ ਰਹੀ ਹੋਵੇ। ਇਸੇ ਰਫ਼ਤਾਰ ਨਾਲ ਉਸ ਦੇ ਦਿਲ ਦੀ ਧੜਕਣ ਤੇਜ਼ ਹੋ ਰਹੀ ਸੀ। ਉਸ ਦੀਆਂ ਅੱਖਾਂ ’ਚੋਂ ਅੱਥਰੂ ਆਪਮੁਹਾਰੇ ਵਗ ਰਹੇ ਸਨ...। ਉਸ ਦੇ ਕੋਲ ਹੀ ਮੰਜੇ ’ਤੇ ਬੈਠੀ ਉਸ ਦੀ ਸੱਸ ਅਤੇ ਚਾਚੀ ਸੱਸ ਦੇ ਬੋਲ ਉਸ ਦੇ ਕੰਨਾਂ ਵਿਚ ਪੈ ਰਹੇ ਸਨ। ਸੱਸ ਆਖ ਰਹੀ ਸੀ, ‘ਚੰਗੇ ਘਰਾਂ ਦੀਆਂ ਧੀਆਂ ਤਾਂ ਪਤਾ ਵੀ ਨਹੀਂ ਲੱਗਣ ਦਿੰਦੀਆਂ ਕਿ ਘਰ ਦੀਆਂ ਕੰਧਾਂ ਅੰਦਰ ਕੀ ਕੀ ਹੋ ਰਿਹੈ।’ ਚਾਚੀ ਨੇ ਕਿਹਾ, ‘ਆਹੋ ਔਰਤ ਤੇ ਧਰਤੀ ’ਚ ਕੋਈ ਫ਼ਰਕ ਨਹੀਂ... ਬਹੁਤ ਕੁਝ ਸਹਿਣਾ ਪੈਂਦਾ ਹੈ ਔਰਤ ਨੂੰ...। ਮਰਦ ਦੀ ਹਰ ਜਾਇਜ਼ ਨਾਜਾਇਜ਼ ਗੱਲ ਮੰਨਣੀ ਪੈਂਦੀ ਹੈ... ਇਹੋ ਔਰਤ ਦੀ ਕਿਸਮਤ ਹੈ।’ ਸੋਨੀਆ ਨੂੰ ਸਮਝ ਨਹੀਂ ਲੱਗ ਰਹੀ ਸੀ ਕਿ ਇਹ ਕੀ ਹੋ ਗਿਆ। ਅਜਿਹਾ ਤਾਂ ਉਸ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਜੋ ਅੱਜ ਕੌੜਾ ਸੱਚ ਬਣ ਕੇ ਉਸ ਦੇ ਸਾਹਮਣੇ ਖੜਾ ਸੀ। ਉਹ ਹਿੰਮਤ ਕਰ ਕੇ ਇਕਦਮ ਉੱਠੀ ਅਤੇ ਅਰਮਾਨ ਕੋਲ ਜਾ ਖੜੀ ਹੋਈ। ਉਸ ਦੀ ਸੱਸ ਅਤੇ ਚਾਚੀ ਇਕ ਦੂਜੇ ਵੱਲ ਵੇਖ ਮੁਸਕਰਾਉਂਦਿਆਂ ਇਸ਼ਾਰਿਆਂ ਨਾਲ ਹੀ ਗੱਲਾਂ ਕਰ ਰਹੀਆਂ ਸਨ। ਚਾਚੀ ਉੱਚੀ ਦੇਣੇ ਬੋਲੀ, ‘ਤਾਂ ਕੀ ਹੋਇਆ ? ਆਦਮੀ ਤਾਂ ਆਦਮੀ ਹੁੰਦੈ। ਚੱਲ ਕੋਈ ਨਾ... ਜੇ ਤੇਰੇ ’ਤੇ ਹੱਥ ਚੁੱਕ ਲਿਆ... ਕਿਹੜਾ ਅਸਮਾਨ ਫਟ ਗਿਆ ?’ ਪਰ ਇਹ ਕੀ ! ਦੋ ਥੱਪੜਾਂ ਦੀ ਆਵਾਜ਼ ਨੇ ਸਾਰੇ ਸੁੰਨ ਕਰ ਦਿੱਤੇ। ਮਾਂ ਤੇ ਚਾਚੀ ਭੱਜੀਆਂ ਆਈਆਂ। ਚਾਚੀ ਨੇ ਸੋਨੀਆ ਨੂੰ ਪਰਾਂ ਧੱਕਾ ਮਾਰਿਆ ਤੇ ਸੱਸ ਆਖਣ ਲੱਗੀ, ‘ਟੁੱਟ ਜਾਣ ਤੇਰੇ ਹੱਥ... ਮੇਰੇ ਪੁੱਤ ’ਤੇ ਹੱਥ ਚੁੱਕਿਆ ਡੈਣ ਨੇ... ਮਰ ਜਾਵੇ ਕਿਧਰੇ। ਚੱਲ ਪੁੱਤ, ਇਹਦੇ ਪਿਉ ਨੂੰ ਫੋਨ ਕਰ। ਸੱਦ ਇੱਥੇ ਉਹਨੂੰ। ਪਤਾ ਲੱਗੇ ਆਪਣੀ ਧੀ ਦਾ...।’ ਪਰ ਇਹ ਕੀ, ਅਰਮਾਨ ਕੁਝ ਬੋਲ ਕਿਉਂ ਨਹੀਂ ਰਿਹਾ। ਉਹੀ ਅਰਮਾਨ ਜਿਸ ਨੇ ਥੋੜੀ ਦੇਰ ਪਹਿਲਾਂ ਬੜਾ ਸੂਰਬੀਰ ਬਣ ਵਿਹੜੇ ਵਿਚ ਸੋਨੀਆ ਨੂੰ ਵਾਲਾਂ ਤੋਂ ਫੜ ਘੜੀਸ ਕੇ ਫਰਸ਼ ’ਤੇ ਪਟਕਾ ਮਾਰਿਆ ਸੀ ਤੇ ਉਸ ਦੇ ਮੂੰਹ ’ਤੇ ਚਪੇੜ ਮਾਰ ਕੇ ਆਪਣੇ ਮਰਦ ਹੋਣ ਦਾ ਸਬੂਤ ਪੇਸ਼ ਕਰ ਰਿਹਾ ਸੀ। ਕੋਲ ਖੜੀਆਂ ਚਾਚੀ ਤੇ ਸੱਸ ਦੋਵੇਂ ਚੁੱਪਚਾਪ ਤਮਾਸ਼ਾ ਵੇਖ ਰਹੀਆਂ ਸਨ। ਅਖੇ ਆਦਮੀ ਤੇ ਤੀਵੀਂ ਦੀ ਲੜਾਈ ਵਿਚ ਅਸੀਂ ਕਾਹਨੂੰ ਦਖ਼ਲ ਦੇਈਏ ? ਲੋਕ ਕਿੰਨੇ ਸੁਆਰਥੀ ਹੁੰਦੇ ਨੇ ਜੋ ਆਪਣੇ ਮਤਲਬ ਲਈ ਹਰ ਗੱਲ ਨੂੰ ਜਾਇਜ਼ ਨਜਾਇਜ਼ ਦੇ ਪੱਲੜੇ ਵਿਚ ਆਪੇ ਹੀ ਤੋਲ ਲੈਂਦੇ ਹਨ।

ਸੋਨੀਆ ਨੂੰ ਅੱਜ ਇੰਝ ਲੱਗ ਰਿਹਾ ਸੀ ਜਿਵੇਂ ਉਸ ਦੇ ਕਲੇਜੇ ’ਤੇ ਰੱਖਿਆ ਪੱਥਰ ਕਿਸੇ ਨੇ ਚੁੱਕ ਦਿੱਤਾ ਹੋਵੇ। ਉਸ ਦੇ ਮਨ ’ਚੋਂ ਸਾਰੇ ਡਰ ਖ਼ਤਮ ਹੋ ਗਏ। ਥੋੜੀ ਥੋੜੀ ਗੱਲ ’ਤੇ ਟੋਕਾਟਾਕੀ ਕਰਨਾ ਅਰਮਾਨ ਦਾ ਸੁਭਾਅ ਬਣ ਗਿਆ ਸੀ। ਅਰਮਾਨ ਨੂੰ ਉਸ ਦੀ ਹਰ ਚੰਗੀ ਗੱਲ ਵੀ ਮਾੜੀ ਲੱਗਦੀ। ਸੋਨੀਆ ’ਤੇ ਹੱਥ ਚੁੱਕਣ ਦਾ ਉਹ ਆਦੀ ਹੋ ਗਿਆ ਸੀ। ਕਮਰੇ ਦੀ ਚਾਰਦੀਵਾਰੀ ’ਚ ਉਹ ਚੁੱਪ-ਚਾਪ ਸਹਿ ਜਾਂਦੀ। ਪਰ ਅੱਜ ਸਭ ਦੇ ਸਾਹਮਣੇ ਉਸ ਨੂੰ ਆਪਣਾ ਆਪ ਬਹੁਤ ਛੋਟਾ ਲੱਗ ਰਿਹਾ ਸੀ। ਅੱਜ ਉਸ ਦੇ ਅੰਦਰਲਾ ਜਵਾਲਾਮੁਖੀ ਫਟ ਗਿਆ। ਸਾਰੇ ਕਹਿੰਦੇ ਸੀ ਸੋਨੀਆ ਦੇ ਮੂੰਹ ’ਚ ਜ਼ੁਬਾਨ ਨਹੀਂ, ਗਊ ਐ... ਨਿਰੀ ਗਊ... ਅੱਜ ਇੰਝ ਲੱਗ ਰਿਹਾ ਸੀ ਜਿਵੇਂ ਉਹ ਸ਼ੇਰਨੀ ਬਣ ਗਈ ਹੋਵੇ।

# ਅਸਲ ਸੱਚ ਜ਼ਿੰਦਗੀ ਦਾ : ਜੋ ਬੀਜੋਗੇ, ਉਹੀ ਮਿਲੇਗਾ

ਦਵਿੰਦਰ ਸਿੰਘ ਜੌਹਲ

ਕਿਸੇ ਸੰਤ ਪਾਸ ਇੱਕ ਨੌਜਵਾਨ ਆਇਆ ਤੇ ਬੇਨਤੀ ਕਰਨ ਲੱਗਿਆ ਕਿ ਕੋਈ ਵਿਧੀ ਦੱਸੋ, ਮਨ ਕਾਬੂ ਵਿਚ ਨਹੀਂ ਏ, ਧਿਆਨ ’ਚ ਬੈਠਦਾਂ ਤਾਂ ਕਿਸੇ ਹੋਰ ਵਹਿਣੀ ਵਹਿ ਜਾਂਦਾ ਏ। ਜ਼ਿੰਦਗੀ ਨੀਰਸ ਹੋ ਗਈ ਏ, ਕੀ ਕਰਾਂ ? ਏਸ ਤਰੀਕੇ ਕਦੋਂ ਪਾਰ ਉਤਾਰਾ ਹੋਵੇਗਾ ਮੇਰਾ ?

ਸੰਤ ਨੇ ਓਸ ਵੱਲ ਨਜ਼ਰ ਕੀਤੀ, ਬੜੇ ਪਿਆਰ ਨਾਲ ਬੋਲਿਆ, ‘ਬੱਚੇ, ਤੂੰ ਪਾਰ ਉਤਾਰੇ ਦਾ ਫਿਕਰ ਛੱਡ, ਤੇਰੀ ਤਾਂ ਉਮਰ ਖਤਮ ਏ, ਆਖਰੀ ਹਫ਼ਤਾ ਚੱਲ ਰਿਹਾ ਏ ਤੇਰਾ, ਪੂਰੇ ਸੱਤ ਦਿਨ ਬਾਅਦ ਰਵਾਨਗੀ ਏ, ਤੂੰ ਏਸ ਜਗਤ ਵਿੱਚ ਆ ਕੇ ਜਾਣੇ ਅਨਜਾਣੇ ਜੋ ਵਾਅਦੇ ਕੀਤੇ ਨੇ ਕਿਸੇ ਨਾਲ, ਬਖ਼ਸ਼ਾ ਲੈਣੇ ਚਾਹੀਦੇ ਨੇ ਏਸ ਵਕਤ ਦੌਰਾਨ’, ਸੁਣਕੇ ਨੌਜਵਾਨ ਦੀ ਹਾਲਤ ਪਤਲੀ ਪੈ ਗਈ। ਪਸੀਨੇ ਛੁੱਟ ਗਏ। ਹੱਥ ਪੈਰ ਫੁੱਲ ਗਏ। ਸੰਤ ਨੇ ਕਿਹਾ ਕਿ ਜਲਦੀ ਜਾਹ, ਬੈਠ ਨਾ, ਆਪਣੇ ਕੀਤੇ ਤੇ ਪਛਤਾਵਾ ਕਰ, ਮੁਆਫ਼ੀ ਮੰਗ ਲੈ ਓਹਨਾਂ ਤੋਂ ਜੋ ਲੱਗਦਾ ਏ ਕਿ ਤੇਰੇ ਤੋਂ ਦੁਖੀ ਹੋਏ ਨੇ ਕਦੀ, ਤੇ ਦਿਲੋਂ ਮੁਆਫ ਕਰ ਦੇ ਓਹਨਾਂ ਨੂੰ ਵੀ ਜੋ ਤੈਨੂੰ ਜਾਪਦਾ ਏ ਕਿ ਬੇਵਜਾ ਦੁੱਖ ਦੇਂਦੇ ਰਹੇ ਨੇ’

ਨੌਜਵਾਨ ਤੁਰ ਪਿਆ ਓਸੇ ਵਕਤ। ਮਾਤਾ ਪਿਤਾ, ਭੈਣ-ਭਾਈ, ਸਕੇ-ਸਬੰਧੀਆਂ ਤੋਂ ਲੈ ਕੇ ਹਰ ਓਸ ਸ਼ਖਸ ਪਾਸ ਜਾ-ਜਾ ਕੇ ਮਿਲਣ ਲੱਗਿਆ, ਬਿਨਾ ਦੱਸੇ ਕਿ ਓਹਦੇ ਦਿਲ ਵਿੱਚ ਕੀ ਚੱਲ ਰਿਹਾ ਏ, ਹਰੇਕ ਨੂੰ ਬੇਹੱਦ ਪਿਆਰ ਸਤਿਕਾਰ ਨਾਲ਼ ਮਿਲਣ ਲੱਗਿਆ। ਹੱਥ ਜੋੜ ਕੇ ਮੁਆਫ਼ੀ ਯਾਚਨਾ ਕਰ ਲਈ ਓਹਨੇ ਸਭ ਤੋਂ ਕਿ ਕਦੀ ਭੁੱਲ ਭੁਲੇਖੇ ਦਿਲ ਦੁਖਾਇਆ ਗਿਆ ਹੋਵੇ ਤਾਂ ਅਨਜਾਣ ਸਮਝਕੇ ਬਖ਼ਸ਼ ਦਿਓ। ਨਤੀਜਾ ਇਹ ਹੋਇਆ ਕਿ ਓਹ ਨੂੰ ਮਿਲਣ ਵਾਲੇ ਸਭ ਲੋਕ ਵੀ ਓਸਦੇ ਏਸ ਦਿਲੀ ਮੋਹ ਤੇ ਪਿਆਰ ਭਰੇ ਰਵੱਈਏ ਤੋਂ ਪ੍ਰਭਾਵਿਤ ਹੋ ਕੇ ਪਿਘਲਣ ਲੱਗੇ। ਪਿਆਰ ਦੇ ਝਰਨੇ ਫੁੱਟ ਪਏ, ਧਰਤੀ ਦੇ ਸਭ ਲੋਕ ਦੇਵਤੇ ਲੱਗਣ ਲੱਗੇ, ਨੀਰਸ ਜ਼ਿੰਦਗੀ ਬੇਹੱਦ ਸੋਹਣੀ ਲੱਗਣ ਲੱਗੀ। ਪੂਰੀ ਦੀ ਪੂਰੀ ਦੁਨੀਆਂ ਹੀ ਨਵੀਂ ਨਵੀਂ ਲੱਗਣ ਲੱਗੀ। ਇਨਾਂ ਚੰਦ ਦਿਨਾਂ ਨੇ ਓਸ ਨੌਜਵਾਨ ਦੀ ਕਾਇਆ ਕਲਪ ਕਰ ਦਿੱਤੀ। ਅਖੀਰਲੇ ਦਿਨ ਜਿਸ ਸ਼ਾਮ ਨੂੰ ਓਸ ਦਾ ਜਾਣਾ ਤੈਅ ਸੀ ਪ੍ਰਲੋਕ ਵੱਲ, ਓਹ ਵਾਪਸ ਸੰਤ ਪਾਸ ਨਤਮਸਤਕ ਹੋਣ ਗਿਆ। ਸ਼ੁਕਰਾਨੇ ਵਿੱਚ ਹੱਥ ਜੁੜ ਗਏ, ਅੱਖਾਂ ਪਛਤਾਵੇ ਵਿੱਚ ਨਹੀਂ, ਸ਼ੁਕਰਾਨੇ ਵਿੱਚ ਨੀਰ ਵਰਸਾਉਣ ਲੱਗੀਆਂ। ਹੱਥ ਜੋੜ ਬੋਲਿਆ ਕਿ ਸ਼ੁਕਰਾਨੇ ਕਬੂਲ ਕਰੋ, ਜਾਣ ਤੋਂ ਪਹਿਲਾਂ ਅੱਖਾਂ ਖੋਲ ਦੇਣ ਲਈ। ਹੁਣ ਮੈਂ ਹੌਲ਼ਾ ਫੁੱਲ ਹਾਂ, ਦੁਨੀਆਂ ਨੇ ਓਨਾ ਪਿਆਰ ਵਰਸਾ ਦਿੱਤਾ ਏ ਜੋ ਕਈ ਜਨਮਾਂ ਵਿਚ ਨਹੀਂ ਸੀ ਮਿਲਣਾ। ਹੁਣ ਜਾਣ ਦਾ ਕੋਈ ਰੰਜ ਨਹੀਂ, ਮਲਾਲ ਨਹੀਂ ਰਿਹਾ।

ਸੰਤ ਨੇ ਨੌਜਵਾਨ ਨੂੰ ਮੁਸਕਰਾ ਕੇ ਤੱਕਿਆ ਤੇ ਬੋਲੇ, ‘ਹੁਣ ਤੂੰ ਜ਼ਿੰਦਗੀ ਦੇ ਅਸਲ ਮਾਅਨੇ ਜਾਣ ਚੁੱਕਾ ਏਂ ਪੁੱਤਰ, ਮੌਤ ਹੁਣ ਆਵੇ ਜਾਂ ਪੰਜਾਹ ਸਾਲ ਬਾਅਦ ਆਵੇ, ਕੋਈ ਫਰਕ ਨਹੀਂ ਪੈਂਦਾ, ਬਸ ਇਹ ਯਾਦ ਨਾ ਭੁੱਲੀਂ ਕਿ ਜ਼ਿੰਦਗੀ ਨਾਸ਼ਵਾਨ ਏ, ਮੈਂ ਸੱਤ ਦਿਨ ਦਾ ਵਕਤ ਜਾਣ ਬੁੱਝ ਕੇ ਕਿਹਾ ਸੀ ਕਿ ਇਹ ਯਾਦ ਪੂਰੀ ਸ਼ਿੱਦਤ ਨਾਲ ਬਣੀ ਰਹੇ, ਤੂੰ ਕਿਤੇ ਨਹੀਂ ਮਰਨ ਵਾਲਾ ਹਾਲੇ, ਜਾਹ, ਸੁਖ ਲੈ, ਲੋਕਾਂ ਨੂੰ ਵੀ ਸੁਖ ਦੇ, ਦੁਆਵਾਂ ਦੇਹ, ਦੁਆਵਾਂ ਮਿਲਣਗੀਆਂ ਵਾਪਸ, ਮੁਸਕਰਾਹਟਾਂ ਹਾਸੇ ਵੰਡ, ਦੂਣ ਸਵਾਏ ਹੋ ਕੇ ਵਾਪਸ ਆਉਣਗੇ, ਏਹੀ ਫ਼ਲਸਫ਼ਾ ਏ ਜ਼ਿੰਦਗੀ ਦਾ। ਜੋ ਬੀਜੋਗੇ, ਓਹੀ ਮਿਲੇਗਾ, ਹੋਰ ਕੁਝ ਮਿਲਣ ਦਾ ਕੋਈ ਉਪਾਅ ਈ ਨਹੀਂ ਏ’ ਤੇ ਸੱਚ ਵੀ ਏਹੀ ਏ, ਇਸ ਜ਼ਿੰਦਗੀ ਦੀ ਰਸੋਈ ਦਾ ਕੋਈ ਮੀਨੂੰ ਨਹੀਂ ਏ, ਜੋ ਖ਼ੁਦ ਪਕਾਓਗੇ, ਓਹੀ ਚੱਖਣਾ ਹੋਵੇਗਾ।

ਜ਼ਿੰਦਗੀ ਸਾਨੂੰ ਓਹ ਨਹੀਂ ਦੇਂਦੀ ਜੋ ਅਸੀਂ ਚਾਹੁੰਦੇ ਹਾਂ, ਜ਼ਿੰਦਗੀ ਓਹ ਦਿੰਦੀ ਏ ਜਿਵੇਂ ਦੇ ਅਸੀਂ ਹਾਂ, ਧੁਰ ਅੰਦਰੋਂ ਜੋ ਅਸੀਂ ਸੋਚਦੇ ਹਾਂ, ਓਹੀ ਸਾਡੀ ਆਭਾ ਏ, ਸਾਡਾ ਵਿਅਕਤੀਤਵ ਏ।

ਕਦੀ ਸਵਾਸਾਂ ’ਤੇ ਧਿਆਨ ਕਰੀਏ ਤਾਂ ਮਿੰਟ ਵੀ ਨਹੀ ਠਹਿਰਦਾ ਮਨ, ਪਰ ਸੌ ਦੇ ਨੋਟਾਂ ਦੀ ਥੱਦੀ ਗਿਣਦਿਆਂ ਇਕਾਗਰ ਹੋ ਜਾਂਦਾ ਏ, ਮਸਲਾ ਨਫ਼ੇ ਨੁਕਸਾਨ ਜੋ ਬਣ ਜਾਂਦਾ ਏ। ਪਰ ਜੇ ਸਮਝ ਆ ਜਾਵੇ ਕਿ ਨੋਟ ਤਾਂ ਫਿਰ ਵੀ ਆ ਜਾਣਗੇ, ਭੁੱਖੇ ਤਾਂ ਨਹੀ ਮਰਨ ਲੱਗੇ, ਪਰ ਸਵਾਸ ਜਦੋਂ ਮੁੱਕ ਗਏ ਤਾਂ ਫਿਰ ਨਹੀਂ ਮਿਲਣੇ, ਇੱਕ ਵੀ ਨਹੀਂ ਮਿਲਣਾ, ਅੱਧਾ ਕੁ ਵੀ ਨਹੀਂ। ਹਾਲਾਂਕਿ ਇਹੋ ਸੱਚ ਏ ਕਿ ਹਰ ਪਲ ਹਰ ਘੜੀ ਸਵਾਸਾਂ ਦੀ ਲੜੀ ਦੇ ਮੋਤੀ ਕਿਰਦੇ ਜਾ ਰਹੇ ਨੇ, ਇਹ ਵੀ ਨਹੀਂ ਪਤਾ ਕਿ ਬਾਕੀ ਕਿੰਨੇ ਨੇ। ਤੇ ਫਿਰ ਕੀਮਤੀ ਕੀ ਨੇ ? ਸਵਾਸ ਜਾਂ ਮਾਇਆ, ਦੁਆਵਾਂ ਜਾਂ ਦੌਲਤਾਂ ?

ਜ਼ਿੰਦਗੀ ਸਫਲ ਹੋ ਜਾਵੇ ਜੇ
ਹੱਥ ਕਾਰ (ਕਿਰਤ) ਵੱਲੇ,
ਤੇ ਦਿਲ ਯਾਰ ਵੱਲੇ
ਰਹਿਣ ਦਾ ਵੱਲ ਆ ਜਾਵੇ,
ਸੋਚ ਏਥੇ ਈ ਟਿਕ ਜਾਵੇ।

# ਸਿਰ ’ਤੇ ਰਖਿਆ ਹਉਮੈ ਦਾ ਤਾਜ: ਸ਼ੀਸ਼ੇ ਦੇ ਪਾਰ

ਗੁਰਮੀਤ ਸਿੰਘ ਮੀਤ

ਅੰਮ੍ਰਿਤ ਵੇਲੇ ਦੀ ਦਸਤਕ ਹੋਈ ... ਪੂਰਬ ਵਿੱਚ ਸੂਰਜ ਚੜਨ ਤੋਂ ਪਹਿਲਾਂ ਦੀ ਲਾਲੀ ਫੈਲ ਗਈ.. ਵਾਤਾਵਰਣ ਵਿੱਚ ਪੰਛੀਆਂ ਦੇ ਚਹਿ-ਚਹਾਉਣ ਦੀਆਂ ਮਿੱਠੀਆਂ ਆਵਾਜ਼ਾਂ ਗੂੰਜ ਪਈਆਂ... ਅੱਧਖਿੜੇ ਫੁੱਲਾਂ ਦੀ ਖ਼ੁਸ਼ਬੂ ਹਵਾ ਵਿੱਚ ਫੈਲਣ ਲੱਗ ਪਈ... ਪਸ਼ੂ ਪੰਖੇਰੂਆਂ ਨੇ ਉਸਲਵਟੇ ਲਏ.... ਤਿਤਲੀਆਂ ਫੁੱਲਾਂ ਤੋਂ ਤਾਜ਼ਾ ਖ਼ੁਸ਼ਬੂ ਭਰਿਆ ਰਸ ਲੈਣ ਲਈ ਉੱਡ ਪਈਆਂ ...। ਮੈਂ ਵੀ ਆਪਣੇ ਬਿਸਤਰੇ ਤੋਂ ਉੱਠਣ ਲਈ ਕਰਵਟ ਲੈਣੀ ਚਾਹੀ ਪਰ ਇਹ ਕੀ.... ਮੇਰੀਆਂ ਪਲਕਾਂ ਨਹੀਂ ਖੁੱਲ ਰਹੀਆਂ... ਕਾਹਲ ਪੈਣ ਲੱਗ ਪਈ ... ਮੈਂ ਫਿਰ ਕੋਸ਼ਿਸ਼ ਕੀਤੀ ਪਰ ਨਹੀਂ ਖੁੱਲੀਆਂ, ਪਲਕਾਂ ਜਿਵੇਂ ਆਪਸ ਵਿੱਚ ਜੁੜ ਗਈਆਂ ਸਨ...। ਮੈਂ ਹੱਥਾਂ ਨਾਲ ਖੋਲਣ ਦੀ ਕੋਸ਼ਿਸ਼ ਕਰਨੀ ਚਾਹੀ ਪਰ ਮੇਰੇ ਹੱਥ ਵੀ ਮੇਰੇ ਹੁਕਮ ਵਿੱਚ ਨਹੀਂ ਸੀ...। ਮੈਨੂੰ ਇੱਕ ਸੂਖ਼ਮ ਜਿਹੀ ਆਵਾਜ਼ ਸੁਣਾਈ ਦਿੱਤੀ ... ਬੰਦ ਕਮਰਾ ਪੂਰੀ ਤਰਾਂ ਸ਼ਾਂਤ ਸੀ ... ਮੈਂ ਹੈਰਾਨ ਹੋਇਆ ਅਤੇ ਅੰਦਾਜ਼ਾ ਲਾਇਆ ਕਿ ਕਮਰੇ ਵਿੱਚ ਆਸ ਪਾਸ ਤਾਂ ਕੋਈ ਵੀ ਨਹੀਂ ਸੀ, ਫਿਰ ਇਹ ਆਵਾਜ਼ ਕਿੱਥੋਂ ਆਈ ? ਮੈਂ ਦੁਬਾਰਾ ਸੁਣਨ ਦੀ ਕੋਸ਼ਿਸ਼ ਕੀਤੀ ਤਾਂ ਇਹ ਮੇਰੇ ਹੀ ਅੰਦਰੋਂ ਆ ਰਹੀ ਸੀ। ਬਿਲਕੁਲ ਮੇਰੀਆਂ ਅੱਖਾਂ ਵਾਲੀ ਥਾਂ ਤੋਂ।

‘ਅਸੀਂ ਤੁਹਾਨੂੰ ਆਪਣੀਆਂ ਹੋਰ ਸੇਵਾਵਾਂ ਨਹੀਂ ਦੇ ਸਕਾਂਗੀਆਂ ਮੇਰੇ ਮਾਲਿਕ..!! ਮਾਫ਼ੀ ਚਾਹੁੰਦੀਆਂ ਹਾਂ।’

‘ਕਿਉਂ ?’ ਮੈਂ ਪੁਛਿਆ।

‘ਕਿਉਂ....?? (ਉਹ ਉੱਚੀ ਆਵਾਜ ਵਿੱਚ ਬੋਲੀਆਂ) ‘ਇਹੀ ਤਾਂ ਅਸੀਂ ਪੁੱਛਣਾ ਚਾਹੁੰਦੀਆਂ ਹਾਂ ਤੁਹਾਡੇ ਤੋਂ ? ਕਿਉਂ ਸੇਵਾਵਾਂ ਦੇਈਏ ਤੁਹਾਨੂੰ ? ਤੁਸੀਂ ਸਾਨੂੰ ਹੁਣ ਤੱਕ ਕਿੰਨਾ ਕੰਮਾਂ ਲਈ ਵਰਤਿਆ ? (ਉਹ ਭਰੇ ਪੀਤੇ ਮਨ ਨਾਲ ਮੇਰੇ ’ਤੇ ਸਵਾਲਾਂ ਦੀ ਬੋਛਾੜ ਨਾਲ ਜਿਵੇਂ ਟੁੱਟ ਪਈਆਂ) ਤੁਸੀਂ ਸਾਡੇ ਰਾਹੀਂ ਹਰ ਉਹ ਚੀਜ਼ ਵੇਖੀ ਜੋ ਅਸੀਂ ਨਹੀਂ ਵੇਖਣਾ ਚਾਹੁੰਦੀਆਂ ਸੀ। ਹਰ ਉਹ ਦ੍ਰਿਸ਼ ਵਿਖਾਇਆ ਜਿਨਾਂ ਨੂੰ ਵੇਖਣ ਲਈ ਅਸੀਂ ਨਹੀਂ ਬਣਾਈਆਂ ਗਈਆਂ ਸੀ। ਤੁਸੀਂ ਹਰ ਉਸ ਚੀਜ਼ ਤੋਂ ਅੱਖਾਂ ਫੇਰ ਲਈਆਂ ਜਿਨਾਂ ਨੂੰ ਵੇਖ ਲੈਣਾ ਚਾਹੀਦਾ ਸੀ।’

ਮੈਂ ਹੈਰਾਨੀ ਭਰੇ ਮਨ ਤੋਂ ਹਾਲੇ ਬਾਹਰ ਨਹੀਂ ਨਿਕਲਿਆ ਸੀ ਕਿ ਅੱਖਾਂ ਨੇ ਅੱਗੇ ਬੋਲਣਾ ਜਾਰੀ ਰਖਿਆ।

‘ਜਦੋਂ ਜਦੋਂ ਕਿਸੇ ਲੋੜਵੰਦ ਨੂੰ ਮਦਦ ਦੀ ਲੋੜ ਸੀ ਤੁਸੀਂ ਸਾਨੂੰ ਉਸ ਤੋਂ ਫੇਰ ਲਿਆ... ਜਦੋਂ ਜਦੋਂ ਕੁਦਰਤ ਨੂੰ ਵੇਖ ਕੇ ਬਲਿਹਾਰੇ ਜਾਣਾ ਸੀ ਤੁਸੀਂ ਸਾਨੂੰ ਫੇਰ ਲਿਆ... ਇਸ ਤੋਂ ਉਲਟ ਜਿੱਥੋਂ ਜਿੱਥੋਂ ਅਸੀਂ ਮੈਲੀਆਂ ਹੁੰਦੀਆਂ ਸਾਂ ਤੁਸੀਂ ਸਾਨੂੰ ਉੱਥੇ ਜ਼ਬਰਦਸਤੀ ਗੱਡ ਦਿੱਤਾ.. ਸਾਨੂੰ ਮਜਬੂਰ ਕੀਤਾ ਵੇਖਣ ਲਈ... ਹੁਣ ਤੁਸੀਂ ਹੀ ਦੱਸੋ ਕਿ ਅਸੀਂ ਤੁਹਾਨੂੰ ਕਿਉਂ ਆਪਣੀਆਂ ਸੇਵਾਵਾਂ ਦੇਈਏ ? ਅਸੀਂ ਤੁਹਾਡੇ ਤੋਂ ਬਾਗ਼ੀ ਹਾਂ... ਆਕੀ ਹਾਂ, ਸੇਵਾਵਾਂ ਦੇਣ ਤੋਂ।’ ਅਤੇ ਗਹਿਨ ਚੁੱਪ ਪਸਰ ਗਈ।

ਮੈ ਝੂਠ ਮੂਠ ਕੁੱਝ ਕਹਿ ਕੇ ਆਪਣਾ ਬਚਾਅ ਕਰਨਾ ਚਾਹੁੰਦਾ ਸੀ, ਉਨਾਂ ਨੂੰ ਕੁੱਝ ਕਹਿਣਾ ਚਾਹੁੰਦਾ ਸੀ ਪਰ ਮੈਨੂੰ ਕੋਈ ਝੂਠ ਨਾ ਸੁੱਝਿਆ ..। ਮੇਰੀ ਜ਼ੁਬਾਨ ਖ਼ਾਮੋਸ਼ ਸੀ। ਹਾਲੇ ਮੈਂ ਇਸ ਸ਼ਸ਼ੋਪੰਜ ਵਿੱਚ ਹੀ ਸਾਂ ਕਿ ਮੇਰੇ ਕੰਨਾਂ ਨੇ ਵੀ ਬਗ਼ਾਵਤ ਕਰ ਦਿੱਤੀ।

‘ਅਸੀਂ ਵੀ ਤੁਹਾਨੂੰ ਆਪਣੀਆਂ ਹੋਰ ਸੇਵਾਵਾਂ ਨਹੀਂ ਦੇ ਸਕਾਂਗੇ।’ ਮੇਰੇ ਕਿਉਂ ਪੁੱਛਣ ਤੋਂ ਪਹਿਲਾਂ ਹੀ ਉਹ ਬੋਲ ਪਏ, ‘ਜਦੋਂ ਜਦੋਂ ਕਿਸੇ ਨੇ ਮਦਦ ਲਈ ਪੁਕਾਰਿਆ ਤੁਸੀਂ ਸਾਨੂੰ ਬੰਦ ਕਰ ਲਿਆ। ਹੋਰ ਹਜ਼ਾਰਾਂ ਗ਼ੈਰ ਜ਼ਰੂਰੀ ਅਵਾਜ਼ਾਂ ਸੁਣਾਈਆਂ ਪਰ ਕੋਈ ਵੀ ਉਹ ਆਵਾਜ਼ ਜੋ ਤਸਕੀਨ ਦੇਣ ਵਾਲੀ ਸੀ ਨਹੀਂ ਸੁਣਨ ਦਿੱਤੀ। ਸ਼ਾਇਦ ਕੁੱਝ ਹੀ ਚੰਗੀਆਂ ਆਵਾਜ਼ਾਂ ਹੋਣ ਜੋ ਪੋਟਿਆਂ ਤੇ ਗਿਣੀਆਂ ਜਾ ਸਕਦੀਆਂ ਨੇ ... ਪਰ ਉਹ ਵੀ ਗ਼ੈਰ ਜ਼ਰੂਰੀ ਆਵਾਜ਼ਾਂ ਦੇ ਸ਼ੋਰ ਹੇਠਾਂ ਦਬ ਗਈਆਂ ਨੇ ... ਹੁਣ ਤੁਸੀਂ ਜਦੋਂ ਇਕੱਲੇ ਬੈਠਦੇ ਓ ਤਾਂ ਇਹੀ ਸ਼ੋਰ ਹੁਣ ਤੁਹਾਨੂੰ ਪ੍ਰੇਸ਼ਾਨ ਕਰਦਾ ਏ। ਹੈ ਨਾ ? ਖ਼ੈਰ ! ਤੁਸੀਂ ਬਿਹਤਰ ਜਾਣਦੇ ਓ। ਅਸੀਂ ਹੁਣ ਥੱਕ ਚੁੱਕੇ ਆਂ।’

ਮੈਂ ਹੈਰਾਨ ਪ੍ਰੇਸ਼ਾਨ ਜਿਹਾ ਹੋ ਗਿਆ ਕਿ ਇਹ ਬਗ਼ਾਵਤ ਤਾਂ ਸਾਰੇ ਸਰੀਰ ਦੇ ਅੰਗਾਂ ਵਿੱਚ ਫੈਲਦੀ ਜਾ ਰਹੀ ਏ। ਹੈਰਾਨੀ ਤਾਂ ਉਦੋਂ ਹੋਈ ਜਦੋਂ ਮੇਰੇ ਹੱਥ ਵੀ ਹੱਥ ਖੜੇ ਕਰ ਗਏ ਅਤੇ ਜ਼ੋਰ ਨਾਲ ਬੋਲੇ, ‘ਅਸੀਂ ਵੀ ਮਾਫ਼ੀ ਚਾਹੁੰਦੇ ਆਂ, ਤੁਹਾਡੀ ਹੋਰ ਸੇਵਾ ਨਹੀਂ ਕਰ ਸਕਾਂਗੇ... ਸਾਡੇ ਨਾਲ ਤੁਸੀਂ ਬਹੁਤ ਬੁਰਾ ਕੀਤਾ ...’ ਹਰ ਉਹ ਬੁਰਾ ਕੰਮ ਕਰਵਾਇਆ ਜੋ ਅਸੀਂ ਨਹੀਂ ਕਰਨਾ ਚਾਹੁੰਦੇ ਸੀ ... ਅਸੀਂ ਦੇਣ ਲਈ ਬਣੇ ਸੀ, ਤੁਸੀਂ ਸਾਨੂੰ ਅੱਡਣ ਲਈ ਅਤੇ ਹੱਕ ਮਾਰਨ ਲਈ ਵਰਤਿਆ ..। ਅਸੀਂ ਕਿਸੇ ਡਿੱਗੇ ਨੂੰ ਚੁੱਕਣ ਲਈ ਬਣੇ ਸੀ ਪਰ ਤੁਸੀਂ ਸਾਨੂੰ ਦੂਜੇ ਨੂੰ ਹੇਠਾਂ ਧੱਕਣ ਡੇਗਣ ਲਈ ਵਰਤਿਆ..., ਅਸੀਂ ਤਰਸਦੇ ਰਹੇ ਪਰ ਤੁਸੀਂ ਕਿਸੇ ਦੇ ਹੰਝੂ ਪੂੰਝਣ ਲਈ ਵਰਤਿਆ ਹੀ ਨਹੀਂ ..., ਕਿਸੇ ਨੂੰ ਹੌਸਲਾ ਦੇਣ ਲਈ ਜਾਂ ਸ਼ਾਬਾਸੀ ਦੇਣ ਲਈ ਪਿੱਠ ਤੇ ਥਪਥਪਾਉਣ ਲਈ ਵੀ ਨਹੀਂ ਵਰਤਿਆ...। ਦਵਾ ਲਾਉਣ ਦੀ ਥਾਂ ਜ਼ਖ਼ਮ ਕੁਰੇਦਣ ਲਈ ਵਰਤਿਆ।’ ਉਹ ਸ਼ਾਇਦ ਹੋਰ ਬਹੁਤ ਕੁੱਝ ਕਹਿਣਾ ਚਾਹੁੰਦੇ ਸੀ ਪਰ ਨਿੰਮੋਝੂਣੇ ਹੋ ਕੇ ਚੁੱਪ ਜਿਹੇ ਕਰ ਰਹੇ।

ਮੈਂ ਰੋਣਹਾਕਾ ਹੋ ਗਿਆ। ਮੇਰਾ ਸੰਘ ਸੁਤਿਆ ਗਿਆ। ਮੈਂ ਚੀਖ਼ ਕੇ ਰੋਣਾ ਚਿਲਾਉਣਾ ਚਾਹੁੰਦਾ ਸੀ ਪਰ ਮੇਰੀ ਜ਼ੁਬਾਨ ਵੀ ਮੇਰਾ ਸਾਥ ਛੱਡ ਚੁੱਕੀ ਸੀ ਅਤੇ ਜਾਣ ਤੋਂ ਪਹਿਲਾਂ ਐਨਾ ਹੀ ਆਖ ਕੇ ਗਈ, ‘ਜਿਸ ਜ਼ੁਬਾਨ ਵਿੱਚੋਂ ਕਿਸੇ ਲਈ ਪਿਆਰ ਭਰੇ ਕਦੀ ਦੋ ਸ਼ਬਦ ਨਹੀਂ ਨਿਕਲੇ ਜਿਸਦਾ ਕਿ ਉਹ ਹੱਕਦਾਰ ਵੀ ਸੀ ... ਪਰ ਜੇ ਨਿਕਲੀਆਂ ਤਾਂ ਸਿਰਫ਼ ਗਾਲਾਂ, ਝਿੜਕਾਂ, ਚੁਗਲੀਆਂ ਤੇ ਬੇਥਵੇ ਠਹਾਕੇ ... ਬੇਲੋੜੇ ਸ਼ਬਦ ਅਤੇ ਬੇਤਹਾਸ਼ਾ ਥੋਥੀਆਂ ਅਰਥਹੀਣ ਗੱਲਾਂ। ਮੈਂ ਹੋਰ ਤੁਹਾਡੇ ਕੰਮ ਨਹੀਂ ਆ ਸਕਾਂਗੀ।’ ਆਖ ਕੇ ਉਹ ਵੀ ਖ਼ਾਮੋਸ਼ ਹੋ ਗਈ। ਮੈਂ ਕਿਸੇ ਤੋਂ ਮਦਦ ਮੰਗਣਾ ਚਾਹੁੰਦਾ ਸੀ ਪਰ ਹੁਣ ਮੈਂ ਇਸ ਤੋਂ ਵੀ ਆਤੁਰ ਹੋ ਗਿਆਂ ਸਾਂ।

ਮੇਰੇ ਪੈਰਾਂ ਨੇ ਵੀ ਆਪਣਾ ਫ਼ੈਸਲਾ ਸੁਣਾ ਦਿੱਤਾ ਕਿ ਮੈਂ ਉਸ ਨੂੰ ਠੋਕਰਾਂ ਮਾਰਨ ਲਈ ਹੀ ਵਰਤਿਆ ਬਜਾਏ ਕਿਸੇ ਮਰਤਬੇ ਨੂੰ ਪਾਉਣ ਦੇ। ਉਨਾਂ ਕਿਹਾ ਕਿ ਉਹ ਬੇਲੋੜਾ ਤੁਰ ਤੁਰ ਕੇ ਥੱਕ ਚੁੱਕੇ ਨੇ ਅਤੇ ਹੋਰ ਸਾਥ ਨਹੀਂ ਦੇਣਗੇ। ਮੈਂ ਬਹੁਤ ਟੁੱਟ ਚੁੱਕਾ ਸੀ ਅਤੇ ਨਿੱਸਲ ਹੋ ਗਿਆ ਸਾਂ। ਆਖ਼ਿਰ ਵਿੱਚ ਮੇਰੇ ਦਿਲ ਨੇ ਵੀ ਰੋ ਰੋ ਕੇ ਮੈਨੂੰ ਫਿਟਕਾਰਿਆ, ‘ਕਮਾਲ ਏ ਤੁਸੀਂ ਕਦੀ ਪਸੀਜੇ ਈ ਨਹੀਂ ? ਕਿਸੇ ਦੇ ਦਰਦ ਨੂੰ ਮਹਿਸੂਸ ਹੀ ਨਹੀਂ ਕੀਤਾ ? ਮੈਨੂੰ ਪੱਥਰ ਬਣਾ ਦਿੱਤਾ... ਐਨਾ ਪੱਥਰ ਕਿ ਮੇਰੀ ਕੋਮਲਤਾ ਹੀ ਚਲੀ ਗਈ ... ਮੈਂ ਹੁਣ ਐਨਾ ਪੱਥਰ ਹੋ ਚੁੱਕਾਂ ਕਿ ਚਾਹ ਕੇ ਵੀ ਧੜਕ ਨਹੀਂ ਸਕਾਂਗਾ। ਮੈਂ ਮਜਬੂਰ ਹਾਂ..ਮਾਫ਼ੀ ਚਾਹੁੰਦਾਂ।’

ਬੱਸ ਹੁਣ ਦਿਮਾਗ਼ ਹੀ ਬਚਿਆ ਸੀ। ਉਹ ਵੀ ਸ਼ਾਇਦ ਇਸ ਲਈ ਕਿ ਇਹ ਸਭ ਮੈਨੂੰ ਦਿਖਾਇਆ ਜਾ ਸਕੇ। ਉਸ ਨੇ ਮੈਨੂੰ ਕੁੱਝ ਕਹਿਣ ਨਾਲੋਂ ਆਪਣੇ ਅੰਦਰ ਤਸਵੀਰ ਦਿਖਾਉਣੀ ਸ਼ੁਰੂ ਕਰ ਦਿੱਤੀ ਤੇ ਕਿਹਾ, ‘ਵੇਖੋ ਤੁਸੀਂ ਕਿੰਨਾ ਕੂੜਾ ਭਰ ਦਿੱਤਾ ਮੇਰੇ ਵਿੱਚ !!!’ ਬੁਰੇ ਵਿਚਾਰ ਉੱਥੇ ਕੁਰਬਲ ਕੁਰਬਲ ਕਰ ਰਹੇ ਸੀ ... ਨਫ਼ਰਤ ਅਤੇ ਈਰਖਾ ਦੇ ਨਾਗ ਇਧਰ ਉਧਰ ਰੀਂਗ ਰਹੇ ਸੀ ... ਨੰਗੇ ਬਦਬੂਦਾਰ ਇਨਸਾਨੀ ਅੰਗ ਥਾਂ ਥਾਂ ਖਿਲਰੇ ਪਏ ਸੀ ... ਮੇਰੇ ਵਕਤ ਬੇਵਕਤ ਪਹਿਨਣ ਲਈ ਰੱਖੇ ਸੈਂਕੜੇ ਮੁਖੌਟੇ ਮੈਨੂੰ ਡਰਾ ਰਹੇ ਸੀ ... ਮੇਰਾ ਆਪਾ ਮਤਲਬਪ੍ਰਸਤੀ ਦੇ ਲਹੂ ਚਿੱਕੜ ਦੀ ਦਲਦਲ ਵਿੱਚ ਪਿਆ ਛਟਪਟਾ ਰਿਹਾ ਸੀ ... ਕੰਡੇਦਾਰ ਵਿਚਾਰਾਂ ਦੀ ਸਿਉਂਕ ਤਕਰੀਬਨ ਸਾਰੇ ਦਿਮਾਗ਼ ਨੂੰ ਚੱਟ ਕਰ ਚੁੱਕੀ ਸੀ।

ਮੈਂ ਹਉਕਾ ਲਿਆ ਅਤੇ ਬੇਬੱਸ ਹੋ ਕੇ ਆਪਣੇ ਆਪ ਨੂੰ ਢਿੱਲਾ ਛੱਡ ਦਿੱਤਾ। ਚਿਹਰੇ ’ਤੇ ਕੋਸੇ ਹੰਝੂ ਵਗ ਰਹੇ ਸੀ।

ਆਪਣੇ ਚਿਹਰੇ ’ਤੇ ਹੰਝੂਆਂ ਦਾ ਗਿੱਲਾਪਨ ਮਹਿਸੂਸ ਕਰਕੇ ਅਚਾਨਕ ਮੈਂ ਅੱਖਾਂ ਖੋਲੀਆਂ ਤਾਂ ਆਪਣੇ ਆਪ ਨੂੰ ਬਿਸਤਰੇ ’ਤੇ ਸਹੀ ਸਲਾਮਤ ਵੇਖ ਕੇ ਅਕਹਿ ਰਾਹਤ ਮਹਿਸੂਸ ਕੀਤੀ। ਸਿਰਹਾਣਾ ਹੰਝੂਆਂ ਨਾਲ ਗਿੱਲਾ ਹੋਇਆ ਪਿਆ ਸੀ। ਹਰ ਪਾਸੇ ਸ਼ਾਂਤੀ ਸੀ। ਕੰਨਾਂ ਵਿੱਚ ਖ਼ਾਮੋਸ਼ੀ ਦੀ ਸਾਂ ਸਾਂ ਆ ਰਹੀ ਸੀ। ਮੈਂ ਹੱਥਾਂ ਨੂੰ ਹਿਲਦੇ ਹੋਏ ਬੜੇ ਪਿਆਰ ਅਤੇ ਸਤਿਕਾਰ ਨਾਲ ਵੇਖਿਆ ... ਦੋਹਾਂ ਹੱਥਾਂ ਨਾਲ ਆਪਣੇ ਚਿਹਰੇ ਨੂੰ ਛੋਹਿਆ ਤਾਂ ਸ਼ੁਕਰਾਨੇ ਵਿੱਚ ਭੁੱਬ ਨਿਕਲ ਗਈ। ਜ਼ਮੀਨ ’ਤੇ ਪੈਰ ਰਖਦਿਆਂ ਮੈਂ ਪ੍ਰਮਾਤਮਾ ਦਾ ਲੱਖ ਲੱਖ ਸ਼ੁਕਰ ਕੀਤਾ ਕਿ ਉਹ ਚੱਲ ਰਹੇ ਸੀ। ਸ਼ੁਕਰਾਨੇ ਵਿੱਚ ਖੜਿਆਂ ਜਦੋਂ ਹੱਥ ਜੁੜੇ ਤਾਂ ਲੱਗਾ ਪਹਿਲੀ ਵਾਰ ਹੱਥ ਪਵਿੱਤਰ ਹੋਏ ਹੋਣ ... ਹੰਝੂਆਂ ਨਾਲ ਅੱਖਾਂ ਪਵਿੱਤਰ ਹੋ ਗਈਆਂ ਹੋਣ ... ਸ਼ੁਕਰਾਨੇ ਦੇ ਸ਼ਬਦਾਂ ਨਾਲ ਕੰਨ ਜ਼ੁਬਾਨ, ਸਭ ਪਵਿੱਤਰ ਹੋ ਗਿਆ ਹੋਵੇ। ਦਿਮਾਗ਼ ਨਿਮਰਤਾ ਅਤੇ ਚੰਗੇ ਵਿਚਾਰਾਂ ਦੀ ਆਮਦ ਨਾਲ ਧੋਣਾ ਸ਼ੁਰੂ ਹੋ ਗਿਆ ਹੋਵੇ।

ਮੈਂ ਬਹੁਤ ਸਹਿਜ ਵਿੱਚ ਉਠਿਆ ਤੇ ਕਿਸੇ ਨਵੀਂ ਮੰਜ਼ਿਲ ਨੂੰ ਪਾਉਣ ਲਈ ਤੁਰ ਪਿਆ ਅਤੇ ਮੇਰੇ ਸਿਰ ’ਤੇ ਰਖਿਆ ਹਉਮੈ ਦਾ ਤਾਜ ਪਿੱਛੇ ਜ਼ਮੀਨ ’ਤੇ ਡਿਗਿਆ ਹੌਲੀ ਹੌਲੀ ਹਿਲ ਰਿਹਾ ਸੀ।

# ਸਾਂਝਾ ਕਾਵਿ ਸੰਗ੍ਰਹਿ : ਸੋ ਕਿਉਂ ਮੰਦਾ ਆਖੀਐ

## ਸੰਪਾਦਕ : ਨਿਰਮਲ ਕੌਰ ਕੋਟਲਾ

ਪ੍ਰੋ. ਰਾਮ ਲਾਲ ਭਗਤ
98550-02264

ਨਿਰਮਲ ਕੌਰ ਕੋਟਲਾ ਪੰਜਾਬੀ ਸਾਹਿਤਕ ਸੱਥਾਂ ਦੀ ਜਾਣੀ-ਪਛਾਣੀ ਕਵਿੱਤਰੀ ਹੈ ਜੋ ਪਹਿਲਾਂ ਵੀ ਸਾਹਿਤ ਨੂੰ ਦੋ ਕਾਵਿ ਸੰਗ੍ਰਹਿ ਭੇਟ ਕਰ ਚੁੱਕੀ ਹੈ। ਲੇਖਿਕਾ ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ, ਪੰਜਾਬ ਦੀ ਪ੍ਰਧਾਨ ਹੈ ਜਿਸ ਦੀ ਮਿਹਨਤ ਨੇ ਪਾਠਕਾਂ ਨੂੰ ਨਿਰੋਲ ਧਾਰਮਿਕ ਨਾਰੀ ਸੰਗ੍ਰਹਿ ‘ਸੋ ਕਿਉਂ ਮੰਦਾ ਆਖੀਐ’ ਦਾ ਸੁੰਦਰ ਗੁਲਦਸਤਾ ਭੇਟ ਕੀਤਾ ਹੈ। ਇਹ ਕਾਵਿ ਸੰਗ੍ਰਹਿ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਕੀਤਾ ਗਿਆ ਅਤੇ ਸੁਗੰਧੀ ਭਰੀਆਂ ਰਚਨਾਵਾਂ ਨੂੰ ਉਨਾਂ ਦੀ ਉਸਤਤਿ ਨਾਲ ਸਜਾਇਆ ਗਿਆ ਹੈ। ਪੰਜਾਬੀ ਸਾਹਿਤ ਦੀਆਂ ਕਵਿੱਤਰੀਆਂ ਨੇ ਬਾਬੇ ਨਾਨਕ ਦੀ ਬਾਣੀ ਅਤੇ ਸਿੱਖਿਆਵਾਂ ਰਾਹੀਂ ਔਰਤ ਨੂੰ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ ਹੈ। ਲੇਖਿਕਾ ਨੇ ਬੜੀ ਦਲੇਰੀ ਅਤੇ ਹਿੰਮਤ ਨਾਲ ਪੁਰਖੀ ਰੀਤਾਂ ਅਤੇ ਮਰਦ ਪ੍ਰਧਾਨ ਸਮਾਜ ਦੇ ਔਗੁਣਾਂ ਨੂੰ ਫਰੋਲਣ ਦੀ ਕੋਸ਼ਿਸ਼ ਕੀਤੀ ਹੈ। ਇਸ ਸੰਗ੍ਰਹਿ ਦੀਆਂ 66 ਰਚਨਾਵਾਂ ਹਨ ਅਤੇ ਹਰ ਇਕ ਦੀ ਇਹ ਖ਼ੂਬੀ ਹੈ ਕਿ ਜਦ ਵੀ ਪਾਠਕ ਪੜਦਾ ਹੈ ਤਾਂ ਹਰ ਰਚਨਾ ਨਾਲ ਦਿਲੀ ਸਾਂਝ ਪਾ ਲੈਂਦਾ ਹੈ।

ਇਸ ਨਾਰੀ ਸੰਗ੍ਰਹਿ ਵਿੱਚ ਲੇਖਿਕਾ ਨਿਰਮਲ ਕੌਰ ਕੋਟਲਾ, ਸਤਿੰਦਰ ਕੌਰ ਕਾਹਲੋਂ, ਨੀਟਾ ਭਾਟੀਆ, ਅੰਮ੍ਰਿਤਾ ਸਰਾਂ, ਗੁਰਬਿੰਦਰ ਗਿੱਲ, ਗੁਰਚਰਨ ਕੌਰ ਥਿੰਦ, ਹਰਮੀਤ ਕੌਰ, ਸਵਰਨਜੀਤ ਕੌਰ ਗਰੇਵਾਲ, ਜਸਵਿੰਦਰ ਕੌਰ, ਕੈਲਾਸ਼



ਠਾਕੁਰ, ਕੁਲਵਿੰਦਰ ਨੰਗਲ, ਮਨਦੀਪ ਰਿਪੀ, ਅਮਨਦੀਪ ਜੋਗਾ, ਅਰਪਿੰਦਰ ਕੌਰ, ਤਰਵਿੰਦਰ ਕੌਰ, ਰਾਜਵਿੰਦਰ ਕੌਰ, ਸੁਰਿੰਦਰ ਕਮਲ, ਪਵਨਜੀਤ ਕੌਰ, ਪ੍ਰੀਤ ਕੌਰ ਰਿਆੜ, ਤਰਵਿੰਦਰ ਕੌਰ, ਰਣਜੀਤ ਕੌਰ, ਸਰਬਜੀਤ ਕੌਰ, ਸੁਧਾ ਜੈਨ, ਰਣਜੀਤ ਕੌਰ, ਮਨਪ੍ਰੀਤ ਸੁਖਵਿੰਦਰ, ਦਵਿੰਦਰ ਪਾਲ ਕੌਰ, ਰਾਜਵਿੰਦਰ ਕੌਰ ਢਿੱਲੋਂ, ਸੁੱਖ ਕਾਹਲੋਂ, ਅਰਪਿੰਦਰ ਕੌਰ, ਰਾਜਵਿੰਦਰ ਕੌਰ, ਦਵਿੰਦਰ ਪਾਲ ਕੌਰ ਸੰਧੂ, ਸੁਖਜਿੰਦਰ ਕੌਰ ਭੁੱਲਰ, ਹਰਮੇਸ਼ ਕੌਰ ਯੋਧੇ, ਕਰਮਜੀਤ ਕੌਰ, ਕੁਲਜੀਤ ਗ਼ਜ਼ਲ, ਗੁਰਸ਼ਰਨ ਕੌਰ, ਗੁਰਮੀਨ ਕੌਰ, ਗੁਲਾਫ਼ਸਾ ਬੇਗਮ, ਜਸਵੀਰ ਕੌਰ ਜਸ, ਡਾ ਸਵਰਨਜੀਤ ਕੌਰ, ਪ੍ਰਭਜੋਤ ਕੌਰ, ਬਲਵਿੰਦਰ ਕੌਰ ਦਿੱਲੀ, ਪ੍ਰੀਤ ਕੌਰ ਰਿਆੜ, ਮਨਜੀਤਪ ਕੌਰ ਅੰਬਾਲਵੀ, ਮਨਦੀਪ ਕੌਰ ਭਦੌੜ, ਰੁਪਿੰਦਰ ਕੌਰ, ਜਗੀਰ ਕੌਰ, ਮਨਦੀਪ ਰਤਨ, ਮਨਦੀਪ ਸਿੱਧੂ, ਮਨਜੀਤ ਕੌਰ ਅਤੇ ਮਨਜੋਤ ਪਾਲ ਕੌਰ ਦੀਆਂ ਰਚਨਾਵਾਂ ਅਤੇ ਸਹਿਯੋਗ ਬਹੁਤ ਪ੍ਰਭਾਵਸ਼ਾਲੀ ਹਨ।

ਇਹ ਹੱਥਲੀ ਧਾਰਮਿਕ ਨਾਰੀ ਕਾਵਿ ਸੰਗ੍ਰਹਿ ਨਾਰੀਵਾਦ ਦੀ ਹਾਮੀ ਭਰਦਿਆਂ ਔਰਤਾਂ ਲਈ ਨਿੱਜੀ ਸੁਤੰਤਰਤਾ ਅਤੇ ਸੁਰੱਖਿਆ ਨੂੰ ਲੋਚਦਾ ਹੈ। ਅੱਜ ਵਿਸ਼ਵ ਇਕ ਪਿੰਡ ਬਣ ਚੁੱਕਾ ਹੈ ਸੋ ਜਿਹੇ ਸੰਗਠਨ ਹਨੇਰੇ ਨੂੰ ਰੌਸ਼ਨੀ ਵਲ ਵਧਾ ਰਹੇ ਹਨ। ਭਾਸ਼ਾ ਬੜੀ ਸਰਲ ਅਤੇ ਰੌਚਿਕ ਲੱਗਦੀ ਹੈ। ਸਮੁੱਚੇ ਰੂਪ ਵਿੱਚ ਇਹ ਸੰਗ੍ਰਹਿ ਮਾਨਵਤਾ ਨੂੰ ਔਰਤ ਦੀਆਂ ਭਾਵਨਾਵਾਂ, ਮਾਣ ਅਤੇ ਸਤਿਕਾਰ ਦੀ ਤਰਜਮਾਨੀ ਕਰਦਾ ਹੈ। ਨਿਰਮਲ ਕੌਰ ਕੋਟਲਾ ਦਾ ਇਹ ਉੱਦਮ ਪੰਜਾਬੀ ਸਾਹਿਤ ਲਈ ਅਨਮੋਲ ਕਾਰਜ ਹੈ ਜੋ ਭਵਿੱਖ ਵਿੱਚ ਪਾਠਕਾਂ ਲਈ ਲਾਭਦਾਇਕ ਹੋਵੇਗਾ। ਕੋਟਲਾ ਜੀ ਦਾ ਵਿਸ਼ਵ ਪੰਜਾਬੀ ਨਾਰੀ ਮੰਚ ਦੀ ਸਾਰਥਿਕ ਅਤੇ ਸਾਕਾਰਾਤਮਕ ਸੋਚ ਰਾਹੀਂ ਪ੍ਰੇਰਨਾ ਪ੍ਰਦਾਨ ਕਰ ਰਿਹਾ ਹੈ ਜੋ ਭਵਿੱਖ ਵਿੱਚ ਨਿਰੰਤਰ ਸੇਵਾ ਕਰਦੇ ਰਹਿਣਾ ਚਾਹੀਦਾ ਹੈ। ਦਾਸ ਦੀ ਸਾਰੀਆਂ ਹੀ ਭੈਣਾਂ ਨੂੰ ਸ਼ੁੱਭ ਕਾਮਨਾਵਾਂ ਅਤੇ ਸੰਗ੍ਰਹਿ ‘ਸੋ ਕਿਉਂ ਮੰਦਾ ਆਖੀਐ’ ਦਾ ਪੰਜਾਬੀ ਸਾਹਿਤ ਜਗਤ ਵਿੱਚ ਨਿੱਘਾ ਸਵਾਗਤ ਹੈ।

# ਹਰਫ਼ਾਂ ਨਾਲ ਮੋਹ



ਤਾਰਾ ਮੀਰਾ-ਸਰੋਂ ਵਰਗੀ ਪੀਲੇ ਫੁੱਲਾਂ ਵਾਲੀ ਫਸਲ, ਪਰ ਇਸਦੇ ਬੂਟੇ ਸਰੋਂ ਨਾਲੋਂ ਛੋਟੇ ਹੁੰਦੇ ਹਨ! ਇਹਦੇ ਪੱਤੇ ਸਾਗ ਵਿਚ ਵੀ ਪਾ ਲਈਦੇ ਆ।

ਰਸੌਂਤ - ਦੇਸੀ ਦਵਾਈਆਂ ਵਿੱਚ ਪੈਣ ਵਾਲਾ ਪਦਾਰਥ (ਰਸੌਂਤ ਦਾਰੂ ਹਲਦੀ ਦੇ ਸਤ ਨੂੰ ਕਹਿੰਦੇ ਹਨ, ਉਹ ਖ਼ੂਨ ਸਾਫ ਕਰਦੀ ਹੈ )

ਲਾਣਾ - ਟੱਬਰ , ਪਰਿਵਾਰ

ਔਂਤ - ਜਿਸਦਾ ਬੱਚਾ ਨਾ ਹੋਵੇ

ਨਮੋਸ਼ੀ -ਬੇਇਜ਼ਤੀ

ਫਤੂਰ - ਮਛਰੇਂਵਾਂ, ਜਨੂੰਨ,ਲਚੜੇਂਵਾਂ

ਲਫ਼ਜ- ਸ਼ਬਦ

ਬਰੂ -ਘਾਹ ਦੀ ਇਕ ਕਿਸਮ( ਘਾਹ ਵਰਗਾ ਨਦੀਨ! ਇਸਦੀ ਜੜ ਮੋਟੀ ਤੇ ਬਹੁਤ ਡੂੰਘੀ ਹੁੰਦੀ ਆ! ਇਸ ਦਾ ਛੇਤੀ ਨਾਸ਼ ਨਹੀਂ ਹੁੰਦਾ)

ਪੋਹਲੀ-ਕੰਡੇਦਾਰ ਝਾੜੀ (ਇਹ ਜਿਆਦਾਤਰ ਰੇਤੀਲੇ ਵਾਹਣਾਂ ਦਾ ਨਦੀਨ ਏ, ਇਸ ਦਾ ਪੀਲਾ ਫੁੱਲ ਹੁੰਦਾ ਏ ਤੇ ਪੱਤਿਆਂ ’ਤੇ ਕੰਡੇ ਹੁੰਦੇ ਆ)

ਡੋਕਾ - ਮੱਝ ਦੀਆਂ ਧਾਰਾਂ ਚੁੰਘਣ ਨੂੰ

ਬੌਹਲੀ - ਮੱਝ ਸੂਣ ਤੋਂ ਬਾਅਦ ਪਹਿਲਾ ਦੁੱਧ, ਜੋ 4 ਦਿਨ ਇਸੇ ਤਰਾਂ ਰਹਿੰਦਾ ਏ, ਇਹ ਬਹੁਤ ਜ਼ਿਆਦਾ ਭਾਰਾ ਤੇ ਪੌਸ਼ਟਿਕ ਹੁੰਦਾ ਏ।

ਧਰੇਕ - ਰੁੱਖ ਦਾ ਨਾਮ ਏ।

ਲਸੂੜਾ - ਰੁੱਖ ਦਾ ਨਾਮ ਜਿਸ ਤੋਂ ਗੂੰਦ ਬਣਦੀ ਹੈ।

ਧਤੂਰਾ - ਜ਼ਹਿਰ (ਧਤੂਰੇ ਤੇ ਛੋਟੇ-ਛੋਟੇ ਕੰਡੇ ਵੀ ਹੁੰਦੇ ਨੇ ! ਬੂਟਾ ਇਸਦਾ ਅੱਕ ਵਾਂਗ ਹੀ ਹੁੰਦਾ ਏ)

ਸਲੰਘ - ਖੇਤੀਬਾੜੀ ਵਿੱਚ ਵਰਤਣ ਵਾਲਾ ਪੁਰਾਣਾ ਸੰਦ

ਸਲਾਂਭਾ -ਪਿੜ ’ਚੋਂ ਤੂੜੀ ਕੱਠੀ ਕਰਨ ਸਮੇਂ ਵਰਤਿਆ ਜਾਣ ਵਾਲਾ ਲਫ਼ਜ! ਜਿਵੇਂ ਵਿਹੜਾ ਸਾਫ਼ ਕਰਨ ਲਈ ‘ਸੁੰਬਰਨਾ’

ਵਡਿਆਈ - ਸ਼ੋਹਰਤ

ਉਲਾਂਭਾ - ਸ਼ਿਕਾਇਤ

ਨੇਰਣਾਂ-ਨਾਈਆਂ ਕੋਲ ਹੁੰਦਾ ਨਹੁੰ ਕਟਣ ਲਈ (ਪੁਰਾਣਾ ਨਹੁੰ ਕੱਟਣ ਲਈ ਵਰਤਿਆ ਜਾਂਦਾ ਸੀ ! 5 ਕੁ ਸੈਂਟੀਮੀਟਰ ਚੌੜੀ, ਗਿੱਠ ਕੁ ਲੰਮੀ ਤੇ 2 ਕੁ ਮਿਲੀ ਪੱਤੀ ਨੂੰ ਅੱਗਿਓਂ ਕੁੱਟ ਕੇ ਪਤਲਾ ਤੇ ਤਿੱਖਾ ਕੀਤਾ ਹੁੰਦਾ ਏ)

‘ਗੰਧੂਈ’ - ਸੂਈ ਦੀ ਵੱਡੀ ਭੈਣ !ਜੋ ਮੋਟੇ ਕਪੜੇ ਸਿਉਣ ਲਈ ਵਰਤੀ ਜਾਂਦੀ ਏ

‘ਜੰਮੂਰ’ - ਮੋਚੀਆਂ ਕੋਲ ਹੁੰਦਾ ਕਿੱਲ ਖਿੱਚਣ ਲਈ

‘ਲਾਂਗਾ’ - ਪੱਕਣ ’ਤੇ ਵੱਢ ਕੇ, ਕੱਢਣ ਤੋਂ ਪਹਿਲਾਂ ਰੱਖੀ ਕਣਕ ਨੂੰ ਲਾਂਗਾ ਕਿਹਾ ਜਾਂਦਾ ਏ।

‘ਖੋਰੀ’ - ਕਮਾਦ ਦੀ ਰਹਿੰਦ ਖੂੰਹਦ।

‘ਚੋਬਰ’ - ਨੌਜਵਾਨ

‘ਘੋਰੀ’ - ਅਮਲੀ,ਭੰਗੀ

‘ਸਰੂਰ’ - ਨਸ਼ਾ

‘ਦਹਾਜੂ’ - ਜਿਸਦੇ ਦੋ ਵਿਆਹ ਹੋਏ ਹੋਣ।

‘ਤਰੌਜਾ’ - ਜਿਸਦੇ ਤਿੰਨ ਵਿਆਹ ਹੋਏ ਹੋਣ ਜਾਂ ਮੁਕਲਾਵਾ, ਵਿਆਹ ਕੇ ਲਿਆਂਦੀ ਤੀਵੀਂ

‘ਢੰਗਾ’ - ਜਾਨਵਰ ਦੀ ਇਕ ਲੱਤ ਬੰਨਣਾ। (ਪਸ਼ੂਆਂ ਦੇ ਸੰਗਲ ਵਿੱਚ ਗੋਲ ਅਕਾਰ ਦਾ ਲਾਇਆ ਸਰੀਆ। ਤਾਂ ਜੋ ਵਟੇ ਲੈਣ ਤੇ ਗਲ਼ਾ ਨਾ ਘੁੱਟਿਆ ਜਾਵੇ)

‘ਬਰੋਜਾ’ - ਪਟੇ ਨੂੰ ਲਾਉਣ ਵਾਲੀ ਗੂੰਦ ਜਿਸ ਨਾਲ ਪਟਾ ਨਹੀਂ ਸੀ ਲੱਥਦਾ ਪੱਠੇ ਕੁਤਰਨ ਲੱਗਿਆਂ ਇੰਜਣ ਤੇ ਪਟੇ ਨੂੰ ਲਾਉਣ ਵਾਲਾ ਲੁੱਕ ਵਰਗਾ ਪਦਾਰਥ ਤਾਂ ਜੋ ਪਟਾ ਸਲਿਪ ਨਾ ਹੋਵੇ।

‘ਤਿਓ’ - ਮੋਹ, ਪਿਆਰ




## ਪਾਠਕਾਂ ਦਾ ਨਜ਼ਰੀਆ

### ਕਿਸਾਨ ਆਗੂਆਂ ਨੇ ਖਿੱਚੋਤਾਣ ਵਿੱਚ ਖੁੰਝਾਏ ਸਰਕਾਰ ਨੂੰ ਚੁਣੌਤੀ ਦੇਣ ਦੇ ਮੌਕੇ

ਸਵਾਲਾਂ ਅਤੇ ਚੁਣੌਤੀਆਂ ਦੇ ਉੱਠਦੇ ਰਹਿਣ ਨਾਲ ਘੋਲਾਂ, ਸੰਘਰਸ਼ਾਂ ਅਤੇ ਅੰਦੋਲਨਾਂ ਨਾਲ ਸਬੰਧਤ ਧਿਰਾਂ ਦੀਆਂ ਕਿਰਿਆਵਾਂ ਤੇ ਪ੍ਰਤੀ-ਕਿਰਿਆਵਾਂ ਆਉਂਦੀਆਂ ਰਹਿੰਦੀਆਂ ਹਨ, ਜਿਹਨਾਂ ਨਾਲ ਪਿੜ ਵਿੱਚ ਤੀਬਰਤਾ ਬਣੀ ਰਹਿੰਦੀ ਹੈ। ਜਿਸ ਤਰਾਂ ਸਮੁੱਚੇ ਤੌਰ 'ਤੇ ਖੇਤੀ ਦੀ ਗੱਲ ਕਰਦਿਆਂ ਇਸ ਨੂੰ ਕੇਵਲ ਫਸਲਾਂ ਤਕ ਸੀਮਤ ਨਹੀਂ ਰੱਖਿਆ ਜਾ ਸਕਦਾ ਬਲਕਿ ਖੇਤੀ ਨਾਲ ਜੁੜੇ ਹਰ ਮਸਲੇ ਨੂੰ ਇਸਦਾ ਹਿੱਸਾ ਮੰਨਿਆ ਜਾਂਦਾ ਹੈ। ਬਿਲਕੁਲ ਇਸੇ ਤਰਾਂ ਕਿਸਾਨ ਅੰਦੋਲਨ ਦੀ ਪੂਰਨ ਤੌਰ 'ਤੇ ਗੱਲ ਕਰਦਿਆਂ ਇਸ ਨੂੰ ਕੇਵਲ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਤਕ ਸੀਮਤ ਕਰਕੇ ਨਹੀਂ ਸੰਕੋਚਿਆ ਜਾ ਸਕਦਾ ਬਲਕਿ ਇਸ ਅੰਦੋਲਨ ਨਾਲ ਜੁੜੇ ਅਤੇ ਇਸ ਵਿੱਚੋਂ ਉਪਜੇ ਹਰ ਮੁੱਦੇ ਨੂੰ ਵਾਚਿਆ ਜਾਣਾ ਜ਼ਰੂਰੀ ਹੈ। ਇਹ ਠੀਕ ਹੈ ਕਿ ਅੰਦੋਲਨ ਖੇਤੀ ਸਬੰਧੀ ਕੇਂਦਰ ਸਰਕਾਰ ਵਲੋਂ ਲਿਆਂਦੇ ਕਿਸਾਨ ਮਾਰੂ ਕਾਨੂੰਨਾਂ ਨੂੰ ਰੱਦ ਕਰਵਾਉਣ ਦਾ ਮਕਸਦ ਲੈ ਕੇ ਆਰੰਭ ਕੀਤਾ ਗਿਆ ਅਤੇ ਇਸ ਅੰਦੋਲਨ ਦਾ ਮੁੱਖ ਮਕਸਦ ਵੀ ਤਿੰਨਾਂ ਕਾਲੇ ਕਾਨੂੰਨਾਂ ਨੂੰ ਵਾਪਸ ਕਰਵਾਉਣਾ ਹੀ ਹੋਣਾ ਚਾਹੀਦਾ ਹੈ। ਜਦੋਂ ਕਿਤੇ ਇਹਨਾਂ ਕਾਨੂੰਨਾਂ ਦੀ ਗੱਲ ਹੁੰਦੀ ਹੈ ਜਾਂ ਇਨਾਂ ਬਾਰੇ ਬਹਿਸ ਹੁੰਦੀ ਹੈ ਤਾਂ ਅਸੀਂ ਇਨਾਂ ਦੇ ਰਾਜਾਂ ਦੇ ਅਧਿਕਾਰ ਉਲੰਘ ਕੇ ਬਣਾਏ ਹੋਣ ਨੂੰ ਵੀ ਮੁੱਖ ਦਲੀਲ ਬਣਾਉਂਦੇ ਹਾਂ, ਇਸੇ ਤਰਾਂ ਕਿਸਾਨ ਅੰਦੋਲਨ ਦੀਆਂ ਸਰਗਰਮੀਆਂ ਤੇ ਪ੍ਰਾਪਤੀਆਂ ਬਾਰੇ ਗੱਲ ਕਰਦਿਆਂ ਇਸਦੀ ਸਰਕਾਰ ਤਕ ਪਹੁੰਚ, ਸਰਕਾਰ 'ਤੇ ਪੈ ਰਿਹਾ ਪ੍ਰਭਾਵ ਅਤੇ ਸਰਕਾਰ ਦੇ ਰਵੱਈਏ ਨੂੰ ਵੱਖ ਨਹੀਂ ਰੱਖਿਆ ਜਾ ਸਕਦਾ। ਪਿਛਲੇ ਕਈ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ 'ਤੇ ਸਾਰੇ ਦੇਸ਼ ਦੇ ਕਿਸਾਨਾਂ ਵਲੋਂ ਬਹੁਤ ਸਾਰੇ ਹੋਰ ਵਰਗਾਂ ਦੀ ਹਮਾਇਤ ਨਾਲ ਚੱਲ ਰਹੇ ਅੰਦੋਲਨ ਦੇ ਘਟਨਾਕ੍ਰਮ ਦੌਰਾਨ ਸਰਕਾਰ ਨੂੰ ਠਿੱਬੀ ਲਾਉਣ ਦੇ ਬਹੁਤ ਮੌਕੇ ਮਿਲੇ ਪਰ ਕਿਸਾਨ ਅਗਵਾਈ ਦੀ ਆਪਸੀ ਖਿੱਚੋਤਾਣ ਕਾਰਨ ਖੁੰਝ ਗਏ। ਸੰਘਰਸ਼ ਦੇ ਵਰਤਾਰੇ ਵਿੱਚੋਂ ਬਹੁਤ ਸਾਰੇ ਵਜ਼ਨਦਾਰ ਅਤੇ ਤਰਕਸੰਗਤ ਸਵਾਲ ਸਿਰਜੇ ਜਾ ਸਕਦੇ ਸਨ ਜਿਨਾਂ ਨਾਲ ਸਰਕਾਰ ਨੂੰ ਵੱਡੀ ਚੁਣੌਤੀ ਦਿੱਤੀ ਜਾ ਸਕਦੀ ਸੀ। ਕਿਸਾਨ ਤਰਜਮਾਨੀ ਕਰਦੀਆਂ ਧਿਰਾਂ ਵਿੱਚ ਆਪਸੀ ਇੱਕਸੁਰਤਾ ਦੀ ਘਾਟ ਕਾਰਨ ਅਜਿਹਾ ਨਹੀਂ ਹੋ ਸਕਿਆ। ਜੇਕਰ ਅਸੀਂ ਸਰਕਾਰ ਦੇ ਕੂਟਨੀਤਿਕ, ਦਮਨਕਾਰੀ, ਗੁੰਮਰਾਹਕੁੰਨ ਜਾਂ ਅਣ-ਅਧਿਕਾਰਤ ਕੰਮਾਂ ਨੂੰ ਨਹੀਂ ਉਭਾਰਦੇ ਅਤੇ ਸਵਾਲ ਖੜੇ ਨਹੀਂ ਕਰਦੇ ਤਾਂ ਸਰਕਾਰ ਦਾ ਭਾਰੂ ਪੈ ਜਾਣਾ ਕੁਦਰਤੀ ਹੈ। ਘੋਲ ਦੀ ਸਫ਼ਲਤਾ ਲਈ ਮੁੱਖ ਟੀਚੇ ਦੇ ਨਾਲ-ਨਾਲ ਸਰਕਾਰ ਦੇ ਗਲਤ ਰਵੱਈਏ ਅਤੇ ਨਾਜਾਇਜ਼ ਧੱਕੇਸ਼ਾਹੀ ਨੂੰ ਚੁਣੌਤੀ ਦੇ ਕੇ ਰੱਖਣਾ ਵੀ ਘੋਲ ਦਾ ਹਿੱਸਾ ਹੀ ਹੁੰਦਾ ਹੈ।

ਸਭ ਤੋਂ ਪਹਿਲਾਂ ਤਾਂ ਅਸੀਂ ਸਰਕਾਰ ਦੇ ਅਨੇਕਾਂ ਮੀਟਿੰਗਾਂ ਵਿੱਚ ਬਹਿਸ ਦੌਰਾਨ ਅਤੇ ਦਲੀਲਾਂ ਦੀ ਜੰਗ ਵਿੱਚ ਤਰਕਹੀਣ ਹੋ ਕੇ ਬੁਰੀ ਤਰਾਂ ਹਾਰ ਜਾਣ 'ਤੇ ਵੀ ਸਰਕਾਰ ਦੀ ਇਸ ਵੱਡੀ ਅਸਫ਼ਲਤਾ ਨੂੰ ਦੇਸ਼ ਵਿੱਚ ਅਤੇ ਵਿਸ਼ਵ ਪੱਧਰ 'ਤੇ ਓਨਾ ਨਹੀਂ ਉਭਾਰ ਸਕੇ ਜਿੰਨਾ ਉਭਾਰਨਾ ਚਾਹੀਦਾ ਸੀ। ਆਪਣੀਆਂ ਖੋਜੀ ਦਲੀਲਾਂ ਨਾਲ ਸਰਕਾਰ ਨੂੰ ਝੁਕਾਅ ਲੈਣ ਤੋਂ ਬਾਅਦ ਸਵੈ-ਸਿਫ਼ਤੀ, ਨਿੱਜ ਨੂੰ ਚਮਕਾਉਣ ਅਤੇ ਦਮਗਜ਼ਿਆਂ ਦਾ ਰਸਤਾ ਅਪਨਾਉਣ ਦੀ ਥਾਂ ਜੇਕਰ ਸਰਕਾਰ ਨੂੰ ਝੁਕਾਈ ਰੱਖਣ ਲਈ ਨਵੇਂ-ਨਵੇਂ ਪੈਂਤੜਿਆਂ ਨੂੰ ਅਪਨਾਉਣ 'ਤੇ ਜ਼ੋਰ ਦਿੱਤਾ ਹੁੰਦਾ ਤਾਂ ਅੱਜ ਅੰਦੋਲਨ, ਮੋਰਚਿਆਂ ਅਤੇ ਕਿਸਾਨ ਆਗੂਆਂ ਦਾ ਰੋਅਬ ਕੁਝ ਹੋਰ ਹੋਣਾ ਸੀ। ਦਿੱਲੀ ਦੀਆਂ ਹੱਦਾਂ ਉੱਪਰ ਮੋਰਚਿਆਂ 'ਤੇ ਡਟ ਜਾਣ ਦੇ ਜੋਸ਼ ਵਿੱਚ ਅਸੀਂ ਕੂਚ ਦੇ ਰਸਤੇ ਵਿੱਚ ਹਰਿਆਣਾ ਅਤੇ ਕੇਂਦਰ ਸਰਕਾਰ ਵਲੋਂ ਰਲ ਕੇ ਲੋਕ ਹਿਤਾਂ ਦੇ ਉਲਟ, ਸਰਕਾਰੀ ਸੰਪਤੀ ਨੂੰ ਨੁਕਸਾਨ ਕਰਕੇ ਅਤੇ ਗੈਰ-ਕਾਨੂੰਨੀ ਢੰਗ ਨਾਲ ਪਾਈਆਂ ਗਈਆਂ ਰੁਕਾਵਟਾਂ ਦੌਰਾਨ ਕੀਤੀ ਗਈ ਸਾਧਨਾਂ ਅਤੇ ਅਧਿਕਾਰਾਂ ਦੀ ਦੁਰਵਰਤੋਂ ਨੂੰ ਅੰਤਰਰਾਸ਼ਟਰੀ ਤੌਰ 'ਤੇ ਪੂਰੀ ਤਰਾਂ ਉਭਾਰਨ ਅਤੇ ਸਰਕਾਰ ਨੂੰ ਬਣਦੀ ਚੁਣੌਤੀ ਦੇਣ ਤੋਂ ਖੁੰਝ ਗਏ। ਫਿਰ 26 ਜਨਵਰੀ ਦੇ ਦਿੱਲੀ ਵਿੱਚ ਕੱਢੇ ਟਰੈਕਟਰ ਮਾਰਚ ਦੌਰਾਨ ਅਤੇ ਕਿਸਾਨਾਂ ਦੇ ਲਾਲ ਕਿਲੇ 'ਤੇ ਪਹੁੰਚ ਕੇ ਝੁਲਾਏ ਗਏ ਕੇਸਰੀ ਅਤੇ ਕਿਸਾਨੀ ਦੇ ਝੰਡੇ ਦੀਆਂ ਘਟਨਾਵਾਂ ਤੋਂ ਬਾਅਦ ਇੱਕ ਦਮ ਬਹੁਤ ਸਾਰੇ ਸਵਾਲ ਖੜੇ ਹੋਏ, ਜੋ ਸਰਕਾਰ ਵਾਸਤੇ ਚੁਣੌਤੀ ਅਤੇ ਗਲ਼ੇ ਦੀ ਫਾਹੀ ਬਣਾਏ ਜਾ ਸਕਦੇ ਸੀ। ਟਰੈਕਟਰ ਮਾਰਚ ਵਾਸਤੇ ਸਰਕਾਰ ਵਲੋਂ ਤੈਅ ਕੀਤੇ ਰੂਟਾਂ ਉੱਪਰ ਖੜੀਆਂ ਕੀਤੀਆਂ ਨਜਾਇਜ਼ ਰੁਕਾਵਟਾਂ ਦਾ ਪ੍ਰੈਸ ਮਿਲਣੀਆਂ ਜਾਂ ਲਾਈਵ ਵੀਡੀਓਜ਼ ਵਿੱਚ ਜ਼ਿਕਰ ਤਾਂ ਬਹੁਤ ਹੁੰਦਾ ਰਿਹਾ ਪਰ ਇਸ ਬਾਰੇ ਸਰਕਾਰ ਤੋਂ ਜਵਾਬ ਮੰਗਣ ਲਈ ਕੀਤੀ ਕੋਈ ਵਿਧੀਵਤ ਕੋਸ਼ਿਸ਼ ਨਜ਼ਰ ਨਹੀਂ ਆਈ। ਬਹੁਤ ਸਾਰੇ ਕਿਸਾਨ ਆਗੂ ਅਤੇ ਆਮ ਕਿਸਾਨ ਅਨੇਕ ਵਾਰ ਇਹ ਜ਼ਿਕਰ ਕਰਦੇ ਸੁਣੇ ਗਏ ਕਿ ਦਿੱਲੀ ਦੀ ਪੁਲਿਸ ਜਾਣ ਬੁੱਝ ਕੇ ਉਨਾਂ ਨੂੰ ਦਿੱਲੀ ਦੇ ਅੰਦਰ ਵੱਲ ਮੋੜ ਰਹੀ ਸੀ ਪਰ ਕਿਸੇ ਨੇ ਵੀ ਬਣਦੇ ਢੰਗ ਨਾਲ ਇਹ ਸਵਾਲ ਪੁਲਿਸ ਅਧਿਕਾਰੀਆਂ ਜਾਂ ਸਰਕਾਰ ਅੱਗੇ ਨਹੀਂ ਰੱਖਿਆ ਕਿ ਇਸ ਵਰਤਾਰੇ ਲਈ ਆਦੇਸ਼ ਕਿਸ ਨੇ ਦਿੱਤੇ ਸਨ। ਦਿੱਲੀ ਵਿੱਚ ਰਸਤਾ ਭਟਕੇ ਆਮ ਕਿਸਾਨਾਂ ਅਤੇ ਨੌਜਵਾਨਾਂ ਨੂੰ ਲਾਲ ਕਿਲੇ ਵੱਲ ਜਾਂਦਿਆਂ ਕਿਸੇ ਨੇ ਨਹੀਂ ਰੋਕਿਆ ਜਦ ਕਿ ਅਸਲ ਰੂਟ ਦੁਆਲੇ ਭਾਰੀ ਫੋਰਸ ਤਾਇਨਾਤ ਸੀ। ਤੈਅ ਕੀਤੇ ਅਸਲ ਰੂਟ 'ਤੇ ਜਾਣ ਨਾਲੋਂ ਲਾਲ ਕਿਲੇ ਅੰਦਰ ਦਾਖਲ ਹੋਣ ਲਈ ਬਹੁਤ ਘੱਟ ਮੁਸ਼ੱਕਤ ਦੀ ਲੋੜ ਪਈ, ਇਸ ਵਰਤਾਰੇ ਵਿੱਚੋਂ ਆਉਂਦੀ ਸਾਜ਼ਿਸ਼ ਦੀ ਬੋਅ ਵੀ ਅਸੀਂ ਸਰਕਾਰ ਅਤੇ ਵਿਸ਼ਵ ਦੇ ਨੱਕ ਤਕ ਸੜਾਂਦ ਬਣਾ ਕੇ ਪਹੁੰਚਾਉਣ ਤੋਂ ਖੁੰਝ ਗਏ।

ਟਰੈਕਟਰ ਮਾਰਚ ਦੌਰਾਨ ਸ਼ਹੀਦ ਹੋਏ ਨਵਰੀਤ ਸਿੰਘ ਦੀ ਪੋਸਟ-ਮਾਰਟਮ ਰਿਪੋਰਟ ਨੇ ਸਾਫ ਕਰ ਦਿੱਤਾ ਕਿ ਉਸ ਦੀ ਮੌਤ ਗੋਲ਼ੀ ਵੱਜਣ ਨਾਲ ਹੋਈ ਹੈ, ਇਹ ਦੁਖਦਾਈ ਤੇ ਅਣ-ਮਨੁੱਖੀ ਘਟਨਾ ਵੀ ਸਰਕਾਰ ਵਾਸਤੇ ਵੱਡੀ ਵੰਗਾਰ ਬਣਾਈ ਜਾ ਸਕਦੀ ਸੀ ਪਰ ਗੱਲ ਸ਼ਰਧਾਂਜਲੀਆਂ, ਚਰਚਾਵਾਂ ਅਤੇ ਬਿਰਤਾਂਤਾਂ ਤੋਂ ਅੱਗੇ ਨਹੀਂ ਵਧ ਸਕੀ। ਕਿਸਾਨਾਂ ਦੇ ਲਾਲ ਕਿਲੇ ਵਿੱਚ ਜਾਣ ਨੂੰ ਸਰਕਾਰ ਹਿੰਸਾ ਅਤੇ ਦੇਸ਼ ਧ੍ਰੋਹੀ ਪਰਚਾਰਦੀ ਰਹੀ ਅਤੇ ਸਾਡੇ ਆਗੂ ਠੀਕ-ਗਲਤ ਦੇ ਭੰਬਲਭੂਸੇ ਪੈਦਾ ਕਰਨ ਵਿੱਚ ਰੁੱਝ ਗਏ ਅਤੇ ਇਸ ਦਰਮਿਆਨ ਕਿਸਾਨਾਂ ਉੱਪਰ ਹੋਏ ਤਸ਼ੱਦਦ ਅਤੇ ਦਮਨ ਦੇ ਫੱਟ ਇਨਸਾਫ਼ ਦੀ ਮੱਲ੍ਹਮ ਲੈਣ ਤੋਂ ਵਾਂਝੇ ਰਹਿ ਗਏ ਅਤੇ ਸਿਰਫ ਬੇਵਸੀ ਦੇ ਕਿੱਸੇ ਬਣਨ ਲਈ ਮਜਬੂਰ ਹੋ ਗਏ। ਸੜਕਾਂ 'ਤੇ ਪੈਦਲ ਜਾ ਰਹੇ ਕਿਸਾਨਾਂ, ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਬਿਨਾਂ ਕਿਸੇ ਦੋਸ਼ ਤੋਂ ਹਿਰਾਸਤ ਵਿੱਚ ਲਿਆ ਗਿਆ, ਜੇਲਾਂ ਵਿੱਚ ਡੱਕ ਦਿੱਤਾ ਗਿਆ, ਮਾਰ-ਕੁੱਟ ਕੀਤੀ ਗਈ ਅਤੇ 80 ਸਾਲ ਤੋਂ ਵੀ ਵਡੇਰੀ ਉਮਰ ਦੇ ਸਾਬਕਾ ਸੈਨਿਕ ਬਜ਼ੁਰਗਾਂ ਦੀ ਬੇਜ਼ਤੀ ਕੀਤੀ ਗਈ, ਇਸ ਸਭ ਬਾਰੇ ਵੀ ਕਿਸਾਨ ਆਗੂ ਸਰਕਾਰ ਅੱਗੇ ਕੋਈ ਸਵਾਲ ਜਾਂ ਚੁਣੌਤੀ ਖੜੀ ਨਹੀਂ ਕਰ ਸਕੇ। ਇਸ ਵਿਰੁੱਧ ਵਾਵੇਲਾ ਤਾਂ ਕੀ ਖੜਾ ਕਰਨਾ ਸੀ ਸਗੋਂ ਇਹਨਾਂ ਬੇਕਸੂਰਾਂ ਦੀ ਰਿਹਾਈ ਲਈ ਵੀ ਕਾਫੀ ਜੱਦੋਜਹਿਦ ਕਰਨੀ ਪਈ ਜਦਕਿ ਇਹਨਾਂ ਉੱਪਰ ਜਬਰਦਸਤੀ ਥੋਪੀਆਂ ਗਈਆਂ ਜੁਰਮ ਧਾਰਾਵਾਂ ਬਾਰੇ ਸਰਕਾਰ ਨੂੰ ਘੇਰਿਆ ਜਾਣਾ ਚਾਹੀਦਾ ਸੀ। ਕਿਸਾਨ ਅੰਦੋਲਨ ਨੂੰ ਸਮਰਪਿਤ ਪੱਤਰਕਾਰ ਮਨਦੀਪ ਪੂਨੀਆਂ 'ਤੇ ਤਸ਼ੱਦਦ ਦਾ ਮਾਮਲਾ ਅਤੇ ਉਸ ਦੁਆਰਾ ਦਲੇਰੀ ਨਾਲ ਤਿਆਰ ਕੀਤੀ ਰਿਪੋਰਟ ਵਿੱਚੋਂ ਸਰਕਾਰ ਵੱਲ ਉੱਠੀ ਉਂਗਲ ਨੂੰ ਮਜ਼ਬੂਤ ਬਣਾਉਣ ਲਈ ਵੀ ਕਿਸਾਨ ਆਗੂਆਂ ਦਾ ਕੋਈ ਯਤਨ ਨਜ਼ਰ ਨਹੀਂ ਆਇਆ। ਫਿਰ ਕੁੰਡਲੀ ਕਿਸਾਨ ਮੋਰਚੇ ਉੱਪਰ ਬੈਠੇ ਕਿਸਾਨਾਂ ਉੱਪਰ ਗੁੰਡਿਆਂ ਅਤੇ ਪੁਲਿਸ ਵਲੋਂ ਰਲ ਕੇ ਕੀਤੇ ਹਮਲੇ, ਹਮਲੇ ਵਿੱਚ ਸ਼ਾਮਿਲ ਫੋਟੋਆਂ ਦੇ ਅਧਾਰ 'ਤੇ ਪਛਾਣੇ ਗਏ ਲੋਕਾਂ ਦੇ ਸਥਾਨਕ ਨਾ ਹੋਣ ਦੇ ਸਬੂਤਾਂ ਅਤੇ ਹਮਲੇ ਵਿੱਚ ਅਗਵਾਈ ਕਰਨ ਵਾਲੇ ਚਿਹਰਿਆਂ ਦੇ ਸਰਕਾਰ ਦੀ ਰਾਜਨੀਤਿਕ ਪਾਰਟੀ ਤੇ ਉਸਦੇ ਸਹਾਇਕ ਵਿੰਗਾਂ ਨਾਲ ਜੁੜਦੇ ਤਾਰਾਂ ਨੂੰ ਯੋਜਨਾਬੱਧ ਤਰੀਕੇ ਨਾਲ ਉਛਾਲ ਕੇ ਆਪਣਾ ਪੱਖ ਮਜ਼ਬੂਤ ਬਣਾਉਣ ਤੋਂ ਕਿਸਾਨ ਨੇਤਾ ਇੱਕ ਵਾਰ ਫਿਰ ਪਿੱਛੇ ਰਹਿ ਗਏ ਜਦ ਕਿ ਸਰਕਾਰ ਅਜਿਹੇ ਹੀ ਹੱਥ-ਕੰਡੇ ਅਪਣਾ ਕੇ ਕਿਸਾਨਾਂ ਅਤੇ ਮੋਰਚਿਆਂ 'ਤੇ ਸ਼ਿਕੰਜੇ ਕੱਸਦੀ ਰਹੀ। ਅਜਿਹੇ ਮੁੱਦਿਆਂ ਨੂੰ ਆਧਾਰ ਬਣਾ ਕੇ ਜੇਕਰ ਸਮੇਂ ਸਿਰ ਸਰਕਾਰ ਨੂੰ ਕਰੜੇ ਹੱਥੀਂ ਲਿਆ ਹੁੰਦਾ ਤਾਂ ਮੋਰਚਿਆਂ ਅਤੇ ਘਰਾਂ ਵਿੱਚ ਬੈਠੇ ਸੰਘਰਸ਼ ਨਾਲ ਜੁੜੇ ਬਹੁਤ ਸਾਰੇ ਲੋਕ ਸਰਕਾਰ ਦੇ ਤਸ਼ੱਦਦ ਅਤੇ ਧੱਕੇਸ਼ਾਹੀ ਦਾ ਸ਼ਿਕਾਰ ਸ਼ਾਇਦ ਨਾ ਹੁੰਦੇ।

ਟਰੈਕਟਰ ਮਾਰਚ ਦੀ ਸਰਕਾਰ ਵਲੋਂ ਦਿੱਤੀ ਇਜਾਜ਼ਤ, ਪੁਲਿਸ ਰਾਹੀਂ ਚਲਾਕੀ ਨਾਲ ਤਜਵੀਜ਼ ਕੀਤੇ ਰੂਟ, ਤੈਅ ਹੋਏ ਰੂਟ ਤੋਂ ਕਿਸਾਨਾਂ ਨੂੰ ਭਟਕਾਉਣ ਅਤੇ ਇਸ ਸਭ ਕਾਸੇ ਪਿੱਛੇ ਛੁਪਾ ਕੇ ਸਰਕਾਰ ਵਲੋਂ ਖੇਡੀ ਗਈ ਚਾਲ ਤੇ ਸਾਜ਼ਿਸ਼ ਦਾ ਜੇਕਰ ਸਹੀ ਸਮੇਂ ਸਿਰ ਭਾਂਡਾ ਭੰਨ ਦਿੱਤਾ ਜਾਂਦਾ ਤਾਂ ਸਰਕਾਰ ਦੇ ਦਾਗੀ ਮਨਸੂਬੇ ਅਤੇ ਕਰੂਪ ਚਿਹਰਾ ਛੇਤੀ ਨੰਗਾ ਕੀਤਾ ਜਾ ਸਕਦਾ ਸੀ। ਇਸ ਨਾਲ ਸਰਕਾਰ ਨੂੰ ਹੋਰ ਬੇਰਹਿਮ ਹਰਬੇ ਵਰਤਣ ਦਾ ਹੌਸਲਾ ਨਹੀਂ ਸੀ ਵਧਣਾ। 26 ਜਨਵਰੀ ਦੀ ਸ਼ਾਮ ਜੇ ਕਿਤੇ ਕਿਸਾਨ ਮੋਰਚਿਆਂ ਦੀਆਂ ਸਟੇਜਾਂ ਤੋਂ ਲਾਲ ਕਿਲੇ ਦੀ ਘਟਨਾ ਨੂੰ ਖੁਦ ਹੀ ਨਿੰਦ ਕੇ ਇਸ ਨੂੰ ਅੰਦੋਲਨ ਦੇ ਮੱਥੇ ਤੇ ਕਲੰਕ ਦੇ ਤੌਰ 'ਤੇ ਮੰਨ ਲੈਣ ਵਿੱਚ ਕਾਹਲ਼ੀ ਨਾ ਕੀਤੀ ਗਈ ਹੁੰਦੀ ਬਲਕਿ ਇਸ ਘਟਨਾ, ਵਰਤਾਰੇ ਤੇ ਸਰਕਾਰ ਦੀ ਸਾਜ਼ਿਸ਼ੀ ਭੂਮਿਕਾ ਨੂੰ ਕੁਝ ਸਮਾਂ ਡੂੰਘਾਈ ਵਿੱਚ ਘੋਖ ਲਿਆ ਜਾਂਦਾ ਅਤੇ ਕੋਈ ਕੂਟਨੀਤਿਕ ਬਿਰਤਾਂਤ ਸਿਰਜ ਕੇ ਆਪਣਾ ਪੱਖ ਮਜ਼ਬੂਤ ਕਰ ਲਿਆ ਜਾਂਦਾ ਤਾਂ ਇਸੇ ਘਟਨਾ ਨੂੰ ਅੰਦੋਲਨ ਦੇ ਸਿਰ ਦਾ ਤਾਜ ਬਣਾਇਆ ਜਾ ਸਕਦਾ ਸੀ।

ਵਿਸ਼ਵ ਪ੍ਰਸਿੱਧ ਹਸਤੀਆਂ ਸਮੇਤ ਬਹੁਤ ਸਾਰੇ ਦੇਸ਼ਾਂ ਦੇ ਲੋਕਾਂ ਤੇ ਸਰਕਾਰਾਂ ਵਲੋਂ ਦੇਸ਼ ਦੇ ਕਿਸਾਨ ਅੰਦੋਲਨ ਨੂੰ ਮਿਲੇ ਹਮਾਇਤ ਅਤੇ ਹੌਸਲਾਸ਼ੇਰੀ ਦੇ ਝੋਕਿਆਂ ਤੋਂ ਪੂਰਾ ਤਾਅ ਲੈ ਕੇ ਸੰਘਰਸ਼ ਨੂੰ ਹੋਰ ਕਾੜ ਲੈਣ ਵਿੱਚ ਵੀ ਕਿਸਾਨ ਅਗਵਾਈ ਫਾਡੀ ਰਹਿ ਗਈ। ਦੁਨੀਆਂ ਭਰ ਤੋਂ ਮਿਲੇ ਭਰਵੇਂ ਹੁੰਗਾਰੇ ਨੂੰ ਸੰਭਾਲਣ ਅਤੇ ਲਗਾਤਾਰ ਬਣਾਈ ਰੱਖਣ ਲਈ ਯਤਨ ਤੇਜ਼ ਕਰਕੇ ਅੰਦੋਲਨ ਦੀ ਤਾਕਤ ਨੂੰ ਹੋਰ ਵਧਾਇਆ ਜਾ ਸਕਦਾ ਸੀ। ਵਿਦੇਸ਼ੀ ਲੋਕਾਂ, ਅਹਿਮ ਹਸਤੀਆਂ, ਦੇਸ਼ਾਂ ਤੇ ਸਰਕਾਰਾਂ ਨਾਲ ਰਾਬਤਾ ਬਣਾ ਕੇ ਇਸ ਹਮਾਇਤ ਨੂੰ ਬਰਕਰਾਰ ਰੱਖਣਾ ਬਹੁਤ ਜ਼ਰੂਰੀ ਸੀ ਤਾਂ ਕਿ ਹੋਰ ਹਮਾਇਤ ਹਾਸਿਲ ਕੀਤੀ ਜਾ ਸਕਦੀ ਪਰ ਇਸ ਕਿਸਮ ਦੇ ਯਤਨਾਂ ਦੀ ਕਮੀ ਨੇ ਸਰਕਾਰ ਨੂੰ ਆਪਣੀ ਲਹਿਰ ਖੜੀ ਕਰਨ ਤੇ ਇਹਨਾਂ ਹਮਾਇਤੀ ਚਿਹਰਿਆਂ ਨੂੰ ਡਰਾ ਕੇ ਪਿੱਛੇ ਹਟਾਉਣ ਲਈ ਉਕਸਾਇਆ ਅਤੇ ਕੁਝ ਹੱਦ ਤਕ ਉਹ ਕਾਮਯਾਬ ਵੀ ਰਹੀ। ਇਸ ਨਾਲ ਵਿਦੇਸ਼ੀ ਹਮਾਇਤ ਨੂੰ ਢਾਹ ਲੱਗੀ। ਇਸ ਤਰਾਂ ਅੰਦੋਲਨ ਦੇ ਵਹਾਅ ਦੌਰਾਨ ਅਜਿਹੇ ਬਹੁਤ ਸਾਰੇ ਸਵਾਲ ਉੱਠੇ ਅਤੇ ਮੌਕੇ ਮਿਲੇ ਜਿਹਨਾਂ ਨੂੰ ਗੰਭੀਰਤਾ ਨਾਲ ਉਭਾਰਿਆ ਜਾਣਾ ਚਾਹੀਦਾ ਸੀ ਪਰ ਇਹ ਦੱਬ ਕੇ ਰਹਿ ਗਏ। ਇਸ ਕਰਕੇ ਕਿਸਾਨ ਅੰਦੋਲਨ ਦੀਆਂ ਤਰੁੱਟੀਆਂ ਸਾਹਮਣੇ ਲਿਆਉਣ, ਅਣਗੌਲ਼ੇ ਤੱਥ ਜ਼ਾਹਰ ਕਰਨ ਅਤੇ ਸੁਝਾਓ ਪੇਸ਼ ਕਰਨ ਵਾਲੀ ਆਲੋਚਨਾ ਨੂੰ ਹਮੇਸ਼ਾ ਕਿਸਾਨਾਂ ਜਾਂ ਕਿਸਾਨ ਆਗੂਆਂ ਪ੍ਰਤੀ ਹੇਠੀ ਵਾਲੀ, ਵਿਰੋਧੀ ਭਾਵਨਾ ਵਾਲੀ ਅਤੇ ਵੱਖਵਾਦੀ ਸੁਰਾਂ ਵਾਲੀ ਹੀ ਨਹੀਂ ਮੰਨਿਆ ਜਾਣਾ ਚਾਹੀਦਾ ਸਗੋਂ ਅਜਿਹੇ ਸਭ ਪਾਸੇ ਤੋਂ ਆਉਣ ਵਾਲੇ ਸੁਝਾਵਾਂ ਅਤੇ ਨਿਚੋੜਾਂ ਵੱਲ ਗੌਰ ਕਰਨਾ ਚਾਹੀਦਾ ਹੈ ਅਤੇ ਪੜਚੋਲ ਕਰਨੀ ਚਾਹੀਦੀ ਹੈ ਤਾਂ ਕਿ ਭਵਿੱਖ ਵਿੱਚ ਅਜਿਹੇ ਹਾਲਾਤ ਬਣਨ ਤੇ ਦੂਰ-ਅੰਦੇਸ਼ੀ ਤੋਂ ਕੰਮ ਲੈ ਕੇ ਸਹੀ ਨਿਰਣੇ ਲਏ ਜਾ ਸਕਣ। ਦੇਸ਼ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਵੀ ਕਾਫੀ ਕੁਝ ਅਜਿਹਾ ਵਾਪਰਿਆ ਜਿਸ ਲਈ ਸਰਕਾਰ ਨੂੰ ਕਟਹਿਰੇ ਵਿੱਚ ਖੜਾਉਣਾ ਜ਼ਰੂਰੀ ਸੀ ਪਰ ਕਿਸਾਨ ਅਗਵਾਈ ਇਸ ਤੋਂ ਖੁੰਝ ਕੇ ਆਪਸੀ ਖਹਿਬਾਜ਼ੀ ਦਾ ਹੀ ਸ਼ਿਕਾਰ ਬਣੀ ਹੋਈ ਦਿਖਾਈ ਦਿੰਦੀ ਰਹੀ ਹੈ। ਅੰਦੋਲਨ ਦੇ ਮੁੱਖ ਮਕਸਦ ਤੇ ਕੇਂਦਰਤ ਰਹਿੰਦਿਆਂ ਹੋਇਆਂ, ਆਪਸੀ ਮੱਤਭੇਦਾਂ ਨੂੰ ਭੁਲਾ ਕੇ ਅਤੇ ਇੱਕ ਦੂਜੇ ਦੀ ਨਿੰਦਾ ਤੋਂ ਦੂਰ ਰਹਿ ਕੇ ਭਵਿੱਖ ਵਿੱਚ ਅੰਦੋਲਨ ਦੇ ਚੱਲ ਰਹੇ ਵਰਤਾਰੇ ਵਿੱਚੋਂ ਉਪਜੇ ਹਰ ਸਵਾਲ ਨੂੰ ਸਰਕਾਰ ਅੱਗੇ ਸ਼ਿੱਦਤ ਨਾਲ ਉਠਾਉਣਾ ਚਾਹੀਦਾ ਹੈ ਤਾਂ ਕਿ ਲੋਕ ਹਿਤਾਂ ਦੀ ਸਹੀ ਤਰਜਮਾਨੀ ਨੂੰ ਯਕੀਨੀ ਬਣਾ ਕੇ ਅੰਦੋਲਨ ਨੂੰ ਹੋਰ ਵੀ ਚੜਦੀ ਕਲਾ ਵੱਲ ਲਿਜਾਇਆ ਜਾ ਸਕੇ ਅਤੇ ਮੁੱਖ ਟੀਚਾ ਪ੍ਰਾਪਤ ਕੀਤਾ ਜਾ ਸਕੇ।

**ਸੁਖਵੀਰ ਸਿੰਘ ਕੰਗ**

### ਭਾਰਤ ਦੇ ਬਲਾਤਕਾਰੀ ਡੇਰੇਦਾਰ ਤੇ ਸਾਡਾ ਸਮਾਜ

ਪਿਛਲੇ ਦਿਨਾਂ ਤੋਂ ਜਿਹੜੀਆਂ ਬੀਤੀਆਂ-ਅਣਹੋਣੀਆਂ ਘਟਨਾਵਾਂ ਨੇ ਸਾਡਾ ਧਿਆਨ ਖਿੱਚਿਆ ਹੈ, ਉਨਾਂ ਸਭ ਘਟਨਾਵਾਂ ਨੇ ਆਮ ਨਾਗਰਿਕਾਂ ਦੇ ਮਨਾਂ 'ਤੇ ਵੱਧ, ਘੱਟ ਅਸਰ ਜ਼ਰੂਰ ਪਾਇਆ। ਉਹ ਘਟਨਾਵਾਂ ਹਨ ਘੱਟ ਉਮਰ ਦੀਆਂ ਬੱਚੀਆਂ ਨਾਲ ਜਬਰ-ਜਨਾਹ, ਜਿਹੜਾ ਉਨਾਂ ਨਾਲ ਆਪਣਿਆਂ ਨੇ ਜਾਂ ਆਪਣੇ ਵਰਗਿਆਂ ਨੇ ਕੀਤਾ ਹੈ, ਜਿਸ ਨੂੰ ਤੁਸੀਂ ਦੇਖ-ਸੁਣ ਕੇ ਅਤੇ ਪੜ ਕੇ ਸੁੰਨ ਹੋ ਜਾਂਦੇ ਹੋ। ਵੰਨਗੀ ਦੇਖੋ ਲੁਧਿਆਣੇ ਵਿੱਚ ਪਿਛਲੇ ਮਹੀਨੇ, ਯਾਨੀ 12 ਫਰਵਰੀ ਨੂੰ ਇੱਕ 13 ਸਾਲ ਦੇ ਲੜਕੇ ਨੇ ਆਪਣੀ ਸੱਤ ਸਾਲ ਦੀ ਭੈਣ ਨਾਲ ਜਬਰ-ਜ਼ਨਾਹ ਕੀਤਾ, ਲੜਕਾ ਹੁਣ ਜੇਲ ਵਿੱਚ ਹੈ। ਇਸੇ ਤਰਾਂ ਇਸ ਮਹੀਨੇ ਦੇ ਪਹਿਲੇ ਹਫਤੇ ਇੱਕ 12 ਸਾਲਾ ਨਾਬਾਲਗ ਲੜਕਾ ਇੱਕ ਛੇ ਸਾਲ ਦੀ ਬੱਚੀ ਦੀ ਹੱਤਿਆ ਕਰਕੇ ਜੇਲ ਵਿੱਚ ਪਹੁੰਚ ਗਿਆ ਹੈ। ਇਸੇ ਤਰਾਂ ਇੱਕ ਹੋਰ ਭਰਾ ਦੀ ਕਰਤੂਤ ਵੱਲ ਧਿਆਨ ਦਿਓ। ਜੀਂਦ ਪਿੰਡ, ਜੋ ਹਰਿਆਣਾ ਵਿੱਚ ਪੈਂਦਾ ਹੈ, ਦੇ ਇੱਕ 14 ਸਾਲਾ ਭਰਾ ਨੇ ਆਪਣੀ 12 ਸਾਲਾ ਭੈਣ ਨਾਲ ਜਬਰ-ਜ਼ਨਾਹ ਕਰਕੇ ਗਰਭਵਤੀ ਕਰ ਦਿੱਤਾ ਜੋ ਹੁਣ ਫੜਿਆ ਜਾ ਚੁੱਕਾ ਹੈ ਅਤੇ ਜੇਲ ਦੀ ਹਵਾ ਖਾ ਰਿਹਾ ਹੈ। ਸੈਂਕੜੇ ਘਟਨਾਵਾਂ ਵਿੱਚੋਂ ਨਾਬਾਲਗਾਂ ਵੱਲੋਂ ਕੀਤੀਆਂ ਕਾਲੀਆਂ ਕਰਤੂਤਾਂ ਦੀਆਂ ਕੁਝ ਵੰਨਗੀਆਂ ਦਾ ਹਵਾਲਾ ਦਿੱਤਾ ਹੈ। ਕਈ ਨਬਾਲਗ ਬੱਚੀਆਂ ਦੀਆਂ ਬਾਲਗ ਵੀ ਇੱਜ਼ਤਾਂ ਲੁੱਟ ਰਹੇ ਹਨ, ਜਿਨਾਂ ਵਿੱਚ ਬਾਲੜੀਆਂ ਦੇ ਪਿਓ-ਚਾਚਾ-ਮਾਮਾ ਅਤੇ ਹੋਰ ਨਜ਼ਦੀਕੀ ਰਿਸ਼ਤੇਦਾਰ ਸ਼ਾਮਲ ਹੁੰਦੇ ਹਨ। ਅਜਿਹੇ ਵਾਤਾਵਰਣ ਵਿੱਚ ਬਾਲੜੀ ਜਾਵੇ ਤਾਂ ਕਿੱਥੇ ਜਾਵੇ, ਕਿਉਂਕਿ ਅਜਿਹੇ ਰਿਸ਼ਤਿਆਂ ਤੋਂ ਜ਼ਿਆਦਾ ਹੋਰ ਨੇੜੇ ਕਿਹੜਾ ਰਿਸ਼ਤਾ ਹੋ ਸਕਦਾ ਹੈ ?

ਹੁਣ ਤੁਸੀਂ ਉਨਾਂ ਅਖੌਤੀ ਸਾਧੂ-ਸੰਤਾਂ, ਮਹਾਂਪੁਰਸ਼ਾਂ, ਬਾਬਿਆਂ, ਡੇਰੇਦਾਰਾਂ, ਕਰਾਮਾਤੀ ਗੁਰੂਆਂ ਵੱਲ ਝਾਤੀ ਮਾਰੋ, ਜਿਨਾਂ ਨੂੰ ਤਕਰੀਬਨ ਸਰਕਾਰੀ ਮਿਹਰਬਾਨੀਆਂ ਮਿਲੀਆਂ ਹੋਈਆਂ ਹਨ, ਜਿਨਾਂ ਵਿੱਚੋਂ ਕਈਆਂ ਦੇ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਦੀ ਗਿਣਤੀ ਹੈ। ਜਿਨਾਂ ਦੀ ਸਮੇਂ-ਸਮੇਂ ਦੀਆਂ ਸਰਕਾਰਾਂ ਦੇ ਐੱਮ ਐੱਲ ਏ, ਮੈਂਬਰ ਪਾਰਲੀਮੈਂਟ, ਮਨਿਸਟਰ, ਇੱਥੋਂ ਤਕ ਕਿ ਪ੍ਰਧਾਨ ਮੰਤਰੀ ਹਾਜ਼ਰੀ ਲਗਵਾਉਂਦੇ ਹਨ। ਅਜਿਹੇ ਕਲਯੁਗੀ ਬਾਬੇ ਸਰੇਆਮ ਆਪਣੀ ਧੌਂਸ ਜਮਾਉਂਦੇ ਹਨ, ਆਪਣੇ ਆਪ ਨੂੰ ਰੱਬ ਜਾਂ ਰੱਬ ਦਾ ਬੰਦਾ ਅਖਵਾਉਂਦੇ ਹਨ। ਅਜਿਹੇ ਬਨਾਉਟੀ ਬਾਬਿਆਂ ਦਾ ਜਦ ਕੋਈ ਕਾਰਾ ਬਾਹਰ ਆਉਣ 'ਤੇ ਪੜਤਾਲ ਹੋਈ ਹੈ ਤਾਂ ਸਭ ਅਖੀਰ ਵਿੱਚ ਜੇਲਾਂ ਵਿੱਚ ਗਏ। ਕੋਈ 10 ਸਾਲ, ਕੋਈ 20 ਸਾਲ ਦੀ ਸਜ਼ਾ ਕੱਟ ਰਿਹਾ ਹੈ। ਅਜਿਹੇ ਕਲਯੁਗੀ ਜੇਲਾਂ ਵਿੱਚ ਬੈਠੇ ਬਾਬਿਆਂ ਦੀ ਗਿਣਤੀ ਦਰਜਨਾਂ ਵਿੱਚ ਹੈ। ਜੋ ਬਾਹਰ ਹਨ, ਉਹ ਇਸ ਕਰਕੇ ਹਨ, ਕਿਉਂਕਿ ਅਜੇ ਤਕ ਉਨਾਂ ਖ਼ਿਲਾਫ਼ ਸ਼ਿਕਾਇਤ ਨਹੀਂ ਹੋਈ। ਜਿਸ ਸ਼ਿਕਾਇਤ ਦਿਨ ਹੋ ਗਈ, ਉਸ ਦਿਨ ਤੋਂ ਬਾਅਦ ਉਹ ਵੀ ਆਪਣੇ ਭਰਾਵਾਂ ਵਿੱਚ ਸ਼ਾਮਲ ਹੋ ਜਾਣਗੇ। ਮੌਜੂਦਾ ਜਾਂ ਸਬੰਧਤ ਸਰਕਾਰਾਂ ਇਸ ਕਰਕੇ ਰਹਿੰਦੇ ਬਾਬਿਆਂ ਨੂੰ ਵੋਟ ਬੈਂਕ ਕਰਕੇ ਹੱਥ ਨਹੀਂ ਪਾਉਂਦੀਆਂ, ਕਿਉਂਕਿ ਬਹੁਤੇ ਇਲਾਕਿਆਂ ਵਿੱਚ ਜਿੱਤ-ਹਾਰ ਦਾ ਤਵਾਜ਼ਨ ਇਨਾਂ ਬਾਬਿਆਂ ਦੇ ਹੱਥ ਹੁੰਦਾ ਹੈ। ਅਜਿਹਾ ਨਾ ਹੋਵੇ ਜਾਂ ਘੱਟੋ-ਘੱਟ ਹੋਵੇ ਉਸ ਵਾਸਤੇ ਕਾਨੂੰਨ ਤਾਂ ਬਹੁਤ ਹਨ, ਪਰ ਕੁਝ ਢਿੱਲਾਂ ਹੋਣ ਕਰਕੇ ਅਪਰਾਧਾਂ ਨੂੰ ਬਰੇਕਾਂ ਨਹੀਂ ਲੱਗ ਰਹੀਆਂ। ਜਿਨਾਂ ਬਾਰੇ ਚਰਚਾ ਕਰਨੀ ਬਣਦੀ ਹੈ। ਜਿਵੇਂ, ਬਾਲਗ ਹੋਣ ਦੀ ਉਮਰ ਘੱਟ ਕੀਤੀ ਜਾਵੇ, ਕਿਉਂਕਿ ਨਾਬਾਲਗ ਨੂੰ ਸਖ਼ਤ ਸਜ਼ਾ ਜਿਵੇਂ ਫਾਂਸੀ ਜਾਂ ਉਮਰ ਕੈਦ ਨਹੀਂ ਦਿੱਤੀ ਜਾ ਸਕਦੀ, ਜਿਵੇਂ ਕਿ 2012 ਵਿੱਚ ਵਾਪਰੇ ਦਿੱਲੀ ਦੇ ਜਬਰ-ਜ਼ਨਾਹ ਕੇਸ ਵਿੱਚ ਹੋਇਆ, ਜਿਸ ਵਿੱਚ ਇੱਕ ਨਾਬਾਲਗ ਨੇ ਪੀੜਤਾ ਨਾਲ ਸਭ ਤੋਂ ਵੱਧ ਦਰਿੰਦਗੀ ਕੀਤੀ, ਪਰ ਅਪਰਾਧੀ ਨਾਬਾਲਗ ਹੋਣ ਕਰਕੇ ਮੌਤ ਦੀ ਸਜ਼ਾ ਤੋਂ ਬਚ ਨਿਕਲਿਆ। ਬਾਕੀਆਂ ਨੂੰ ਮੌਤ ਦੀ ਸਜ਼ਾ ਹੋਈ। ਇਸ ਕਰਕੇ ਮੰਗ ਉੱਠ ਰਹੀ ਹੈ ਕਿ ਬਾਲਗ ਹੋਣ ਦੀ ਉਮਰ 18 ਸਾਲ ਤੋਂ ਘਟਾ ਕੇ 15-16 ਸਾਲ ਦੀ ਕਰਨੀ ਚਾਹੀਦੀ ਹੈ।

ਅਗਲਾ ਸੁਝਾਅ ਹੈ ਕਿ 'ਸਪੀਡੀ ਟਰਾਇਲ' ਭਾਵ ਦੋਸ਼ੀ 'ਤੇ ਮੁਕੱਦਮਾ ਚਲਾ ਕੇ ਘੱਟੋ-ਘੱਟ ਸਮੇਂ ਵਿੱਚ ਦੋਸ਼ੀ ਜਾਂ ਦੋਸ਼ੀਆਂ ਨੂੰ ਸਜ਼ਾ ਮਿਲ ਸਕੇ। ਕਈ ਕੇਸਾਂ ਵਿੱਚ ਕਈ ਜੱਜ ਸਾਹਿਬਾਨਾਂ ਨੇ ਇੱਕ ਮਹੀਨੇ ਵਿੱਚ ਹੀ ਸਜ਼ਾਵਾਂ ਸੁਣਾ ਦਿੱਤੀਆਂ ਹਨ। ਅਜਿਹੇ ਕੇਸਾਂ ਵਿੱਚ ਯਕੀਨੀ ਬਣਾਇਆ ਜਾਵੇ ਕਿ ਕੇਸ ਮਿੱਥੇ ਸਮੇਂ ਵਿੱਚ ਨਿਪਟਾਇਆ ਜਾਵੇ। ਇਸ ਤਰਾਂ ਕਰਨ ਨਾਲ ਵੀ ਅਪਰਾਧਾਂ ਦੀ ਰਫ਼ਤਾਰ ਘਟੇਗੀ।

ਸੰਵਿਧਾਨ ਮੁਤਾਬਕ ਹਰ ਕਾਨੂੰਨ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਅਤੇ ਰੱਖਣਾ ਹਰ ਨਾਗਰਿਕ ਲਈ ਜ਼ਰੂਰੀ ਹੈ। ਇਸ ਬਾਰੇ ਅਸੀਂ ਇਹ ਕਹਾਂਗੇ ਕਿ ਅਜਿਹੇ ਕਾਨੂੰਨਾਂ ਬਾਰੇ ਸਰਕਾਰ ਆਪਣੇ ਸਾਧਨਾਂ ਰਾਹੀਂ ਵੱਧ ਤੋਂ ਵੱਧ ਪ੍ਰਚਾਰ ਕਰੇ। ਅਜਿਹਾ ਪ੍ਰਚਾਰ ਸਕੂਲਾਂ-ਕਾਲਜਾਂ ਰਾਹੀਂ, ਅਖ਼ਬਾਰਾਂ, ਰੇਡੀਓ ਸਟੇਸ਼ਨਾਂ ਅਤੇ ਟੈਲੀਵਿਜ਼ਨਾਂ ਰਾਹੀਂ ਹੋਣਾ ਚਾਹੀਦਾ ਹੈ, ਜਿਸ ਨਾਲ ਮਾੜੀ ਬਿਰਤੀ ਰੱਖਣ ਵਾਲਿਆਂ ਵਿੱਚ ਖੌਫ਼ ਪੈਦਾ ਹੋਵੇ। ਅਜਿਹੀ ਸਥਿਤੀ ਵਿੱਚ ਸਕੂਲਾਂ, ਕਾਲਜਾਂ ਦੇ ਕੋਰਸਾਂ ਵਿੱਚ ਅਜਿਹੀ ਸਿੱਖਿਆ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਬਾਲਗਾਂ ਦੇ ਕੇਸਾਂ ਵਿੱਚ ਵੀ ਵੱਧ ਤੋਂ ਵੱਧ ਨਮੂਨੇ ਵਾਲੀ ਸਜ਼ਾ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਉਨਾਂ ਲਈ ਵੀ ਸਪੀਡੀ ਟਰਾਇਲ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਸਰਕਾਰਾਂ ਨੂੰ ਆਪਣੇ ਸਾਧਨਾਂ ਰਾਹੀਂ ਸਾਧੂਆਂ, ਸੰਤਾਂ, ਮਹੰਤਾਂ ਦੇ ਡੇਰਿਆਂ ਆਦਿ 'ਤੇ ਨਿਗਰਾਨੀ ਰੱਖਣੀ ਚਾਹੀਦੀ ਹੈ ਤਾਂ ਕਿ 'ਧਰਮ ਓਹਲੇ ਕੁਕਰਮ' ਵਧ-ਫੁੱਲ ਨਾ ਸਕੇ। ਜੇਕਰ ਬੀਬੀਆਂ ਅਜਿਹੇ ਡੇਰਿਆਂ 'ਤੇ ਜਾਣ ਤੋਂ ਪ੍ਰਹੇਜ਼ ਕਰਨ ਲੱਗ ਜਾਣ ਤਾਂ ਅੱਧਿਓਂ ਵੱਧ ਡੇਰੇ ਆਪਣੇ-ਆਪ ਖ਼ਤਮ ਹੋ ਜਾਣਗੇ, ਨਾਲ ਹੀ ਕੁਕਰਮਾਂ ਨੂੰ ਵੀ ਨੱਥ ਪੈ ਸਕੇਗੀ।

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

# ਭਾਰਤ ਦੀਆਂ ਮਹਿਲਾ ਤੇ ਮਰਦ ਏਅਰ ਪਿਸਟਲ ਟੀਮਾਂ ਨੇ ਵਿਸ਼ਵ ਕੱਪ ਨਿਸ਼ਾਨੇਬਾਜ਼ੀ ਵਿਚ ਕੀਤੀ ਪ੍ਰਾਪਤੀ



**ਨਵੀਂ ਦਿੱਲੀ/ਏ.ਟੀ.ਨਿਊਜ਼:** ਭਾਰਤ ਨੇ ਇੱਥੇ ਚੱਲ ਰਹੇ ਆਈਐੱਸਐੱਸਐੱਫ ਵਿਸ਼ਵ ਕੱਪ ਨਿਸ਼ਾਨੇਬਾਜ਼ੀ ਵਿਚ 10 ਮੀਟਰ ਏਅਰ ਪਿਸਟਲ ਵਿਚ ਆਪਣਾ ਦਬਦਬਾ ਬਣਾ ਕੇ ਬੀਤੇ ਐਤਵਾਰ ਨੂੰ ਮਰਦ ਤੇ ਮਹਿਲਾ ਦੋਵਾਂ ਵਰਗਾਂ ਵਿਚ ਗੋਲਡ ਮੈਡਲ ਜਿੱਤੇ। ਭਾਰਤ ਦੀ ਯਸ਼ਸਵਿਨੀ ਸਿੰਘ ਦੇਸਵਾਲ, ਮਨੂ ਭਾਕਰ ਤੇ ਸ਼੍ਰੀ ਨਿਵੇਥਾ ਦੀ ਟੀਮ ਨੇ ਮਹਿਲਾਵਾਂ ਦੇ 10 ਮੀਟਰ ਏਅਰ ਪਿਸਟਲ ਦੇ ਟੀਮ ਮੁਕਾਬਲੇ ਦਾ ਗੋਲਡ ਮੈਡਲ ਹਾਸਲ ਕੀਤਾ। ਇਸ ਤੋਂ ਬਾਅਦ ਯੁਵਾ ਓਲੰਪਿਕ ਤੇ ਏਸ਼ੀਆਈ ਖੇਡਾਂ ਦੇ ਗੋਲਡ ਮੈਡਲ ਜੇਤੂ ਸੌਰਭ ਚੌਧਰੀ, ਅਭਿਸ਼ੇਕ ਵਰਮਾ ਤੇ ਸ਼ਾਹਜਾਰ ਰਿਜ਼ਵੀ ਦੀ ਟੀਮ ਨੇ ਮਰਦ ਵਰਗ ਦੇ ਫਾਈਨਲ ਵਿਚ ਵੀਅਤਨਾਮ ਨੂੰ 17-11 ਨਾਲ ਹਰਾ ਕੇ ਅਸਾਨੀ ਨਾਲ ਸੋਨੇ ਦਾ ਤਮਗਾ ਆਪਣੇ ਨਾਂ ਕੀਤਾ। ਮਹਿਲਾ ਵਰਗ ਵਿਚ ਭਾਰਤੀ ਟੀਮ ਨੇ ਗੋਲਡ ਮੈਡਲ ਦੇ ਮੁਕਾਬਲੇ ਵਿਚ 16 ਸ਼ਾਟ ਲਾਏ ਤੇ ਉਹ ਪੋਲੈਂਡ ਦੀ ਜੂਲਿਤਾ ਬੋਰੇਕ, ਯੋਆਨਾ ਇਵੋਨਾ ਵਾਵਰਜੋਨੋਵਸਕਾ ਤੇ ਏਗਨੀਸਕਾ ਕੋਰੇਜਵੋ ਨੂੰ ਪਿੱਛੇ ਛੱਡਣ ਵਿਚ ਕਾਮਯਾਬ ਰਹੀ। ਕਰਨੀ ਸਿੰਘ ਰੇਂਜ ਵਿਚ ਚੱਲ ਰਹੀ ਚੈਂਪੀਅਨਸ਼ਿਪ ਵਿਚ ਪੋਲੈਂਡ ਦੀ ਟੀਮ ਅੱਠ ਅੰਕ ਹੀ ਬਣਾ ਸਕੀ। ਭਾਰਤੀ ਟੀਮ ਨੇ ਦੂਜੇ ਕੁਆਲੀਫਿਕੇਸ਼ਨ ਵਿਚ 576 ਅੰਕ ਬਣਾ ਕੇ ਚੋਟੀ ਦਾ ਸਥਾਨ ਹਾਸਲ ਕੀਤਾ ਜਦਕਿ ਪੋਲੈਂਡ ਦੀ ਟੀਮ 567 ਅੰਕਾਂ ਨਾਲ ਦੂਜੇ ਸਥਾਨ 'ਤੇ ਰਹੀ। ਪਹਿਲੇ ਕੁਆਲੀਫਿਕੇਸ਼ਨ ਵਿਚ ਭਾਰਤੀਆਂ ਨੇ ਛੇ ਸੀਰੀਜ਼ਾਂ ਵਿਚ 290, 287, 288, 287, 293 ਅਤੇ 287 ਦੇ ਨਾਲ ਕੁੱਲ 1731 ਅੰਕ ਬਣਾਏ। ਪੋਲੈਂਡ ਨੇ 286, 283, 283, 286, 286, 286 ਅਤੇ 287 ਦੀ ਸੀਰੀਜ਼ ਨਾਲ 1701 ਅੰਕ ਬਣਾਏ ਸਨ। ਮਰਦਾਂ ਦੇ ਫਾਈਨਲ ਵਿਚ ਵੀਅਤਨਾਮ ਦੀ ਨੁਮਾਇੰਦਗੀ ਦਿਨ ਤਾਨ ਨਗੁਏਨ, ਕਵੋਕ ਕੁਯੋਗ ਤ੍ਰਾਨ ਤੇ ਝੁਆਨ ਚੁਏਫਾਨ ਕਰ ਰਹੇ ਸਨ। ਭਾਰਤੀ ਮਰਦ ਟੀਮ ਨੇ ਦੂਜੇ ਕੁਆਲੀਫਿਕੇਸ਼ਨ ਵਿਚ ਕੁੱਲ 579 ਤੇ ਵੀਅਤਨਾਮੀ ਟੀਮ ਨੇ 565 ਅੰਕ ਬਣਾਏ ਸਨ। ਪਹਿਲੇ ਕੁਆਲੀਫਿਕੇਸ਼ਨ ਵਿਚ ਭਾਰਤੀ ਟੀਮ ਨੇ 1759 ਤੇ ਵੀਅਤਨਾਮ ਨੇ 1708 ਅੰਕ ਹਾਸਲ ਕੀਤੇ ਸਨ।

ਨੌਜਵਾਨ ਭਾਰਤੀ ਨਿਸ਼ਾਨੇਬਾਜ਼ ਗਨੀਮਤ ਸੇਖੋਂ ਨੇ ਵਿਸ਼ਵ ਕੱਪ ਵਿਚ ਮੁਕਾਬਲੇ ਦੇ ਤੀਜੇ ਦਿਨ ਮਹਿਲਾਵਾਂ ਦੀ ਸਟੀਕ ਵਿਚ ਕਾਂਸੇ ਦਾ ਮੈਡਲ ਜਿੱਤਿਆ। ਵਿਸ਼ਵ ਰੈਂਕਿੰਗ ਵਿਚ 82ਵੇਂ ਸਥਾਨ 'ਤੇ ਕਾਬਜ 20 ਸਾਲ ਦੀ ਇਸ ਨਿਸ਼ਾਨੇਬਾਜ਼ ਨੇ 40 ਸਟੀਕ ਨਿਸ਼ਾਨੇ ਲਾਏ। ਫਾਈਨਲ 'ਚ ਥਾਂ ਪੱਕੀ ਕਰਨ ਵਾਲੀ ਇਕ ਹੋਰ ਭਾਰਤੀ ਨਿਸ਼ਾਨੇਬਾਜ਼ ਕਾਰਤਿਕਾ ਸਿੰਘ ਸ਼ੇਖਾਵਤ 31 ਨਿਸ਼ਾਨਿਆਂ ਦੇ ਨਾਲ ਚੌਥੇ ਸਥਾਨ 'ਤੇ ਰਹੀ। ਚੈਂਪੀਅਨਸ਼ਿਪ ਦੌਰਾਨ ਜ਼ਿਆਦਾਤਰ ਸਮੇਂ ਤਕ ਦੂਜੇ ਸਥਾਨ 'ਤੇ ਰਹੀ ਗਨੀਮਤ ਲਗਾਤਾਰ ਤਿੰਨ ਵਾਰ ਸਹੀ ਨਿਸ਼ਾਨਾ ਲਾਉਣ ਤੋਂ ਖੁੰਝ ਗਈ ਜਿਸ ਨਾਲ ਬਰਤਾਨੀਆ ਦੀ ਅੰਬਰ ਹਿਲ ਤੇ ਕਜ਼ਾਕਿਸਤਾਨ ਦੀ ਜੋਯਾ ਕਰਾਵਚੇਂਕੋ ਵਿਚਾਲੇ ਗੋਲਡ ਮੈਡਲ ਲਈ ਬਹੁਤ ਫ਼ਸਵਾਂ ਮੁਕਾਬਲਾ ਹੋਇਆ। ਗੋਲਡ ਮੈਡਲ ਲਈ ਹੋਏ ਸ਼ੂਟ-ਆਫ ਵਿਚ ਹਿਲ ਨੇ ਕਰਾਵਚੇਂਕੋ ਨੂੰ ਪਛਾੜ ਦਿੱਤਾ। ਇਸ ਤੋਂ ਪਹਿਲਾਂ ਕੁਆਲੀਫਿਕੇਸ਼ਨ ਵਿਚ ਗਨੀਮਤ 117 ਅੰਕਾਂ ਨਾਲ ਤੀਜੇ ਜਦਕਿ ਕਾਰਤਿਕਾ 116 ਅੰਕਾਂ ਦੇ ਨਾਲ ਚੌਥੇ ਸਥਾਨ 'ਤੇ ਸੀ। ਭਾਰਤ ਦੀ ਇਕ ਹੋਰ ਖਿਡਾਰਨ ਪਰੀਨਾਜ ਧਾਲੀਵਾਲ 108 ਅੰਕਾਂ ਨਾਲ ਨੌਵੇਂ ਸਥਾਨ 'ਤੇ ਰਹੀ। ਗਨੀਮਤ ਇਸ ਤੋਂ ਪਹਿਲਾਂ 2018 ਵਿਚ ਆਈਐੱਸਐੱਸਐੱਫ ਵਿਸ਼ਵ ਚੈਂਪੀਅਨਸ਼ਿਪ ਵਿਚ ਮੈਡਲ ਜਿੱਤਣ ਵਾਲੀ ਪਹਿਲੀ ਭਾਰਤੀ ਸਟੀਕ ਨਿਸ਼ਾਨੇਬਾਜ਼ ਬਣੀ ਸੀ। ਉਨਾਂ ਨੇ ਸਿਡਨੀ ਵਿਚ ਹੋਏ ਜੂਨੀਅਰ ਮੁਕਾਬਲੇ ਵਿਚ ਕਾਂਸੇ ਦਾ ਮੈਡਲ ਜਿੱਤਿਆ ਸੀ। ਉਹ 2018 ਏਸ਼ੀਆਈ ਖੇਡਾਂ ਵਿਚ ਇਸ ਮੁਕਾਬਲੇ ਵਿਚ 10ਵੇਂ ਸਥਾਨ 'ਤੇ ਰਹੀ ਸੀ।

## ਆਪਣੇ ਪ੍ਰਦਰਸ਼ਨ ਵਿਚ ਸੁਧਾਰ ਦੇ ਇੱਛੁਕ ਹਨ ਸ਼੍ਰੀਸ਼ੰਕਰ



**ਨਵੀਂ ਦਿੱਲੀ /ਏ.ਟੀ.ਨਿਊਜ਼:** ਪਿਛਲੇ ਦਿਨੀਂ ਫੈਡਰੇਸ਼ਨ ਕੱਪ ਰਾਸ਼ਟਰੀ ਅਥਲੈਟਿਕਸ ਚੈਂਪੀਅਨਸ਼ਿਪ ਵਿਚ ਆਪਣੇ ਰਾਸ਼ਟਰੀ ਰਿਕਾਰਡ ਵਿਚ ਸੁਧਾਰ ਕਰਨ ਦੇ ਨਾਲ ਟੋਕੀਓ ਓਲੰਪਿਕ 2020 ਦਾ ਟਿਕਟ ਹਾਸਲ ਕਰਨ ਵਾਲੇ ਲੰਬੀ ਛਾਲ ਦੇ ਅਥਲੀਟ ਸ਼੍ਰੀਸ਼ੰਕਰ ਦਾ ਟੀਚਾ ਮੌਜੂਦਾ ਸੈਸ਼ਨ ਵਿਚ ਆਪਣੇ ਪ੍ਰਦਰਸ਼ਨ ਵਿਚ ਹੋਰ ਸੁਧਾਰ ਕਰ ਕੇ 8.40 ਮੀਟਰ ਦੀ ਛਾਲ ਲਾਉਣਾ ਹੈ। ਉਨਾਂ ਨੇ ਫੈਡਰੇਸ਼ਨ ਕੱਪ ਵਿਚ 8.26 ਮੀਟਰ ਲੰਬੀ ਛਾਲ ਲਾਈ ਸੀ। ਸ਼੍ਰੀਸ਼ੰਕਰ ਨੇ ਕਿਹਾ ਕਿ ਮੈਨੂੰ ਤਕਨੀਕੀ ਤੌਰ 'ਤੇ ਸੁਧਾਰ ਕਰਨ ਦੀ ਲੋੜ ਹੈ। ਜੇ ਮੈਂ ਇਸ ਨੂੰ ਸਹੀ ਤਰਾਂ ਕਰ ਸਕਿਆ ਤਾਂ ਮੈਨੂੰ ਪੂਰਾ ਯਕੀਨ ਹੈ ਕਿ ਮੈਂ ਸੈਸ਼ਨ ਦੇ ਅੰਤ ਤੱਕ ਲਗਭਗ 8.40 ਮੀਟਰ ਦੀ ਛਾਲ ਲਾ ਸਕਦਾ ਹਾਂ। ਉਮੀਦ ਹੈ ਕਿ ਮੈਂ ਓਲੰਪਿਕ ਖੇਡਾਂ ਵਿਚ ਅਜਿਹਾ ਕਰ ਕੇ ਦੇਸ਼ ਲਈ ਮੈਡਲ ਜਿੱਤ ਸਕਦਾ ਹਾਂ। ਉਨਾਂ ਨੇ ਕਿਹਾ ਕਿ ਛੋਟੀ ਉਮਰ ਤੋਂ ਹੀ ਮੈਨੂੰ ਖੇਡਾਂ ਖ਼ਾਸ ਕਰ ਕੇ ਟ੍ਰੈਕ ਅਤੇ ਫੀਲਡ ਵਿਚ ਕਾਫੀ ਦਿਲਚਸਪੀ ਸੀ। ਮੇਰੇ ਮਾਤਾ-ਪਿਤਾ ਦੋਵੇਂ ਅੰਤਰਰਾਸ਼ਟਰੀ ਅਥਲੀਟ ਰਹੇ ਹਨ। ਮੇਰੇ ਪਰਿਵਾਰ ਦੇ ਲਗਭਗ ਸਾਰੇ ਮੈਂਬਰ ਇਸੇ ਖੇਡ ਜਾਂ ਦੂਜੀਆਂ ਖੇਡਾਂ ਨਾਲ ਜੁੜੇ ਹੋਏ ਸਨ। ਇਸ ਕਾਰਨ ਮੇਰਾ ਇਸ ਖੇਤਰ ਵਿਚ ਜਾਣਾ ਸੁਭਾਵਿਕ ਸੀ। ਸ਼੍ਰੀਸ਼ੰਕਰ ਨੇ ਕਿਹਾ ਕਿ ਮੈਂ ਆਪਣੇ ਪਿਤਾ ਕੋਲ ਮੈਦਾਨ ਵਿਚ ਜਾਂਦਾ ਸੀ ਤੇ ਦੌੜ ਲਾਉਂਦਾ ਸੀ। ਬਚਪਨ ਵਿਚ ਮੈਂ ਦੌੜਾਕ ਦੇ ਰੂਪ ਵਿਚ ਸ਼ੁਰੂਆਤ ਕੀਤੀ ਸੀ। ਇਸ ਵਿਚ ਮੈਨੂੰ ਜ਼ਿਲਾ ਤੇ ਸੂਬਾਈ ਪੱਧਰ 'ਤੇ ਗੋਲਡ ਮੈਡਲ ਜਿੱਤਣ ਵਿਚ ਕਾਮਯਾਬੀ ਵੀ ਮਿਲੀ ਤੇ ਇਸ ਤੋਂ ਬਾਅਦ ਮੈਂ ਹੌਲੀ ਹੌਲੀ ਲੰਬੀ ਛਾਲ ਵਿਚ ਅਭਿਆਸ ਕਰਨ ਲੱਗਾ।






## ਪੱਛਮੀ ਬੰਗਾਲ 'ਚ ਮਮਤਾ ਬੈਨਰਜੀ...

ਇਨਾਂ ਨਾਰਾਜ਼ਗੀਆਂ ਦਾ ਕਾਰਨ ਮਮਤਾ ਦੇ ਭਤੀਜੇ ਅਭਿਸ਼ੇਕ ਬੈਨਰਜੀ ਦੇ ਵਧਦੇ ਪ੍ਰਭਾਵ ਅਤੇ ਰਣਨੀਤਕ ਸਲਾਹਕਾਰ ਪ੍ਰਸ਼ਾਂਤ ਕਿਸ਼ੋਰ ਦੇ ਸੀਨੀਅਰ ਆਗੂਆਂ ਨੂੰ ਦਿੱਤੇ ਜਾ ਰਹੇ ਨਿਰਦੇਸ਼ਾਂ ਨੂੰ ਮੰਨਿਆ ਜਾ ਰਿਹਾ ਹੈ।

ਇਨਾਂ ਕਾਰਨਾਂ ਕਾਰਨ ਹੀ ਮਮਤਾ ਮੁੜ ਉਸ ਗੜ 'ਚ ਵਾਪਸ ਆ ਗਈ ਹੈ, ਜਿਥੇ ਉਨਾਂ 2011 ਵਿਚ ਖੱਬੇਪੱਖੀ ਫਰੰਟ ਦੇ 34 ਸਾਲ ਦੇ ਰਾਜ ਨੂੰ ਢਹਿ-ਢੇਰੀ ਕਰ ਦਿੱਤਾ ਸੀ। ਮਾਹਿਰਾਂ ਮੁਤਾਬਿਕ ਜੇਕਰ ਮਮਤਾ ਨੰਦੀਗ੍ਰਾਮ ਵਿਚੋਂ ਚੋਣ ਲੜਨ ਦਾ ਐਲਾਨ ਨਾ ਕਰਦੀ ਤਾਂ ਤ੍ਰਿਣਮੂਲ ਕਾਂਗਰਸ ਵਲੋਂ ਕੋਈ ਮੁਸਲਮਾਨ ਉਮੀਦਵਾਰ ਐਲਾਨਿਆ ਜਾਣਾ ਸੀ ਜਿਸ ਕਾਰਨ ਭਾਜਪਾ ਨੂੰ ਹਿੰਦੂ ਕਾਰਡ ਖੇਡਣ ਦਾ ਮੌਕਾ ਮਿਲਣਾ ਸੀ। ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਮਮਤਾ ਨੰਦੀਗ੍ਰਾਮ ਤੋਂ ਹਾਰਦੀ ਹੈ ਤਾਂ ਸੌਖਾ ਨਹੀਂ ਹੋਵੇਗਾ ਕੇਰਲ ਵਿਚ ਬਦਲਾਅ ਦੀ ਧਾਰਨਾ ਨੂੰ ਬਣਾਈ ਰੱਖਣਾ।

ਪਿਛਲੇ 4 ਦਹਾਕਿਆਂ ਤੋਂ ਕੇਰਲ 'ਬਦਲਾਅ' ਦੀ ਚੋਣ ਕਰਦਾ ਰਿਹਾ ਹੈ। ਭਾਵ ਭਾਰਤ ਦੇ ਸਭ ਤੋਂ ਵੱਧ ਸਾਖ਼ਰਤਾ ਦਰ ਵਾਲੇ ਸੂਬੇ 'ਚ ਹਰ ਵਿਧਾਨ ਸਭਾ ਚੋਣਾਂ ਵਿਚ ਸੱਤਾ 'ਤੇ ਕਾਬਜ਼ ਪਾਰਟੀ ਦੀ ਥਾਂ 'ਤੇ ਵਿਰੋਧੀ ਧਿਰ ਆਪਣੀ ਸਰਕਾਰ ਬਣਾਉਂਦੀ ਨਜ਼ਰ ਆਈ ਹੈ। ਇਹ ਬਦਲਾਅ ਕਿਸੇ ਸਰਕਾਰ ਦੀ ਸਿਰਫ ਮਾੜੀ ਕਾਰਗੁਜ਼ਾਰੀ ਦੇ ਮੱਦੇਨਜ਼ਰ ਨਹੀਂ ਕੀਤਾ ਜਾਂਦਾ, ਸਗੋਂ ਉਥੋਂ ਦੇ ਲੋਕਾਂ ਦਾ ਮੰਨਣਾ ਹੈ ਕਿ ਬਦਲਾਅ ਨਾਲ ਵਿਕਾਸ ਦੀ ਗਤੀ ਬਣੀ ਰਹਿੰਦੀ ਹੈ। ਬਦਲਾਅ ਰਾਹੀਂ ਵਿਕਾਸ ਲਿਆਉਣ ਦੇ ਸੁਭਾਅ ਵਾਲੇ ਕੇਰਲ 'ਚ 6 ਅਪ੍ਰੈਲ ਨੂੰ ਚੋਣਾਂ ਹੋਣਗੀਆਂ। 140 ਵਿਧਾਨ ਸਭਾ ਸੀਟਾਂ ਵਾਲੇ ਸੂਬੇ 'ਚ ਸਰਕਾਰ ਬਣਾਉਣ ਲਈ 71 ਸੀਟਾਂ ਦੀ ਲੋੜ ਹੋਵੇਗੀ। ਕੇਰਲ ਦੀ ਸਿਆਸਤ ਦੀਆਂ ਕੁਝ ਆਪਣੀਆਂ ਹੀ ਵਿਸ਼ੇਸ਼ਤਾਵਾਂ ਹਨ, ਜਿਵੇਂ ਕਿ ਗੱਠਜੋੜ ਦੀ ਸਿਆਸਤ, ਵੱਡੀਆਂ ਪਾਰਟੀਆਂ ਦੀ ਸੀਮਤ ਸੂਬਾਈ ਹੋਂਦ ਅਤੇ ਨਿਵੇਕਲਾ ਧਾਰਮਿਕ ਤਾਣਾ-ਬਾਣਾ। ਇਨਾਂ ਵਿਸ਼ੇਸ਼ਤਾਈਆਂ ਨੂੰ ਇਕ-ਇਕ ਕਰ ਕੇ ਫਰੋਲਦੇ ਹਾਂ।

**ਗੱਠਜੋੜ ਸਿਆਸਤ**

ਕੇਰਲ ਵਿਚ ਪਾਰਟੀ ਪੱਖੀ ਸਿਆਸਤ ਦੀ ਥਾਂ 'ਤੇ ਗੱਠਜੋੜ ਸਿਆਸਤ ਦਾ ਚਲਨ ਹੈ। ਸੂਬੇ 'ਚ ਦੋ ਅਹਿਮ ਗੱਠਜੋੜ ਯੂਨਾਈਟਿਡ ਡੈਮੋਕ੍ਰੇਟਿਕ ਫਰੰਟ ਅਤੇ ਲੈਫਟ ਡੈਮੋਕ੍ਰੇਟਿਕ ਫਰੰਟ ਹਨ, ਜੋ ਪਿਛਲੇ 40 ਸਾਲਾਂ ਤੋਂ 5-5 ਸਾਲਾਂ ਬਾਅਦ ਸੱਤਾ ਸੰਭਾਲਦੇ ਰਹੇ ਹਨ। ਸੀ.ਪੀ.ਆਈ. (ਐਮ) ਦੀ ਅਗਵਾਈ ਵਾਲੀ ਐਲ.ਡੀ.ਐਫ. ਇਸ ਸਮੇਂ ਸੱਤਾ 'ਚ ਹੈ। ਮੌਜੂਦਾ ਵਿਧਾਨ ਸਭਾ ਬਣਤਰ ਮੁਤਾਬਿਕ ਐਲ.ਡੀ.ਐਫ. ਕੋਲ 91, ਯੂ.ਡੀ.ਐਫ. ਕੋਲ 47, ਭਾਜਪਾ ਕੋਲ ਇਕ ਅਤੇ ਆਜ਼ਾਦ ਉਮੀਦਵਾਰ ਕੋਲ ਇਕ ਸੀਟ ਹੈ। ਭਾਜਪਾ ਨੇ 2016 'ਚ ਪਹਿਲੀ ਵਾਰ ਵਿਧਾਨ ਸਭਾ ਵਿਚ ਇਕ ਸੀਟ ਨਾਲ ਆਪਣਾ ਖਾਤਾ ਖੋਲਿਆ ਸੀ ਅਤੇ ਸੂਬਾਈ ਰਵਾਇਤ ਮੁਤਾਬਿਕ ਐਨ.ਡੀ.ਏ. ਫਰੰਟ ਕਾਇਮ ਕੀਤਾ ਗਿਆ ਸੀ। ਸੀ.ਪੀ.ਆਈ.(ਐਮ) ਦੀ ਅਗਵਾਈ ਵਾਲੇ ਐਲ.ਡੀ.ਐਫ. 'ਚ 11 ਪਾਰਟੀਆਂ ਹਨ ਜਦਕਿ ਕਾਂਗਰਸ ਦੀ ਅਗਵਾਈ ਵਾਲੇ ਯੂ.ਡੀ.ਐਫ. ਵਿਚ 8 ਪਾਰਟੀਆਂ ਸ਼ਾਮਿਲ ਹਨ। ਚੋਣਾਂ ਦੀ ਆਮਦ ਤੋਂ ਐਨ ਪਹਿਲਾਂ ਹੋਈ ਪੁਨਰ ਕਤਾਰਬੰਦੀ ਵਿਚ ਦੋਵਾਂ ਫਰੰਟਾਂ ਵਿਚੋਂ ਇਕ-ਇਕ ਪਾਰਟੀ ਦੀ ਰੁਖ਼ਸਤੀ ਹੋਈ ਹੈ। ਯੂ.ਡੀ.ਐਫ. ਵਿਚੋਂ ਕੇਰਲ ਕਾਂਗਰਸ (ਮਨੀ) ਕੇ.ਸੀ. (ਐਮ) ਧੜਾ ਅਲੱਗ ਹੋ ਗਿਆ ਹੈ। ਕੇ.ਸੀ.(ਐਮ) ਦੀ ਈਸਾਈ ਭਾਈਚਾਰੇ 'ਚ ਕਾਫੀ ਪਕੜ ਹੈ। ਕੇ.ਸੀ.(ਐਮ) ਧੜਾ ਕਾਂਗਰਸ ਵਿਚ ਵਿਚ ਮਕਬੂਲ ਨੇਤਾ ਕੇ.ਐਮ. ਮਨੀ ਦੇ ਦਿਹਾਂਤ ਤੋਂ ਬਾਅਦ ਪਾਰਟੀ ਨੇਤਾਵਾਂ ਨੂੰ ਅਣਗੌਲੇ ਜਾਣ ਦਾ ਦੋਸ਼ ਲਾਉਂਦਿਆਂ ਯੂ.ਡੀ.ਐਫ. 'ਚ ਸ਼ਾਮਿਲ ਹੋਇਆ ਸੀ। ਯੂ.ਡੀ.ਐਫ. ਦੀ ਤਰਜ਼ 'ਤੇ ਹੀ ਕੁਝ ਤਰੇੜਾਂ ਐਲ.ਡੀ.ਐਫ. ਵਿਚ ਵੀ ਨਜ਼ਰ ਆਈਆਂ ਹਨ। ਫਰੰਟ ਦੇ ਕਈ ਨਾਮਚੀਨ ਚਿਹਰੇ ਆਪਸੀ ਨਾਰਾਜ਼ਗੀ ਕਾਰਨ ਯੂ.ਡੀ.ਐਫ. 'ਚ ਸ਼ਾਮਿਲ ਹੋ ਗਏ। ਦਿਲਚਸਪ ਗੱਲ ਇਹ ਹੈ ਕਿ ਹਰ 5 ਸਾਲਾਂ ਬਾਅਦ ਸੂਬੇ 'ਚ ਵਾਰੋ-ਵਾਰੀ ਸਰਕਾਰ ਬਣਾਉਣ ਵਾਲੀ ਸੀ.ਪੀ.ਆਈ. (ਐਮ) ਅਤੇ ਕਾਂਗਰਸ ਵੱਡੀਆਂ ਪਾਰਟੀਆਂ ਹੁੰਦਿਆਂ ਹੋਇਆਂ ਵੀ ਸੂਬੇ ਵਿਚ ਉਨਾਂ ਦੀ ਹੋਂਦ ਕਾਫੀ ਸੀਮਤ ਹੈ। 2016 ਦੀਆਂ ਵਿਧਾਨ ਸਭਾ ਚੋਣਾਂ ਮੁਤਾਬਿਕ ਆਪੋ-ਆਪਣੇ ਫਰੰਟਾਂ ਵਿਚ ਦੋਵਾਂ ਪਾਰਟੀਆਂ ਦਾ ਕੁੱਲ ਮਿਲਾ ਕੇ ਵੋਟ ਹਿੱਸਾ 50.2 ਫ਼ੀਸਦੀ ਰਿਹਾ ਜਦ ਕਿ ਰਾਜਸਥਾਨ ਅਤੇ ਤਾਮਿਲਨਾਡੂ ਜਿਹੇ ਰਾਜਾਂ ਵਿਚ ਜਿਥੇ ਦੋ ਮੁੱਖ ਪਾਰਟੀਆਂ ਕ੍ਰਮਵਾਰ ਕਾਂਗਰਸ ਤੇ ਭਾਜਪਾ ਅਤੇ ਡੀ.ਐਮ.ਕੇ. ਤੇ ਅੰਨਾ ਡੀ.ਐਮ.ਕੇ. ਕੁੱਲ ਮਿਲਾ ਕੇ ਵਾਰੋ-ਵਾਰੀ ਸਰਕਾਰ ਬਣਾਉਂਦੀਆਂ ਹਨ, ਦਾ ਹਿੱਸਾ 60 ਤੋਂ 80 ਫ਼ੀਸਦੀ ਤੱਕ ਰਿਹਾ ਹੈ।

ਕੇਰਲ ਦੀ ਸੂਬਾਈ ਸਿਆਸਤ 'ਚ ਵੱਡੀਆਂ ਪਾਰਟੀਆਂ ਦੀ ਸੀਮਤ ਹੋਂਦ ਕਾਰਨ ਹੀ ਪਾਰਟੀਆਂ ਦੀ ਥਾਂ 'ਤੇ ਗੱਠਜੋੜ ਵਧੇਰੇ ਕਾਮਯਾਬ ਰਹੇ ਹਨ, ਜਿਸ ਵਿਚ ਛੋਟੀਆਂ ਪਾਰਟੀਆਂ ਵੀ ਇਲਾਕੇ ਵਿਸ਼ੇਸ਼ 'ਤੇ ਪ੍ਰਭਾਵੀ ਹੋਣ ਕਾਰਨ ਹੀ ਗੱਠਜੋੜ 'ਚ ਆਉਂਦੀਆਂ ਵੀ ਹਨ ਅਤੇ ਉਸ ਪ੍ਰਭਾਵ ਸਦਕਾ ਸੱਤਾ ਦੀ ਭਾਗੀਦਾਰੀ ਵੀ ਕਰਦੀਆਂ ਹਨ। ਜਦਕਿ ਵੱਡੀਆਂ ਪਾਰਟੀਆਂ ਲੋਕ ਸਭਾ ਚੋਣਾਂ 'ਚ ਇਸ ਦਾ ਲਾਹਾ ਲੈਂਦੀਆਂ ਹਨ। ਮਿਸਾਲ ਵਜੋਂ 2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ 20 ਸੀਟਾਂ 'ਚੋਂ 19 'ਤੇ ਜਿੱਤ ਹਾਸਲ ਕੀਤੀ ਸੀ। ਉਕਤ ਸੂਬਾਈ ਹਾਲਾਤ ਨੂੰ ਧਿਆਨ 'ਚ ਰੱਖਦਿਆਂ ਹੀ ਇਨਾਂ ਤਿੰਨੇ ਫਰੰਟਾਂ ਦੀਆਂ ਸੰਭਾਵਨਾਵਾਂ ਅਤੇ ਖਦਸ਼ਿਆਂ 'ਤੇ ਵੱਖੋ-ਵੱਖਰੇ ਵਿਚਾਰ ਰੱਖਦੇ ਹਾਂ।

ਐਲ.ਡੀ.ਐਫ.ਸੱਤਾਧਾਰੀ ਐਲ.ਡੀ.ਐਫ. ਦੀ ਅਗਵਾਈ ਮੁੱਖ ਮੰਤਰੀ ਪਿਨਾਰਾਈ ਵਿਜਯਨ ਕਰ ਰਹੇ ਹਨ। ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਅਤੇ ਅਮਰੀਕਨ ਕੰਪਨੀ ਨਾਲ ਵਿਵਾਦਿਤ ਸੌਦੇ ਤੋਂ ਇਲਾਵਾ ਐਲ.ਡੀ.ਐਫ. ਫਰੰਟ ਦਾ ਸਭ ਤੋਂ ਚਰਚਿਤ ਅਤੇ ਵਿਵਾਦਿਤ ਕਦਮ ਚੋਣਾਂ ਤੋਂ ਐਨ ਪਹਿਲਾਂ ਲਿਆ ਇਹ ਫ਼ੈਸਲਾ ਹੈ ਜਿਸ ਨੂੰ 2 ਟਰਮ ਨੇਮ ਕਿਹਾ ਜਾ ਰਿਹਾ ਹੈ। ਨੇਮ ਮੁਤਾਬਿਕ ਜੋ ਵੀ ਆਗੂ ਲਗਾਤਾਰ ਦੋ ਵਾਰ ਵਿਧਾਇਕ ਰਹਿ ਚੁੱਕਾ ਹੈ, ਉਸ ਨੂੰ ਟਿਕਟ ਨਹੀਂ ਦਿੱਤੀ ਜਾਏਗੀ। ਪਾਰਟੀ ਵਲੋਂ ਦਿੱਤੀ ਦਲੀਲ ਮੁਤਾਬਿਕ ਇਸ ਨਾਲ ਨਵੇਂ ਚਿਹਰਿਆਂ ਨੂੰ ਅੱਗੇ ਲਿਆਉਣ ਦਾ ਮੌਕਾ ਮਿਲੇਗਾ ਅਤੇ ਸੱਤਾਧਾਰੀ ਪਾਰਟੀ ਦੇ ਬਦਲਦੇ ਰਹਿਣ ਦੀ ਧਾਰਨਾ ਨਾਲ ਵਿਰੋਧੀਆਂ ਦਾ ਨਵੇਂ ਜੋਸ਼ ਨਾਲ ਮੁਕਾਬਲਾ ਕੀਤਾ ਜਾ ਸਕੇਗਾ।

ਪਰ ਸਿਆਸੀ ਮਾਹਿਰਾਂ ਵਲੋਂ ਇਸ ਨੂੰ ਸੀ.ਪੀ.ਆਈ.(ਐਮ) ਦੀ ਖ਼ੁਦ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਿਹਾ ਜਾ ਰਿਹਾ ਹੈ। ਇਸ ਦੇ ਤਹਿਤ ਕਈ ਸੀਨੀਅਰ ਆਗੂਆਂ ਜੋ ਸਾਰੇ ਮੌਜੂਦਾ ਸਰਕਾਰ ਵਿਚ ਮੰਤਰੀ ਵੀ ਰਹਿ ਚੁੱਕੇ ਹਨ, ਦੇ ਟਿਕਟ ਕੱਟੇ ਜਾ ਰਹੇ ਹਨ। ਹਾਲਾਂਕਿ ਮੁੱਖ ਮੰਤਰੀ ਵਿਜਯਨ 5 ਵਾਰ ਸਿਹਤ ਮੰਤਰੀ, ਕੇ.ਕੇ. ਸ਼ੈਲੇਜਾ 3 ਵਾਰ ਵਿਧਾਇਕ ਰਹਿ ਚੁੱਕੇ ਹਨ। ਪਰ ਇਹ ਲਗਾਤਾਰ ਦੋ ਵਾਰ ਵਿਧਾਇਕ ਦੀ ਸ਼ਰਤ ਦੇ ਦਾਇਰੇ 'ਚ ਨਹੀਂ ਆਉਂਦੇ। ਪਾਰਟੀ ਦੇ ਸੀਨੀਅਰ ਆਗੂਆਂ ਦੇ ਸਮਰਥਕਾਂ ਵਲੋਂ ਇਸ ਦਾ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਮੁੱਖ ਮੰਤਰੀ ਵਲੋਂ ਸੀਨੀਅਰ ਲੀਡਰਸ਼ਿਪ ਨੂੰ ਕਿਨਾਰੇ ਕਰਨ ਵਜੋਂ ਵੀ ਵੇਖਿਆ ਜਾ ਰਿਹਾ ਹੈ। ਇਨਾਂ ਵਿਵਾਦਾਂ ਦੇ ਪ੍ਰਤੀਕਰਮ ਵਜੋਂ ਵਿਜਯਨ ਵਲੋਂ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਉਹ ਵੀ ਅਗਲੀ ਵਾਰ ਨੇਮ ਦੇ ਦਾਇਰੇ 'ਚ ਆਉਣਗੇ।

ਪਾਰਟੀ ਦੇ ਇਸ ਕਦਮ ਨੇ ਵਿਰੋਧੀ ਧਿਰ ਕਾਂਗਰਸ ਨੂੰ ਵੀ ਆਪਣੀ ਰਣਨੀਤੀ 'ਚ ਬਦਲਾਅ ਕਰਨ ਲਈ ਮਜਬੂਰ ਕੀਤਾ ਹੈ। ਕਾਂਗਰਸ ਵਲੋਂ ਜਾਰੀ ਕੀਤੀ ਗਈ ਉਮੀਦਵਾਰਾਂ ਦੀ ਸੂਚੀ 'ਚ 55 ਫ਼ੀਸਦੀ ਥਾਂ ਨਵੇਂ ਚਿਹਰਿਆਂ ਨੂੰ ਦਿੱਤੀ ਗਈ ਹੈ। ਹਾਲਾਂਕਿ ਟਿਕਟ ਨਾ ਮਿਲਣ ਕਾਰਨ ਸੰਭਾਵੀ ਉਮੀਦਵਾਰਾਂ ਵਲੋਂ ਨਾਰਾਜ਼ਗੀਆਂ ਦਾ ਦੌਰ ਵੀ ਉਥੇ ਜਾਰੀ ਹੈ।

# ਪੰਜਾਬ ਨੂੰ ਕਰਤਾਰਪੁਰੀ ਮਾਡਲ ਵਜੋਂ ਉਸਾਰਨ ਦੀ ਲੋੜ

## ✪ ਭਾਰਤੀ ਰੱਖਿਆ ਮੰਤਰਾਲੇ ਦੀ ਮਿਲਟਰੀ ਡਾਇਰੈਕਟ ਵੈਬਸਾਈਟ ਵਲੋਂ ਜਾਰੀ ਅਧਿਐਨ ਅਨੁਸਾਰ ਦੁਨੀਆ ਵਿਚ ਚੀਨ ਦੀ ਫੌਜ ਸਭ ਤੋਂ ਤਾਕਤਵਰ ✪ ਅਮਰੀਕਾ, ਈਯੂ ਖ਼ਿਲਾਫ਼ ਚੀਨ ਤੇ ਰੂਸ ਨੇ ਦਿਖਾਈ ਇਕਜੁੱਟਤਾ ✪ ਕਿਹਾ-ਅੰਦਰੂਨੀ ਮਾਮਲਿਆਂ ਵਿਚ ਦਖਲ ਸਵੀਕਾਰ ਨਹੀਂ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**
੯੮੧੫੭੦੦੯੧੬

ਵਿਸ਼ਵ ਵਿਚ ਵੱਡੀਆਂ ਘਟਨਾਵਾਂ ਵਾਪਰ ਰਹੀਆਂ ਹਨ ਜਿਸ ਨੇ ਸੰਸਾਰ ਦਾ ਸਰੂਪ ਤੇ ਦ੍ਰਿਸ਼ ਤਬਦੀਲ ਕਰ ਦਿਤਾ ਹੈ।ਅਮਰੀਕਾ ਦੀ ਥਾਣੇਦਾਰੀ ਖੁਸ ਚੁੱਕੀ ਹੈ। ਜਿਹੜੀ ਤੀਸਰੀ ਜੰਗ ਦੀ ਸੰਭਾਵਨਾ ਹੈ, ਉਹ ਖਤਮ ਹੋ ਚੁਕੀ ਹੈ। ਜੇ ਇਹ ਸਰੂਪ ਨਾ ਬਦਲਦਾ ਤਾਂ ਇਹ ਤੀਸਰੀ ਜੰਗ ਦਾ ਕੇਂਦਰ ਏਸ਼ੀਆ ਹੁੰਦਾ।

ਅਮਰੀਕਾ ਅਤੇ ਯੂਰਪੀ ਸੰਘ (ਈਯੂ) ਖ਼ਿਲਾਫ਼ ਇਕਜੁੱਟਤਾ ਦਿਖਾਉਣ ਲਈ ਚੀਨ ਅਤੇ ਰੂਸ ਦੇ ਵਿਦੇਸ਼ ਮੰਤਰੀਆਂ ਨੇ ਬੀਤੇ ਮੰਗਲਵਾਰ ਮੁਲਾਕਾਤ ਕੀਤੀ ਸੀ ਅਤੇ ਕਿਹਾ ਕਿ ਅੰਦਰੂਨੀ ਮਾਮਲਿਆਂ ਵਿਚ ਦਖਲ ਸਵੀਕਾਰਯੋਗ ਨਹੀਂ ਹੈ। ਉਨਾਂ ਕਿਹਾ ਕਿ ਦੋਵੇਂ ਦੇਸ਼ ਪੌਣ-ਪਾਣੀ ਪਰਿਵਰਤਨ ਅਤੇ ਕੋਰੋਨਾ ਮਹਾਂਮਾਰੀ ਵਰਗੇ ਮਸਲਿਆਂ 'ਤੇ ਵਿਸ਼ਵ ਦੀ ਪ੍ਰਗਤੀ ਲਈ ਮਿਲ ਕੇ ਕੰਮ ਕਰ ਰਹੇ ਹਨ। ਚੀਨ ਅਤੇ ਰੂਸ ਨੇ ਇਹ ਇਕਜੁੱਟਤਾ ਅਜਿਹੇ ਸਮੇਂ ਦਿਖਾਈ ਹੈ ਜਦੋਂ ਪੱਛਮ ਨੇ ਮਨੁੱਖੀ ਅਧਿਕਾਰਾਂ ਨੂੰ ਲੈ ਕੇ ਉਨਾਂ ਖ਼ਿਲਾਫ਼ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ ਹਨ।

ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਅਤੇ ਉਨਾਂ ਦੇ ਰੂਸੀ ਹਮਰੁਤਬਾ ਸਰਗੇਈ ਲਾਵਰੋਵ ਦੀ ਇਹ ਮੁਲਾਕਾਤ ਦੱਖਣੀ ਚੀਨ ਦੇ ਨਾਨਨੀਂਗ ਸ਼ਹਿਰ ਵਿਚ ਹੋਈ। ਵਾਂਗ ਅਤੇ ਸਰਗੇਈ ਨੇ ਅਮਰੀਕਾ ਤੇ ਦੂਜੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇਣ ਦਾ ਦੋਸ਼ ਲਗਾਇਆ। ਵਾਂਗ ਨੇ ਪ੍ਰੈੱਸ ਕਾਨਫਰੰਸ ਦੌਰਾਨ ਸ਼ਿਨਜਿਆਂਗ ਵਿਚ ਮਨੁੱਖੀ ਅਧਿਕਾਰਾਂ ਦੇ ਉਲੰਘਣ ਨੂੰ ਲੈ ਕੇ ਚੀਨੀ ਅਧਿਕਾਰੀਆਂ ਖ਼ਿਲਾਫ਼ ਯੂਰਪੀ ਸੰਘ, ਬ੍ਰਿਟੇਨ, ਕੈਨੇਡਾ ਅਤੇ ਅਮਰੀਕਾ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਦੀ ਸਖ਼ਤ ਸ਼ਬਦਾਂ ਵਿਚ ਆਲੋਚਨਾ ਕੀਤੀ। ਉਨਾਂ ਕਿਹਾ ਕਿ ਹਰ ਤਰਾਂ ਦੀਆਂ ਇਕਤਰਫ਼ਾ ਪਾਬੰਦੀਆਂ ਖ਼ਿਲਾਫ਼ ਦੇਸ਼ਾਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ ਜਦਕਿ ਸਰਗੇਈ ਨੇ ਕਿਹਾ ਕਿ ਪਾਬੰਦੀਆਂ ਕਾਰਨ ਰੂਸ ਅਤੇ ਚੀਨ ਕਰੀਬ ਆ ਗਏ ਹਨ। ਉਨਾਂ ਦੋਸ਼ ਲਗਾਇਆ ਕਿ ਉਹ ਆਪਣੇ ਨਿਯਮ ਹਰ ਕਿਸੇ 'ਤੇ ਥੋਪ ਰਹੇ ਹਨ।

ਹਾਂਗਕਾਂਗ ਵਿਚ ਨਵੇਂ ਸੁਰੱਖਿਆ ਕਾਨੂੰਨ ਅਤੇ ਸ਼ਿਨਜਿਆਂਗ ਵਿਚ ਉਈਗਰ ਮੁਸਲਿਮਾਂ 'ਤੇ ਅੱਤਿਆਚਾਰ ਅਤੇ ਜਾਸੂਸੀ ਨੂੰ ਲੈ ਕੇ ਅਮਰੀਕਾ ਨੇ ਚੀਨ ਦੀਆਂ ਕਈ ਕੰਪਨੀਆਂ ਅਤੇ ਸੱਤਾਧਾਰੀ ਕਮਿਊਨਿਸਟ ਪਾਰਟੀ ਦੇ ਅਧਿਕਾਰੀਆਂ 'ਤੇ ਪਹਿਲਾਂ ਹੀ ਪਾਬੰਦੀਆਂ ਲਗਾ ਚੁੱਕਾ ਹੈ ਜਦਕਿ ਕ੍ਰੀਮੀਆ 'ਤੇ ਕਬਜ਼ੇ, ਯੂਕਰੇਨ ਵਿਚ ਵੱਖਵਾਦੀਆਂ ਦਾ ਸਮਰਥਨ ਕਰਨ ਅਤੇ ਆਲੋਚਕਾਂ 'ਤੇ ਹਮਲੇ ਨੂੰ ਲੈ ਕੇ ਰੂਸ ਸਾਲਾਂ ਤੋਂ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਦਾ ਸਾਹਮਣਾ ਕਰ ਰਿਹਾ ਹੈ। ਦਿਲਚਸਪ ਖਬਰ ਇਹ ਵੀ ਹੈ ਕਿ ਚੀਨ ਰੂਸ ਇਕੱਠੇ ਹੋ ਚੁੱਕੇ ਹਨ। ਭਾਰਤ ਨੇ ਚੀਨ ਨਾਲ ਸਮਝੌਤਾ ਕਰਕੇ ਏਸ਼ੀਆ ਨੂੰ ਸ਼ਾਂਤ ਰੱਖਣ ਵਿਚ ਭੂਮਿਕਾ ਨਿਭਾਈ ਹੈ। ਭਾਵੇਂ ਇਸ ਵਿਚ ਚੀਨ ਦਾ ਪੱਖ ਭਾਰੂ ਰਿਹਾ ਹੋਵੇ ਪਰ ਇਸ ਸਮਝੌਤੇ ਦਾ ਭਾਰਤ ਦਾ ਵੱਡਾ ਆਰਥਿਕ ਲਾਭ ਹੋਵੇਗਾ ਤੇ ਪੰਜਾਬ ਦੀ ਦਿਸ਼ਾ ਸੁਧਰੇਗੀ। ਮੀਡੀਆ ਵਿਚ ਖਬਰ ਇਸ ਗੱਲ ਵਲ ਇਸ਼ਾਰਾ ਕਰਦੀ ਹੈ ਕਿ ਕੋਈ ਵੀ ਦੇਸ਼ ਸੁਪਰ ਪਾਵਰ ਨਹੀਂ ਰਿਹਾ।

ਭਾਰਤੀ ਰੱਖਿਆ ਮੰਤਰਾਲੇ ਦੀ ਮਿਲਟਰੀ ਡਾਇਰੈਕਟ ਵੈਬਸਾਈਟ ਵਲੋਂ ਜਾਰੀ ਅਧਿਐਨ ਅਨੁਸਾਰ ਦੁਨੀਆ 'ਚ ਚੀਨ ਦੀ ਫੌਜ ਸਭ ਤੋਂ ਤਾਕਤਵਰ ਹੈ ਜਦਕਿ ਭਾਰਤ ਦੀ ਫੌਜ ਚੌਥੇ ਸਥਾਨ 'ਤੇ ਹੈ। ਅਧਿਐਨ ਅਨੁਸਾਰ ਸਭ ਤੋਂ



ਵੱਧ ਮਿਲਟਰੀ ਬਜਟ ਹੋਣ ਦੇ ਬਾਵਜੂਦ 74 ਅੰਕਾਂ ਨਾਲ ਅਮਰੀਕਾ ਦੀ ਫੌਜ ਦੂਸਰੇ ਸਥਾਨ 'ਤੇ ਹੈ । ਇਸ ਤੋਂ ਬਾਅਦ 69 ਅੰਕਾਂ ਨਾਲ ਰੂਸ ਦੀ ਫੌਜ ਤੀਸਰੇ ਸਥਾਨ ਤੇ ਫਿਰ 61 ਅੰਕਾਂ ਨਾਲ ਭਾਰਤ ਦਾ ਸਥਾਨ ਆਉਂਦਾ ਹੈ। ਭਾਰਤ ਤੋਂ ਬਾਅਦ 5ਵੇਂ ਸਥਾਨ 'ਤੇ ਫਰਾਂਸ ਹੈ, ਜਿਸ ਦੇ 58 ਅੰਕ ਹਨ । ਪਹਿਲੇ 10 ਵਿਚ ਬਰਤਾਨੀਆ ਦੀ ਫੌਜ 9ਵੇਂ ਸਥਾਨ 'ਤੇ ਹੈ, ਜਿਸ ਦੇ 43 ਅੰਕ ਹਨ ।ਅਧਿਐਨ ਅਨੁਸਾਰ 'ਅਲਟੀਮੇਟ ਮਿਲਟਰੀ ਸਟ੍ਰੈਂਥ ਇੰਡੈਕਸ' ਦੀ ਵੱਖ-ਵੱਖ ਪਹਿਲੂਆਂ ਦੇ ਆਧਾਰ 'ਤੇ ਗਣਨਾ ਕੀਤੀ ਗਈ ਹੈ, ਜਿਸ ਵਿਚ ਬਜਟ, ਸਰਗਰਮ ਤੇ ਗੈਰ-ਸਰਗਰਮ ਫੌਜੀ ਅਮਲਾ, ਕੁੱਲ ਹਵਾ, ਸਮੁੰਦਰ, ਜ਼ਮੀਨੀ ਤੇ ਪ੍ਰਮਾਣੂ ਵਸੀਲੇ, ਔਸਤ ਤਨਖਾਹਾਂ ਤੇ ਹੋਰ ਸਾਜੋ-ਸਾਮਾਨ ਸ਼ਾਮਲ ਹੈ । ਚੀਨ ਦੀ ਫੌਜ ਦੁਨੀਆ ਵਿਚ ਸਭ ਤੋਂ ਤਾਕਤਵਰ ਫੌਜ ਹੈ, ਜਿਸ ਦੇ ਇਸ ਸੂਚੀ 'ਚ 100 'ਚੋਂ 82 ਅੰਕ ਹਨ । ਦੁਨੀਆ 'ਚ ਅਮਰੀਕਾ ਆਪਣੀ ਫੌਜ 'ਤੇ ਸਭ ਤੋਂ ਵੱਧ ਖਰਚ ਕਰਦਾ ਹੈ, ਜਿਸ ਦਾ ਰੱਖਿਆ ਬਜਟ ਸਾਲਾਨਾ 732 ਅਰਬ ਡਾਲਰ ਹੈ । ਫੌਜ 'ਤੇ ਖਰਚ ਦੇ ਮਾਮਲੇ ਵਿਚ ਚੀਨ ਦੂਸਰੇ ਸਥਾਨ 'ਤੇ ਹੈ, ਜਿਸ ਦਾ ਸਾਲਾਨਾ ਬਜਟ 261 ਅਰਬ ਡਾਲਰ ਹੈ । ਇਸ ਤੋਂ ਬਾਅਦ ਭਾਰਤ 71 ਅਰਬ ਡਾਲਰ ਖਰਚ ਕਰਦਾ ਹੈ। ਅਧਿਐਨ ਅਨੁਸਾਰ ਕਾਲਪਨਿਕ ਸੰਘਰਸ਼ ਵਿਚ ਚੀਨ ਸਮੁੰਦਰੀ, ਅਮਰੀਕਾ ਹਵਾਈ ਤੇ ਰੂਸ ਜ਼ਮੀਨੀ ਲੜਾਈਆਂ 'ਚ ਜਿੱਤ ਪ੍ਰਾਪਤ ਕਰੇਗਾ ।

ਦੂਜੀ ਖਬਰ ਹੈ ਕਿ ਭਾਰਤ, ਪਾਕਿਸਤਾਨ, ਚੀਨ ਤੇ ਐੱਸਸੀਓ (ਸ਼ੰਘਾਈ ਸਹਿਯੋਗ ਸੰਗਠਨ) ਦੇ ਬਾਕੀ ਪੰਜ ਮੈਂਬਰ ਦੇਸ਼ ਇਸੇ ਸਾਲ ਅੱਤਵਾਦ ਖ਼ਿਲਾਫ਼ ਸਾਂਝਾ ਅਭਿਆਸ ਕਰਨਗੇ। ਇਹ ਫ਼ੈਸਲਾ ਉਜ਼ਬੇਕਿਸਤਾਨ ਦੀ ਰਾਜਧਾਨੀ ਤਾਸ਼ਕੰਦ ਵਿਚ ਕੌਂਸਲ ਆਫ ਰਿਜ਼ਨਲ ਐਂਟੀ-ਟੈਰੋਰਿਸਟ ਸਟਰੱਕਚਰ (ਆਰਏਟੀਐੱਸ) ਦੀ 36ਵੀਂ ਮੀਟਿੰਗ ਵਿਚ ਲਿਆ ਗਿਆ। ਚੀਨ ਦੀ ਸਰਕਾਰੀ ਖ਼ਬਰ ਏਜੰਸੀ ਸਿਨਹੂਆ ਅਨੁਸਾਰ ਇਸ ਫ਼ੈਸਲੇ ਨਾਲ ਅੱਤਵਾਦ ਦੇ ਅਰਥਤੰਤਰ ਨੂੰ ਨਸ਼ਟ ਕਰਨ ਵਿਚ ਮਦਦ ਮਿਲੇਗੀ। ਇਸ ਮੀਟਿੰਗ ਵਿਚ ਭਾਰਤ, ਪਾਕਿਸਤਾਨ, ਕਜ਼ਾਕਿਸਤਾਨ, ਚੀਨ, ਰੂਸ, ਤਜਾਕਿਸਤਾਨ, ਕਿਰਗਿਜ ਰਿਪਬਲਿਕ ਅਤੇ ਉਜ਼ਬੇਕਿਸਤਾਨ ਦੇ ਪ੍ਰਤੀਨਿਧੀ ਸ਼ਾਮਲ ਹੋਏ।

ਅਮਰੀਕਾ ਨੇ ਵੀ ਚੀਨ ਤੇ ਭਾਰਤ ਦੀ ਦੋਸਤੀ ਦੇ ਬਾਵਜੂਦ ਅਜੇ ਤਕ ਭਾਰਤ ਦਾ ਸਾਥ ਨਹੀਂ ਛਡਿਆ। ਇਸ ਤੋਂ ਜ਼ਾਹਿਰ ਹੈ ਕਿ ਕਿਸੇ ਦੇਸ਼ ਕੋਲ ਸੁਪਰਮੇਸੀ ਦੀ ਠਾਣੇਦਾਰੀ ਨਹੀਂ ਰਹੀ। ਭਾਰਤ ਅਤੇ ਅਮਰੀਕਾ ਵਿਚ ਰੱਖਿਆ ਸਹਿਯੋਗ ਵਧਾਉਣ 'ਤੇ ਰਜ਼ਾਮੰਦੀ ਬਣ ਚੁਕੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਉਨਾਂ ਦੇ ਅਮਰੀਕੀ ਹਮਅਹੁਦਾ ਲੋਇਡ ਆਸਟਿਨ ਵਿਚਾਲੇ ਬੀਤੇ ਸਨਿਚਰਵਾਰ ਨੂੰ ਵਿਗਿਆਨ ਭਵਨ ਵਿਖੇ ਹੋਈ ਵਫ਼ਦ ਪੱਧਰ ਦੀ ਮੀਟਿੰਗ 'ਚ ਦੋਵਾਂ ਦੇਸ਼ਾਂ ਦੇ ਫ਼ੌਜੀ ਸਬੰਧਾਂ ਦਾ ਦਾਇਰਾ ਵਧਾਉਣ ਲਈ ਤਵਸੀਲੀ ਚਰਚਾ ਕੀਤੀ ਗਈ, ਜਿਸ ਤੋਂ ਬਾਅਦ ਦੋਵਾਂ ਆਗੂਆਂ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਨਾਂ ਦਰਮਿਆਨ ਰੱਖਿਆ ਸਹਿਯੋਗ, ਫ਼ੌਜ ਤੋਂ ਫ਼ੌਜ ਦਾ ਸਬੰਧ, ਰੱਖਿਆ ਦੇ ਉੱਭਰਦੇ ਖੇਤਰਾਂ ਵਿਚ ਸਹਿਯੋਗ ਵਧਾਉਣ 'ਤੇ ਚਰਚਾ ਹੋਈ । ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਮੁਲਾਕਾਤ ਤੋਂ ਬਾਅਦ ਜਾਰੀ ਕੀਤੇ ਸਾਂਝੇ ਬਿਆਨ 'ਚ ਕਿਹਾ ਕਿ ਅਸੀਂ ਵਿਆਪਕ ਆਲਮੀ ਰਣਨੀਤਕ ਭਾਈਵਾਲੀ ਨੂੰ ਪੂਰੀ ਸਮਰੱਥਾ ਨਾਲ ਸਾਕਾਰ ਕਰਨ ਪ੍ਰਤੀ ਵਚਨਬੱਧ ਹਾਂ । ਰੱਖਿਆ ਮੰਤਰੀ ਨੇ ਇਹ ਵੀ ਕਿਹਾ ਕਿ ਉਨਾਂ ਅਮਰੀਕੀ ਰੱਖਿਆ ਉਦਯੋਗ ਨੂੰ ਭਾਰਤ 'ਚ ਇਸ ਖੇਤਰ 'ਚ ਸਿੱਧੇ ਵਿਦੇਸ਼ੀ ਨਿਵੇਸ਼ ਦੇ ਵਧੇ ਹੋਏ ਦਾਇਰੇ ਤਹਿਤ ਇੱਥੇ (ਭਾਰਤ 'ਚ) ਆਉਣ ਦਾ ਸੱਦਾ ਦਿੱਤਾ ਹੈ। ਅਮਰੀਕੀ ਰੱਖਿਆ ਮੰਤਰੀ ਨੇ ਕਿਹਾ ਕਿ ਭਾਰਤ ਤੇਜ਼ੀ ਨਾਲ ਅੰਤਰਰਾਸ਼ਟਰੀ ਗਤੀਸ਼ੀਲਤਾ 'ਚ ਬਦਲਾਅ ਕਰਨ ਵਿਚ ਅਹਿਮ ਭਾਈਵਾਲ ਹੈ । ਆਸਟਿਨ ਨੇ ਭਾਰਤ-ਪ੍ਰਸ਼ਾਂਤ ਖਿੱਤੇ ਲਈ ਭਾਰਤ ਲਈ ਰੱਖਿਆ ਸਾਂਝੇਦਾਰੀ ਲਈ ਅਮਰੀਕਾ ਦੀ ਵਚਨਬੱਧਤਾ ਨੂੰ ਦੁਹਰਾਇਆ । ਰਾਜਨਾਥ ਸਿੰਘ ਅਤੇ ਆਸਟਿਨ ਨੇ ਮੁਲਾਕਾਤ ਦੌਰਾਨ ਅੱਤਵਾਦ ਸਮੇਂ ਕਈ ਦੁਵੱਲੇ ਅਤੇ ਬਹੁਧਿਰੀ ਸਮਝੌਤਿਆਂ ਦੀ ਸਮੀਖਿਆ ਵੀ ਕੀਤੀ ਅਤੇ ਭਾਰਤੀ ਫ਼ੌਜ, ਅਮਰੀਕੀ-ਭਾਰਤ ਪ੍ਰਸ਼ਾਂਤ, ਕੇਂਦਰੀ ਅਤੇ ਅਫ਼ਰੀਕੀ ਕਮਾਂਡਾਂ ਦਰਮਿਆਨ ਸਹਿਯੋਗ ਵਧਾਉਣ 'ਤੇ ਰਾਜ਼ੀ ਹੋਏ । ਦੋਵਾਂ ਦੇਸ਼ਾਂ ਨੇ ਦੁਵੱਲੇ ਰੱਖਿਆ ਸਮਝੌਤਿਆਂ ਲਾਜਿਸਟਿਕ ਐਨਕਚੇਂਜ, ਮੈਮੋਰੰਡਮ ਆਫ਼ ਐਗਰੀਮੈਂਟ, ਕਮਿਊਨੀਕੇਸ਼ਨਜ਼ ਕਮਪੈਟੀਬਿਲਟੀ ਐਂਡ ਸਕਿਊਰਿਟੀ ਅਤੇ ਬੇਸਿਨ ਐਨਕਚੇਂਜ ਐਂਡ ਕਾਰਪੋਰੇਸ਼ਨ 'ਤੇ ਚਰਚਾ ਵੀ ਕੀਤੀ। ਇਹ ਤਿੰਨੇ ਸਮਝੌਤੇ ਅਮਰੀਕਾ ਵਲੋਂ ਆਪਣੇ ਕਰੀਬੀ ਦੇਸ਼ਾਂ ਨਾਲ ਕੀਤੇ ਜਾਣ ਵਾਲੇ ਬੁਨਿਆਦੀ ਸਮਝੌਤੇ ਹਨ ।

ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਅਮਰੀਕੀ ਰੱਖਿਆ ਮੰਤਰੀ ਆਸਟਿਨ ਨਾਲ ਮੁਲਾਕਾਤ ਕੀਤੀ ਅਤੇ ਦੋਵਾਂ ਆਗੂਆਂ ਨੇ ਕਈ ਮੁੱਦਿਆਂ 'ਤੇ ਵਿਆਪਕ ਚਰਚਾ ਕੀਤੀ । ਜੈਸ਼ੰਕਰ ਨਾਲ ਮੁਲਾਕਾਤ ਦੌਰਾਨ ਅਮਰੀਕੀ ਰੱਖਿਆ ਮੰਤਰੀ ਨੇ ਭਾਰਤ ਵਿਚ ਮਨੁੱਖੀ ਅਧਿਕਾਰਾਂ 'ਤੇ ਫਿਕਰਮੰਦੀ ਵੀ ਜ਼ਾਹਿਰ ਕੀਤੀ । ਇਸ ਤੋਂ ਇਲਾਵਾ ਉਨਾਂ ਨੇ ਭਾਰਤ ਨੂੰ ਰੂਸ ਤੋਂ ਹਥਿਆਰ ਨਾ ਖਰੀਦਣ ਦੀ ਅਪੀਲ ਕੀਤੀ । ਪਾਕਿਸਤਾਨ ਦੇ ਪ੍ਰਧਾਨ ਮੰਤਰੀ ਤੋਂ ਬਾਅਦ ਜਨਰਲ ਬਾਜਵਾ ਨੇ ਭਾਰਤ ਵੱਲ ਦੋਸਤੀ ਦਾ ਹੱਥ ਵਧਾਇਆ ਹੈ।ਪਾਕਿਸਤਾਨ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਕਿਹਾ ਕਿ ਇਹ ਭਾਰਤ ਅਤੇ ਪਾਕਿਸਤਾਨ ਲਈ 'ਬੀਤੇ ਸਮੇਂ ਨੂੰ ਭੁੱਲਣ ਅਤੇ ਅੱਗੇ ਵਧਣ' ਦਾ ਸਮਾਂ ਹੈ। ਉਨਾਂ ਨੇ ਕਿਹਾ ਕਿ ਦੋਵੇਂ ਗੁਆਂਢੀ ਦੇਸ਼ਾਂ ਦਰਮਿਆਨ ਸ਼ਾਂਤੀ ਨਾਲ ਦੱਖਣੀ ਅਤੇ ਮੱਧ ਏਸ਼ੀਆ ਵਿਚ ਵਿਕਾਸ ਦੀਆਂ ਸੰਭਾਵਨਾਵਾਂ ਨੂੰ 'ਖੋਲਣ' ਵਿਚ ਮਦਦ ਮਿਲੇਗੀ।

ਜ਼ਿਕਰਯੋਗ ਹੈ ਕਿ ਭਾਰਤ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਉਹ ਪਾਕਿਸਤਾਨ ਨਾਲ ਅੱਤਵਾਦ, ਵੈਰ ਅਤੇ ਹਿੰਸਾ ਮੁਕਤ ਮਾਹੌਲ ਨਾਲ ਨਾਰਮਲ ਗੁਆਂਢੀ ਸਬੰਧ ਦੀ ਉਮੀਦ ਕਰਦਾ ਹੈ। ਭਾਰਤ ਨੇ ਕਿਹਾ ਸੀ ਕਿ ਇਸ ਦੀ ਜ਼ਿੰਮੇਵਾਰੀ ਪਾਕਿਸਤਾਨ 'ਤੇ ਹੈ ਕਿ ਉਹ ਅੱਤਵਾਦ ਮੁਕਤ ਮਾਹੌਲ ਤਿਆਰ ਕਰੇ। ਜਨਰਲ ਬਾਜਵਾ ਨੇ ਕਿਹਾ, 'ਸਾਡੇ ਗੁਆਂਢੀ ਨੂੰ ਵਿਸ਼ੇਸ਼ ਰੂਪ ਨਾਲ ਕਸ਼ਮੀਰ 'ਚ ਇਕ ਅਨੁਕੂਲ ਵਾਤਾਵਰਣ ਬਣਾਉਣਾ ਹੋਵੇਗਾ।' ਉਨਾਂ ਕਿਹਾ ਕਿ ਇਨਾਂ 'ਚ ਸਭ ਤੋਂ ਅਹਿਮ ਮੁੱਦਾ ਕਸ਼ਮੀਰ ਦਾ ਹੈ। ਇਹ ਸਮਝਣਾ ਅਹਿਮ ਹੈ ਕਿ ਸ਼ਾਂਤੀਪੂਰਣ ਤਰੀਕਿਆਂ ਨਾਲ ਕਸ਼ਮੀਰ ਵਿਵਾਦ ਦੇ ਹੱਲ ਤੋਂ ਬਿਨਾਂ ਇਸ ਖੇਤਰ 'ਚ ਸ਼ਾਂਤੀ ਦੀ ਕੋਈ ਵੀ ਪਹਿਲ ਸਫਲ ਨਹੀਂ ਹੋ ਸਕਦੀ ਹੈ।

ਜਨਰਲ ਬਾਜਵਾ ਦੇ ਬਿਆਨ ਤੋਂ ਇਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਸੀ ਕਿ ਉਹਨਾਂ ਦੇ ਮੁਲਕ ਨਾਲ ਸ਼ਾਂਤੀ ਰੱਖਣ 'ਤੇ ਭਾਰਤ ਨੂੰ ਆਰਥਿਕ ਲਾਭ ਮਿਲੇਗਾ। ਉਹਨਾਂ ਕਿਹਾ ਸੀ ਕਿ ਇਸ ਨਾਲ ਭਾਰਤ ਨੂੰ ਪਾਕਿਸਤਾਨੀ ਭੂ-ਭਾਗ ਦੇ ਰਸਤੇ ਸੰਸਾਧਨ ਬਹੁਲ ਮੱਧ ਏਸ਼ੀਆ ਵਿਚ ਸਿੱਧੇ ਪਹੁੰਚਣ ਵਿਚ ਮਦਦ ਮਿਲੇਗੀ। ਉਨਾਂ ਕਿਹਾ ਸੀ, 'ਭਾਰਤ ਨੂੰ ਪਹਿਲਾ ਕਦਮ ਚੁੱਕਣਾ ਹੋਵੇਗਾ। ਉਹ ਜਦੋਂ ਤੱਕ ਅਜਿਹਾ ਨਹੀਂ ਕਰਨਗੇ, ਅਸੀਂ ਜ਼ਿਆਦਾ ਕੁੱਝ ਨਹੀਂ ਕਰ ਸਕਦੇ ਹਾਂ।' ਇਹਨਾਂ ਘਟਨਾਵਾਂ ਤੋਂ ਸਿਧ ਹੁੰਦਾ ਹੈ ਕਿ ਸੁਪਰਮੇਸੀ ਦਾ ਅਮਰੀਕਨ ਯੁਗ ਬੀਤਣ ਬਾਅਦ ਸ਼ਾਂਤੀ ਦਾ ਯੁਗ ਸ਼ੁਰੂ ਹੋ ਚੁਕਿਆ ਹੈ।ਖਾਸ ਕਰਕੇ ਇਹ ਸ਼ਾਂਤੀ ਦਾ ਯੁਗ ਭਾਰਤ ਤੇ ਪਾਕਿਸਤਾਨ ਦੀ ਸ਼ਾਂਤੀ ਤੇ ਆਰਥਿਕ ਵਿਕਾਸ ਲਈ ਸਹਾਈ ਹੋਵੇਗਾ ਜਿਸਦਾ ਵੱਡਾ ਲਾਭ ਪੂਰਬੀ ਪੱਛਮੀ ਪੰਜਾਬ ਨੂੰ ਹੋਵੇਗਾ। ਹੁਣੇ ਜਿਹੇ ਵਿਸਾਖੀ ਉਪਰ ਜਥਾ ਜਾਣ ਦੀ ਖੁਲ ਦੇ ਦਿੱਤੀ ਗਈ ਹੈ ਤੇ ਕਰਤਾਰਪੁਰ ਲਾਂਘਾ ਕਦੇ ਵੀ ਖੁਲ ਸਕਦਾ ਹੈ ਤੇ ਇਸ ਤੋਂ ਬਾਅਦ ਵਪਾਰ ਲਈ ਵਾਘਾ ਬਾਰਡਰ। ਇਸ ਦੌਰਾਨ ਪੰਜਾਬ ਨੂੰ ਗੁਰੂ ਨਾਨਕ ਸਾਹਿਬ ਦਾ ਕਰਤਾਰਪੁਰੀ ਮਾਡਲ ਉਸਾਰਨਾ ਪਵੇਗਾ। ਕਰਤਾਰਪੁਰੀ ਮਾਡਲ ਗੁਰੂ ਨਾਨਕ ਵਿਚਾਰਧਾਰਾ ਦਾ ਮਾਡਲ ਹੈ ਜੋ ਵਿਸ਼ਵ ਸ਼ਾਂਤੀ, ਕਿਰਤ, ਕੁਦਰਤੀ ਖੇਤੀ ਦਾ ਸੰਦੇਸ਼ ਦਿੰਦਾ ਹੈ।ਇਸ ਤਹਿਤ ਪੰਜਾਬ ਸਟੇਟ ਨੂੰ ਖੇਤੀ ਇੰਡਸਟਰੀ, ਵਪਾਰ, ਮੰਡੀ ਸਥਾਪਤ ਕਰਨ ਤੇ ਬਾਰਡਰ ਖੁਲਵਾਉਣ ਵਿਚ ਅਹਿਮ ਯੋਗਦਾਨ ਪਾਉਣਾ ਪਵੇਗਾ। ਸ਼ਹਿਰਾਂ ਦੀ ਥਾਂ ਪਿੰਡਾਂ ਦਾ ਵਿਕਾਸ ਤੇ ਸਵੈ ਰੁਜਗਾਰ ਵਲ ਧਿਆਨ ਦੇਣਾ ਪਵੇਗਾ ਤਾ ਜੋ ਕਿਸਾਨਾਂ, ਦਲਿਤਾਂ ਤੇ ਖੇਤ ਮਜਦੂਰਾਂ ਦੀ ਜੂਨ ਸੁਧਰ ਸਕੇ ਤੇ ਸ਼ਹਿਰੀ ਭਾਈਚਾਰਾ ਵੀ ਇਸ ਪੇਂਡੂ ਆਰਥਿਕਤਾ ਦੇ ਸਿਰ ਉਪਰ ਵਿਕਸਤ ਹੋ ਸਕੇ ਤੇ ਪੰਜਾਬ ਵਿਚ ਪੜਨ ਦੇ ਨਾਮ ਉਪਰ ਪਰਵਾਸ 'ਤੇ ਹੋ ਰਿਹਾ ਉਜਾੜਾ ਰੁਕ ਸਕੇ। ਕੀ ਕੈਪਟਨ ਸਰਕਾਰ ਇਸ ਸੰਦਰਭ ਵਿਚ ਭੂਮਿਕਾ ਨਿਭਾ ਸਕੇਗੀ ? ਸਾਨੂੰ ਅਗਲੀਆਂ ਚੋਣਾਂ ਦਾ ਏਜੰਡਾ ਹੀ ਗੁਰੂ ਨਾਨਕ ਦਾ ਕਰਤਾਰਪੁਰੀ ਮਾਡਲ ਸਿਰਜਣਾ ਚਾਹੀਦਾ ਹੈ ਜਿਸਨੇ ਜਗਤ ਜਲੰਦੇ ਨੂੰ ਠਾਰਣਾ ਹੈ।

ਸੱਭ ਕੁੱਝ ਪਾਸੇ ਰੱਖ ਦੇਵੋ
ਸਿਵਾਏ ਮਾਨਵਤਾ ਦੇ
ਏਹ ਮੁੱਦਾ ਜੇ ਸਮਝਣਾ ਤਾਂ
ਲਾਲ ਬਹਾਦੁਰ ਸ਼ਾਸ਼ਤਰੀ ਯਾਦ ਕਰਨਾ ਪਊ

ਜਿੰਨੀ ਟਰਾਲੀ ਅੱਜ ਦਿੱਲੀ ਦੀ ਹਿੱਕ ਤੇ
ਖੜ੍ਹੀ ਹੈ
ਡਾਲੇ ਤੇ ਚਾਰ ਸ਼ਬਦ ਲਿਖੇ ਆਮ ਮਿਲ ਜਾਣਗੇ
ਜੈ ਜਵਾਨ ਜੈ ਕਿਸਾਨ

ਹੁਣ ਪੜਚੋਲ ਕਰੋ
ਰਾਜਨੀਤੀ ਦਾ ਕੱਦ
ਇਨ੍ਹਾਂ ਕਿਵੇਂ ਗਿਰਿਆ
ਜਦੋਂ ਦੇਸ ਨੇ 1975 ਦੀ
ਐਮਰਜੈਂਸੀ ਦਾ ਗੁੰਮ ਕੱਟਿਆ
ਤੇ ਤਾਸ਼ਕੰਧ () ਵਿੱਚ
ਨਾਹਰੇ ਵਾਲੀ ਅਵਾਜ ਮਾਰੀਂ
ਕਿਸਾਨੀ ਓਸੇ ਦਿਨ ਤੋਂ ਗੁੰਗੀ ਹੋਣੀ
ਚਾਲੂ ਹੋਈ

ਪਰ ਹੁਣ ਕਾਮੇ ਇੱਕ ਸ਼ਬਦ ਸਿੱਖ ਗਏ ਨੇ
ਉਹ ਸ਼ਬਦ ਹੈ
ਕਿਉਂ ?
ਹੁਣ ਉਹ ਜਾਣ ਗਏ ਨੇ
ਠੰਡੇ ਕਮਰੇ ਤੇ ਗੋਲ ਮੇਜ਼ ਦੀ
ਮਿਲੀਭਗਤ ਨੂੰ
ਉਹਨਾਂ ਨੂੰ ਪਤਾ ਲੱਗ ਗਿਆ ਕਿ
ਸੂਟ ਤੇ ਟਾਈ ਵਾਲੇ ਲੋਕ
ਦਿੱਲੀ ਕੀ ਕਰਨ ਆਉਂਦੇ ਨੇ

ਤੁਸੀਂ ਚੜਾ ਦਿਓ ਫੌਜਾਂ
ਪਰ ਜਵਾਨ ਤੇ ਕਿਸਾਨ
ਆਹਮੋ ਸਾਹਮਣੇ
ਹੋਣ ਦਾ ਇਤਿਹਾਸ
ਆਉਣ ਵਾਲੀਆ ਨਸਲਾਂ ਤੋਂ ਪੜ੍ਹ ਨਹੀਂ ਹੋਣਾ

ਅਸੀਂ ਦੇਸ਼ ਨੂੰ ਪੁੱਤ ਦਿੱਤੇ
ਹੁਣ ਦੇਸ਼ ਵਾਪਿਸ ਕੀ ਕਰਦਾ ?
ਤੁਸੀਂ ਕਦੇ ਦੇਖਿਆ ਹੀ ਨਹੀਂ
ਘੱਟ ਗਿਣਤੀ ਦਾ ਮੱਥਾ
ਅਸੀਂ ਸੱਜੇ ਹੱਥ ਦੀ
ਅਗਲੀ ਉਂਗਲੀ ਨਾਲ
ਪਸੀਨਾ ਪੂੰਝਣ ਦੇ ਆਦੀ ਹਾਂ

ਲਿਖਤ: **ਹਰੀ**

## ਸ਼ਹੀਦ-ਏ-ਆਜ਼ਮ ਭਗਤ ਸਿੰਘ...

ਉਹ ਇੱਕ ਪ੍ਰਤੀਰੋਧਯੋਗ ਫੈਕਟਰ ਵਜੋਂ ਵਰਤਿਆ ਗਿਆ ਸੀ ਜਦੋਂ ਉਸ ਦੇ ਗੁੱਸੇ ਅਤੇ ਉਸਦੇ ਨਿਯਮਾਂ ਨੂੰ ਵਾਰ-ਵਾਰ ਪ੍ਰਚਾਰਿਆ ਗਿਆ ਸੀ ਤਾਂ ਕਿ ਮਨੁੱਖ ਸਮਾਜ ਲਈ ਖਤਰਾ ਨਾ ਬਣ ਸਕੇ। ਉਹ ਦੁਖੀ ਆਤਮਾ ਦੀ ਪੁਕਾਰ ਸੀ ਕਿਉਂਕਿ ਵਿਸ਼ਵਾਸ ਸੀ ਕਿ ਬਿਪਤਾ ਦੇ ਸਮੇਂ ਜਦੋਂ ਆਦਮੀ ਇਕੱਲਾ ਅਤੇ ਬੇਬੱਸ ਹੋਵੇ ਤਾਂ ਉਹ ਪਿਤਾ, ਮਾਤਾ, ਭੈਣ ਅਤੇ ਭਰਾ, ਭਰਾ ਅਤੇ ਮਿੱਤਰ ਦੇ ਤੌਰ 'ਤੇ ਖੜਾ ਹੋਵੇਗਾ। ਉਹ ਸਰਵਸ਼ਕਤੀਮਾਨ ਸੀ ਅਤੇ ਕੁਝ ਵੀ ਕਰ ਸਕਦਾ ਸੀ। ਬਿਪਤਾ ਵਿੱਚ ਫਸੇ ਮਨੁੱਖ ਲਈ ਪਰਮੇਸ਼ਰ ਦਾ ਵਿਚਾਰ ਮਦਦਗਾਰ ਹੁੰਦਾ ਹੈ।

ਫਾਂਸੀ ਦੇਣ ਤੋਂ ਕੁਝ ਸਮਾਂ ਪਹਿਲਾਂ ਜੇਲ ਵਾਰਡਨ ਚੜਤ ਸਿੰਘ ਨੇ ਭਗਤ ਸਿੰਘ ਦੇ ਕੰਨ ਵਿਚ ਕਿਹਾ ਵਾਹਿਗੁਰੂ ਨੂੰ ਯਾਦ ਕਰੋ।

ਭਗਤ ਸਿੰਘ ਨੇ ਕਿਹਾ, 'ਮੈਂ ਆਪਣੀ ਪੂਰੀ ਜ਼ਿੰਦਗੀ ਵਿਚ ਰੱਬ ਨੂੰ ਯਾਦ ਨਹੀਂ ਕੀਤਾ। ਅਸਲ ਵਿੱਚ ਮੈਂ ਕਈ ਵਾਰ ਗਰੀਬਾਂ ਦੇ ਕਲੇਸ਼ ਲਈ ਰੱਬ ਨੂੰ ਕੋਸਿਆ ਹੈ।' 'ਜੇਕਰ ਹੁਣ ਮੈਂ ਉਨਾਂ ਕੋਲੋਂ ਮੁਆਫ਼ੀ ਮੰਗਾਂ ਤਾਂ ਉਹ ਕਹਿਣਗੇ ਕਿ ਇਸ ਤੋਂ ਵੱਡਾ ਡਰਪੋਕ ਕੋਈ ਨਹੀਂ ਹੈ। ਇਸ ਦਾ ਅੰਤ ਨੇੜੇ ਹੈ, ਇਸ ਲਈ ਮੁਆਫ਼ੀ ਮੰਗਣ ਆਇਆ ਹੈ।'

**ਫਾਂਸੀ ਤੋਂ ਪਹਿਲਾਂ ਦੇ ਕੁਝ ਪਲ**

ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਲਾਉਣ ਦੀ ਮਿਤੀ 24 ਮਾਰਚ, 1931 ਮੁਕਰਰ ਕੀਤੀ ਗਈ ਸੀ। ਪਰ ਲੋਕਾਂ ਦੀ ਭੀੜ 23 ਮਾਰਚ ਸਵੇਰ ਤੋਂ ਜੇਲ ਦੀ ਗੇਟ ਦੇ ਬਾਹਰ ਇਕੱਠੀ ਹੋਣ ਲੱਗੀ। ਲੋਕਾਂ ਦੀ ਬਗਾਵਤ ਤੋਂ ਡਰਦਿਆਂ ਅੰਗਰੇਜ਼ ਹਕੂਮਤ ਨੇ ਇਕ ਕੋਝੀ ਚਾਲ ਚਲਦਿਆਂ 23 ਮਾਰਚ, 1931 ਨੂੰ ਸ਼ਾਮ 7:30 ਵਜੇ ਫਾਂਸੀ ਦੇਣ ਦੀ ਯੋਜਨਾ ਬਣਾਈ। ਜਦੋਂ ਇਸ ਯੋਜਨਾ ਨੂੰ ਬਾਰੇ ਜੇਲ ਵਿਚ ਕੈਦੀਆਂ ਨੂੰ ਪਤਾ ਲੱਗਿਆ ਤਾਂ ਉਨਾਂ ਕੈਦੀਆਂ ਨੇ ਜੇਲ ਅਧਿਕਾਰੀ ਨੂੰ ਅਰਜ਼ ਕੀਤੀ ਕਿ ਉਹ ਫਾਂਸੀ ਤੋਂ ਬਾਅਦ ਭਗਤ ਸਿੰਘ ਦੀ ਕੋਈ ਚੀਜ਼ ਜਿਵੇਂ ਪੈੱਨ, ਕੰਘਾ ਜਾਂ ਘੜੀ ਲਿਆ ਕੇ ਦੇਵੇ ਤਾਂ ਜੋ ਉਹ ਆਪਣੇ ਪੋਤਰੇ-ਪੋਤਰੀਆਂ ਨੂੰ ਦੱਸ ਸਕਣ ਕਿ ਉਹ ਕਦੇ ਭਗਤ ਸਿੰਘ ਦੇ ਨਾਲ ਜੇਲ 'ਚ ਰਹੇ ਸਨ।ਅਧਿਕਾਰੀ ਭਗਤ ਸਿੰਘ ਦੀ ਕੋਠੜੀ 'ਚ ਗਿਆ ਅਤੇ ਉਥੋਂ ਉਨਾਂ ਦਾ ਪੈੱਨ ਅਤੇ ਕੰਘਾ ਲੈ ਆਇਆ। ਸਾਰੇ ਕੈਦੀ ਉਸ 'ਤੇ ਆਪਣਾ ਅਧਿਕਾਰ ਸਮਝਣ ਲੱਗੇ ਅਤੇ ਅਖ਼ੀਰ ਇਸ ਲਈ ਡਰਾਅ ਕੱਢਿਆ ਗਿਆ, ਉਸ ਤੋਂ ਇਹ ਪਤਾ ਲੱਗਿਆ ਪੈੱਨ ਤੇ ਕੰਘਾ ਕਿਸ ਕੋਲ ਰਹਿਣਾ ਸੀ।

ਜਦੋਂ ਭਗਤ ਸਿੰਘ ਅਤੇ ਉਨਾਂ ਦੇ ਸਾਥੀਆਂ ਨੂੰ ਫਾਂਸੀ ਦੇ ਤਖਤੇ ਤੱਕ ਲਿਜਾਉਣ ਲਈ ਪੁਲਿਸ ਕਰਮਚਾਰੀ ਆਏ ਤਾਂ ਉਸ ਸਮੇਂ ਭਗਤ ਸਿੰਘ ਲੈਨਿਨ ਦੀ ਜੀਵਨੀ ਪੜ ਰਹੇ ਸਨ। ਭਗਤ ਸਿੰਘ ਨੇ ਕਿਹਾ ਰੁਕੋ ਇਕ ਕ੍ਰਾਂਤੀਕਾਰੀ ਦੂਜੇ ਕ੍ਰਾਂਤੀਕਾਰੀ ਨਾਲ ਮੁਲਾਕਾਤ ਕਰ ਰਿਹਾ ਹੈ। ਇਸ ਤੋਂ ਬਾਅਦ ਭਗਤ ਸਿੰਘ ਕਿਤਾਬ ਦਾ ਪੰਨਾ ਮੋੜ ਪੁਲਿਸ ਕਰਮਚਾਰੀਆਂ ਨਾਲ ਤੁਰ ਪਏ। ਕਿਤਾਬ ਦਾ ਮੁੜਿਆ ਹੋਇਆ ਪੰਨਾ ਇੰਝ ਕਹਿ ਰਿਹਾ ਸੀ ਜਿਵੇਂ ਕਿ ਇਹ ਸੰਘਰਸ਼ ਅਧੂਰਾ ਹੈ ਜੋ ਆਉਣ ਵਾਲੀ ਪੀੜੀ ਪੂਰਾ ਕਰੇਗੀ। ਕੁਝ ਦੇਰ ਬਾਅਦ ਤਿੰਨਾਂ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੀ ਤਿਆਰੀ ਲਈ ਉਨਾਂ ਦੀਆਂ ਕੋਠੜੀਆਂ ਤੋਂ ਬਾਹਰ ਲਿਆਂਦਾ ਗਿਆ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਆਪਣੇ ਹੱਥ ਜੋੜੇ ਅਤੇ ਆਪਣਾ ਮਨਪਸੰਦ ਅਜ਼ਾਦੀ ਦਾ ਗੀਤ ਗਾਉਣੇ ਲੱਗੇ-

**ਕਦੇ ਉਹ ਦਿਨ ਆਵੇਗਾ**
**ਕਿ ਜਦ ਅਸੀਂ ਅਜ਼ਾਦ ਹੋਵਾਂਗੇ**
**ਇਹ ਆਪਣੀ ਹੀ ਧਰਤੀ ਹੋਵੇਗੀ**
**ਇਹ ਆਪਣਾ ਅਸਮਾਨ ਹੋਵੇਗਾ**

ਫਿਰ ਇਨਾਂ ਤਿੰਨਾਂ ਦਾ ਇੱਕ-ਇੱਕ ਕਰਕੇ ਭਾਰ ਤੋਲਿਆ ਗਿਆ। ਸਾਰਿਆਂ ਦਾ ਭਾਰ ਵਧਿਆ ਹੋਇਆ ਸੀ। ਇਨਾਂ ਸਾਰਿਆਂ ਨੂੰ ਅਪਣਾ ਆਖ਼ਰੀ ਇਸ਼ਨਾਨ ਕਰਨ ਲਈ ਕਿਹਾ ਗਿਆ। ਫਿਰ ਉਨਾਂ ਨੂੰ ਪਾਉਣ ਲਈ ਕਾਲੇ ਕੱਪੜੇ ਦਿੱਤੇ ਪਰ ਉਨਾਂ ਦੇ ਚਿਹਰੇ ਖੁੱਲੇ ਰਹਿਣ ਦਿੱਤੇ ਗਏ।

ਫਾਂਸੀ ਦਾ ਤਖ਼ਤਾ ਪੁਰਾਣਾ ਸੀ ਪਰ ਫਾਂਸੀ ਦੇਣ ਵਾਲਾ ਕਾਫ਼ੀ ਤੰਦਰੁਸਤ ਸੀ। ਫਾਂਸੀ ਦੇਣ ਲਈ ਮਸੀਹ ਜ਼ੱਲਾਦ ਨੂੰ ਲਾਹੌਰ ਨੇੜਿਓਂ ਸ਼ਾਹਦਾਰਾ ਤੋਂ ਬੁਲਾਇਆ ਗਿਆ ਸੀ। ਭਗਤ ਸਿੰਘ ਵਿਚਾਲੇ ਖੜੇ ਸਨ। ਭਗਤ ਸਿੰਘ ਆਪਣੀ ਮਾਂ ਨੂੰ ਦਿੱਤਾ ਵਚਨ ਪੂਰਾ ਕਰਨਾ ਚਾਹੁੰਦੇ ਸਨ ਕਿ ਉਹ ਦੇ ਤਖ਼ਤੇ ਤੋਂ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਗਾਉਣਗੇ।ਉਨਾਂ ਦੀ ਅਵਾਜ਼ ਸੁਣਦਿਆਂ ਹੀ ਜੇਲ ਦੇ ਦੂਜੇ ਕੈਦੀ ਵੀ ਨਾਅਰੇ ਲਾਉਣ ਲੱਗੇ। ਤਿੰਨਾਂ ਨੌਜਵਾਨ ਇਨਕਲਾਬੀਆਂ ਦੇ ਗਲੇ ਵਿਚ ਫਾਂਸੀ ਦਾ ਰੱਸਾ ਪਾ ਦਿੱਤਾ ਗਿਆ। ਉਨਾਂ ਦੇ ਹੱਥ-ਪੈਰ ਬੰਨ ਦਿੱਤੇ ਗਏ ਸਨ। ਫਿਰ ਜੱਲਾਦ ਨੇ ਪੁੱਛਿਆ, 'ਪਹਿਲਾਂ ਕੌਣ ਜਾਵੇਗਾ ?' ਸੁਖਦੇਵ ਨੇ ਸਭ ਤੋਂ ਪਹਿਲਾਂ ਫਾਂਸੀ 'ਤੇ ਚੜਨ ਦੀ ਹਾਮੀ ਭਰੀ। ਜੱਲਾਦ ਨੇ ਇੱਕ ਇੱਕ ਕਰ ਕੇ ਰੱਸੀ ਖਿੱਚੀ ਅਤੇ ਉਨਾਂ ਦੇ ਪੈਰਾਂ ਹੇਠ ਲੱਗੇ ਤਖ਼ਤੇ ਨੂੰ ਹਟਾ ਦਿੱਤਾ। ਕਾਫ਼ੀ ਦੇਰ ਤੱਕ ਉਨਾਂ ਦੇ ਸਰੀਰ ਲਟਕਦੇ ਰਹੇ। ਅਖ਼ੀਰ ਉਨਾਂ ਨੂੰ ਹੇਠਾਂ ਲਾਇਆ ਗਿਆ ਅਤੇ ਉੱਥੇ ਮੌਜੂਦ ਡਾਕਟਰਾਂ ਲੈਫਟੀਨੈਂਟ ਕਰਨਲ ਜੇ.ਜੇ. ਨੈਲਸਨ ਅਤੇ ਲੈਫਟੀਨੈਂਟ ਕਰਨਲ ਐਨ.ਐਸ. ਸੋਧੀ ਨੇ ਉਨਾਂ ਨੂੰ ਮ੍ਰਿਤਕ ਐਲਾਨ ਦਿੱਤਾ।

**ਅੰਤਮ ਸਸਕਾਰ**

ਪਹਿਲਾਂ ਯੋਜਨਾ ਸੀ ਕਿ ਇਨਾਂ ਦੀ ਅੰਤਮ ਸਸਕਾਰ ਜੇਲ ਵਿਚ ਹੀ ਕੀਤਾ ਜਾਵੇਗਾ, ਪਰ ਜਦੋਂ ਅਧਿਕਾਰੀਆਂ ਨੂੰ ਇਹ ਅਹਿਸਾਸ ਹੋਇਆ ਕਿ ਜੇਲ 'ਚੋਂ ਧੂੰਆਂ ਨਿਕਲਦਾ ਦੇਖ ਬਾਹਰ ਖੜੀ ਭੀੜ ਜੇਲ 'ਤੇ ਹਮਲਾ ਕਰ ਸਕਦੀ ਹੈ ਤਾਂ ਇਹ ਵਿਚਾਰ ਛੱਡਣਾ ਪਿਆ।ਇਸ ਲਈ ਜੇਲ ਦੀ ਪਿਛਲੀ ਕੰਧ ਤੋੜੀ ਗਈ ਅਤੇ ਇੱਕ ਟਰੱਕ ਜੇਲ ਦੇ ਅੰਦਰ ਲਿਆਂਦਾ ਗਿਆ ਤੇ ਉਸ 'ਤੇ ਉਨਾਂ ਦੀਆਂ ਲਾਸ਼ਾਂ ਨੂੰ ਬੁਰੇ ਤਰੀਕੇ ਨਾਲ ਲੱਦਿਆ ਗਿਆ।ਪਹਿਲਾ ਤੈਅ ਹੋਇਆ ਕਿ ਅੰਤਮ ਸਸਕਾਰ ਰਾਵੀ ਦੇ ਕੰਢੇ ਕੀਤਾ ਜਾਵੇਗਾ ਪਰ ਰਾਵੀ ਵਿਚ ਪਾਣੀ ਬਹੁਤ ਘੱਟ ਸੀ, ਇਸ ਕਰਕੇ ਸਸਕਾਰ ਲਈ ਸਤਲੁਜ ਦਾ ਕੰਢਾ ਚੁਣਿਆ ਗਿਆ। ਉਨਾਂ ਦੀਆਂ ਮ੍ਰਿਤਕ ਦੇਹਾਂ ਨੂੰ ਫ਼ਿਰੋਜ਼ਪੁਰ ਦੇ ਨੇੜੇ ਸਤਲੁਜ ਕੰਢੇ ਲਿਆਂਦਾ ਗਿਆ। ਰਾਤ ਦੇ 10 ਵਜ ਚੁੱਕੇ ਸਨ। ਪੁਲਿਸ ਅਧਿਕਾਰੀ ਸੁਦਰਸ਼ਨ ਸਿੰਘ ਕਸੂਰ ਪਿੰਡ ਤੋਂ ਇੱਕ ਪੁਜਾਰੀ ਜਗਦੀਸ਼ ਅਚਰਜ ਨੂੰ ਬੁਲਾ ਲਿਆਏ। ਅਜੇ ਲਾਸ਼ਾਂ ਨੂੰ ਅੱਗ ਲਾਈ ਹੀ ਸੀ ਕਿ ਲੋਕਾਂ ਨੂੰ ਪਤਾ ਲੱਗ ਗਿਆ। ਜਿਵੇਂ ਹੀ ਬਰਤਾਨਵੀ ਸੈਨਿਕਾਂ ਨੇ ਲੋਕਾਂ ਨੂੰ ਆਪਣੇ ਵੱਲ ਆਉਂਦਿਆਂ ਦੇਖਿਆ ਤਾਂ ਉਹ ਲਾਸ਼ਾਂ ਨੂੰ ਉੱਥੇ ਛੱਡ ਕੇ ਭੱਜ ਗਏ। ਸਾਰੀ ਰਾਤ ਲੋਕਾਂ ਨੇ ਲਾਸ਼ਾਂ ਦੇ ਚਾਰੇ ਪਾਸੇ ਪਹਿਰਾ ਦਿੱਤਾ ਸੀ। ਅਗਲੇ ਦਿਨ ਕਰੀਬ ਦੁਪਹਿਰ ਵੇਲੇ ਜ਼ਿਲਾ ਮੈਜਿਸਟ੍ਰੇਟ ਦੇ ਦਸਤਖ਼ਤ ਨਾਲ ਕਈ ਇਲਾਕਿਆਂ ਵਿੱਚ ਨੋਟਿਸ ਲਗਾਏ ਗਏ ਕਿ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸਤਲੁਜ ਕੰਢੇ ਹਿੰਦੂ ਅਤੇ ਸਿੱਖ ਮਰਿਆਦਾ ਮੁਤਾਬਕ ਅੰਤਮ ਸਸਕਾਰ ਕਰ ਦਿੱਤਾ ਗਿਆ।

## ਕਰੋਨਾ ਦੀ ਬਰਤਾਨਵੀ ਕਿਸਮ...

ਇਨਾਂ ਵਿੱਚੋਂ 90 ਨਮੂਨਿਆਂ ਦੇ ਨਤੀਜੇ ਆ ਗਏ ਹਨ ਜਿਨਾਂ 'ਚੋਂ ਸਿਰਫ਼ ਦੋ ਨਮੂਨਿਆਂ ਵਿੱਚ ਹੀ ਐਨ440 ਕੇ ਕਿਸਮ ਪਾਈ ਗਈ ਹੈ।

**ਤੇਜ਼ੀ ਨਾਲ ਫੈਲਦਾ ਹੈ ਨਵਾਂ ਵਾਇਰਸ: ਡਾ. ਤਲਵਾੜ** ਕਰੋਨਾ ਮਾਹਿਰਾਂ ਦੀ ਕਮੇਟੀ ਦੇ ਮੁਖੀ ਡਾ. ਕੇ ਕੇ ਤਲਵਾੜ ਨੇ ਕਿਹਾ ਕਿ ਇਨਾਂ ਨਮੂਨਿਆਂ ਦੇ ਨਤੀਜੇ ਚਿੰਤਾਜਨਕ ਸਨ ਕਿਉਂਕਿ 326 ਕੋਵਿਡ ਨਮੂਨਿਆਂ ਵਿੱਚ ਬੀ.1.1.7 ਕਿਸਮ ਦੀ ਮੌਜੂਦਗੀ ਪਾਈ ਗਈ ਹੈ। ਕਰੋਨਾਵਾਇਰਸ ਦਾ ਇਹ ਨਵਾਂ ਸਰੂਪ ਬੀ.1.1.7 ਤੇਜ਼ੀ ਨਾਲ ਫੈਲਦਾ ਹੈ।

## ਜਿਨਾਂ ਨੂੰ ਅੱਤਵਾਦੀ ਕਹਿੰਦੇ ਸੀ...

ਉਹ ਡਰੇ ਹੋਏ ਹਨ, ਕਿਉਂਕਿ ਨਿਹੱਥੇ ਹੋਣ ਕਰਕੇ ਉਹ ਅਸੁਰੱਖਿਅਤ ਮਹਿਸੂਸ ਕਰਦੇ ਹਨ।

ਫੌਜ ਨੇ ਮੋਬਾਈਲ ਇੰਟਰਨੈੱਟ ਸੇਵਾਵਾਂ ਵੀ ਬੰਦ ਕਰ ਦਿੱਤੀਆਂ ਹਨ, ਜਿਸ ਕਰਕੇ ਕਮਜ਼ੋਰ ਸਿਗਨਲ ਹੋਣ ਕਾਰਨ ਉੱਥੋਂ ਦੇ ਲੋਕਾਂ ਦੇ ਹਾਲਾਤਾਂ ਅਤੇ ਉਨਾਂ ਦੀਆਂ ਜ਼ਰੂਰਤਾਂ ਦੀ ਖਬਰ ਭੇਜਣ ਵਿੱਚ ਦਿੱਕਤ ਆ ਰਹੀ ਹੈ।

ਫੌਜ ਨੇ ਘਾਤਕ ਬਲ, ਹਿੰਸਾ ਅਤੇ ਧਮਕੀਆਂ ਦਾ ਕਹਿਰ ਅੰਦੋਲਨਕਾਰੀਆਂ 'ਤੇ ਵਰਾਉਣਾ ਜਾਰੀ ਰੱਖਿਆ ਹੋਇਆ ਹੈ। ਮੰਗਲਵਾਰ ਨੂੰ ਇੱਕ ਸਰਕਾਰੀ ਮੀਡੀਆ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਫੌਜ ਮੁਖੀ ਮਿਨ ਅੰਗ ਹਲਾਂਗ ਨੇ ਕਿਹਾ ਕਿ ਪ੍ਰਦਰਸ਼ਨਕਾਰੀ ਹਿੰਸਕ ਹੋ ਗਏ ਹਨ। ਪੁਲਿਸ ਬਲ ਨੂੰ ਸ਼ਾਂਤ ਰਹਿ ਕੇ ਲੋਕਤਾਂਤਰਿਕ ਅਧਿਕਾਰਾਂ ਹੇਠ ਪ੍ਰਦਰਸ਼ਨ ਕਰ ਰਹੇ ਲੋਕਾਂ ਨਾਲ ਨਜਿੱਠਣ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਫੌਜ ਸਿਰਫ ਪੁਲਿਸ ਬਲ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਅਤੇ ਰੁਕਾਵਟਾਂ ਵਿੱਚ ਮਦਦ ਕਰਨ ਲਈ ਹੀ ਮੌਜੂਦ ਰਹੀ ਹੈ। ਗੋਲੀ ਸਿਰਫ ਭੀੜ ਨੂੰ ਖਦੇੜਨ ਲਈ ਚਲਾਈ ਗਈ ਸੀ, ਜਿਸ ਵਿੱਚ ਕੁੱਝ ਸੁਰੱਖਿਆ ਬਲਾਂ ਅਤੇ ਪ੍ਰਦਰਸ਼ਨਕਾਰੀਆਂ ਦਾ ਨੁਕਸਾਨ ਹੋਇਆ ਹੈ।

**ਲੋਕਾਂ ਦੀ ਧਾਰਨਾ ਦਾ ਬਦਲਣਾ**

ਇਹ ਖੇਤਰੀ ਹਥਿਆਰਬੰਦ ਗਰੁੱਪ ਸਰਕਾਰ ਦੁਆਰਾ ਅੱਤਵਾਦੀ ਅਤੇ ਗੈਰ-ਕਾਨੂੰਨੀ ਸੰਗਠਨ ਘੋਸ਼ਿਤ ਕੀਤੇ ਗਏ ਸਨ। ਪਰ ਹੁਣ ਫੌਜ ਦੁਆਰਾ ਤਖਤਾ-ਪਲਟ ਤੋਂ ਬਾਅਦ ਲੋਕਾਂ ਦੀ ਧਾਰਨਾ ਵਿੱਚ ਵੱਡਾ ਬਦਲਾਅ ਆਇਆ ਹੈ। ਹੁਣ ਲੋਕ ਸੋਸ਼ਲ ਮੀਡੀਆ ਰਾਹੀਂ ਇਨਾਂ ਗਰੁੱਪਾਂ ਤੋਂ ਮੁਆਫੀ ਮੰਗ ਰਹੇ ਹਨ ਅਤੇ ਮੰਗ ਕੀਤੀ ਜਾ ਰਹੀ ਆ ਕਿ ਸਾਰੇ ਗਰੁੱਪ ਇੱਕ ਸਾਂਝੀ ਫੌਜ ਬਣਾ ਕੇ 'ਤਦਮਾਦਾ' ਦੀ ਸੱਤਾ ਵਿਰੁੱਧ ਲੜ ਕੇ ਮੁੜ ਤਖਤਾ ਪਲਟ ਕਰਨ।

ਕੋਚੀਨ ਸਵਤੰਤਰ ਸੰਗਠਨ/ਆਰਮੀ ਦੇ ਹੱਕ ਵਿੱਚ ਰੈਲੀਆਂ ਵੀ ਕੀਤੀਆਂ ਜਾ ਰਹੀਆਂ ਹਨ। ਕੇਰਿਨ ਰਾਸ਼ਟਰੀ ਯੂਨੀਅਨ, ਜੋ ਕਿ ਇੱਕ ਹੋਰ ਅਜਿਹਾ ਗਰੁੱਪ ਹੈ, ਉਸਨੇ ਵੀ ਲੋਕਤੰਤਰ ਦੀ ਬਹਾਲੀ ਲਈ ਚੱਲ ਰਹੀ ਲਹਿਰ ਨੂੰ ਸਮਰਥਨ ਦਿੱਤਾ ਹੈ। ਅੰਦੋਲਨਕਾਰੀਆਂ ਦੀ ਸੁਰੱਖਿਆ ਲਈ, ਉਹ ਸੜਕਾਂ ਉੱਪਰ ਉਨਾਂ ਦੇ ਨਾਲ ਨਿੱਕਲ ਰਹੇ ਹਨ। 17 ਮਾਰਚ ਨੂੰ, **Committee Representing the Pyidaungsu Hluttaw (CRPH),** ਜੋ ਕਿ ਭੰਗ ਹੋਈ ਸਰਕਾਰ ਦੇ ਕੰਮਾਂ ਨੂੰ ਸੰਭਾਲਣ ਲਈ ਬਣਾਈ ਗਈ ਹੈ, ਨੇ ਕਿਹਾ ਕਿ ਹੁਣ ਇਨਾਂ ਗਰੁੱਪਾਂ ਨੂੰ ਅੱਤਵਾਦੀ ਜਾਂ ਗੈਰ-ਕਾਨੂੰਨੀ ਸੰਗਠਨ ਨਹੀਂ ਸਮਝਿਆ ਜਾਵੇਗਾ।

## ਕਸ਼ਮੀਰ ਵਿਚ ਭਾਰਤੀ ਚੋਣਾਂ ...

'ਦਿ ਫਰੇਮ' ਵੱਲੋਂ 6 ਮਈ ਦੀਆਂ ਪਾਰਲੀਮਾਨੀ ਚੋਣਾਂ ਸਬੰਧੀ ਛਾਪੀ ਰਿਪੋਰਟ ਮੁਤਾਬਕ ਅਨੰਤਨਾਗ, ਬਾਰਾਮੂਲਾ ਅਤੇ ਸ਼੍ਰੀ ਨਗਰ ਵਰਗੇ ਮਹੱਤਵਪੂਰਨ ਹਲਕਿਆਂ ਵਿੱਚ ਵੀ ਮਤਦਾਨ ਪ੍ਰਤੀਸ਼ਤ ਕ੍ਰਮਵਾਰ 8.36%, 35% ਅਤੇ 14% ਰਿਹਾ ਸੀ। ਸ਼ੋਪੀਆਨ ਅਤੇ ਪੁਲਵਾਮਾ ਵਿੱਚ 2.81% ਨਾਲ, ਇਲਾਕੇ ਵਿੱਚ ਇਤਿਹਾਸ ਦੀ ਸਭ ਤੋਂ ਘੱਟ ਵੋਟਿੰਗ ਪ੍ਰਤੀਸ਼ਤ ਦਰਜ ਕੀਤੀ ਗਈ। ਇਸ ਤੋਂ ਇਲਾਵਾ ਤਰਾਲ, ਰਾਜਪੁਰਾ, ਵਾਚੀ, ਕੁਲਗਾਮ, ਹੋਮਸ਼ਾਲੀਬਾਗ ਸਮੇਤ 19 ਹਲਕਿਆਂ ਵਿੱਚ ਵੀ 90% ਤੋਂ ਉੱਪਰ ਮਤਦਾਤਾ ਵੋਟ ਪਾਉਣ ਨਹੀਂ ਆਏ।

ਪਰ ਇਨਾਂ ਤੱਥਾਂ ਦੇ ਸ਼ੀਸ਼ੇ ਵਿੱਚ ਵੀ ਭਾਰਤੀ ਸਟੇਟ ਆਪਣਾ ਢਹਿੰਦਾ ਅਕਸ ਦੇਖਣ ਤੋਂ ਇਨਕਾਰੀ ਹੈ। ਲੋਕਤੰਤਰੀ ਢਾਂਚੇ ਦਾ ਦਾਅਵਾ ਕਰਨ ਵਾਲੀ ਭਾਰਤ ਸਰਕਾਰ ਕਸ਼ਮੀਰ ਨੂੰ ਅਜੇ ਵੀ 'ਖੁੱਲੀ ਜੇਲ' ਵਿੱਚ ਤਬਦੀਲ ਕਰਨ 'ਤੇ ਲੱਗੀ ਹੋਈ ਹੈ। ਭਾਰਤ ਸਰਕਾਰ ਵਿਰੁੱਧ ਕਸ਼ਮੀਰੀ ਲੋਕਾਂ ਦਾ ਰੌਂਅ ਜਾਣਦੇ ਹੋਣ ਦੇ ਬਾਵਜੂਦ ਵੀ, ਸਰਕਾਰ ਵੱਲੋਂ ਬਾਹੂਬਲੀਆਂ ਜਿਹਾ ਵਿਹਾਰ ਕਰਨਾ, ਉੱਥਲ-ਪੁੱਥਲ ਦੇ ਹੋਰ ਵੱਧਣ ਵੱਲ ਇਸ਼ਾਰਾ ਕਰ ਰਿਹਾ ਹੈ। ਜਿੱਥੇ ਮਹਿਬੂਬਾ ਮੁਫਤੀ ਵਰਗੀਆਂ ਭਾਰਤ-ਪੱਖੀ ਪਾਰਟੀਆਂ ਦੇ ਏਜੰਡੇ ਵਿਚੋਂ ਵੀ ਚੋਣ ਦੀ ਅਹਿਮੀਅਤ ਲਾਂਭੇ ਹੋ ਰਹੀ ਹੈ।

## ... ਤੇ ਕੰਧ ਬੋਲ ਪਈ

ਉਸ ਦੀ ਸੱਸ ਬਹੁਤ ਵੱਧ ਘੱਟ ਬੋਲਣ ਲੱਗੀ, 'ਤੇਰਾ ਕੱਖ ਨਾ ਰਹੇ... ਮਾੜੇ ਘਰ ਦੀ ਜਾਈ... ਛੱਡ ਦੇ ਅਰਮਾਨ ਇਹਨੂੰ... ਇਹ ਇਸ ਘਰ ਤੇ ਤੇਰੇ ਲਾਇਕ ਨਹੀਂ...।' ਪਰ ਅਰਮਾਨ ਅਜੇ ਵੀ ਚੁੱਪ ਕਿਵੇਂ? ਦਰਅਸਲ, ਅੱਜ ਉਸ ਦੀ ਥਾਂ ਸੋਨੀਆ ਨੇ ਜਵਾਬ ਦਿੱਤਾ। ਉਸ ਦੇ ਅੰਦਰ ਜਿਵੇਂ ਭਾਂਬੜ ਮੱਚਿਆ ਪਿਆ ਸੀ, 'ਨਹੀਂ! ਅੱਜ ਅਰਮਾਨ ਨਹੀਂ, ਮੈਂ ਇਸ ਨੂੰ ਛੱਡਣਾ ਚਾਹੁੰਦੀ ਹਾਂ। ਮੈਂ ਦੱਸਣਾ ਚਾਹੁੰਦੀ ਹਾਂ ਕਿ ਮੈਂ ਮਾੜੇ ਘਰ ਦੀ ਧੀ ਨਹੀਂ। ਮੈਂ ਤਾਂ ਆਪਣੇ ਚੰਗੇ ਸੰਸਕਾਰ ਲੈ ਕੇ ਆਈ ਸੀ ਤੁਹਾਡੇ ਘਰ। ਤੁਹਾਡੀ ਹਰ ਗੱਲ ਨੂੰ ਸਿਰ ਮੱਥੇ ਮੰਨਿਆ, ਪਰ ਮਾੜੇ ਤਾਂ ਤੁਸੀਂ ਹੋ... ਤੁਸੀਂ... ਤੇ ਅੱਜ ਮੈਂ ਤੁਹਾਡੇ ਮਾੜੇ ਘਰ ਤੇ ਮਾੜੇ ਪੁੱਤ ਨੂੰ ਛੱਡਣਾ ਚਾਹੁੰਦੀ ਹਾਂ।' ਸੋਨੀਆ ਦੀਆਂ ਗੱਲਾਂ ਸੁਣ ਸੱਸ ਬੋਲੀ, 'ਹਾਂ! ਹਾਂ! ਕੋਈ ਹੋਰ ਲੱਭ ਲਿਆ ਹੋਣੈ। ਦਿਲ ਭਰ ਗਿਆ ਮੇਰੇ ਪੁੱਤ ਤੋਂ।' ਸੋਨੀਆ ਨੇ ਜਵਾਬ ਦਿੱਤਾ, 'ਦਿਲ ਨਹੀਂ... ਰੂਹ ਅੱਕ ਗਈ ਤੁਹਾਡੇ ਘਰ ਤੋਂ... ਚਾਰ ਕੰਧਾਂ ਅੰਦਰ ਤੁਹਾਡੇ ਪੁੱਤ ਦੀ ਹਰ ਮਨਮਾਨੀ ਸਹਿ ਰਹੀ ਸੀ... ਪਰ ਅੱਜ ਸਭ ਦੇ ਸਾਹਮਣੇ... ਨਹੀਂ ...ਮੈਂ ਅੱਜ ਫ਼ੈਸਲਾ ਕਰ ਲਿਆ... ਮੈਂ ਹੁਣ ਇੱਥੇ ਨਹੀਂ ਰਹਿ ਸਕਦੀ।' ਉਹ ਅੱਜ ਪਤਾ ਨਹੀਂ ਕੀ ਕੀ ਬੋਲੀ ਜਾ ਰਹੀ ਸੀ। ਆਂਢੀ-ਗੁਆਂਢੀ ਵਿਹੜੇ 'ਚ ਇਕੱਠੇ ਹੋ ਗਏ। ਚਾਚੀ ਆਖਣ ਲੱਗੀ, 'ਲੈ ਦੱਸ! ਚੰਗੀ ਭਲੀ ਕਾਹਦਾ ਘਾਟਾ... ਸੋਨੇ ਵਰਗੇ ਮੁੰਡੇ ਨੂੰ ਛੱਡਣ ਨੂੰ ਫਿਰਦੀ ਐ ਤਾਂ ਹੀ ਹੱਥ ਚੁੱਕਿਆ ਮੁੰਡੇ 'ਤੇ। ਚਲੀ ਜਾ ਜਿੱਥੇ ਜਾਣੈ... ਸਾਨੂੰ ਕਾਹਨੂੰ ਬਦਨਾਮ ਕਰਨ ਲੱਗੀ ਐਂ?' ਇਸ ਤੋਂ ਪਹਿਲਾਂ ਕਿ ਸੋਨੀਆ ਕੁਝ ਬੋਲਦੀ ਅਰਮਾਨ ਚੀਕ ਉੱਠਿਆ, 'ਬੱਸ ਕਰੋ। ਜਾਓ ਸਾਰੇ ਆਪੋ ਆਪਣੇ ਘਰਾਂ ਨੂੰ। ਸਾਡੇ ਘਰ ਦਾ ਮਸਲਾ ਅਸੀਂ ਆਪ ਨਜਿੱਠ ਲਵਾਂਗੇ। ਨਾਲੇ ਚਾਚੀ ਤੂੰ ਕਿੱਦਾਂ ਕਿਹਾ ਸੋਨੀਆ ਬਾਰੇ? ਇਹ ਮੇਰੀ ਪਤਨੀ ਐ। ਮੈਨੂੰ ਇਹਦੇ ਚਾਲ ਚੱਲਣ ਬਾਰੇ ਸਭ ਪਤੈ। ਇਹ ਏਦਾਂ ਦੀ ਨਹੀਂ।' ਚਾਚੀ ਬੋਲੀ, 'ਅੱਛਾ ਫਿਰ ਕਿੱਦਾਂ ਦੀ ਐ ਆਪਣੇ ਆਦਮੀ 'ਤੇ ਹੱਥ ਚੁੱਕਣ ਵਾਲੀ...?' ਅਰਮਾਨ ਨੇ ਕਿਹਾ, 'ਚਾਚੀ, ਮੈਂ ਰੋਜ਼ ਹੱਥ ਚੁੱਕਦਾ ਹਾਂ ਇਸ 'ਤੇ। ਤੁਹਾਡੇ 'ਚੋਂ ਕਿਸੇ ਨੇ ਕਦੇ ਕੁਝ ਨਹੀਂ ਆਖਿਆ। ਜੇ ਤੁਸੀਂ ਮੈਨੂੰ ਕਦੇ ਰੋਕਦੇ ਤਾਂ ਅਜਿਹੀ ਨੌਬਤ ਹੀ ਨਹੀਂ ਸੀ ਆਉਣੀ। ਤੁਸੀਂ ਹਮੇਸ਼ਾ ਮੈਨੂੰ ਹੱਲਾਸ਼ੇਰੀ ਦਿੱਤੀ। ਤੁਸੀਂ ਮੇਰੀ ਗਲਤੀ 'ਤੇ ਵੀ ਹਮੇਸ਼ਾ ਮੇਰਾ ਹੀ ਪੱਖ ਪੂਰਿਆ। ਅੱਜ ਮੈਨੂੰ ਆਪਣੀਆਂ ਸਾਰੀਆਂ ਗ਼ਲਤੀਆਂ ਸਾਹਮਣੇ ਖੜੀਆਂ ਮੇਰੇ 'ਤੇ ਹੱਸਦੀਆਂ ਨਜ਼ਰ ਆਉਂਦੀਆਂ ਨੇ। ਚਾਚੀ, ਅੱਜ ਤੱਕ ਮੈਂ ਇਹ ਨੂੰ ਬੇਜਾਨ ਕੰਧ ਦੀ ਤਰਾਂ ਕੁੱਟਦਾ ਰਿਹਾ ਤੇ ਇਹ ਚੁੱਪ ਚਾਪ ਕੁੱਟ ਸਹਿੰਦੀ ਰਹੀ, ਪਰ ਅੱਜ ਇਸ ਨੇ ਮੇਰੇ 'ਤੇ ਹੱਥ ਚੁੱਕ ਕੇ ਮੈਨੂੰ ਅਹਿਸਾਸ ਕਰਾ ਦਿੱਤਾ ਕਿ ਇਹ ਕੋਈ ਕੰਧ ਨਹੀਂ... ਇਸ ਦੀਆਂ ਭਾਵਨਾਵਾਂ ਨੇ, ਮਾਣ ਮਰਿਆਦਾ ਹੈ... ਸਭ ਦੇ ਸਾਹਮਣੇ ਇਸ ਦੀ ਵੀ ਮੇਰੇ ਬਰਾਬਰ ਇੱਜ਼ਤ ਹੈ।'

ਅਰਮਾਨ ਸੋਨੀਆ ਕੋਲ ਜਾ ਕੇ ਆਖਣ ਲੱਗਾ, 'ਸੋਨੀਆ, ਮੈਨੂੰ ਮੁਆਫ਼ ਕਰਦੇ। ਮੈਂ ਤੇਰੇ ਬਿਨਾਂ ਨਹੀਂ ਰਹਿ ਸਕਦਾ। ਅੱਜ ਮੈਨੂੰ ਅਹਿਸਾਸ ਹੋਇਆ ਕਿ ਤੂੰ ਮੇਰੀ ਗ਼ੁਲਾਮ ਨਹੀਂ। ਮੈਂ ਤੇਰਾ ਰੱਬ ਨਹੀਂ...। ਮੈਂ ਕੋਸ਼ਿਸ਼ ਕਰਾਂਗਾ ਤੇਰੇ ਕਾਬਲ ਬਣਨ ਦੀ। ਮੈਂ ਵਾਅਦਾ ਕਰਦਾ ਹਾਂ ਮੈਂ ਆਪਣੇ ਆਪ ਨੂੰ ਸੁਧਾਰਾਂਗਾ।'

ਸੋਨੀਆ ਦੀ ਸੱਸ ਇਹ ਸਭ ਦੇਖ ਕੇ ਦੰਗ ਰਹਿ ਗਈ। ਉਹ ਉੱਚੀ ਉੱਚੀ ਰੌਲਾ ਪਾਉਣ ਲੱਗੀ, 'ਹਾਏ ਵੇ ਲੋਕੋ! ਮੇਰੇ ਪੁੱਤ 'ਤੇ ਟੂਣਾ ਕਰ'ਤਾ ਮਾੜੇ ਘਰ ਦੀ ਜਾਈ ਨੇ... ਮੇਰਾ ਪੁੱਤ ਮੈਥੋਂ ਖੋਹ ਲਿਆ।' ਇਹ ਸੁਣ ਕੇ ਅਰਮਾਨ ਨੇ ਕਿਹਾ, 'ਨਹੀਂ ਮਾਂ, ਮੈਂ ਤੇਰਾ ਹੀ ਪੁੱਤ ਹਾਂ... ਪਰ ਇਸ ਦਾ ਪਤੀ ਵੀ ਹਾਂ। ਮੈਂ ਚੰਗਾ ਪੁੱਤ ਤਾਂ ਬਣ ਗਿਆ, ਪਰ ਚੰਗਾ ਪਤੀ ਨਹੀਂ ਬਣ ਸਕਿਆ। ਮਾਂ, ਮੈਨੂੰ ਹੁਣ ਚੰਗਾ ਪਤੀ ਵੀ ਬਣ ਲੈਣ ਦਿਓ। ਮੈਂ ਚੰਗਾ ਪੁੱਤ ਤੇ ਚੰਗਾ ਪਤੀ ਬਣ ਕੇ ਚੰਗਾ ਇਨਸਾਨ ਬਣਨਾ ਚਾਹੁੰਦਾ ਹਾਂ।'

ਸੋਨੀਆ ਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਕੀ ਹੋ ਰਿਹਾ ਹੈ, ਪਰ ਅਰਮਾਨ ਦੇ ਪਿਆਰ ਭਰੇ ਬੋਲਾਂ ਤੇ ਉਸ ਦੇ ਪਛਤਾਵੇ ਦੇ ਅਹਿਸਾਸ ਨੇ ਉਸ ਦੀ ਜ਼ਿੰਦਗੀ ਨੂੰ ਇਕ ਨਵਾਂ ਮੋੜ ਦੇ ਦਿੱਤਾ।

## ਕਿਤਾਬ ਗੂਗਲ ਤੇ ਭਿੰਡਰ ਦੇ...

ਹਰਪ੍ਰੀਤ ਸਿੰਘ ਸੰਧੂ ਨੇ ਅੰਮ੍ਰਿਤਸਰ ਟਾਈਮਜ ਨਾਲ ਗੱਲ ਕਰਦੇ ਹੋਏ ਕਿਹਾ ਕਿ 2014 ਵਿੱਚ ਜਦੋਂ ਸਿੱਖ ਕਾਕਸ ਹੋਂਦ ਵਿੱਚ ਆਇਆ ਤਾਂ ਭਾਰਤੀ ਸਰਕਾਰ, ਅਮਰ ਸੇਰਗਿੱਲ ਅਤੇ ਭਜਨ ਸਿੰਘ ਭਿੰਡਰ ਵੱਲੋਂ ਹੀ ਵਿਰੋਧਤਾ ਹੋਈ ਸੀ ਜਦੋਂ ਕਿ ਉਸ ਵੇਲੇ ਤਾਂ ਨਵੇਂ ਬਣੇ ਕਾਕਸ ਦੀ ਕਾਰਗੁਜਾਰੀ ਤੇ ਕੋਈ ਸੁਆਲ ਨਹੀਂ ਹੋ ਸਕਦਾ ਸੀ। ਪੀਟਰ ਫਰੀਡਰਿਕ ਦਾ ਸਿਰਫ ਨਾਮ ਹੀ ਵਰਤਿਆ ਗਿਆ ਹੈ ਅਸਲ ਵਿੱਚ ਇਸਦਾ ਲਿਖਾਰੀ ਭਿੰਡਰ ਹੀ ਹੈ ਅਤੇ ਪੀਟਰ ਤਾਂ ਉਸਦਾ 16 ਸਾਲਾਂ ਤੋਂ ਮੁਲਾਜਮ ਹੈ। ਪੀਟਰ ਨੂੰ ਅਜਾਦ ਤੌਰ ਤੇ ਪੱਤਰਕਾਰ ਕਹਿਣਾ ਧੋਖਾ ਹੈ, ਨਾਂ ਉਸਕੋਲ ਕੋਈ ਪੱਤਰਕਾਰੀ ਦਾ ਡਿਪਲੋਮਾ ਹੈ, ਨਾਂ ਹੀ ਉਹ ਸਕਾਲਰ ਹੈ ਅਤੇ ਨਾਂ ਹੀ ਉਸਦੀ ਲਿਖਤ ਵਿੱਚ ਕੋਈ ਖੋਜ ਹੈ। ਪੀਟਰ ਨੇ ਆਪ ਹੀ ਲੋਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਲੋਕਾਂ ਵਲੋਂ ਦਿੱਤੇ ਵਿਚਾਰਾਂ ਦਾ ਧੰਨਵਾਦ ਕਰਦਾ ਹੈ। ਹਰਪ੍ਰੀਤ ਸੰਧੂ ਨੇ ਲਿਖਾਰੀ ਦਾ ਮਜਾਕ ਉਡਾਉਂਦੇ ਹੋਏ ਕਿਹਾ ਕਿ ਕਿਤਾਬ ਗੂਗਲ ਤੇ ਭਿੰਡਰ ਦੇ ਸਹਿਯੋਗੀਆਂ ਦਾ ਗੱਪ-ਸੱਪ ਹੀ ਹੈ ਜਿਸ ਵਿੱਚ ਤੱਥਾਂ ਦੀ ਅਣਹੋਂਦ ਹੈ।

ਹਰਪ੍ਰੀਤ ਸਿੰਘ ਸੰਧੂ ਨੇ ਉਲਟਾ ਵਾਰ ਕਰਦੇ ਹੋਏ ਭਜਨ ਸਿੰਘ ਭਿੰਡਰ ਨੂੰ ਪੁੱਛਿਆ ਕਿ ਪਿੱਛਲੇ 16 ਸਾਲਾਂ ਵਿੱਚ ਉਸਨੇ ਗਾਂਧੀ ਦੇ ਬੁੱਤ ਲਹਾਉਣ ਤੋਂ ਬਿਨਾਂ ਸਿੱਖਾਂ ਲਈ ਜਾਂ ਖਾਲਸਾ ਰਾਜ ਲਈ ਕੀ ਕੰਮ ਕੀਤਾ ਹੈ ਉਸਦੇ ਵੇਰਵੇ ਦਵੇ। ਸਾਨੂੰ ਸੁਆਲ ਕਰਨ ਵਾਲਿਆਂ ਨੇ ਸਿਰਫ ਵਿਰੋਧ ਵਿੱਚ ਹੀ ਕੰਮ ਕੀਤਾ ਹੈ, ਸਿੱਖਾਂ ਦੀ ਕੋਈ ਸੰਸਥਾਂ ਉਸਾਰਨ ਦੀ ਬਜਾਏ ਉਸਨੂੰ ਹੀ ਢਾਹੁਣ ਦਾ ਕੰਮ ਵਿਢਿਆ ਹੋਇਆ ਹੈ। ਅਗਲੇ ਦਿਨਾਂ ਵਿੱਚ ਸਿੱਖ ਕਾਕਸ ਕਮੇਟੀ ਸੰਗਤ ਨੂੰ ਕਿਤਾਬ ਵਿੱਚ ਉਠਾਏ ਹਰ ਸੁਆਲ ਦਾ ਜੁਆਬ ਦਏਗੀ

## ਖੇਤੀ ਕਾਨੂੰਨਾਂ ਖਿਲਾ.ਫ ਕਿਸਾਨਾਂ...

ਅਤੇ ਹਰਿਆਣਾ ਤੋਂ ਦਿੱਲੀ ਤੱਕ ਵੱਖੋ-ਵੱਖ 31 ਥਾਂ 'ਤੇ ਧਰਨਾ ਲਗਾ ਕੇ ਬੈਠੇ ਹਨ। ਅੰਬਾਲਾ ਅਤੇ ਫਿਰੋਜ਼ਪੁਰ ਡਵੀਜ਼ਨਾਂ ਦੀ ਰੇਲ ਆਵਾਜਾਈ ਉੱਪਰ ਅਸਰ ਪਿਆ ਹੈ। ਬੁਲਾਰੇ ਮੁਤਾਬਕ ਕੁੱਲ 32 ਰੇਲ ਗੱਡੀਆਂ ਰੋਕੀਆਂ ਗਈਆਂ ਹਨ। ਚਾਰ ਸ਼ਤਾਬਦੀ ਗੱਡੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਆਂਧਰਾ ਪ੍ਰਦੇਸ਼ ਵਿੱਚ ਵੀ ਕਿਸਾਨਾਂ ਦੇ ਬੰਦ ਨੂੰ ਹੁੰਗਾਰਾ ਮਿਲ ਰਿਹਾ ਹੈ। ਇੱਥੇ ਭਾਜਪਾ ਨੂੰ ਛੱਡ ਕੇ ਖੱਬੇਪੱਖੀ ਪਾਰਟੀਆਂ ਸਣੇ ਬਾਕੀ ਸਿਆਸੀ ਪਾਰਟੀਆਂ ਦਾ ਸਾਥ ਮਿਲ ਰਿਹਾ ਹੈ।

ਵਿਸ਼ਾਖਾਪਟਨਮ ਵਿੱਚ ਖੱਬੇਪੱਖੀ ਪਾਰਟੀਆਂ ਦੇ ਕਾਰਕੁੰਨ ਸੜਕਾਂ 'ਤੇ ਉਤਰੇ। ਕਈ ਥਾਈਂ ਸੜਕਾਂ ਸੁਨਸਾਨ ਦਿਖੀਆਂ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**




**RANJIT SINGH**

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com